ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

24-30 ਅਪ੍ਰੈਲ 2024

ਸਾਲ 15ਵਾਂ - ਅੰਕ 17
email : info@sadelok.com
Ph. : 510-706-1300
Fax : 925-373-1300

## ਗੁਰੂਆਂ ਸ਼ਹੀਦਾਂ ਅਤੇ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਗੁਰਦੁਆਰਾ ਸਾਹਿਬ ਟਰਲਕ ਕੈਲੀਫੋਰਨੀਆ ਵਿਖੇ ਪ੍ਰੋਗਰਾਮ 28 ਜਨਵਰੀ ਦਿਨ ਐਤਵਾਰ ਨੂੰ



(ਦੇਖੋ ਸਫ਼ਾ 2 ਅਤੇ 31 'ਤੇ)

## ਆਓ 29 ਅਪ੍ਰੈਲ 1987 ਦੇ ਖਾਲਿਸਤਾਨ ਐਲਾਨਨਾਮੇ ਨੂੰ ਯਾਦ ਕਰਦਿਆਂ ਸ਼ਹੀਦਾਂ ਨੂੰ ਯਾਦ ਕਰੀਏ।



32-33

## ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਲੜਨਗੇ ਚੋਣ



26

## ਭਾਈ ਹਰਪ੍ਰੀਤ ਸਿੰਘ ਨਿੱਝਰ ਕੈਨੇਡਾ ਕਤਲ ਮਾਮਲੇ ਦੀ ਰਿਪੋਰਟਿੰਗ ਕਰਨ ਵਾਲੀ ਪੱਤਰਕਾਰ ਨੇ ਛੱਡਿਆ ਭਾਰਤ



16

# ਅੱਜ ਦੁਨੀਆ ਦੀਆਂ ਗਲੀਆਂ 'ਚ ਹੜ੍ਹ ਵਗਦੇ ਸਰਦਾਰਾਂ ਦੇ

### ਸਿੱਖਾਂ ਦੇ ਦੂਜੇ ਘਰ ਕਨੇਡਾ ਸਰੀ ਵਿਖੇ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਉਪਰ ਕਰੀਬ 6 ਲੱਖ ਸੰਗਤਾਂ ਦਾ ਇਤਿਹਾਸਕ ਇਕੱਠ



(ਦੇਖੋ ਸਫ਼ਾ 30 'ਤੇ)

# ਖਾਲਸਾ ਸਾਜਨਾ ਦਿਵਸ ਵਿਸਾਖੀ ਪਾਕਿਸਤਾਨ 'ਚ ਪਹਿਲੀ ਵਾਰ ਸਰਕਾਰੀ ਪੱਧਰ 'ਤੇ ਮਨਾਇਆ ਗਿਆ

### ਪੰਜਾਬ ਮੁੱਖ ਮੰਤਰੀ ਮਰੀਅਮ ਨਵਾਜ਼ ਵਲੋਂ ਪੰਜਾਬੀ (ਗੁਰਮੁਖੀ) ਪੰਜਾਬ 'ਚ ਲਾਗੂ ਕਰਨ ਦਾ ਵਾਅਦਾ



(ਦੇਖੋ ਸਫ਼ਾ 23 'ਤੇ)

# ਕੈਨੇਡਾ ਦੀ ਸੰਸਦ 'ਚ '84 ਸਿੱਖ ਨਸਲਕੁਸ਼ੀ ਨੂੰ ਅਧਿਕਾਰਤ ਮਾਨਤਾ ਦੇਣ ਦੀ ਮੰਗ



ਟੋਰਾਂਟੋ : ਜਗਮੀਤ ਸਿੰਘ ਦੀ ਅਗਵਾਈ ਵਾਲੀ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਨੇ ਕੈਨੇਡਾ ਦੀ ਸੰਸਦ 'ਚ 1984 ਦੇ ਸਿੱਖ ਕਤਲੇਆਮ ਨੂੰ ਅਧਿਕਾਰਤ ਮਾਨਤਾ ਦੇਣ ਦੀ ਮੰਗ ਕੀਤੀ ਹੈ। ਕਤਲੇਆਮ ਦੀ ਇਤਿਹਾਸਕ ਮਹੱਤਤਾ ਵੱਲ ਧਿਆਨ ਖਿੱਚਦੇ ਹੋਏ ਇਹ ਮੁਹਿੰਮ ਸਮਾਗਮ ਦੀ 40ਵੀਂ ਵਰ੍ਹੇਗੰਢ 'ਤੇ ਸ਼ੁਰੂ ਕੀਤੀ ਗਈ ਸੀ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਵਿਸਾਖੀ ਪਰੇਡ ਵਿਚ ਜਗਮੀਤ ਸਿੰਘ ਦੇ ਸੰਬੋਧਨ ਵਿਚ ਨਸਲਕੁਸ਼ੀ ਨੂੰ ਸੰਘੀ ਮਾਨਤਾ ਦੇਣ ਦੀ ਮਹੱਤਤਾ ਅਤੇ ਅੱਤਿਆਚਾਰਾਂ ਲਈ ਜ਼ਿੰਮੇਵਾਰ ਸਰਕਾਰ ਲਈ ਜਵਾਬਦੇਹੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ਇਹ ਮੰਗ ਕੈਨੇਡਾ ਦੇ ਸਿਆਸੀ ਅਤੇ ਸਮਾਜਿਕ ਤਾਣੇ ਬਾਣੇ ਦੇ ਅੰਦਰ ਇਤਿਹਾਸਕ ਬੇਇਨਸਾਫ਼ੀਆਂ ਨੂੰ ਦੂਰ ਕਰਨ ਅਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦੀਆਂ ਵਿਆਪਕ ਕੋਸ਼ਿਸ਼ਾਂ ਨਾਲ ਮੇਲ ਖਾਂਦੀ ਹੈ। 'ਸਿੱਖ ਕਤਲੇਆਮ' ਸ਼ਬਦ ਅਕਤੂਬਰ 1984 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ 'ਚ ਭੜਕੀ ਹਿੰਸਾ ਨੂੰ ਦਰਸਾਉਂਦਾ

(ਦੇਖੋ ਸਫ਼ਾ 3 'ਤੇ)

For your Advertisement
Please Call
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com



Punjabi International Services Inc
Harminder Singh Samana
Bonded Immigration Consultant
bond number #10134206
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336



### ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**26 ਅਪ੍ਰੈਲ ਨੂੰ Gurdwara Sahib Turlock**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 28 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



I Love Bara Pind


V.P.O. Bara Pind-144418

## ਗੁਰਦੁਆਰਾ ਸਾਹਿਬ ਟਰਲੋਕ

**1391 5th Street Turlock CA 95380**

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 26, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ਼੍ਰੀ ਅਖੰਡਪਾਠ ਸਾਹਿਬ : 28, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ. ਜੁਗਰਾਜ ਸਿੰਘ ਸਹੋਤਾ
(510) 673-0825

ਸ. ਨਿਰਮਲ ਸਿੰਘ ਸਹੋਤਾ
(209) 277-0113

ਸ. ਹਰਿੰਦਰ ਸਿੰਘ ਸਹੋਤਾ
(209) 606-7795

# ਕੈਨੇਡਾ ਦੀ ਸੰਸਦ ’ਚ ’84 ਸਿੱਖ ਨਸਲਕੁਸ਼ੀ ਨੂੰ ਅਧਿਕਾਰਤ ਮਾਨਤਾ ਦੇਣ ਦੀ ਮੰਗ



ਟੋਰਾਂਟੋ : ਜਗਮੀਤ ਸਿੰਘ ਦੀ ਅਗਵਾਈ ਵਾਲੀ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਨੇ ਕੈਨੇਡਾ ਦੀ ਸੰਸਦ ’ਚ 1984 ਦੇ ਸਿੱਖ ਕਤਲੇਆਮ ਨੂੰ ਅਧਿਕਾਰਤ ਮਾਨਤਾ ਦੇਣ ਦੀ ਮੰਗ ਕੀਤੀ ਹੈ। ਕਤਲੇਆਮ ਦੀ ਇਤਿਹਾਸਕ ਮਹੱਤਤਾ ਵੱਲ ਧਿਆਨ ਖਿੱਚਦੇ ਹੋਏ ਇਹ ਮੁਹਿੰਮ ਸਮਾਗਮ ਦੀ 40ਵੀਂ ਵਰ੍ਹੇਗੰਢ ’ਤੇ ਸ਼ੁਰੂ ਕੀਤੀ ਗਈ ਸੀ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਵਿਸਾਖੀ ਪਰੇਡ ਵਿਚ ਜਗਮੀਤ ਸਿੰਘ ਦੇ ਸੰਬੋਧਨ ਵਿਚ ਨਸਲਕੁਸ਼ੀ ਨੂੰ ਸੰਘੀ ਮਾਨਤਾ ਦੇਣ ਦੀ ਮਹੱਤਤਾ ਅਤੇ ਅੱਤਿਆਚਾਰਾਂ ਲਈ ਜ਼ਿੰਮੇਵਾਰ ਸਰਕਾਰ ਲਈ ਜਵਾਬਦੇਹੀ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਗਿਆ। ਇਹ ਮੰਗ ਕੈਨੇਡਾ ਦੇ ਸਿਆਸੀ ਅਤੇ ਸਮਾਜਿਕ ਤਾਣੇ ਬਾਣੇ ਦੇ ਅੰਦਰ ਇਤਿਹਾਸਕ ਬੇਇਨਸਾਫ਼ੀਆਂ ਨੂੰ ਦੂਰ ਕਰਨ ਅਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦੀਆਂ ਵਿਆਪਕ ਕੋਸ਼ਿਸ਼ਾਂ ਨਾਲ ਮੇਲ ਖਾਂਦੀ ਹੈ। ‘ਸਿੱਖ ਕਤਲੇਆਮ’ ਸ਼ਬਦ ਅਕਤੂਬਰ 1984 ’ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ ’ਚ ਭੜਕੀ ਹਿੰਸਾ ਨੂੰ ਦਰਸਾਉਂਦਾ ਹੈ, ਜਿਸ ਦੇ ਨਤੀਜੇ ਵਜੋਂ ਵਿਆਪਕ ਮੌਤਾਂ, ਤਬਾਹੀ ਅਤੇ ਉਜਾੜੇ ਹੋਏ, ਖਾਸ ਕਰਕੇ ਸਿੱਖ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

# ਯੂ.ਕੇ. ’ਚ ਸਿੱਖ ਅਦਾਲਤ ਦੀ ਸਥਾਪਨਾ

ਲੰਡਨ : ਬਰਤਾਨੀਆ ਵਿਚ ਪਹਿਲੀ ਵਾਰ ਸਿੱਖ ਕਾਨੂੰਨੀ ਮਾਹਿਰਾਂ ਵਲੋਂ ਸਿੱਖ ਅਦਾਲਤ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦਾ ਲਿੰਕਨਜ਼ ਇਨ ਦੀ ਸੁਸਾਇਟੀ ’ਚ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਸਿੱਖ ਅਦਾਲਤ ਸਿੱਖ ਵਕੀਲਾਂ ਅਤੇ ਜੱਜਾਂ ਵਲੋਂ ਸਿੱਖ ਭਾਈਚਾਰੇ ’ਚ ਵਿਵਾਦਾਂ ਦੇ ਹੱਲ ਲਈ ਬਣਾਈ ਗਈ ਹੈ ਤਾਂ ਜੋ ਸਿੱਖ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਅਤੇ ਮਾਣ ਮਰਿਯਾਦਾ ਨੂੰ ਧਿਆਨ ’ਚ ਰੱਖਦਿਆਂ ਸਿੱਖਾਂ ਦੇ ਮਸਲੇ ਸੁਲਝਾਏ ਜਾ ਸਕਣ। ਸਿੱਖ ਅਦਾਲਤ ਦੇ ਜੱਜ ਬਲਦੀਪ ਸਿੰਘ ਨੇ ਦੱਸਿਆ ਕਿ ਬਰਤਾਨਵੀ ਸਰਕਾਰ ਵਲੋਂ ਤਿਆਰ ਬਲੂਮ ਰਿਪੋਰਟ ’ਚ ਸਿੱਖਾਂ ਬਾਰੇ ਲਿਖੇ ਇਤਰਾਜ਼ਯੋਗ ਵਿਖਿਆਨ ਤੋਂ ਬਾਅਦ ਸਿੱਖਾਂ ਕਾਨੂੰਨੀ ਮਾਹਿਰਾਂ ਨੇ ਵੱਡੇ ਪੱਧਰ ’ਤੇ ਵਿਰੋਧ ਜਿਤਾਇਆ ਸੀ, ਜਿਸ ਤੋਂ ਬਾਅਦ ‘ਸਿੱਖਸ ਇਨ ਲਾਅ’ ਦੇ ਬੈਨਰ ਹੇਠ ਦੇਸ਼ ਦੀਆਂ ਅਦਾਲਤਾਂ ’ਚ ਕੰਮ ਕਰਨ ਵਾਲੇ ਜੱਜਾਂ, ਵਕੀਲਾਂ, ਬਰੈਸਟਰਾਂ ਨੇ ਸਾਂਝੇ ਤੌਰ ’ਤੇ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਇਕੱਤਰ ਹੋਣਾ ਸ਼ੁਰੂ ਕਰ ਦਿੱਤਾ ਗਿਆ ਸੀ। ਸਿੱਖ ਅਦਾਲਤ ਬਰਤਾਨੀਆ ’ਚ ਸਿੱਖਾਂ ਦੇ ਕਾਨੂੰਨੀ ਮਸਲਿਆਂ ਦੇ ਹੱਲ ਲਈ ਪਹਿਲਾ ਅਜਿਹਾ ਅਦਾਲਤੀ ਢਾਂਚਾ ਬਣਿਆ ਹੈ, ਜਿਸ ਤੋਂ ਸਿੱਖਾਂ ਨੂੰ ਬਹੁਤ ਸਾਰੀਆਂ ਆਸਾਂ ਹਨ।











# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ 2024 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 19 ਮਈ, 2024 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਹੋਰ ਜਾਣਕਾਰੀ ਲਈ

**ਸ੍ਰ. ਹਰਜਿੰਦਰ ਸਿੰਘ ਹੈਪੀ ਸੂਚ**
**(209) 535-0294**

**ਸ੍ਰ. ਮਨਜੀਤ ਸਿੰਘ ਬਾਸੀ**
**(209) 678-8519**

# ਡਾਰਕ ਵੈੱਬ ਰਾਹੀਂ ਪਾਬੰਦੀਸ਼ੁਦਾ ਪਦਾਰਥ ਵੇਚਣ ਲਈ ਭਾਰਤੀ ਨਾਗਰਿਕ ਨੂੰ 5 ਸਾਲ ਦੀ ਜੇਲ੍ਹ



ਵਾਸ਼ਿੰਗਟਨ : ਅਮਰੀਕਾ ਵਿਚ ਇਕ 40 ਸਾਲਾ ਭਾਰਤੀ ਨਾਗਰਿਕ ਨੂੰ 'ਡਾਰਕ ਵੈੱਬ ਮਾਰਕਿਟਪਲੇਸ' 'ਤੇ ਪਾਬੰਦੀਸ਼ੁਦਾ ਪਦਾਰਥ ਵੇਚਣ ਦੇ ਦੋਸ਼ ਵਿਚ 5 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਕੋਲੋਂ ਲਗਭਗ 15 ਕਰੋੜ ਅਮਰੀਕੀ ਡਾਲਰ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ ਹੈ। ਡਾਰਕ ਵੈੱਬ ਇੰਟਰਨੈੱਟ ਦਾ ਉਹ ਹਿੱਸਾ ਹੈ ਜਿਸ ਤੱਕ ਸਾਧਾਰਨ ਸਰਚ ਇੰਜਣ ਨਹੀਂ ਪਹੁੰਚ ਪਾਉਂਦਾ ਅਤੇ ਇਸ ਤੱਕ ਵਿਸ਼ੇਸ਼ ਵੈੱਬ ਬ੍ਰਾਊਜ਼ਰ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਹਲਦਵਾਨੀ ਦੇ ਬਨਮੀਤ ਸਿੰਘ ਨੂੰ ਅਮਰੀਕਾ ਦੀ ਬੇਨਤੀ 'ਤੇ ਅਪ੍ਰੈਲ 2019 'ਚ ਲੰਡਨ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਮਾਰਚ 2023 ਵਿੱਚ ਅਮਰੀਕਾ ਹਵਾਲੇ ਕੀਤਾ ਗਿਆ। ਉਸਨੇ ਪਾਬੰਧੀਸ਼ੁਦਾ ਪਦਾਰਥਾਂ ਨੂੰ ਵੇਚਣ ਅਤੇ ਮਨੀ ਲਾਂਡਰਿੰਗ ਦੀ ਸਾਜਿਸ਼ ਦੇ ਦੋਸ਼ਾਂ ਨੂੰ ਜਨਵਰੀ ਵਿਚ ਸਵੀਕਾਰ ਕੀਤਾ। ਪਾਬੰਦੀਸ਼ੁਦਾ ਪਦਾਰਥ ਆਮ ਤੌਰ 'ਤੇ ਅਜਿਹੀ ਦਵਾਈ ਜਾਂ ਰਸਾਇਣ ਹੁੰਦਾ ਹੈ ਜਿਸਦਾ ਨਿਰਮਾਣ ਅਤੇ ਵਰਤੋਂ ਸਰਕਾਰ ਵੱਲੋਂ ਨਿਯੰਤਰਿਤ ਕੀਤੀ ਜਾਂਦੀ ਹੈ। ਅਦਾਲਤੀ ਦਸਤਾਵੇਜ਼ਾਂ ਅਤੇ ਅਦਾਲਤ ਵਿੱਚ ਦਿੱਤੇ ਬਿਆਨਾਂ ਦੇ ਅਨੁਸਾਰ, ਬਨਮੀਤ ਨੇ ਫੈਂਟਾਨਿਲ, ਐੱਲਐੱਸਡੀ, ਐਕਸਟਸੀ, ਜ਼ੈਨੈਕਸ, ਕੇਟਾਮਾਈਨ ਅਤੇ ਟਰਾਮਾਡੋਲ ਵਰਗੇ ਨਿਯੰਤਰਿਤ ਪਦਾਰਥਾਂ ਨੂੰ ਵੇਚਣ ਲਈ ਸਿਲਕ ਰੋਡ, ਅਲਫ਼ਾ ਬੇ, ਹੰਸਾ ਅਤੇ ਕਈ ਹੋਰ ਡਾਰਕ ਵੈੱਬ ਮਾਰਕਿਟਪਲੇਸ 'ਤੇ ਵਿਕਰੇਤਾ ਮਾਰਕੀਟਿੰਗ ਸਾਈਟਾਂ ਬਣਾਈਆਂ।
ਗਾਹਕਾਂ ਨੇ ਇਹਨਾਂ ਸਾਈਟਾਂ ਦੀ ਵਰਤੋਂ ਕਰਕੇ ਸਿੰਘ ਤੋਂ ਆਰਡਰ ਕੀਤੀਆਂ ਦਵਾਈਆਂ ਲਈ ਕ੍ਰਿਪਟੋਕਰੰਸੀ ਰਾਹੀਂ ਭੁਗਤਾਨ ਕੀਤਾ। ਇਸ ਤੋਂ ਬਾਅਦ ਸਿੰਘ ਨੇ ਨਿੱਜੀ ਤੌਰ 'ਤੇ ਯੂ.ਐੱਸ. ਮੇਲ ਜਾਂ ਹੋਰ ਸ਼ਿਪਿੰਗ ਸੇਵਾਵਾਂ ਰਾਹੀਂ ਯੂਰਪ ਤੋਂ ਅਮਰੀਕਾ ਤੱਕ ਨਸ਼ਿਆਂ ਦੀ ਸ਼ਿਪਮੈਂਟ ਦਾ ਪ੍ਰਬੰਧ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਬਨਮੀਤ ਨੇ ਇਸ ਕੰਮ ਰਾਹੀਂ ਕਰੀਬ 15 ਕਰੋੜ ਅਮਰੀਕੀ ਡਾਲਰ ਕਮਾਏ।

# ‘ਸੁਸਤ ਗਲੋਬਲ ਵਾਧੇ ਦੇ ਰੁਝਾਨਾਂ ਦਰਮਿਆਨ ਭਾਰਤ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਾ ਦੇਸ਼’



ਵਾਸ਼ਿੰਗਟਨ : ਭਾਰਤ ਦੀ ਅਰਥਵਿਵਸਥਾ ਨੇ ਚੁਣੌਤੀਪੂਰਨ ਗਲੋਬਲ ਪਰਿਦ੍ਰਿਸ਼ ਦੇ ਬਾਵਜੂਦ ਲਗਾਤਾਰ ਖਪਤ ਅਤੇ ਨਿਵੇਸ਼ ਮੰਗ ਦੇ ਸਮਰਥਨ ਨਾਲ ਪਿਛਲੇ ਸਾਲ ਮਜ਼ਬੂਤ ਵਾਧਾ ਦਰਜ ਕੀਤਾ ਹੈ। ਭਾਰਤ ਦੇ ਆਰਥਿਕ ਮਾਮਲਿਆਂ ਦੇ ਸਕੱਤਰ ਅਜੇ ਸੇਠ ਨੇ ਵੀਰਵਾਰ ਨੂੰ ਇਥੇ ਵਿਸ਼ਵ ਬੈਂਕ ਸਮਿਤੀ ਨੂੰ ਦੱਸਿਆ ਕਿ ਵਿੱਤੀ ਸਾਲ ਲਈ ਜੀ. ਡੀ. ਪੀ. ਵਾਧੇ ਦਾ ਅੰਦਾਜ਼ਾ, ਜਿਸ ਨੂੰ ਦੂਜੇ ਅਗਾਊਂ ਅੰਦਾਜ਼ੇ 'ਚ 7.3 ਫ਼ੀਸਦੀ ਤੋਂ ਵਧਾ ਕੇ 7.6 ਫ਼ੀਸਦੀ ਕਰ ਦਿੱਤਾ ਗਿਆ ਹੈ, ਭਾਰਤੀ ਅਰਥਵਿਵਸਥਾ ਦੀ ਸਥਾਈ ਤਾਕਤ ਅਤੇ ਜੁਝਾਰੂਪਣ ਨੂੰ ਦਰਸਾਉਂਦਾ ਹੈ।
ਇਸ ਦੇ ਨਾਲ ਹੀ ਸੇਠ ਨੇ ਕਿਹਾ, “ਭਾਰਤ ਨੇ ਵਿੱਤੀ ਸਾਲ 2023-24 ਦੀਆਂ ਲਗਾਤਾਰ ਤਿੰਨ ਤਿਮਾਹੀਆਂ 'ਚ 8 ਫ਼ੀਸਦੀ ਨਾਲੋਂ ਵੱਧ ਵਾਧਾ ਦਰਜ ਕੀਤਾ ਹੈ, ਜੋ ਸੁਸਤ ਗਲੋਬਲ ਵਾਧੇ ਦੇ ਰੁਝਾਨਾਂ ਦਰਮਿਆਨ ਇਕ ਸ਼ਾਨਦਾਰ ਪ੍ਰਦਰਸ਼ਨਕਰਤਾ ਦੇ ਰੂਪ 'ਚ ਉਸ ਦੀ ਸਥਿਤੀ ਦੀ ਪੁਸ਼ਟੀ ਕਰਦਾ ਹੈ।” ਉਨ੍ਹਾਂ ਨੇ ਕਿਹਾ, “ਇਸੇ ਤਰ੍ਹਾਂ ਦੀ ਰਾਏ ਵੱਖ-ਵੱਖ ਏਜੰਸੀਆਂ ਵੱਲੋਂ ਪ੍ਰਗਟ ਕੀਤੀ ਗਈ ਹੈ, ਜਿਨ੍ਹਾਂ ਨੇ ਭਾਰਤ ਦੇ ਵਿੱਤੀ ਸਾਲ 2023-24 ਦੇ ਵਾਧੇ ਦੇ ਅੰਦਾਜ਼ੇ ਨੂੰ 8 ਫ਼ੀਸਦੀ ਦੇ ਲੱਗਭਗ ਸੋਧਿਆ ਹੈ। ਟਿਕਾਊ ਵਾਧੇ ਦੇ ਰਾਹ 'ਚ ਸੁਧਾਰ ਅਤੇ ਨਿਵੇਸ਼ 'ਤੇ ਭਾਰਤ ਦਾ ਸਰਗਰਮ ਰੁਖ ਉਭਰਦੀ ਅਰਥਵਿਵਸਥਾਵਾਂ ਲਈ ਇਕ ਮਾਪਦੰਡ ਸਥਾਪਤ ਕਰਦਾ ਹੈ।”
ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੀ ਇਕ ਬੈਠਕ 'ਚ ਭਾਰਤੀ ਵਫਦ ਨੇ ਇਸ ਵਾਰ ਅਧਿਕਾਰਕ ਪੱਧਰ 'ਤੇ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਮੌਜੂਦਾ ਲੋਕ ਸਭਾ ਚੋਣਾਂ ਕਾਰਨ ਇਸ ਸਾਲ ਸਭਾ 'ਚ ਹਿੱਸਾ ਨਹੀਂ ਲੈ ਰਹੇ ਹਨ। ਸੇਠ ਨੇ ਵਿਕਾਸ ਕਮੇਟੀ ਨੂੰ ਦੱਸਿਆ ਕਿ ਪੂੰਜੀਗਤ ਖ਼ਰਚੇ 'ਤੇ ਭਾਰਤ ਦੇ ਜ਼ੋਰ ਨਾਲ ਨਿੱਜੀ ਨਿਵੇਸ਼ ਜਾਰੀ ਰਿਹਾ, ਜਿਸ ਦੇ ਨਤੀਜੇ ਵਜੋਂ ਸਥਿਰ ਕੀਮਤਾਂ 'ਤੇ ਕੁੱਲ ਸਥਿਰ ਪੂੰਜੀ ਨਿਰਮਾਣ (ਜੀ. ਐੱਫ. ਸੀ. ਐੱਫ.) 'ਚ ਵਾਧਾ ਹੋਇਆ ਅਤੇ ਸੇਠ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ 2022 'ਚ ਗਲੋਬਲ ਲੈਣ-ਦੇਣ 'ਚ 46 ਫ਼ੀਸਦੀ ਦੀ ਹਿੱਸੇਦਾਰੀ ਨਾਲ ਭਾਰਤ ਦਾ ਗਲੋਬਲ ਪੱਧਰ 'ਤੇ ਡਿਜੀਟਲ ਲੈਣ-ਦੇਣ ਸਭ ਤੋਂ ਵੱਧ ਰਿਹਾ। ਮਾਰਚ 2024 'ਚ ਮਹੀਨਾਵਾਰ ਲੈਣ-ਦੇਣ 13.44 ਅਰਬ ਸੀ, ਜਿਸ ਦੀ ਕੁੱਲ ਰਾਸ਼ੀ 19780 ਅਰਬ ਰੁਪਏ ਹੋ ਗਈ। ਸੇਠ ਨੇ ਵਿਕਾਸ ਕਮੇਟੀ ਨੂੰ ਦੱਸਿਆ ਕਿ ਗਲੋਬਲ ਆਰਥਿਕ ਪਰਿਦ੍ਰਿਸ਼ 'ਚ ਭਾਰਤ ਦੇ ਲਗਾਤਾਰ ਵਾਧੇ ਅਨੁਕੂਲ ਭਾਰਤੀ ਪੂੰਜੀ ਬਾਜ਼ਾਰ ਵਿੱਤੀ ਸਾਲ 2023-24 'ਚ ਉੱਭਰਦੇ ਬਾਜ਼ਾਰਾਂ 'ਚ ਸਭ ਤੋਂ ਚੰਗਾ ਪ੍ਰਦਰਸ਼ਨ ਕਰਨ ਵਾਲੇ ਬਾਜ਼ਾਰਾਂ 'ਚੋਂ ਇਕ ਬਣਿਆ ਹੋਇਆ ਹੈ।

# ਅਮਰੀਕਾ 'ਚ ਗੁਜਰਾਤੀ ਮੂਲ ਦਾ ਨੀਰਵ ਪਟੇਲ ਗੰਭੀਰ ਦੋਸ਼ਾਂ ਹੇਠ ਗ੍ਰਿਫ਼ਤਾਰ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ਇਕ ਗੈਸ ਸਟੇਸ਼ਨ 'ਤੇ ਕੰਮ ਕਰਨ ਵਾਲੇ ਨੀਰਵ ਪਟੇਲ ਨਾਂ ਦੇ 33 ਸਾਲਾ ਗੁਜਰਾਤੀ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਨੀਰਵ ਪਟੇਲ 'ਤੇ ਦੋਸ਼ ਹੈ ਕਿ ਉਹ ਨਾਬਾਲਗ ਲੜਕੀਆਂ ਨੂੰ ਸ਼ਰਾਬ ਅਤੇ ਈ-ਸਿਗਰੇਟ ਦਾ ਲਾਲਚ ਦੇ ਕੇ ਉਨ੍ਹਾਂ ਤੋਂ ਨਾਜਾਇਜ਼ ਮੰਗਾਂ ਕਰਦਾ ਸੀ। ਪੁਲਸ ਨੇ ਦੱਸਿਆ ਕਿ ਨੀਰਵ ਪਟੇਲ ਨੂੰ ਫਿਲਹਾਲ ਕਲੀਅਰਫੀਲਡ ਕਾਉਂਟੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਦੋਸ਼ੀ ਲੈਕਮਿੰਗ ਕਾਉਂਟੀ, ਪੈਨਸਿਲਵੇਨੀਆ ਵਿੱਚ ਰਹਿੰਦਾ ਹੈ। ਇਕ ਲੜਕੀ, ਜਿਸ ਨਾਲ ਨੀਰਵ ਪਟੇਲ 'ਤੇ ਨਾਜਾਇਜ਼ ਮੰਗਾਂ ਕਰਨ ਦਾ ਦੋਸ਼ ਹੈ, ਉਸ ਨੇ ਪੁਲਸ ਨੂੰ ਦੱਸਿਆ ਕਿ ਨੀਰਵ ਉਸ ਨੂੰ ਅਤੇ ਇਕ ਹੋਰ ਲੜਕੀ ਨੂੰ ਇਕ ਅਪ੍ਰੈਲ 2024 ਨੂੰ ਕਾਲੇ ਰੰਗ ਦੀ ਵੈਨ ਵਿੱਚ ਲੈ ਗਿਆ। ਲੜਕੀ ਦਾ ਇਹ ਵੀ ਦਾਅਵਾ ਹੈ ਕਿ ਨੀਰਵ ਪਟੇਲ ਨੇ ਉਨ੍ਹਾਂ ਦੋਵਾਂ ਨੂੰ ਇਕ ਸਟੋਰ 'ਤੇ ਲੈ ਗਿਆ ਜਿੱਥੇ ਉਸ ਨੇ ਉਨ੍ਹਾਂ ਲਈ ਸ਼ਰਾਬ ਖਰੀਦੀ ਅਤੇ ਫਿਰ ਨੀਰਵ ਦੋਵਾਂ ਲੜਕੀਆਂ ਨੂੰ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਿਆ। ਨੀਰਵ ਪਟੇਲ ਖ਼ਿਲਾਫ਼ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਉਸ ਨੇ ਵੈਨ ਵਿੱਚ ਬੈਠੀਆਂ ਦੋ ਲੜਕੀਆਂ ਤੋਂ ਅਸ਼ਲੀਲ ਮੰਗਾਂ ਕੀਤੀਆਂ, ਪਰ ਇੱਕ ਲੜਕੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਉਸ ਸਮੇਂ ਨੀਰਵ ਪਟੇਲ ਨੇ ਆਪਣੀ ਵੈਨ ਦੇ ਪਿੱਛੇ ਇਕ ਹੋਰ ਲੜਕੀ ਨਾਲ ਇਹ ਗੰਦਾ ਕੰਮ ਕੀਤਾ ਅਤੇ ਪੁਲਸ ਨੂੰ ਸੂਚਨਾ ਦੇਣ ਵਾਲੀ ਲੜਕੀ ਵੈਨ ਦੇ ਅੱਗੇ ਖੜ੍ਹੀ ਸੀ।



ਲੜਕੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਤੋਂ ਪਹਿਲਾਂ ਨੀਰਵ ਪਟੇਲ ਨੇ ਵੀ ਉਸ ਨਾਲ ਅਜਿਹਾ ਹੀ ਕੀਤਾ ਸੀ। ਨੀਰਵ ਪਟੇਲ ਖ਼ਿਲਾਫ਼ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਉਸ ਸਟੋਰ ਦੇ ਸੀ.ਸੀ.ਟੀ.ਵੀ ਫੁਟੇਜ ਦੀ ਜਾਂਚ ਕੀਤੀ, ਜਿਸ ਵਿੱਚ ਉਹ ਦੋ ਲੜਕੀਆਂ ਦੇ ਨਾਲ ਗਿਆ ਸੀ ਜਿਸ ਵਿੱਚ ਉਹ ਸਟੋਰ ਵਿੱਚ ਦਾਖਲ ਹੁੰਦਾ ਹੈ। ਅਤੇ ਦੋ ਅਲਕੋਹਲ ਡਰਿਕਸ ਖਰੀਦ ਕੇ ਬਾਹਰ ਨਿਕਲਦਾ ਦੇਖਿਆ ਗਿਆ ਸੀ। ਜਦੋਂ 12 ਅਪ੍ਰੈਲ ਨੂੰ ਨਿਰਵਾਣਾ ਪੁਲਸ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣੀ ਹਰਕਤ ਪੁਲਸ ਕੋਲ ਕਬੂਲ ਕਰ ਲਈ। ਪੁਲਸ ਨੇ ਫਿਰ ਇੱਕ ਹੋਰ ਲੜਕੀ ਨਾਲ ਗੱਲ ਕੀਤੀ, ਜਿਸ ਨੇ ਦਸੰਬਰ 2023 ਵਿੱਚ ਨੀਰਵ ਪਟੇਲ ਦੁਆਰਾ ਕੀਤੇ ਗਏ ਇੱਕ ਹੋਰ ਅਪਰਾਧ ਬਾਰੇ ਵੀ ਜਾਣਕਾਰੀ ਦਿੱਤੀ।
ਨੀਰਵ ਪਟੇਲ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਸਦੇ ਖ਼ਿਲਾਫ਼ ਲਗਾਏ ਗਏ ਗੰਭੀਰ ਦੋਸ਼ਾਂ ਵਿੱਚ ਉਸਦੀ ਸ਼ਮੂਲੀਅਤ ਦੇ ਠੋਸ ਸਬੂਤ ਮਿਲਣ ਤੋਂ ਬਾਅਦ ਉਸਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਨੀਰਵ ਇਸ ਸਮੇਂ ਕੁੱਲ 11 ਸੰਗੀਨ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕਲੀਅਰਫੀਲਡ ਕਾਉਂਟੀ ਜੇਲ੍ਹ ਵਿੱਚ ਨਜ਼ਰ ਬੰਦ ਹੈ। ਅਦਾਲਤ ਵੱਲੋਂ ਨੀਰਵ ਪਟੇਲ 'ਤੇ ਢਾਈ ਲੱਖ ਡਾਲਰ ਦਾ ਬਾਂਡ ਪਾਇਆ ਗਿਆ ਹੈ। ਪੈਨਸਿਲਵੇਨੀਆ ਦੇ ਕਾਨੂੰਨ ਮੁਤਾਬਕ ਨੀਰਵ ਪਟੇਲ ਨੂੰ ਦੋਸ਼ੀ ਠਹਿਰਾਏ ਜਾਣ 'ਤੇ 20 ਸਾਲ ਤੱਕ ਦੀ ਕੈਦ ਅਤੇ ਭਾਰੀ ਜੁਰਮਾਨਾ ਹੋ ਸਕਦਾ ਹੈ। ਅਤੇ ਅਜਿਹੇ ਮਾਮਲਿਆਂ 'ਚ ਦੋਸ਼ੀ ਨੂੰ ਜੇਲ੍ਹ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਨਿਗਰਾਨੀ 'ਚ ਰੱਖਿਆ ਜਾਂਦਾ ਹੈ, ਜਿਸ 'ਚ ਉਸ ਨੂੰ ਆਪਣਾ ਇਲਾਕਾ ਛੱਡਣ ਤੋਂ ਪਹਿਲਾਂ ਥਾਣੇ 'ਚ ਨਿਯਮਿਤ ਆਪਣੀ ਹਾਜ਼ਰੀ ਲਗਵਾਉਣੀ ਪੈਂਦੀ ਹੈ ਅਤੇ ਪੁਲਸ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਇਸ ਮਾਮਲੇ 'ਚ ਦੋਸ਼ੀ ਨੀਰਵ ਪਟੇਲ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ ਪਰ ਜੇਕਰ ਕੋਈ ਗ੍ਰੀਨ ਕਾਰਡ ਧਾਰਕ ਵੀ ਅਜਿਹੇ ਅਪਰਾਧ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਅਮਰੀਕੀ ਕਾਨੂੰਨ ਦੇ ਮੁਤਾਬਕ ਅਮਰੀਕਾ ਤੋਂ ਡਿਪੋਰਟ ਕਰ ਦਿੱਤਾ ਜਾਂਦਾ ਹੈ।

# ਅਮਰੀਕੀ ਰਾਸ਼ਟਰਪਤੀ ਬਾਈਡੇਨ ਨੇ ਮਹਾਵੀਰ ਜਯੰਤੀ ਦੇ ਮੌਕੇ 'ਤੇ ਜੈਨ ਭਾਈਚਾਰੇ ਨੂੰ ਦਿੱਤੀ ਵਧਾਈ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਨੂੰ ਮਹਾਵੀਰ ਜਯੰਤੀ ਮੌਕੇ ਜੈਨ ਧਰਮ ਦੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਉਹ ਅਜਿਹਾ ਕਰਨ ਵਾਲੇ ਦੇਸ਼ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ। ਮਹਾਵੀਰ ਜਯੰਤੀ ਜੈਨ ਧਰਮ ਦੇ ਸੰਸਥਾਪਕ ਮਹਾਵੀਰ ਦੇ ਜਨਮ ਦੀ ਯਾਦ ਵਿਚ ਮਨਾਈ ਜਾਂਦੀ ਹੈ। ਬਾਈਡੇਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, 'ਮੈਂ ਅਤੇ ਜਿਲ ਜੈਨ ਧਰਮ ਦੇ ਲੋਕਾਂ ਨੂੰ ਮਹਾਵੀਰ ਜਯੰਤੀ ਦੀ ਸ਼ੁਭਕਾਮਨਾਵਾਂ ਦਿੰਦੇ ਹਾਂ। ਆਓ ਅੱਜ ਅਸੀਂ ਮਹਾਵੀਰ ਸਵਾਮੀ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਈਏ ਅਤੇ ਪਿਆਰ, ਖ਼ੁਸ਼ੀ ਅਤੇ ਸਦਭਾਵਨਾ ਫੈਲਾ ਕੇ ਉਨ੍ਹਾਂ ਦਾ ਜਸ਼ਨ ਮਨਾਈਏ।' ਬਾਈਡੇਨ ਮਹਾਵੀਰ ਜਯੰਤੀ ਦੇ ਮੌਕੇ 'ਤੇ ਅਧਿਕਾਰਤ ਸ਼ੁਭਕਾਮਨਾਵਾਂ ਭੇਜਣ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਹਨ।



ਜੈਨ ਭਾਈਚਾਰੇ ਦੇ ਪ੍ਰਮੁੱਖ ਨੇਤਾ ਅਤੇ 'ਏਸ਼ੀਅਨ ਅਮਰੀਕਨ ਐਂਡ ਨੇਟਿਵ ਹਵਾਈਅਨ/ਪੈਸੀਫਿਕ ਆਈਲੈਂਡਰਜ਼' ਕਮਿਸ਼ਨਰ 'ਤੇ ਰਾਸ਼ਟਰਪਤੀ ਦੇ ਸਲਾਹਕਾਰ ਅਜੈ ਭੂਟੋਰੀਆ ਨੇ ਬਾਈਡੇਨ ਦੇ ਸੰਦੇਸ਼ ਦਾ ਸਵਾਗਤ ਕੀਤਾ। ਭੂਟੋਰੀਆ ਨੇ ਇੱਕ ਬਿਆਨ ਜਾਰੀ ਕੀਤਾ ਜਿਸ ਵਿੱਚ ਉਨ੍ਹਾਂ ਨੇ ਬਾਈਡੇਨ ਵੱਲੋਂ ਜੈਨ ਧਰਮ ਵਿੱਚ ਮਹਾਵੀਰ ਜਯੰਤੀ ਦੇ ਮਹੱਤਵ ਨੂੰ ਪਛਾਣਨ ਦੀ ਪ੍ਰਸ਼ੰਸਾ ਕੀਤੀ ਅਤੇ ਜੈਨ ਧਰਮ ਦੇ 24ਵੇਂ ਤੀਰਥੰਕਰ ਮਹਾਵੀਰ ਸਵਾਮੀ ਦੀਆਂ ਸਦੀਵੀ ਸਿੱਖਿਆਵਾਂ ਨੂੰ ਉਜਾਗਰ ਕੀਤਾ, ਜਿਸ ਵਿਚ ਅਹਿੰਸਾ, ਸੱਚਾਈ ਅਤੇ ਸਵੈ-ਅਨੁਸ਼ਾਸਨ ਦੇ ਸਿਧਾਂਤਾਂ 'ਤੇ ਜ਼ੋਰ ਦਿੱਤਾ ਗਿਆ ਹੈ।

# ਅਮਰੀਕੀ ਕਾਂਗਰਸ ਦੀ ਪ੍ਰਤੀਨਿਧੀ ਸਭਾ ਨੇ ਯੂਕ੍ਰੇਨ ਲਈ ਰੱਖਿਆ ਸਹਾਇਤਾ ਪੈਕੇਜ ਨੂੰ ਦਿੱਤੀ ਮਨਜ਼ੂਰੀ

ਵਾਸ਼ਿੰਗਟਨ : ਅਮਰੀਕੀ ਕਾਂਗਰਸ (ਸੰਸਦ) ਦੇ ਪ੍ਰਤੀਨਿਧ ਸਦਨ ਨੇ ਆਖਰਕਾਰ ਰੂਸ ਦੇ ਹਮਲੇ ਨਾਲ ਨਜਿੱਠਣ ਲਈ ਯੂਕ੍ਰੇਨ ਨੂੰ ਅਰਬਾਂ ਡਾਲਰ ਦੀ ਨਵੀਂ ਅਮਰੀਕੀ ਫੌਜੀ ਸਹਾਇਤਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲੰਬੇ ਸਮੇਂ ਤੋਂ ਕਾਂਗਰਸ ਵਿੱਚ ਇਸ ਦਾ ਵਿਰੋਧ ਹੋ ਰਿਹਾ ਸੀ ਅਤੇ ਇਸ 61 ਬਿਲੀਅਨ ਡਾਲਰ ਦੇ ਪੈਕੇਜ ਨੂੰ ਪ੍ਰਾਪਤ ਕਰਨ ਲਈ ਦੋ-ਪੱਖੀ ਸਮਝੌਤੇ ਦੀ ਲੋੜ ਸੀ। ਰਿਪਬਲਿਕਨਾਂ ਨੇ ਕਿਹਾ ਕਿ ਪੈਕੇਜ ਦਾ ਇੱਕ ਤਿਹਾਈ ਤੋਂ ਵੱਧ ਹਥਿਆਰਾਂ ਅਤੇ ਗੋਲਾ ਬਾਰੂਦ ਨੂੰ ਭਰਨ ਲਈ ਸਮਰਪਿਤ ਕੀਤਾ ਜਾਵੇਗਾ। ਦੂਜੇ ਪਾਸੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਅਮਰੀਕੀ ਸਮਰਥਨ ਨੂੰ



'ਮਹੱਤਵਪੂਰਨ' ਦੱਸਿਆ ਹੈ। ਉਸ ਨੇ ਕਿਹਾ, 'ਇਹ ਸਹਾਇਤਾ ਜੰਗ ਨੂੰ ਫੈਲਣ ਤੋਂ ਰੋਕੇਗੀ ਅਤੇ ਹਜ਼ਾਰਾਂ ਜਾਨਾਂ ਬਚਾਏਗੀ।' ਹਾਲਾਂਕਿ ਇਹ ਅਸਪਸ਼ਟ ਹੈ ਕਿ ਸਹਾਇਤਾ ਕਦੋਂ ਪਹੁੰਚੇਗੀ। ਪੈਕੇਜ ਹੁਣ ਸੈਨੇਟ ਵਿੱਚ ਜਾਵੇਗਾ ਅਤੇ ਉੱਥੋਂ ਪਾਸ ਹੋਣ ਤੋਂ ਬਾਅਦ, ਇਹ ਪ੍ਰਵਾਨਗੀ ਲਈ ਰਾਸ਼ਟਰਪਤੀ ਜੋਅ ਬਾਈਡੇਨ ਕੋਲ ਜਾਵੇਗਾ। ਹਥਿਆਰਾਂ ਅਤੇ ਗੋਲਾ-ਬਾਰੂਦ ਪ੍ਰਣਾਲੀਆਂ ਦੀ ਭਰਪਾਈ ਦੇ ਨਾਲ ਯੂਕ੍ਰੇਨ ਨੂੰ 'ਮਾਫ਼ਯੋਗ ਕਰਜ਼ਿਆਂ' ਦੇ ਰੂਪ ਵਿੱਚ ਨੌਂ ਬਿਲੀਅਨ ਡਾਲਰ ਤੋਂ ਵੱਧ ਦੀ ਆਰਥਿਕ ਸਹਾਇਤਾ ਵੀ ਪ੍ਰਾਪਤ ਹੋਵੇਗੀ ਜਿਨ੍ਹਾਂ ਨੂੰ ਵਾਪਸ ਕਰਨ ਦੀ ਜ਼ਰੂਰਤ ਨਹੀਂ ਹੈ। ਜ਼ਿਕਰਯੋਗ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫਰਵਰੀ 2022 'ਚ ਯੂਕ੍ਰੇਨ 'ਤੇ ਵੱਡੇ ਪੱਧਰ 'ਤੇ ਹਮਲਾ ਕੀਤਾ ਸੀ। ਉਦੋਂ ਤੋਂ ਦੋਵਾਂ ਪਾਸਿਆਂ ਦੇ ਹਜ਼ਾਰਾਂ ਲੋਕ, ਮੁੱਖ ਤੌਰ 'ਤੇ ਸੈਨਿਕ, ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ ਅਤੇ ਲੱਖਾਂ ਯੂਕ੍ਰੇਨੀਅਨ ਆਪਣੇ ਘਰ ਛੱਡਣ ਲਈ ਮਜਬੂਰ ਹੋਏ ਹਨ।

# ਅਮਰੀਕਾ 'ਚ ਇਮਾਰਤ ਨਾਲ ਟਕਰਾਈ ਕਾਰ, ਦੋ ਬੱਚਿਆਂ ਦੀ ਦਰਦਨਾਕ ਮੌਤ

ਮਿਸ਼ੀਗਨ : ਅਮਰੀਕਾ ਦੇ ਮਿਸ਼ੀਗਨ ਸੂਬੇ ਵਿਚ ਸ਼ਨੀਵਾਰ ਨੂੰ ਇਕ ਬੋਟ ਕਲੱਬ ਵਿਚ ਜਨਮ ਦਿਨ ਦੀ ਪਾਰਟੀ ਦੌਰਾਨ ਹੋਏ ਕਾਰ ਹਾਦਸੇ ਵਿਚ ਇਕ ਨੌਜਵਾਨ ਭੈਣ-ਭਰਾ ਦੀ ਮੌਤ ਹੋ ਗਈ ਅਤੇ ਕਈ ਹੋਰ ਲੋਕ ਜ਼ਖਮੀ ਹੋ ਗਏ। ਇਹ ਜਾਣਕਾਰੀ ਮੋਨਰੋ ਕਾਉਂਟੀ ਸ਼ੈਰਿਫ ਟਰੌਏ ਗੁਡਨੋ ਨੇ ਦਿੱਤੀ। ਗੁਡਨੋ ਨੇ ਕਿਹਾ ਕਿ ਬਦਕਿਸਮਤੀ ਨਾਲ ਇਸ ਦੁਖਾਂਤ ਦੇ ਦੋ ਪੀੜਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਵਿੱਚ ਇੱਕ 8 ਸਾਲ ਦੀ ਬੱਚੀ ਅਤੇ ਇੱਕ 5



ਸਾਲ ਦਾ ਮੁੰਡਾ ਸ਼ਾਮਲ ਹੈ, ਜੋ ਦੋਵੇਂ ਭੈਣ-ਭਰਾ ਹਨ।
ਉਨ੍ਹਾਂ ਕਿਹਾ ਕਿ ਇਸ ਹਾਦਸੇ ਵਿੱਚ ਕਈ ਹੋਰ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚ ਤਿੰਨ ਬੱਚਿਆਂ ਸਮੇਤ ਨੌਂ ਲੋਕ ਸ਼ਾਮਲ ਹਨ, ਜਿਨ੍ਹਾਂ ਨੂੰ ਗੰਭੀਰ ਜਾਂ ਗੈਰ-ਨਾਜ਼ੁਕ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ ਹੈ। ਸ਼ੈਰਿਫ ਨੇ ਕਿਹਾ ਕਿ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ 66 ਸਾਲਾ ਮਹਿਲਾ ਡਰਾਈਵਰ ਘਟਨਾ ਵਾਲੀ ਥਾਂ ਵਾਲੀ ਇਮਾਰਤ ਵਿੱਚ 25 ਫੁੱਟ ਦੂਰ ਚਲੀ ਗਈ ਅਤੇ ਉਸ ਨੂੰ ਪ੍ਰਭਾਵ ਹੇਠ ਗੱਡੀ ਚਲਾਉਣ ਦੇ ਸ਼ੱਕ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਭਾਰਤੀ-ਅਮਰੀਕੀ ਰਾਜਪਾਲ ਬਾਠ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਨਿਯੁਕਤ

ਨਿਊਜਰਸੀ: ਨਿਊਜਰਸੀ ਸੂਬੇ ਦੇ ਗਵਰਨਰ ਫਿਲ ਮਰਫੀ ਅਤੇ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ ਨੇ ਭਾਰਤੀ ਮੂਲ ਦੇ ਰਾਜਪਾਲ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕੀਤਾ ਹੈ। ਇਸ ਨਵੇਂ ਬਣੇ ਕਮਿਸ਼ਨ ਦਾ ਉਦੇਸ਼ ਦੁਵੱਲੇ ਵਪਾਰ ਅਤੇ ਨਿਵੇਸ਼



ਨੂੰ ਵਧਾ ਕੇ ਨਿਊਜਰਸੀ ਅਤੇ ਭਾਰਤ ਵਿਚਕਾਰ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਗਵਰਨਰ ਮਰਫੀ ਨੇ ਕਿਹਾ ਕਿ ਭਾਈਚਾਰਕ ਰੁਝੇਵਿਆਂ ਅਤੇ ਵਕਾਲਤ ਵਿੱਚ ਇੱਕ ਮਜ਼ਬੂਤ ਪਿਛੋਕੜ ਦੇ ਨਾਲ, ਰਾਜਪਾਲ ਬਾਠ ਇਸ ਅਹੁਦੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਮੈਂ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕਰਕੇ ਬਹੁਤ ਖੁਸ਼ ਹਾਂ। ਉਨ੍ਹਾਂ ਦਾ ਸਮਰਪਣ ਬਿਨਾਂ ਸ਼ੱਕ ਸਾਡੇ ਰਾਜ ਨੂੰ ਲਾਭ ਪਹੁੰਚਾਏਗਾ। ਮਰਫੀ ਨੇ ਅੱਗੇ ਕਿਹਾ ਕਿ ਨਿਊਜਰਸੀ ਸੂਬੇ 'ਚ ਭਾਰਤੀ-ਅਮਰੀਕੀਆਂ ਦੀ ਲਗਾਤਾਰ ਵਧ ਰਹੀ ਹੈ। ਕਮਿਸ਼ਨ ਦਾ ਉਦੇਸ਼ ਨਿਊ ਜਰਸੀ ਅਤੇ ਭਾਰਤ ਵਿਚਕਾਰ ਸੱਭਿਆਚਾਰਕ ਅਤੇ ਵਿਦਿਅਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਈ ਲੰਬੇ ਸਮੇਂ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

ਨਿਊਜਰਸੀ ਦੀ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ ਨੇ ਕਿਹਾ, 'ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਸਕਾਰਾਤਮਕ ਤਬਦੀਲੀ ਲਿਆਉਣ ਲਈ ਰਾਜ ਦੀ ਵਚਨਬੱਧਤਾ ਰਾਜਪਾਲ ਬਾਠ ਨੂੰ ਇਸ ਅਹੁਦੇ ਲਈ ਆਦਰਸ਼ ਨੇਤਾ ਬਣਾਉਂਦੀ ਹੈ। ਮੈਂ ਕਮਿਸ਼ਨ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ।

ਨਿਊਜਰਸੀ-ਇੰਡੀਆ ਕਮਿਸ਼ਨ ਦੀ ਚੇਅਰ ਵੇਸ ਮੈਥਿਊਜ਼ ਨੇ ਕਿਹਾ, 'ਨਿਊ ਜਰਸੀ ਇੰਡੀਆ ਕਮਿਸ਼ਨ ਨੂੰ ਰਾਜਪਾਲ ਬਾਠ ਦੀ ਅਗਵਾਈ ਵਿੱਚ ਬਹੁਤ ਮਾਣ ਮਹਿਸੂਸ ਹੋਇਆ ਹੈ। ਉਨ੍ਹਾਂ ਦੀ ਅਗਵਾਈ ਭਾਰਤੀ ਭਾਈਚਾਰੇ ਨਾਲ ਸਾਡੇ ਸਬੰਧਾਂ ਨੂੰ ਅਤੇ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਨਿਊਜਰਸੀ-ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਬਣੇ ਰਾਜ ਬਾਠ ਨੇ ਕਿਹਾ, 'ਮੈਂ ਗਵਰਨਰ ਮਰਫੀ, ਲੈਫਟੀਨੈਂਟ ਗਵਰਨਰ ਵੇਅ ਅਤੇ ਚੇਅਰ ਮੈਥਿਊਜ਼ ਦਾ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪਣ ਲਈ ਤਹਿ ਦਿਲੋਂ ਧੰਨਵਾਦੀ ਹਾਂ। ਮੈਂ ਸਾਡੇ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਨ ਲਈ ਉਤਸੁਕ ਹਾਂ।'

# ਅਮਰੀਕਾ ’ਚ ਭਾਰਤੀ ਮੂਲ ਦੀ ਗੁਜਰਾਤੀ ਔਰਤ ਰਿੱਧੀ ਪਟੇਲ ਨੂੰ ਰਾਹਤ, ਜੇਲ੍ਹ ਤੋਂ ਰਿਹਾਅ

ਨਿਊਯਾਰਕ (ਰਾਜ ਗੋਗਨਾ)- ਅਮਰੀਕਾ 'ਚ ਟਾਕ ਆਫ ਦਾ ਟਾਊਨ ਬਣੀ ਗੁਜਰਾਤੀ ਭਾਰਤੀ ਰਿਧੀ ਪਟੇਲ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਰਿਧੀ ਪਟੇਲ ਨੂੰ ਅਦਾਲਤ ਵੱਲੋਂ 1 ਮਿਲੀਅਨ ਡਾਲਰ ਦਾ ਬਾਂਡ ਅਦਾ ਕਰਨ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ, ਰਿਧੀ ਨੂੰ ਹੁਣ ਕੁੱਲ 18 ਸੰਗੀਨ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਸ ਨੇ ਆਪਣੀ ਨੌਕਰੀ ਵੀ ਗੁਆ ਦਿੱਤੀ ਹੈ। ਬੇਕਰਸਫੀਲਡ ਕੈਲੀਫੋਰਨੀਆ ਦੀ ਰਿਧੀ ਪਟੇਲ ਨੂੰ 500,000 ਲੱਖ ਡਾਲਰ ਦੇ ਬਾਂਡ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ।

ਹੁਣ ਭਾਰਤ ਦੇ ਨਾਲ-ਨਾਲ ਅਮਰੀਕਾ ਵਿੱਚ ਚਰਚਾ ਦਾ ਵਿਸ਼ਾ ਬਣੀ ਗੁਜਰਾਤੀ ਮੂਲ ਦੀ ਰਿਧੀ ਪਟੇਲ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ ਪਰ ਹੁਣ ਉਸ ਦੀ ਮੁਸਕਲਾਂ ਹੋਰ ਵੱਧ ਸਕਦੀਆਂ ਹਨ। ਬੇਕਰਸਫੀਲਡ, ਕੈਲੀਫੋਰਨੀਆ ਦੀ ਵਸਨੀਕ ਰਿਧੀ ਪਟੇਲ ਨੂੰ ਇੱਕ ਜਨਤਕ ਸਮਾਗਮ ਵਿੱਚ ਮੇਅਰ ਸਮੇਤ ਸਿਟੀ ਕੌਂਸਲ ਦੇ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਰਿਧੀ ਪਟੇਲ 'ਤੇ ਕੁੱਲ 18 ਦੋਸ਼ ਲਗਾਏ ਗਏ ਹਨ ਅਤੇ ਅਦਾਲਤ ਨੇ ਇਕ ਵਾਰ ਉਸ 'ਤੇ 10 ਲੱਖ ਡਾਲਰ ਦਾ ਬਾਂਡ ਰੱਖਿਆ ਸੀ ਪਰ ਬਾਂਡ ਦੀ ਰਕਮ ਘਟਾ ਕੇ 5 ਲੱਖ ਡਾਲਰ ਕਰ ਦਿੱਤੇ ਜਾਣ ਤੋਂ ਬਾਅਦ ਰਿਧੀ ਪਟੇਲ ਜੇਲ੍ਹ ਤੋਂ ਬਾਹਰ ਨਿਕਲਣ 'ਚ ਕਾਮਯਾਬ ਹੋ ਗਈ।

ਇਕ ਅਮਰੀਕੀ ਮੀਡੀਆ ਦੀ ਰਿਪੋਰਟ ਮੁਤਾਬਕ ਰਿਧੀ ਪਟੇਲ ਨੂੰ ਪੰਜ ਲੱਖ ਡਾਲਰ



ਦਾ ਬਾਂਡ ਭਰਨ ਤੋਂ ਬਾਅਦ ਜੇਲ ਤੋਂ ਰਿਹਾਅ ਕੀਤਾ ਗਿਆ। ਹਾਲਾਂਕਿ ਉਸ ਨੂੰ ਇਸ ਸ਼ਰਤ 'ਤੇ ਰਿਹਾ ਕੀਤਾ ਗਿਆ ਹੈ ਕਿ ਉਹ ਆਪਣਾ ਪਾਸਪੋਰਟ ਸਪੁਰਦ ਕਰ ਦੇਵੇ ਅਤੇ ਰਿਧੀ ਦੀ ਨਿਗਰਾਨੀ ਕਰਨ ਲਈ ਇੱਕ ਜੀਪੀਐਸ ਨਿਗਰਾਨੀ ਯੰਤਰ ਵੀ ਫਿੱਟ ਕੀਤਾ ਗਿਆ ਹੈ। ਰਿਧੀ ਪਟੇਲ 'ਤੇ 18 ਸੰਗੀਨ ਦੋਸ਼ਾਂ ਤੋਂ ਇਲਾਵਾ, ਜ਼ਿਲ੍ਹਾ ਅਟਾਰਨੀ ਦਫ਼ਤਰ ਨੇ ਉਸ 'ਤੇ ਤਿੰਨ ਹੋਰ ਦੋਸ਼ ਲਗਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰਿਧੀ ਪਟੇਲ ਖ਼?ਲਾਫ਼ ਦਾਇਰ ਪ੍ਰਸਤਾਵ 'ਚ ਕਿਹਾ ਗਿਆ ਹੈ ਕਿ ਇਸਤਗਾਸਾ ਪੱਖ ਉਸ 'ਤੇ ਅਪਰਾਧਿਕ ਧਮਕੀਆਂ ਦੇਣ ਦੇ ਤਿੰਨ ਨਵੇਂ ਦੋਸ਼ ਤੈਅ ਕਰਨਾ ਚਾਹੁੰਦਾ ਹੈ। ਉਸ 'ਤੇ ਇਸ ਸਮੇਂ ਅਪਰਾਧਿਕ ਧਮਕੀਆਂ ਦੇ 10 ਅਤੇ ਜਨਤਕ ਅਧਿਕਾਰੀਆਂ ਨੂੰ ਧਮਕਾਉਣ ਦੇ 8 ਮਾਮਲਿਆਂ ਦੇ ਦੋਸ਼ ਹੈ। ਹੁਣ ਉਸ 'ਤੇ ਤਿੰਨ ਨਵੇਂ ਦੋਸ਼ ਲਗਾਉਣ ਲਈ ਪ੍ਰਸਤਾਵ ਦਾਇਰ ਕੀਤਾ ਗਿਆ ਹੈ, ਜਿਸ ਦੀ ਸੁਣਵਾਈ ਬੁੱਧਵਾਰ ਨੂੰ ਹੋਣੀ ਹੈ।

ਜਦੋਂ ਰਿਧੀ ਪਟੇਲ ਨੇ 10 ਅਪ੍ਰੈਲ ਨੂੰ ਆਪਣੀ ਪਾਰਟੀ ਪੇਸ਼ ਕਰ ਰਹੀ ਸੀ ਕਿ ਬੇਕਰਸਫੀਲਡ ਸਿਟੀ ਕੌਂਸਲ ਨੇ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲਾ ਮਤਾ ਪਾਸ ਕੀਤਾ, ਤਾਂ ਉਹ ਮਿੰਟਾਂ ਵਿੱਚ ਹੀ ਇੰਨੀ ਗਰਮ ਹੋ ਗਈ ਕਿ ਉਸ ਨੇ ਮੇਅਰ ਸਮੇਤ ਅਧਿਕਾਰੀਆਂ ਨੂੰ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਟਨਾ ਤੋਂ ਬਾਅਦ ਰਿਧੀ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਹਾਲਾਂਕਿ ਜਦੋਂ ਉਸ ਨੂੰ ਅਗਲੇ ਦਿਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਰਿਧੀ ਪਟੇਲ ਅਦਾਲਤ ਵਿੱਚ ਬਹੁਤ ਰੋ ਰਹੀ ਸੀ। ਰਿਧੀ ਪਟੇਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਵੱਲੋਂ ਪਿਛਲੇ ਸਮੇਂ ਵਿੱਚ ਕੀਤੀਆਂ ਗਈਆਂ ਅਜਿਹੀਆਂ ਹਰਕਤਾਂ ਦੀਆਂ ਕੁਝ ਵੀਡੀਓਜ਼ ਵੀ ਸਾਹਮਣੇ ਆਈਆਂ ਸਨ। ਬੇਕਰਸਫੀਲਡ ਦੇ ਵਾਈਸ ਮੇਅਰ ਆਂਦਰੇ ਗੋਂਜਾਲੇਸ ਨੇ ਅਮਰੀਕੀ ਨਿਊਜ਼ ਚੈਨਲ ਸੀ.ਐਨ.ਐਨ ਨੂੰ ਦੱਸਿਆ ਕਿ ਉਹ ਰਿਧੀ ਨੂੰ ਲੰਬੇ ਸਮੇਂ ਤੋਂ ਜਾਣਦੇ ਹਨ ਅਤੇ ਉਹ ਪਹਿਲਾਂ ਵੀ ਜਨਤਕ ਤੌਰ 'ਤੇ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰ ਚੁੱਕੀ ਹੈ। ਅਤੇ ਰਿਧੀ ਪਟੇਲ ਨੂੰ ਆਪਣਾ ਗੁੱਸਾ ਜਨਤਕ ਤੌਰ 'ਤੇ ਜ਼ਾਹਰ ਕਰਨ ਦੀ ਆਦਤ ਹੈ, ਪਰ ਉਸ ਨੇ ਹੁਣ ਤੱਕ ਕਦੇ ਵੀ ਕਿਸੇ ਨੂੰ ਹਿੰਸਾ ਦੀ ਧਮਕੀ ਨਹੀਂ ਦਿੱਤੀ। ਹਾਲਾਂਕਿ 10 ਅਪ੍ਰੈਲ ਦੀ ਘਟਨਾ ਤੋਂ ਬਾਅਦ ਉਹ ਟਾਕ ਆਫ ਦਾ ਟਾਊਨ ਬਣ ਗਈ ਸੀ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List

amazon relay

DAT One

Scan This Code for Joining Truck Dispatch Training

SMART PATH

Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

# ਜੇਲ੍ਹਾਂ ’ਚ ਵਧਦੀਆਂ ਹਿੰਸਕ ਘਟਨਾਵਾਂ

ਪੰਜਾਬ ਦੀਆਂ ਜੇਲ੍ਹਾਂ ’ਚ ਹਿੰਸਾ, ਹੱਤਿਆਵਾਂ ਅਤੇ ਦੰਗਾ-ਫਸਾਦ ਦੀਆਂ ਇਕ ਤੋਂ ਬਾਅਦ ਇਕ ਹੁੰਦੀਆਂ ਘਟਨਾਵਾਂ ਨੇ ਨਾ ਸਿਰਫ਼ ਸੂਬੇ ਦੇ ਸੰਵੇਦਨਸ਼ੀਲ ਲੋਕਾਂ ਨੂੰ ਚਿੰਤਾ ’ਚ ਪਾ ਦਿੱਤਾ ਹੈ, ਸਗੋਂ ਜੇਲ੍ਹਾਂ ਅੰਦਰ ਦੀ ਕਾਨੂੰਨ-ਵਿਵਸਥਾ ਦੀ ਲਗਾਤਾਰ ਵਿਗੜਦੀ ਜਾਂਦੀ ਹਾਲਤ ਵੱਲ ਵੀ ਲੋਕਾਂ ਦਾ ਧਿਆਨ ਖਿੱਚਿਆ ਹੈ। ਸੰਗਰੂਰ ਦੀ ਅਤਿ ਸੁਰੱਖਿਅਤ ਜੇਲ੍ਹ ’ਚ ਕੈਦੀਆਂ ਦੇ ਦੋ ਧੜਿਆਂ ਵਿਚਾਲੇ ਬੀਤੇ ਦਿਨੀਂ ਹੋਈ ਲੜਾਈ ਨੇ ਤਾਂ ਜਿਵੇਂ ਜੇਲ੍ਹਾਂ ਅੰਦਰ ਦੀ ਅਨੁਸ਼ਾਸਨਹੀਣਤਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਸ ਘਟਨਾ ’ਚ ਦੋ ਕੈਦੀਆਂ ਦੀ ਮੌਤ ਹੋ ਗਈ, ਜਦੋਂ ਕਿ ਦੋ ਹੋਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਪਹਿਲਾਂ ਗੋਇੰਦਵਾਲ ਸਾਹਿਬ ਦੀ ਜੇਲ੍ਹ ’ਚ ਵੀ ਕੈਦੀਆਂ ਦੇ ਦੋ ਧੜਿਆਂ ਵਿਚਾਲੇ ਹੋਈ ਜ਼ਬਰਦਸਤ ਝੜਪ ’ਚ ਦੋ ਕੈਦੀ ਮਾਰੇ ਗਏ ਸਨ, ਜਦੋਂ ਕਿ ਦੋ ਹੋਰ ਜ਼ਖ਼ਮੀ ਹੋ ਗਏ ਸਨ। ਪਿਛਲੇ ਮਹੀਨੇ ਗੁਰਦਾਸਪੁਰ ਜੇਲ੍ਹ ਦੇ ਦੰਗਿਆਂ ਨੇ ਤਾਂ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਚੂਲਾਂ ਹੀ ਹਿਲਾ ਦਿੱਤੀਆਂ ਸਨ, ਨਿਆਂਪਾਲਿਕਾ ਨੂੰ ਵੀ ਇਸ ਮਾਮਲੇ ਨੂੰ ਲੈ ਕੇ ਸਖ਼ਤ ਟਿੱਪਣੀ ਕਰਨ ਲਈ ਮਜਬੂਰ ਹੋਣਾ ਪਿਆ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਅੰਦਰ ਜੇਲ੍ਹਾਂ ਅੰਦਰ ਦੀ ਅਨੁਸ਼ਾਸਨਹੀਣਤਾ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਸਖ਼ਤ ਝਾੜ ਪਾਈ ਸੀ। ਅਦਾਲਤ ਨੇ ਪੰਜਾਬ ਸਰਕਾਰ ਨੂੰ ਇੱਥੋਂ ਤੱਕ ਕਹਿ ਦਿੱਤਾ ਕਿ ਜੇਲ੍ਹਾਂ ਅੰਦਰ ਦੀ ਵਿਵਸਥਾ ਨੂੰ ਸੁਧਾਰਨ ਲਈ ਉਸ ਨੂੰ ਹਰਿਆਣਾ ਸਰਕਾਰ ਅਤੇ ਉਸ ਦੇ ਜੇਲ੍ਹ ਵਿਭਾਗ ਤੋਂ ਸਿੱਖਣਾ ਚਾਹੀਦਾ ਹੈ। ਸੂਬਾ ਸਰਕਾਰ ਲਈ ਇਸ ਤੋਂ ਜ਼ਿਆਦਾ ਸ਼ਰਮ ਅਤੇ ਨਮੋਸ਼ੀ ਵਾਲੀ ਗੱਲ ਕੀ ਹੋ ਸਕਦੀ ਹੈ।



ਪੰਜਾਬ ’ਚ ਸਮੂਹਿਕ ਤੌਰ ’ਤੇ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਵਿਸ਼ਲੇਸ਼ਣ ਕਰੀਏ ਤਾਂ ਬੇਹੱਦ ਨਿਰਾਸ਼ਾ ਪੱਲੇ ਪੈਂਦੀ ਹੈ। ਅਪਰਾਧੀ ਜੇਲ੍ਹਾਂ ਦੇ ਬਾਹਰ ਵੀ ਅਤੇ ਅੰਦਰ ਵੀ ਸ਼ਰ੍ਹੇਆਮ ਦਨਦਨਾ ਰਹੇ ਹਨ। ਜੇਲ੍ਹਾਂ ਅੰਦਰ ਦੀ ਦੁਨੀਆ ਬਾਹਰੀ ਅਪਰਾਧਕ ਸੰਸਾਰ ਤੋਂ ਵੀ ਵਧੇਰੇ ਖ਼ਤਰਨਾਕ ਅਤੇ ਭਿਆਨਕ ਹੋ ਗਈ ਜਾਪਦੀ ਹੈ। ਜੇਲ੍ਹਾਂ ਅੰਦਰੋਂ ਅਗਵਾ ਕਰਵਾਉਣ, ਫਿਰੌਤੀਆਂ ਮੰਗਣ ਅਤੇ ਧਮਕੀਆਂ ਆਦਿ ਜਾਰੀ ਕਰਨ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਗੈਂਗਸਟਰਾਂ ਦੇ ਗਰੋਹ ਅਤੇ ਅਪਰਾਧੀ ਜੇਲ੍ਹਾਂ ਅੰਦਰੋਂ ਹੀ ਆਪਣਾ ਕਾਲਾ ਕਾਰੋਬਾਰ ਵੀ ਚਲਾਉਂਦੇ ਹਨ ਅਤੇ ਅੰਦਰੂਨੀ ਪ੍ਰਸ਼ਾਸਨਿਕ ਤੰਤਰ ਜਾਂ ਤਾਂ ਜਾਣਬੁੱਝ ਕੇ ਅਣਦੇਖੀ ਕਰਦਾ ਹੈ ਜਾਂ ਉਸ ਦੀ ਮਨਸ਼ਾ ਹਮੇਸ਼ਾ ਅਪਰਾਧਕ ਤੱਤਾਂ ਨਾਲ ਸਾਂਝ ਬਣਾਈ ਰੱਖਣ ਦੀ ਰਹਿੰਦੀ ਹੈ। ਇਕ ਤਰ੍ਹਾਂ ਨਾਲ ਜੇਲ੍ਹਾਂ ਅੰਦਰ ਇਕ ਨਵੀਂ ਅਪਰਾਧਕ ਦੁਨੀਆ ਵਸਦੀ ਹੈ। ਅਦਾਲਤ ਨੇ ਪੰਜਾਬ ਸਰਕਾਰ ਕੋਲੋਂ ਸੂਬੇ ਦੀਆਂ ਜੇਲ੍ਹਾਂ ਅੰਦਰੋਂ ਹੁਣ ਤੱਕ ਹੋਈਆਂ ਫਿਰੌਤੀਆਂ ਤੇ ਉਗਰਾਹੀ ਮੰਗੇ ਜਾਣ ਦੀਆਂ ਫ਼ੋਨ ਕਾਲਾਂ ਅਤੇ ਜੇਲ੍ਹਾਂ ਅੰਦਰੋਂ ਬਰਾਮਦ ਹੋਏ ਮੋਬਾਈਲ ਫ਼ੋਨਾਂ ਤੇ ਹੋਰ ਪ੍ਰਕਾਰ ਦੀਆਂ ਅਪਰਾਧਕ ਘਟਨਾਵਾਂ ਦੀ ਰਿਪੋਰਟ ਵੀ 30 ਅਪ੍ਰੈਲ ਤੱਕ ਮੰਗੀ ਹੈ।

ਅਦਾਲਤ ਆਪਣੇ ਵਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਨਾ ਹੋਣ ਕਾਰਨ ਅਤੇ ਵਾਰ-ਵਾਰ ਹੋਰ ਸਮਾਂ ਮੰਗੇ ਜਾਣ ਕਾਰਨ ਪੰਜਾਬ ਸਰਕਾਰ ਤੋਂ ਵੀ ਖ਼ਫ਼ਾ ਨਜ਼ਰ ਆਈ। ਹਾਲਾਤ ਦੀ ਗੰਭੀਰਤਾ ਦਾ ਪਤਾ ਇਸ ਤੱਥ ਤੋਂ ਵੀ ਲੱਗ ਜਾਂਦਾ ਹੈ ਕਿ ਖ਼ੁਦ ਅਦਾਲਤ ਨੂੰ ਸਰਕਾਰ ਕੋਲੋਂ ਇਹ ਪੁੱਛਣਾ ਪਿਆ ਕਿ ਜੇਲ੍ਹਾਂ ਤੋਂ ਨਸ਼ਾ, ਮੋਬਾਈਲ ਸੈੱਟ, ਗ਼ੈਰ-ਕਾਨੂੰਨੀ ਕਾਲਾਂ ਹੋਣ ਅਤੇ ਉਗਰਾਹੀ ਤੇ ਫਿਰੌਤੀ ਮੰਗੇ ਜਾਣ ਦੀਆਂ ਘਟਨਾਵਾਂ ’ਚ ਵਾਰ-ਵਾਰ ਦਿੱਤੇ ਗਏ ਨਿਰਦੇਸ਼ਾਂ ਦੇ ਬਾਵਜੂਦ ਕਮੀ ਕਿਉਂ ਨਹੀਂ ਹੋ ਰਹੀ? ਕੀ ਜੇਲ੍ਹਾਂ ਅੰਦਰੋਂ ਕੋਈ ਸਮਾਂਤਰ ਰੈਕੇਟ ਚੱਲ ਰਿਹਾ ਹੈ? ਅਦਾਲਤ ਵਲੋਂ ਇਸ ਨੂੰ ਸੁਰੱਖਿਆ ਦੇ ਪੱਧਰ ’ਤੇ ਇਕ ਵੱਡੀ ਅਣਗਹਿਲੀ ਕਰਾਰ ਦੇਣਾ ਵੀ ਮਾਮਲੇ ਦੀ ਗੰਭੀਰਤਾ ਨੂੰ ਦੱਸਣ ਲਈ ਕਾਫ਼ੀ ਹੈ। ਪਰ ਪੰਜਾਬ ਸਰਕਾਰ ਵਲੋਂ ਇੰਨਾ ਕੁਝ ਹੋ ਜਾਣ ’ਤੇ ਵੀ ਕੋਈ ਠੋਸ ਜਵਾਬ ਨਾ ਦੇ ਸਕਣਾ ਸੂਬੇ ਦੇ ਸਾਰੇ ਹਿੱਤ-ਧਾਰਕਾਂ ਨੂੰ ਹੈਰਾਨ ਕਰਨ ਲਈ ਕਾਫ਼ੀ ਹੈ। ਹਾਈ ਕੋਰਟ ਵਲੋਂ ਪੰਜਾਬ ਦੀਆਂ ਜੇਲ੍ਹਾਂ ਅੰਦਰ ਵੱਖ-ਵੱਖ ਸਥਿਤੀਆਂ/ਪ੍ਰਸਥਿਤੀਆਂ ਨੂੰ ਲੈ ਕੇ ਅਗਲੀ ਸੁਣਵਾਈ ਦੌਰਾਨ ਪੂਰੀ ਰਿਪੋਰਟ ਪੇਸ਼ ਕਰਨ ਲਈ ਕਹਿਣਾ ਵੀ ਅਦਾਲਤ ਦੀ ਮਨਸ਼ਾ ਨੂੰ ਦਰਸਾਉਣ ਲਈ ਕਾਫ਼ੀ ਹੈ।

ਅਸੀਂ ਸਮਝਦੇ ਹਾਂ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਇੰਨੀਆਂ ਬੇਬਾਕ ਟਿੱਪਣੀਆਂ ਪੰਜਾਬ ਸਰਕਾਰ ਨੂੰ ਸਹੀ ਰਸਤੇ ’ਤੇ ਲਿਆਉਣ ਲਈ ਕਾਫ਼ੀ ਹੋਣੀ ਚਾਹੀਦੀਆਂ ਹਨ, ਪਰ ਪੰਜਾਬ ਸਰਕਾਰ ਦੀ ਹੁਣ ਤੱਕ ਦੀ ਕਾਰਜਸ਼ੈਲੀ ਨੂੰ ਵੇਖਦਿਆਂ ਉਸ ਵਲੋਂ ਇਸ ਤਰ੍ਹਾਂ ਦੀਆਂ ਅਣਗਹਿਲੀਆਂ ਹੋਣ ਦੀਆਂ ਉਮੀਦਾਂ ਹੋਰ ਵਧਦੀਆਂ ਜਾਂਦੀਆਂ ਹਨ। ਸਿੱਟੇ ਵਜੋਂ ਅਜਿਹਾ ਕੋਈ ਅਹਿਸਾਸ ਨਹੀਂ ਹੁੰਦਾ ਕਿ ਨੇੜ ਭਵਿੱਖ ’ਚ ਪੰਜਾਬ ’ਚ ਅਪਰਾਧ ਰੋਕੇ ਜਾ ਸਕਣਗੇ ਜਾਂ ਅਮਨ ਕਾਨੂੰਨ ਦੀ ਵਿਗੜੀ ਸਥਿਤੀ ਵਿਚ ਕੋਈ ਸੁਧਾਰ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਅੱਜਕਲ੍ਹ ਲੋਕ ਸਭਾ ਦੀਆਂ ਚੋਣ ਸਰਗਰਮੀਆਂ ਵਿਚ ਰੁੱਝੇ ਹੋਏ ਹਨ। ਸਰਕਾਰ ਦੇ ਅੱਧੇ ਮੰਤਰੀ, ਜ਼ਿਆਦਾਤਰ ਵਿਧਾਇਕ ਅਤੇ ਉਨ੍ਹਾਂ ਦੇ ਨਾਲ ਸੰਬੰਧਿਤ ਹੋਰ ਅਮਲਾ ਵੀ ਚੋਣਾਂ ਵਿਚ ਰੁੱਝਾ ਹੋਇਆ ਹੈ। ਪੰਜਾਬ ਦੀ ਪੂਰੀ ਸਰਕਾਰ ਅਤੇ ਸਰਕਾਰ ਦਾ ਪੂਰਾ ਪ੍ਰਸ਼ਾਸਨ ਰੱਬ ਭਰੋਸੇ ਚੱਲ ਰਿਹਾ ਹੈ। ਪੰਜਾਬ ਦੇ ਪ੍ਰਸ਼ਸਾਨ ਦੀ ਕੀ ਹਾਲਤ ਹੈ, ਇਸ ਦਾ ਪਤਾ ਵੀ ਸੂਬੇ ਦੀ ਹਾਈ ਕੋਰਟ ਦੀਆਂ ਇਸੇ ਮਾਮਲੇ ’ਤੇ ਕੀਤੀਆਂ ਗਈਆਂ ਟਿੱਪਣੀਆਂ ਤੋਂ ਲੱਗ ਹੀ ਜਾਂਦਾ ਹੈ। ਅਦਾਲਤ ਵਲੋਂ ਇਸ ਮੌਕੇ ਹੋਰ ਕਈ ਮਾਮਲਿਆਂ ’ਤੇ ਵੀ ਸਰਕਾਰ ਨੂੰ ਨੋਟਿਸ ਆਦਿ ਜਾਰੀ ਕੀਤੇ ਜਾਣ ਤੋਂ ਇਹ ਪਤਾ ਲਗਦਾ ਹੈ ਕਿ ਸੂਬਾ ਸਰਕਾਰ ਅਤੇ ਖ਼ੁਦ ਮੁੱਖ ਮੰਤਰੀ ਕੋਲ ਪੰਜਾਬ ਜਾਂ ਪੰਜਾਬ ਦੇ ਲੋਕਾਂ ਦੀ ਖ਼ਬਰ-ਸਾਰ ਲੈਣ ਦਾ ਸਮਾਂ ਹੀ ਨਹੀਂ। ਪੰਜਾਬ ਦੇ ਲੋਕਾਂ ਦਾ ਭਵਿੱਖ ਅਤੇ ਪੰਜਾਬ ਦਾ ਪ੍ਰਸ਼ਾਸਨ ਰੱਬ ਭਰੋਸੇ ਹੀ ਹੈ।

# ਪ੍ਰੈਸ ਦੀ ਆਜ਼ਾਦੀ ਤੇ ਜ਼ਰੂਰੀ ਜ਼ਾਬਤੇ ਦਰਮਿਆਨ ਸੰਤੁਲਨ ਬਣਾ ਕੇ ਰੱਖਣ ਦੀ ਲੋੜ

**ਰਾਜੇਸ਼ ਰਾਮਚੰਦਰਨ**



ਪ੍ਰੈੱਸ, ਜਿਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਵੀ ਕਿਹਾ ਜਾਂਦਾ ਹੈ, ਜਨਤਾ ਦੀ ਰਾਇ ਨੂੰ ਆਕਾਰ ਦੇਣ ਅਤੇ ਸੱਤਾ ’ਚ ਬੈਠੇ ਲੋਕਾਂ ਨੂੰ ਜਵਾਬਦੇਹ ਬਣਾਈ ਰੱਖਣ ’ਚ ਪੂਰੀ ਤਰ੍ਹਾਂ ਪ੍ਰਭਾਵ ਪਾਉਂਦਾ ਹੈ। ਪੂਰੇ ਇਤਿਹਾਸ ’ਚ, ਮੀਡੀਆ ਨੂੰ ਨਿਯਮਿਤ ਕਰਨ ਅਤੇ ਉਸ ਦੇ ਪ੍ਰਭਾਵ ਸੰਬੰਧੀ ਗੰਭੀਰ ਬਹਿਸ ਛੇੜਦੀ ਹੈ, ਜੋ ਸ਼ਕਤੀ ਗਤੀਸ਼ੀਲਤਾ, ਸੂਚਨਾ ਦੇ ਪ੍ਰਸਾਰ ਅਤੇ ਜਨਤਕ ਬਿਰਤਾਂਤ ਵਿਚਕਾਰ ਗੁੰਝਲਦਾਰ ਅੰਤਰ-ਸੰਬੰਧਾਂ ਨੂੰ ਦਰਸਾਉਂਦੀ ਹੈ। ਜਿਵੇਂ-ਜਿਵੇਂ ਭਾਰਤ ’ਚ ਲੋਕ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਪ੍ਰਸ਼ਾਸਨ ’ਚ ਮੀਡੀਆ ਸੰਜਮ ਦੀ ਲੋੜ ਤੇਜ਼ੀ ਨਾਲ ਸਪੱਸ਼ਟ ਹੁੰਦੀ ਜਾ ਰਹੀ ਹੈ।

ਆਜ਼ਾਦੀ ਤੋਂ ਪਹਿਲਾਂ ਲੋਕਮਾਨਿਆ ਤਿਲਕ ਵਰਗੀਆਂ ਵੱਡੀਆਂ ਹਸਤੀਆਂ ਨੇ ਬਾਹਰੀ ਤਾਕਤਾਂ ਵਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ, ਲੋਕਤੰਤਰੀ ਕਦਰਾਂ-ਕੀਮਤਾਂ ਦੀ ਰੱਖਿਆ ’ਚ ਆਜ਼ਾਦ ਅਤੇ ਸੁਤੰਤਰ ਪ੍ਰੈੱਸ ਦੀ ਬੇਮਿਸਾਲ ਭੂਮਿਕਾ ਨੂੰ ਸਵੀਕਾਰਿਆ ਸੀ। ਆਜ਼ਾਦੀ ਤੋਂ ਬਾਅਦ, ਖ਼ਾਸ ਤੌਰ ’ਤੇ 1947 ਤੋਂ ਬਾਅਦ ਸ਼ੁਰੂਆਤੀ ਸਾਲਾਂ ’ਚ, ਮੀਡੀਆ, ਖ਼ਾਸ ਤੌਰ ’ਤੇ ਪ੍ਰਿੰਟ ਮੀਡੀਆ ਨੇ ਕੌਮੀ ਏਕਤਾ ਨੂੰ ਉਤਸ਼ਾਹਿਤ ਕਰਨ ’ਚ ਯੋਗਦਾਨ ਪਾਇਆ, ਰਾਸ਼ਟਰਵਾਦ ਦੇ ਪ੍ਰਚਾਰ ਦੇ ਨਾਲ-ਨਾਲ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਸਾਵਧਾਨੀ ਪੂਰਵਕ ਸੰਤੁਲਿਤ ਕੀਤਾ। ਹਾਲਾਂਕਿ, ਮੀਡੀਆ ਅਤੇ ਸਰਕਾਰ ਵਿਚਾਲੇ ਸੰਬੰਧਾਂ ’ਚ ਤਣਾਅ ਦੇ ਦੌਰ ਵੀ ਵੇਖੇ ਗਏ, ਜਿਸ ਦੀ ਉਦਾਹਰਨ ਮੀਡੀਆ ਆਲੋਚਨਾ ਪ੍ਰਤੀ ਸਰਕਾਰੀ ਕੰਟਰੋਲ ਅਤੇ ਅਸਹਿਣਸ਼ੀਲਤਾ ਵਜੋਂ ਮਿਲਦੀ ਹੈ, ਖ਼ਾਸ ਤੌਰ ’ਤੇ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ। ਰਾਜਨੀਤਕ ਪ੍ਰਚਾਰ ਲਈ ਉਸ ਸਮੇਂ ਦੇ ਸ਼ੁਰੂਆਤੀ ਇਲੈੱਕਟ ?ਰਾਨਿਕ ਮਾਧਿਅਮ, ਦੂਰਦਰਸ਼ਨ ਦੀ ਵਰਤੋਂ ਨੇ ਰਾਜਨੀਤਕ ਦਬਾਵਾਂ ’ਚ ਇਕ ਆਜ਼ਾਦ ਅਤੇ ਸੁਤੰਤਰ ਮੀਡੀਆ ਅਨੁਕੂਲ ਮਾਹੌਲ ਬਣਾਈ ਰੱਖਣ ਦੀਆਂ ਚੁਣੌਤੀਆਂ ਨੂੰ ਦਰਸਾਇਆ ਸੀ।

ਗੱਠਜੋੜ ਯੁੱਗ ਦੇ ਆਗਮਨ ਨਾਲ ਮੀਡੀਆ ਦ੍ਰਿਸ਼ ’ਚ ਵਿਭਿੰਨਤਾਵਾਂ ਵੇਖੀਆਂ ਗਈਆਂ, ਨਾਲ ਹੀ ਤਕਨੀਕੀ ਤਰੱਕੀ ਅਤੇ ਵਿਸ਼ਵੀਕਰਨ ਕਾਰਨ ਇਲੈੱਕਟ ?ਰਾਨਿਕ ਮੀਡੀਆ ਦਾ ਬੇਮਿਸਾਲ ਵਿਸਥਾਰ ਹੋਇਆ। ਹਾਲਾਂਕਿ 2014 ਤੋਂ ਬਾਅਦ ਪ੍ਰਿੰਟ, ਇਲੈੱਕਟ ?ਰਾਨਿਕ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਤੇਜ਼ੀ ਨਾਲ ਵਾਧਾ ਹੋਣ ਕਾਰਨ, ਵਿਚਾਰਾਂ ’ਤੇ ਹਾਵੀ ਹੋਣ ਵਾਲੇ ਸਰਕਾਰ ਪੱਖੀ ਬਿਰਤਾਂਤ ਵੱਲ ਇਕ ਸਪੱਸ਼ਟ ਬਦਲਾਅ ਆਇਆ। ਮੀਡੀਆ ਸੰਸਥਾਵਾਂ ਦੇ ਵਪਾਰੀਕਰਨ ਨਾਲ ਇਸ ਰੁਝਾਨ ਨੇ ਪੱਤਰਕਾਰਤਾ ਦੀ ਇਮਾਨਦਾਰੀ ਅਤੇ ਨਿਰਪੱਖਤਾ ਬਾਰੇ ਚਿੰਤਾਵਾ ਪੈਦਾ ਕੀਤੀਆਂ ਹਨ। ਅੱਜ ਮੀਡੀਆ ਦੇ ਕੰਮਕਾਰ ਦੇ ਅਮਲਾਂ ਨੂੰ ਜ਼ਰੂਰੀ ਸੂਚਨਾਵਾਂ ਦੇ ਵਿਸ਼ਾਲ ਵਿਸਤਾਰ ਅਤੇ ਮੀਡੀਆ ਸੰਸਥਾਵਾਂ ਦੇ ਵਪਾਰੀਕਰਨ ਦੁਆਰਾ ਆਕਾਰ ਦਿੱਤਾ ਜਾ ਰਿਹਾ ਹੈ। ਡਿਜੀਟਲ ਤਕਨਾਲੋਜੀਆਂ ਨੇ ਸੂਚਨਾ ਤੱਕ ਪਹੁੰਚ ਦਾ ਜਮਹੂਰੀਕਰਨ ਕੀਤਾ ਹੈ, ਜਿਸ ਨਾਲ ਵਿਅਕਤੀਆਂ ਨੂੰ ਖ਼ਬਰਾਂ ਦੀ ਖ਼ਪਤ ਅਤੇ ਪ੍ਰਸਾਰ ’ਚ ਸਰਗਰਮ ਭਾਗੀਦਾਰ ਬਣਨ ਦਾ ਅਧਿਕਾਰ ਮਿਲ ਗਿਆ ਹੈ। ਸੂਚਨਾ ਦਾ ਅਧਿਕਾਰ ਕਾਨੂੰਨ (ਦ ਰਾਈਟ ਟੂ ਇਨਫਰਮੇਸ਼ਨ ਐਕਟ) ਨੇ ਵੀ ਇਸ ਦੇ ਵਿਕਾਸ ’ਚ ਮਹਤੱਵਪੂਰਨ ਯੋਗਦਾਨ ਪਾਇਆ ਹੈ। ਹਾਲਾਂਕਿ ਇਸ ਨਾਲ ਝੂਠੀਆਂ ਖ਼ਬਰਾਂ ਅਤੇ ਗ਼ਲਤ ਜਾਣਕਾਰੀ ਦਾ ਪ੍ਰਸਾਰ ਵੀ ਹੋਇਆ ਹੈ, ਜੋ ਖ਼ਬਰਾਂ ਤਿਆਰ ਕਰਨ ਦੀਆਂ ਅਸਪੱਸ਼ਟ ਪ੍ਰਕਿਰਿਆਵਾਂ ਅਤੇ ਆਬਾਦੀ ਦੇ ਕੁਝ ਹਿੱਸਿਆਂ ’ਚ ਨਵੀਆਂ ਤਕਨੀਕਾਂ ਪ੍ਰਤੀ ਵਿਆਪਕ ਉਦਾਸੀਨਤਾ ਕਾਰਨ ਹੋਰ ਵਧ ਗਿਆ ਹੈ।

ਮੀਡੀਆ ਦਾ ਵਪਾਰੀਕਰਨ, ਹਾਲਾਂਕਿ ਕੋਈ ਨਵੀਂ ਘਟਨਾ ਨਹੀਂ ਹੈ, ਪਰ ਹੁਣ ਇਹ ਬੇਮਿਸਾਲ ਪੱਧਰ ’ਤੇ ਪਹੁੰਚ ਗਿਆ ਹੈ। ਵੱਡੀਆਂ ਕਾਰਪੋਰੇਸ਼ਨਾਂ ਮੀਡੀਆ ਸਮੱਗਰੀ ’ਤੇ ਕਾਫ਼ੀ ਕੰਟਰੋਲ ਅਤੇ ਪ੍ਰਭਾਵ ਪਾ ਰਹੀਆਂ ਹਨ। ਬੀਤੇ ਜ਼ਮਾਨੇ ਦੇ ਉਲਟ, ਉਹ ਮੀਡੀਆ ਸੰਸਥਾਵਾਂ ਦੇ ਮਾਲਕ ਹਨ ਅਤੇ ਉਨ੍ਹਾਂ ਦੇ ਕੰਮ ਨੂੰ ਪ੍ਰਭਾਵੀ ਢੰਗ ਨਾਲ ਪ੍ਰਭਾਵਿਤ ਕਰਦੇ ਹਨ, ਜੋ ਕਿ ਸਿਰਫ਼ ਪੇਸ਼ੇਵਰ ਪੱਤਰਕਾਰਾਂ ਦਾ ਕੰਮ ਹੋਣਾ ਚਾਹੀਦਾ ਹੈ। ਮੀਡੀਆ ਅਤੇ ਵਪਾਰਕ ਹਿੱਤਾਂ ਦੇ ਮੇਲ-ਜੋਲ ਨੇ ਪੱਤਰਕਾਰਤਾ ਅਤੇ ਵਕਾਲਤ ਵਿਚਲੀਆਂ ਰੇਖਾਵਾਂ ਨੂੰ ਫ਼ਿੱਕਾ ਪਾ ਦਿੱਤਾ ਹੈ, ਜਿਸ ਨਾਲ ਖ਼ਬਰਾਂ ਦੀ ਰਿਪੋਰਟਿੰਗ ਦੀ ਇਮਾਨਦਾਰੀ ਅਤੇ ਨਿਰਪੱਖਤਾ ਬਾਰੇ ਚਿੰਤਾਵਾਂ ਵਧ ਗਈਆਂ ਹਨ। ਮੀਡੀਆ ਸਟਾਰਟ-ਅੱਪਸ ਦਾ ਉਭਾਰ, ਖ਼ਾਸ ਤੌਰ ’ਤੇ ਗ਼ੈਰ-ਪੇਸ਼ੇਵਰਾਂ ਅਤੇ ‘ਫਲਾਈ-ਬਾਇ-ਨਾਈਟ ਆਪਰੇਟਰਾਂ’ (ਉਹ ਉਦਯੋਗਪਤੀ ਜੋ ਬਹੁਤ ਜਲਦੀ ਪੈਸਾ ਕਮਾਉਣਾ ਚਾਹੁੰਦੇ ਹਨ) ਦੁਆਰਾ, ਜੋ ਸਿਰਫ਼ ਵਪਾਰਕ ਹਿੱਤਾਂ ਲਈ ਇਨ੍ਹਾਂ ਅਦਾਰਿਆਂ ਨੂੰ ਚਲਾਉਂਦੇ ਹਨ, ਮੀਡੀਆ ਪੇਸ਼ੇ ਦੇ ਮਾਣ ਨੂੰ ਫ਼ਿੱਕਾ ਪਾਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਨ੍ਹਾਂ ਚੁਣੌਤੀਆਂ ਲਈ ਮੀਡੀਆ ਭਾਈਚਾਰੇ ਅੰਦਰ ਸਮੂਹਿਕ ਸਵੈ-ਪੜਚੋਲ ਅਤੇ ਪੱਤਰਕਾਰਤਾ ਪ੍ਰਤੀ ਇਮਾਨਦਾਰੀ ਨੂੰ ਕਾਇਮ ਰੱਖਣ ਲਈ, ਜੇਕਰ ਜ਼ਰੂਰੀ ਹੋਵੇ ਤਾਂ ਨਿਆਂਯੁਕਤ ਸਰਕਾਰੀ ਦਖ਼ਲ ਦੀ ਲੋੜ ਹੈ। ਸਰਕਾਰੀ ਨੀਤੀਆਂ ਅਤੇ ਫ਼ੈਸਲਿਆਂ ਦੀ ਆਲੋਚਨਾ ਕਰਨਾ, ਜਵਾਬਦੇਹੀ ਤੈਅ ਕਰਨਾ ਅਤੇ ਜਨਤਕ ਹਿੱਤਾਂ ਦੀ ਵਕਾਲਤ ਕਰਨ ਦੀ ਮੀਡੀਆ ਦੀ ਸਭ ਤੋਂ ਉੱਪਰਲੀ ਜ਼ਿੰਮੇਵਾਰੀ ਹੈ। ਤੱਥਾਂ ਦੇ ਆਧਾਰਿਤ ਸਬੂਤਾਂ ਅਤੇ ਨਿਰਪੱਖ ਵਿਸ਼ਲੇਸ਼ਣ ’ਤੇ ਆਧਾਰਿਤ ਉਸਾਰੂ ਆਲੋਚਨਾ, ਸਰਕਾਰੀ ਸ਼ਕਤੀ ਦੇ ਉੱਪਰ ਇਕ ਮਹੱਤਵਪੂਰਨ ਪੜਚੋਲ ਦੇ ਰੂਪ ’ਚ ਕੰਮ ਕਰਦੀ ਹੈ ਅਤੇ ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਦੀ ਹੈ। ਵਿਸ਼ਵ ਵਿਆਪੀ ਤੌਰ ’ਤੇ ਇਸ ਨੂੰ ਜਮਹੂਰੀਅਤ ਦੇ ਪ੍ਰਮੁੱਖ ਪ੍ਰਦਰਸ਼ਕ ਸੂਚਕ ਵਜੋਂ ਦੇਖਿਆ ਜਾਂਦਾ ਹੈ। ਇਸ ਦੇ ਨਾਲ ਹੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਨਿਸ਼ਾਨਾ ਬਣਾਉਣ ਵਾਲੇ ਰੈਗੂਲੇਟਰੀ ਉਪਾਵਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਜਾਂ ਅਸਹਿਮਤੀ ਨੂੰ ਦਬਾਏ ਬਿਨਾਂ ਨਿਰਣਾਇਕ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਫਿਰ ਵੀ, ਨਿਗਰਾਨ ਵਜੋਂ ਮੀਡੀਆ ਦੀ ਭੂਮਿਕਾ ਚੁਣੌਤੀਆਂ ਤੋਂ ਬਿਨਾਂ ਨਹੀਂ ਹੈ। ਕੌਮੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਨਿਸ਼ਾਨਾ ਬਣਾਉਣ ਵਾਲੇ ਰੈਗੂਲੇਟਰੀ ਉਪਾਵਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਜਾਂ ਅਸਹਿਮਤੀ ਨੂੰ ਦਬਾਏ ਬਿਨਾਂ ਨਿਰਣਾਇਕ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪਰ ਜਾਇਜ਼ ਰੈਗੂਲੇਟਰੀ ਉਪਾਵਾਂ ਅਤੇ ਕੌਮੀ ਸੁਰੱਖਿਆ ਦੀ ਆੜ ’ਚ ਅਸਹਿਮਤੀ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵਿਚਕਾਰ ਅੰਤਰ ਇਕ ਵਿਵਾਦਪੂਰਨ ਮੁੱਦਾ ਬਣਿਆ ਹੋਇਆ ਹੈ। ਕੌਮੀ ਹਿੱਤਾਂ ਦੇ ਨਾਲ ਮੀਡੀਆ ਦੀ ਸੁਤੰਤਰਤਾ ਨੂੰ ਸੰਤੁਲਿਤ ਕਰਨ ਵਾਲਾ ਆਦਰਸ਼ ਚੋਣ ਜ਼ਾਬਤਾ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਅਕਸਰ ਅਸਫਲ ਰਹੀਆਂ ਹਨ, ਜੋ ਮੀਡੀਆ-ਸਰਕਾਰ ਸੰਬੰਧਾਂ ਦੀ ਗੁੰਝਲਦਾਰ ਅਤੇ ਬਹੁਪੱਖੀ ਪ੍ਰਕਿਰਤੀ ਨੂੰ ਦਰਸਾਉਂਦੀਆਂ ਹਨ।

ਸ਼ਾਸਨ ਨੂੰ ਨਿਯਮਤ ਕਰਨ ’ਚ ਮੀਡੀਆ ਦੀ ਭੂਮਿਕਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਲਾਹਿਆ ਜਾਣਾ ਚਾਹੀਦਾ ਹੈ, ਪਰ ਜ਼ਿੰਮੇਦਾਰ ਪੱਤਰਕਾਰਤਾ ਅਤੇ ਸਨਸਨੀਖੇਜ਼ ਪੱਤਰਕਾਰਤਾ ਵਿਚਾਲੇ ਫ਼ਰਕ ਕਰਨਾ ਵੀ ਜ਼ਰੂਰੀ ਹੈ। ਲਾਭ ਦੇ ਉਦੇਸ਼ਾਂ ਜਾਂ ਪੱਖਪਾਤਪੂਰਨ ਏਜੰਡੇ ਨਾਲ ਪ੍ਰੇਰਿਤ ਸਨਸਨੀਖੇਜ਼ ਪੱਤਰਕਾਰਤਾ, ਮੀਡੀਆ ਪੇਸ਼ੇ ਦੀ ਵਿਸ਼ਵਾਸਯੋਗਤਾ ਅਤੇ ਇਮਾਨਦਾਰੀ ਨੂੰ ਕਮਜ਼ੋਰ ਕਰਦੀ ਹੈ, ਜਿਸ ਨਾਲ ਚੌਥੇ ਥੰਮ ?ਹ ’ਚ ਜਨਤਾ ਦਾ ਵਿਸ਼ਵਾਸ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਝੂਠੀਆਂ ਖ਼ਬਰਾਂ ਅਤੇ ਕੂੜ-ਪ੍ਰਚਾਰ ਲੋਕਤੰਤਰਿਕ ਪ੍ਰਕਿਰਿਆ ਲਈ ਗੰਭੀਰ ਖ਼ਤਰਾ ਪੈਦਾ ਕਰਦੇ ਹਨ, ਜਿਸ ਨਾਲ ਝੂਠ ਦਾ ਮੁਕਾਬਲਾ ਕਰਨ ਅਤੇ ਪੱਤਰਕਾਰਤਾ ’ਚ ਸਚਾਈ ਅਤੇ ਸਟੀਕਤਾ ਦੇ ਸਿਧਾਂਤਾਂ ਨੂੰ ਬਣਾਈ ਰੱਖਣ ਲਈ ਸਾਂਝੀ ਕਾਰਵਾਈ ਦੀ ਜ਼ਰੂਰਤ ਹੁੰਦੀ ਹੈ। ਲੋਕਾਂ ਦੀ ਰਾਏ ਨੂੰ ਆਕਾਰ ਦੇਣ ਅਤੇ ਧਾਰਨਾਵਾਂ ਬਣਾਉਣ ’ਚ ਮੀਡੀਆ ਦੀ ਭੂਮਿਕਾ, ਭਾਵੇਂ ਕਿ ਭਾਰਤ ਵਰਗੇ ਉਦਾਰ ਲੋਕਤੰਤਰ ’ਚ ਮਹੱਤਵਪੂਰਨ ਹੈ, ਸਚਾਈ, ਸ਼ੁੱਧਤਾ ਅਤੇ ਨਿਰਪੱਖਤਾ ਦੀਆਂ ਨੈਤਿਕ ਲੋੜਾਂ ਨੂੰ ਪੂਰੀ ਤਰ੍ਹਾਂ ਧਿਆਨ ’ਚ ਰੱਖਦੇ ਹੋਏ, ਜ਼ਿੰਮੇਵਾਰੀ ਨਾਲ ਨਿਭਾਈ ਜਾਣੀ ਚਾਹੀਦੀ ਹੈ। ਕੌਮੀ ਸੁਰੱਖਿਆ ਦੀ ਰਾਖੀ ਲਈ ਰੈਗੂਲੇਟਰੀ ਉਪਾਵਾਂ ਨੂੰ ਸੰਤੁਲਿਤ ਬਣਾਇਆ ਜਾਣਾ ਚਾਹੀਦਾ ਹੈ, ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੀ ਸਹਿਣਸ਼ੀਲਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਸਨਸਨੀਖੇਜ਼ ਅਤੇ ਝੂਠੀਆਂ ਖ਼ਬਰਾਂ ਨਾਲ ਨਜਿੱਠਣ ਲਈ ਸਾਂਝੀ ਕਾਰਵਾਈ ਦੀ ਜ਼ਰੂਰਤ ਹੈ, ਜਿਸ ਨਾਲ ਇਹ ਯਕੀਨੀ ਹੋ ਸਕੇ ਕਿ ਚੌਥਾ ਥੰਮ ?ਹ ਅੱਤਿਆਚਾਰ ਖ਼ਿਲਾਫ਼ ਇਕ ਸੁਰੱਖਿਆ ਕਵਚ ਦੇ ਰੂਪ ’ਚ ਕੰਮ ਕਰਦਾ ਰਹੇ ਅਤੇ ਸੱਤਾ ਦੇ ਗਲਿਆਰਿਆਂ ’ਚ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਦਾ ਰਹੇ।

ਸਾਡੇ ਲੋਕ SADE LOK
ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭਾਰਤ ਦੀ ਗੀਤਾ ਸਭਰਵਾਲ ਇੰਡੋਨੇਸ਼ੀਆ 'ਚ ਸੰਯੁਕਤ ਰਾਸ਼ਟਰ ਦੀ ਕੋਆਰਡੀਨੇਟਰ ਨਿਯੁਕਤ



ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਤਾਰੇਸ ਨੇ ਭਾਰਤ ਦੀ ਗੀਤਾ ਸਭਰਪਾਲ ਨੂੰ ਇੰਡੋਨੇਸ਼ੀਆ ਵਿਚ ਸੰਯੁਕਤ ਰਾਸ਼ਟਰ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਸੰਯੁਕਤ ਰਾਸ਼ਟਰ ਨੇ ਇਕ ਬਿਆਨ 'ਚ ਕਿਹਾ ਕਿ ਸਭਰਵਾਲ ਨੇ ਸੋਮਵਾਰ ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਉਸਨੇ ਕਿਹਾ ਕਿ ਸਭਰਪਾਲ ਕੋਲ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ (SDGs) ਦੀ ਦਿਸ਼ਾ ਵਿਚ ਤੇਜ਼ੀ ਨਾਲ ਕੰਮ ਕਰਨ ਲਈ ਡਿਜੀਟਲ ਤਕਨਾਲੋਜੀ ਅਤੇ ਡਾਟਾ ਦੀ ਵਰਤੋਂ ਕਰਦੇ ਹੋਏ ਮੌਸਮੀ ਤਬਦੀਲੀ, ਟਿਕਾਊ ਸ਼ਾਂਤੀ, ਸ਼ਾਸਨ ਅਤੇ ਸਮਾਜਿਕ ਨੀਤੀ ਦੇ ਖੇਤਰ ਵਿੱਚ ਕੰਮ ਕਰਨ ਦਾ ਲਗਭਗ 30 ਸਾਲਾਂ ਦਾ ਤਜਰਬਾ ਹੈ।

ਸੰਯੁਕਤ ਰਾਸ਼ਟਰ ਨੇ ਕਿਹਾ ਕਿ ਮੇਜ਼ਬਾਨ ਸਰਕਾਰ ਦੀ ਮਨਜ਼ੂਰੀ ਨਾਲ ਸਭਰਵਾਲ ਨੂੰ ਇੰਡੋਨੇਸ਼ੀਆ ਵਿੱਚ ਸੰਯੁਕਤ ਰਾਸ਼ਟਰ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਸਭਰਵਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, 'ਮੈਂ ਜਕਾਰਤਾ ਵਿਚ ਪਹੁੰਚੀ ਹਾਂ। ਮੈਂ ਐੱਸ.ਡੀ.ਜੀ. ਦੀ ਦਿਸ਼ਾ ਵਿਚ ਕੰਮ ਕਰਨ ਲਈ ਖੇਤਰ ਦੀਆਂ ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਵਿਚ ਸ਼ਾਮਲ ਦੇਸ਼ ਵਿਚ ਸੰਯੁਕਤ ਰਾਸ਼ਟਰ ਦੀ ਰੈਜ਼ੀਡੈਂਟ ਕੋਆਰਡੀਨੇਟਰ ਵਜੋਂ 26 ਸੰਯੁਕਤ ਏਜੰਸੀਆਂ ਦੇ ਸਹਿਯੋਗ ਨਾਲ ਇੰਡੋਨੇਸ਼ੀਆ ਸਰਕਾਰ ਅਤੇ ਇੰਡੋਨੇਸ਼ੀਆ ਦੇ ਲੋਕਾਂ ਦੀ ਸੇਵਾ ਕਰਨ ਲਈ ਉਤਸੁਕ ਹਾਂ। ਇਹ ਮੇਰੇ ਲਈ ਮਾਣ ਵਾਲੀ ਗੱਲ ਹੈ।' ਇਸ ਤੋਂ ਪਹਿਲਾਂ, ਸਭਰਵਾਲ ਥਾਈਲੈਂਡ ਵਿੱਚ ਸੰਯੁਕਤ ਰਾਸ਼ਟਰ ਦੀ ਰੈਜ਼ੀਡੈਂਟ ਕੋਆਰਡੀਨੇਟਰ ਅਤੇ ਸ਼੍ਰੀਲੰਕਾ ਵਿੱਚ ਸੰਯੁਕਤ ਰਾਸ਼ਟਰ ਦੀ ਸ਼ਾਂਤੀ ਨਿਰਮਾਣ ਅਤੇ ਵਿਕਾਸ ਸਲਾਹਕਾਰ ਦੇ ਰੂਪ ਵਿੱਚ ਕੰਮ ਕਰ ਚੁੱਕੀ ਹੈ।

# ਗਾਜ਼ਾ ਸੰਘਰਸ਼ ਨੂੰ ਲੈ ਕੇ ਅਮਰੀਕਾ 'ਚ ਵਿਦਿਆਰਥੀਆਂ ਦਾ ਪ੍ਰਦਰਸ਼ਨ, ਵੱਡੇ ਪੱਧਰ ਤੇ ਗ੍ਰਿਫ਼ਤਾਰੀਆਂ

ਵਾਸ਼ਿੰਗਟਨ : ਗਾਜ਼ਾ ਵਿਚ ਇਜ਼ਰਾਈਲ ਦੇ ਹਮਲਿਆਂ ਵਿਰੁੱਧ ਵਿਦਿਆਰਥੀ ਪ੍ਰਦਰਸ਼ਨ ਕੋਲੰਬੀਆ ਅਤੇ ਯੇਲ ਸਮੇਤ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਵਿਚ ਫੈਲ ਗਿਆ ਹੈ ਅਤੇ ਅਧਿਕਾਰੀ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਿਊਯਾਰਕ ਯੂਨੀਵਰਸਿਟੀ 'ਚ ਵਿਦਿਆਰਥੀ ਪ੍ਰਦਰਸ਼ਨ ਨੂੰ ਖ਼ਤਮ ਕਰਨ ਲਈ ਪੁਲਸ ਨੂੰ ਦਖਲ ਦੇਣਾ ਪਿਆ ਅਤੇ ਇਸ ਸਬੰਧ 'ਚ ਕਈ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੇਲ ਯੂਨੀਵਰਸਿਟੀ ਦੇ ਕਈ ਵਿਦਿਆਰਥੀਆਂ ਨੂੰ ਦਿਨ ਦੇ ਸ਼ੁਰੂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਕਿ ਕੋਲੰਬੀਆ ਨੇ ਕਲਾਸਾਂ ਰੱਦ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਬਰਕਲੇ, ਐਮ.ਆਈ.ਟੀ ਅਤੇ ਦੇਸ਼ ਭਰ ਦੇ ਹੋਰ ਪ੍ਰਮੁੱਖ ਕਾਲਜਾਂ ਵਿੱਚ ਵੀ ਰੋਸ ਦੀ ਆਵਾਜ਼ ਬੁਲੰਦ ਕੀਤੀ ਗਈ ਅਤੇ ਵਿਦਿਆਰਥੀਆਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਜ਼ਰਾਈਲ-ਗਾਜ਼ਾ ਯੁੱਧ ਅਤੇ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਰਾਕੇਟ ਫਾਇਰ ਤੋਂ ਬਾਅਦ ਬੋਲਣ ਦੀ ਆਜ਼ਾਦੀ, ਪ੍ਰਦਰਸ਼ਨ ਅਤੇ ਗਰਮ ਬਹਿਸ ਨੇ



ਅਮਰੀਕੀ ਯੂਨੀਵਰਸਿਟੀ ਕੈਂਪਸ ਨੂੰ ਹਿਲਾ ਦਿੱਤਾ ਹੈ। ਸੰਯੁਕਤ ਰਾਜ ਵਿੱਚ ਗਲੀ ਦੇ ਦੋਵੇਂ ਪਾਸੇ ਦੇ ਵਿਦਿਆਰਥੀਆਂ ਦਾ ਮੰਨਣਾ ਹੈ ਕਿ ਉਸ ਸਮੇਂ ਤੋਂ ਸਾਮੀ ਵਿਰੋਧੀ ਅਤੇ ਇਸਲਾਮੋਫੋਬਿਕ ਦੋਵੇਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਜਦੋਂ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਕੱਲ੍ਹ ਯੂਨੀਵਰਸਿਟੀ ਕੈਂਪਸ ਵਿੱਚ ਵਿਰੋਧ ਪ੍ਰਦਰਸ਼ਨਾਂ ਬਾਰੇ ਪੁੱਛਿਆ ਗਿਆ ਸੀ, ਤਾਂ ਉਸਨੇ ਯਹੂਦੀ ਵਿਰੋਧੀ ਦੇ ਨਾਲ-ਨਾਲ ਉਨ੍ਹਾਂ ਲੋਕਾਂ ਦੀ ਨਿੰਦਾ ਕੀਤੀ ਜੋ ਇਹ ਨਹੀਂ ਸਮਝਦੇ ਕਿ ਫਲਸਤੀਨੀ ਕੀ ਗੁਜ਼ਰ ਰਹੇ ਹਨ। ਇਸ ਦੌਰਾਨ ਵ ?ਹਾਈਟ ਹਾਊਸ ਨੇ ਕਾਲਜ ਦੇ ਵਿਰੋਧ ਪ੍ਰਦਰਸ਼ਨਾਂ 'ਤੇ ਯਹੂਦੀ ਵਿਰੋਧੀਵਾਦ ਦੀ ਨਿੰਦਾ ਕੀਤੀ ਹੈ। ਕੈਂਪਸ ਦੇ ਵਿਰੋਧ ਪ੍ਰਦਰਸ਼ਨਾਂ ਨੇ ਪਿਛਲੇ ਹਫ਼ਤੇ ਸੁਰਖੀਆਂ ਬਣਾਈਆਂ ਜਦੋਂ ਪ੍ਰਦਰਸ਼ਨਾਂ ਦੇ ਹਿੰਸਕ ਹੋ ਜਾਣ ਤੋਂ ਬਾਅਦ ਨਿਊਯਾਰਕ ਸਿਟੀ ਪੁਲਸ ਨੂੰ ਸ਼ਹਿਰ ਦੇ ਕੋਲੰਬੀਆ ਯੂਨੀਵਰਸਿਟੀ ਕੈਂਪਸ ਵਿੱਚ ਬੁਲਾਇਆ ਗਿਆ, ਜਿਸ ਨੇ 100 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ।

# ਸਾਲ 2022 'ਚ ਲਗਪਗ 66 ਹਜ਼ਾਰ ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ-ਸੀ. ਆਰ. ਐਸ. ਰਿਪੋਰਟ

ਵਾਸ਼ਿੰਗਟਨ : ਸਾਲ 2022 'ਚ ਘੱਟ ਤੋਂ ਘੱਟ 65,960 ਭਾਰਤੀ ਅਧਿਕਾਰਕ ਤੌਰ 'ਤੇ ਅਮਰੀਕੀ ਨਾਗਰਿਕ ਬਣ ਗਏ ਅਤੇ ਇਸ ਦੇ ਨਾਲ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ ਉਨ੍ਹਾਂ ਦੀ ਸੰਖਿਆ ਦੇ ਮਾਮਲੇ 'ਚ ਭਾਰਤ ਮੈਕਸੀਕੋ ਦੇ ਬਾਅਦ ਦੂਸਰੇ ਨੰਬਰ 'ਤੇ ਪਹੁੰਚ ਗਿਆ ਹੈ। ਯੂ.ਐਸ. ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ 2022 'ਚ ਅੰਦਾਜ਼ਨ 4.6 ਕਰੋੜ ਵਿਦੇਸ਼ੀ-ਜਨਮੇ ਲੋਕ ਅਮਰੀਕਾ ਵਿਚ ਰਹਿੰਦੇ ਸਨ, ਜੋ 33.3 ਕਰੋੜ ਦੀ ਕੁੱਲ ਅਮਰੀਕੀ ਆਬਾਦੀ ਦਾ ਲਗਭਗ 14 ਫ਼ੀਸਦੀ ਹੈ। ਮੈਕਸੀਕੋ ਵਿਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਸੀ। ਇਸ ਤੋਂ ਬਾਅਦ ਭਾਰਤ, ਫਿਲਪੀਨਜ਼, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ। ਸਾਲ 2022 'ਚ ਮੈਕਸੀਕੋ ਦੇ 128878 ਨਾਗਰਿਕ ਅਮਰੀਕੀ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲਪੀਨਜ਼ (53,413), ਕਿਊਬਾ (46,913), ਡੋਮਿਨਿਕਨ ਰੀਪਬਲਿਕ (34,525), ਵੀਅਤਨਾਮ (33,246) ਅਤੇ ਚੀਨ (27,038) ਨੂੰ ਅਮਰੀਕੀ ਨਾਗਰਿਕਤਾ ਮਿਲੀ। 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਵਿੱਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਨੰਬਰ ਚੀਨ (2,225,447) ਦਾ ਹੈ। ਰਿਪੋਰਟ ਅਨੁਸਾਰ 2023 ਤੱਕ ਵਿਦੇਸ਼ ਮੂਲ ਦੇ ਅਮਰੀਕੀ ਨਾਗਰਿਕਾਂ 'ਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ ਜੋ ਮੈਕਸੀਕੋ ਦੇ (10,638,429) ਦੇ ਬਾਅਦ ਦੂਸਰੀ ਸਭ ਤੋਂ ਜ਼ਿਆਦਾ ਗਿਣਤੀ ਹੈ। ਸੀ.ਆਰ.ਐਸ. ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ 'ਚ ਰਹਿ ਰਹੇ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ 'ਚੋਂ ਲਗਭਗ 42 ਪ੍ਰਤੀਸ਼ਤ ਅਮਰੀਕੀ ਨਾਗਰਿਕ ਬਣਨ ਦੇ ਅਯੋਗ ਹਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ ਵਿਚ ਲਾਪਤਾ ਦੋ ਔਰਤਾਂ ਦੀਆਂ ਮਿਲੀਆਂ ਲਾਸ਼ਾਂ, 4 ਵਿਰੁੱਧ ਮਾਮਲਾ ਦਰਜ



ਵੇਰੋਨੀਸਾ ਬਟਲਰ ਤੇ ਜਿਲੀਅਨ ਕੈਲੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਕਲਾਹੋਮਾ ਰਾਜ ਵਿਚ 2 ਲਾਪਤਾ ਔਰਤਾਂ ਦੀਆਂ ਲਾਸ਼ਾਂ ਮਿਲਣ ਦੀ ਖਬਰ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਕਿਹਾ ਹੈ ਕਿ ਚੀਫ ਮੈਡੀਕਲ ਜਾਂਚਕਾਰ ਨੇ ਮਿਲੀਆਂ ਲਾਸ਼ਾਂ ਦੀ ਪਛਾਣ ਕਰ ਲਈ ਹੈ। ਇਹ ਲਾਸ਼ਾਂ ਵੇਰੋਨੀਸਾ ਬਟਲਰ (27) ਤੇ ਜਿਲੀਅਨ ਕੈਲੀ (39) ਦੀਆਂ ਹਨ ਜੋ ਪਿਛਲੇ ਮਹੀਨੇ ਤੋਂ ਲਾਪਤਾ ਸਨ। ਓਕਲਾਹੋਮਾ ਵਿਚਲੇ ਟੈਕਸਾਸ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਪਿਛਲੇ ਮਹੀਨੇ ਦੇ ਅਖੀਰ ਵਿਚ ਇਹ ਔਰਤਾਂ ਇਕੱਠੇ ਬੱਚਿਆਂ ਨੂੰ ਲੈਣ ਗਈਆਂ ਸਨ ਪਰੰਤੂ ਵਾਪਸ ਨਹੀਂ ਮੁੜੀਆਂ। ਇਸ ਮਾਮਲੇ ਵਿਚ ਟੈਡ ਬਰਟ ਕੁਲੁਮ (43), ਟਿਫਾਨੀ ਮਚੈਲ ਐਡਮਜ (54), ਕੋਲ ਅਰਲ ਟੂਮਬਲਾਈ (50) ਤੇ ਕੋਰਾ ਗੇਲ ਟੂਮਬਲਾਈ (40) ਵਿਰੁੱਧ ਹੱਤਿਆਵਾਂ, ਅਗਵਾ ਸਮੇਤ ਹੋਰ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਅਮਰੀਕਾ 'ਚ ਲੰਬੇ ਸਮੇਂ ਤੋਂ ਲੱਖਾਂ ਭਾਰਤੀ ਗਰੀਨ ਕਾਰਡ ਦੀ ਉਡੀਕ ਵਿੱਚ

## *ਪ੍ਰਤੀ ਦੇਸ਼ ਨਿਰਧਾਰਤ ਸੀਮਾ ਕਾਰਨ ਪੈਦਾ ਹੋਈ ਸਮੱਸਿਆ*

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਪਿਛਲੇ ਲੰਬੇ ਸਮੇ ਤੋਂ ਉਨਾਂ ਲੱਖਾਂ ਭਾਰਤੀਆਂ ਦੀਆਂ ਆਸਾਂ ਉੱਤੇ ਖਰੀ ਨਹੀਂ ਉੱਤਰੀ ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। 10 ਲੱਖ ਤੋਂ ਵਧ ਭਾਰਤੀ ਜਿਨ੍ਹਾਂ ਵਿਚ ਉੱਚ ਪੱਧਰ ਦੇ ਹੁਨਰਮੰਦ ਪੇਸ਼ਾਵਰ ਲੋਕ ਸ਼ਾਮਲ ਹਨ, ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿਚ ਹਨ। ਇਹ ਸਮੱਸਿਆ ਹਰ ਦੇਸ਼ ਲਈ ਨਿਰਧਾਰਤ ਹੱਦ ਤੇ ਗਰੀਨ ਕਾਰਡਾਂ ਦਾ ਸਲਾਨਾ ਕੋਟਾ ਘੱਟ ਹੋਣ ਕਾਰਨ ਪੈਦਾ ਹੋਈ ਹੈ। ਫਾਰਬਸ ਮੈਗਜ਼ੀਨ ਦੀ ਰਿਪੋਰਟ ਅਨੁਸਾਰ 12 ਲੱਖ ਭਾਰਤੀ ਜਿਨਾਂ ਵਿਚ ਉਨਾਂ ਦੇ ਆਸ਼ਰਤ ਵੀ ਸ਼ਾਮਿਲ ਹਨ, ਰੁਜ਼ਗਾਰ ਅਧਾਰਤ ਪਹਿਲੀ, ਦੂਜੀ ਤੇ ਤੀਸਰੀ ਗਰੀਨ ਕਾਰਡ ਸ਼੍ਰੇਣੀ ਵਿਚ ਗਰੀਨ ਕਾਰਡਾਂ ਦੀ ਉਡੀਕ ਵਿਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਨਾਲ ਸਬੰਧਤ ਨੈਸ਼ਨਲ



ਫਾਊਂਡੇਸ਼ਨ ਫਾਰ ਅਮੈਰੀਕਨ ਪਾਲਸੀ ਅਨੁਸਾਰ ਪਹਿਲੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-1 ਵੀ ਕਿਹਾ ਜਾਂਦਾ ਹੈ, ਵਿਚ ਕੁਲ 143497 ਭਾਰਤੀਆਂ ਨੂੰ ਗਰੀਨ ਕਾਰਡ ਨਹੀਂ ਮਿਲਿਆ। ਇਸ ਸ਼੍ਰੇਣੀ ਵਿਚ ਅਸਧਾਰਨ ਸਮਰਥਾ ਵਾਲੇ ਪ੍ਰੋਫੈਸਰ, ਖੋਜੀ ਤੇ ਬਹੁ ਰਾਸ਼ਟਰੀ ਅਧਿਕਾਰੀ ਜਾਂ ਮੈਨੇਜਰ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਦੂਸਰੀ ਤਰਜੀਹੀ ਸ਼ ?ਰੇਣੀ ਜਿਸ ਨੂੰ ਈ ਬੀ-2 ਵੀ ਕਿਹਾ ਜਾਂਦਾ ਹੈ, ਵਿਚ 419392 ਭਾਰਤੀ ਤੇ ਏਨੇ ਹੀ ਉਨਾਂ 'ਤੇ ਨਿਰਭਰ ਭਾਰਤੀ ਸ਼ਾਮਿਲ ਹਨ । ਕੁਲ ਮਿਲਾ ਕੇ ਇਸ ਸ਼ੇਣੀ ਵਿਚ 838784 ਭਾਰਤੀਆਂ ਨੂੰ ਗਰੀਨ ਕਾਰਡ ਦੀ ਉਡੀਕ ਹੈ। ਇਸ ਸ਼ ?ਰੇਣੀ ਵਿਚ ਐਡਵਾਂਸ ਡਿਗਰੀ ਵਾਲੇ ਤੇ ਸਾਇੰਸ, ਆਰਟਸ ਤੇ ਬਿਜਨਸ ਵਿਚ ਵਿਸ਼ੇਸ਼ ਮੁਹਾਰਤ ਰਖਣ ਵਾਲੇ ਲੋਕ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਤੀਸਰੀ ਤਰਜੀਹੀ ਸ਼੍ਰੇਣੀ ਵਿਚ 138581 ਭਾਰਤੀ ਸ਼ਾਮਿਲ ਹਨ, ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ 2020 ਦੇ ਅੰਕੜਿਆਂ ਅਨੁਸਾਰ ਈ ਬੀ-2 ਸ਼੍ਰੇਣੀ ਵਿਚ ਭਾਰਤੀਆਂ ਜਿਨਾਂ ਨੂੰ ਗਰੀਨ ਕਾਰਡ ਨਹੀਂ ਮਿਲਿਆ, ਦੀ ਗਿਣਤੀ ਵਿਚ ਪਿਛਲੇ 3 ਸਾਲਾਂ ਦੌਰਾਨ 40% ਵਾਧਾ ਹੋਇਆ ਸੀ। ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਤਰਾਂ ਹੀ ਚੱਲਦਾ ਰਿਹਾ ਤਾਂ ਭਵਿੱਖ ਵਿਚ ਇਹ ਗਿਣਤੀ ਬਹੁਤ ਜਿਆਦਾ ਹੋ ਜਾਵੇਗੀ। ਹੋ ਸਕਦਾ ਹੈ ਕਿ ਬਹੁਤ ਸਾਰਿਆਂ ਨੂੰ ਆਪਣੀ ਇਸ ਜ਼ਿੰਦਗੀ ਵਿਚ ਗਰੀਨ ਕਾਰਡ ਨਸੀਬ ਹੀ ਨਾ ਹੋਵੇ।

# ਅਮਰੀਕਾ ਦੇ ਨੈਸ਼ਨਲ ਏਅਰਪੋਰਟ 'ਤੇ ਦੋ ਜਹਾਜ਼ਾਂ ਵਿਚਾਲੇ ਹਾਦਸਾ ਮਸਾਂ ਟਲਿਆ

## *ਗਲਤੀ ਕਾਰਨ ਇਕੋ ਪੱਟੜੀ 'ਤੇ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਦਿੱਤੀ ਹਰੀ ਝੰਡੀ*



ਰੋਨਾਲਡ ਰੀਗਨ ਨੈਸ਼ਨਲ ਏਅਰਪੋਰਟ ਦਾ ਬਾਹਰੀ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਰੋਨਾਲਡ ਰੀਗਨ ਨੈਸ਼ਨਲ ਏਅਰੋਪਰਟ 'ਤੇ ਇਕੋ ਪੱਟੜੀ ਉਪਰ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਹਰੀ ਝੰਡੀ ਮਿਲਣ ਉਪਰੰਤ ਤੁਰੰਤ ਗਲਤੀ ਦਾ ਅਹਿਸਾਸ ਹੋਣ 'ਤੇ ਜਹਾਜ਼ਾਂ ਨੂੰ ਇਕ ਦੂਸਰੇ ਤੋਂ ਕੁਝ ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਘਟਨਾ ਦੀ ਫੈਡਰਲ ਐਵੀਏਸ਼ਨ ਐਡਮਨਿਸਟਰੇਸ਼ਨ ਜਾਂਚ ਕਰੇਗਾ। ਸਵੇਰ 7.40 ਵਜੇ ਏਅਰਪੋਰਟ ਦੇ ਕੰਟਰੋਲਰ ਨੇ ਜੈੱਟ ਬਲਿਊ ਏਅਰਵੇਅਜ ਫਲਾਈਟ ਨੂੰ ਉਡਾਣ ਭਰਨ ਦੀ ਇਜਾਜਤ ਦਿੱਤੀ। ਇਸੇ ਸਮੇ 'ਤੇ ਹੀ ਟੈਕਸਿੰਗ ਏਅਰਕਰਾਫਟ ਦੇ ਕੰਟਰੋਲਰ ਨੇ ਸਾਊਥਵੈਸਟ ਏਅਰਲਾਈਨ ਜੈੱਟ ਨੂੰ ਉਸੇ ਹੀ ਪੱਟੜੀ ਉਪਰ ਉਡਾਨ ਭਰਨ ਲਈ ਹਰੀ ਝੰਡੀ ਦੇ ਦਿੱਤੀ। ਤਕਰੀਬਨ 30 ਸਕਿੰਟ ਬਾਅਦ ਗਲਤੀ ਦਾ ਅਹਿਸਾਸ ਹੋਣ 'ਤੇ ਕੰਟਰੋਲਰ ਨੇ ਦੋਨਾਂ ਜਹਾਜ਼ ਨੂੰ ਤੁਰੰਤ ਰੋਕ ਦੇਣ ਦਾ ਆਦੇਸ਼ ਦਿੱਤਾ। ਦੋਨਾਂ ਜਹਾਜ਼ਾਂ ਨੂੰ ਤਕਰੀਬਨ 400 ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਉਪਰੰਤ ਏਅਰਪੋਰਟ ਦੇ ਕੰਟਰੋਲਰ ਨੇ ਸੁੱਖ ਦਾ ਸਾਹ ਲਿਆ। ਜੇਕਰ ਸਮੇਂ ਸਿਰ ਪਤਾ ਨਾ ਲੱਗਦਾ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

# ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ 'ਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀ ਪੁਲਿਸ ਨਾਲ ਭਿੜੇ, 100 ਤੋਂ ਵਧ ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਕੋਲੰਬੀਆ ਯੁਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਹੱਥੋਪਾਈ ਹੋਣ ਦੀ ਖਬਰ ਹੈ। ਇਕ ਲਾਅ ਇਨਫੋਰਸਮੈਂਟ ਅਫਸਰ ਅਨੁਸਾਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿਤਰ ਬਿਤਰ ਕਰਨ ਲਈ ਯੁਨੀਵਰਸਿਟੀ ਵਿਚ ਦਾਖਲ ਹੋਈ ਤੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ 100 ਤੋਂ ਵਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇਹ ਪ੍ਰਦਰਸ਼ਨ ਯੁਨੀਵਰਸਿਟੀ ਦੇ ਪ੍ਰਧਾਨ ਨੇਮਤ "ਮਿਨਓਚ" ਸ਼ਫਿਕ ਦੀ ਯਹੂਦੀਆਂ ਨਾਲ ਭੇਦਭਾਵ ਬਾਰੇ ਵਾਸ਼ਿੰਗਟਨ, ਡੀ ਸੀ ਵਿਚ ਸਦਨ ਦੀ ਸਿੱਖਿਆ ਕਮੇਟੀ ਅੱਗੇ ਪੇਸ਼ੀ ਤੋਂ ਪਹਿਲਾਂ ਹੋਇਆ ਹੈ। ਪੁਲਿਸ ਅਫਸਰ ਅਨੁਸਾਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪ੍ਰਦਰਸ਼ਨਕਾਰੀ ਅਪਰ ਮੈਨਹਟਨ ਵਿਚ ਇਕੱਠੇ ਹੋਏ ਤੇ ਉਨਾਂ ਨੇ ਉਥੇ ਟੈਂਟ ਲਾ ਦਿੱਤੇ। ਇਸ ਉਪਰੰਤ ਇਸਰਾਈਲ ਸਮਰਥਕ ਸਮੂੰਹ ਵੀ ਉਥੇ ਪਹੁੰਚ ਗਿਆ। ਅਨੇਕਾਂ ਪ੍ਰਦਰਸ਼ਨਕਾਰੀਆਂ ਜਿਨਾਂ ਦੇ ਹੱਥਾਂ ਵਿਚ ਫਲਸਤੀਨੀ



ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈਂਦੀ ਹੋਈ

ਝੰਡੇ ਫੜੇ ਹੋਏ ਸਨ, ਦੀ ਪੁਲਿਸ ਅਫਸਰਾਂ ਨਾਲ ਬਹਿਸ ਹੋਈ ਤੇ ਕੁਝ ਪ੍ਰਦਰਸ਼ਨਕਾਰੀ ਪੁਲਿਸ ਅਫਸਰਾਂ ਨਾਲ ਭਿੜ ਗਏ। ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ਵਿਰੁੱਧ ਦਾਇਰ ਮਾਮਲੇ ਬਾਰੇ ਕੁਝ ਨਹੀਂ ਕਿਹਾ ਤੇ ਨਾ ਹੀ ਗ੍ਰਿਫਤਾਰੀਆਂ ਬਾਰੇ ਕੋਈ ਹੋਰ ਜਾਣਕਾਰੀ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਯੁਨੀਵਰਸਿਟੀ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ ਤੇ ਕੈਂਪਸ ਦੇ ਗੇਟ ਬੰਦ ਕਰ ਦਿੱਤੇ ਗਏ ਹਨ। ਯੁਨੀਵਰਸਿਟੀ ਦਾ ਸ਼ਨਾਖਤੀ ਕਾਰਡ ਵਿਖਾ ਕੇ ਹੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ। ਇਸੇ ਦੌਰਾਨ ਕੋਲੰਬੀਆ ਯੁਨੀਵਰਸਿਟੀ ਦੇ ਪ੍ਰਧਾਨ ਨੇਮਤ "ਮਿਨਓਚ" ਸ਼ਫਿਕ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਨੂੰ ਇਕ ਪੱਤਰ ਲਿਖ ਕੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਕਿਹਾ ਸੀ। ਪ੍ਰਧਾਨ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀ ਯੁਨੀਵਰਸਿਟੀ ਦੇ ਨਿਯਮਾਂ ਤੇ ਨੀਤੀਆਂ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈ ਇਹ ਅਸਧਾਰਨ ਕਦਮ ਚੁੱਕਿਆ ਹੈ ਕਿਉਂਕਿ ਅਸਧਾਰਨ ਹਾਲਾਤ ਪੈਦਾ ਹੋ ਗਏ ਸਨ।

# ਅਮਰੀਕਾ ਵਿਚ ਮੈਨਹਟਨ ਅਦਾਲਤ ਦੇ ਬਾਹਰ ਇਕ ਵਿਅਕਤੀ ਨੇ ਆਪਣੇ ਆਪ ਨੂੰ ਲਾਈ ਅੱਗ, ਬੁਰੀ ਤਰਾਂ ਝੁਲਸਿਆ ਹਾਲਤ ਨਾਜ਼ਕ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਇਕ ਅਦਾਲਤ ਜਿਥੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਅਪਰਾਧਕ ਮੁਕੱਦਮੇ ਦੀ ਸੁਣਵਾਈ ਹੋ ਰਹੀ ਹੈ, ਦੇ ਬਾਹਰ ਇਕ ਵਿਅਕਤੀ ਵੱਲੋਂ ਆਪਣੇ ਉਪਰ ਤੇਲ ਵਰਗਾ ਕੋਈ ਤਰਲ ਛਿੜ ਕੇ ਆਪਣੇ ਆਪ ਨੂੰ ਅੱਗ ਲਾ ਲਈ ਗਈ ਜਿਸ ਕਾਰਨ ਉਹ ਬੁਰੀ ਤਰਾਂ ਝੁਲਸ ਗਿਆ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਮੁੱਖੀ ਜੈਫਰੀ ਬੀ ਮੈਡਰੇ ਨੇ ਕਿਹਾ ਹੈ ਕਿ ਸੇਂਟ ਅਗੁਸਟਾਈਨ, ਫਲੋਰਿਡਾ ਵਾਸੀ ਮੈਕਸਵੈਲ ਅਜ਼ਾਰੇਲੋ (38) ਮੈਨਹਟਨ ਕ੍ਰਿਮੀਨਲ ਕੋਰਟਹਾਊਸ ਨੇੜੇ ਪਾਰਕ ਵਿਚ ਦੁਪਹਿਰ 1.30 ਵਜੇ ਦੇ ਆਸਪਾਸ ਦਾਖਲ ਹੋਇਆ। ਉਸ ਨੇ ਆਪਣੇ ਨਾਲ ਲਿਆਂਦੇ ਬੈਗ ਵਿਚੋਂ ਕੁਝ ਪਰਚੇ ਕੱਢੇ ਤੇ ਉਨਾਂ ਨੂੰ ਹਵਾ ਵਿਚ ਉਛਾਲ ਦਿੱਤਾ। ਬਾਅਦ ਵਿਚ ਉਸ ਨੇ ਆਪਣੇ ਉਪਰ ਤਰਲ ਛਿੜਕਿਆ ਤੇ ਲਾਈਟਰ ਨਾਲ ਅੱਗ ਲਾ ਲਈ। ਇਸ ਉਪਰੰਤ ਉਹ ਅਦਾਲਤ ਅੱਗੇ ਪੁਲਿਸ ਵੱਲੋਂ ਲਾਈਆਂ ਰੋਕਾਂ ਉਪਰ ਜਾ ਡਿੱਗਾ। ਪੁਲਿਸ ਮੁੱਖੀ ਅਨੁਸਾਰ ਪਾਰਕ ਵਿਚ ਮੌਜੂਦ ਲੋਕਾਂ, ਅਦਾਲਤ ਤੇ ਪੁਲਿਸ ਅਫਸਰਾਂ ਨੇ ਆਪਣੇ ਕੋਟਾਂ ਤੇ ਹੋਰ ਢੰਗ ਤਰੀਕਿਆਂ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼



ਅੱਗ ਲਾਉਣ ਤੋਂ ਪਹਿਲਾਂ ਸੁੱਟੇ ਪਰਚੇ ਤੇ ਸੱਜੇ ਮੈਕਸਵੈਲ ਅਜ਼ਾਰੇਲੋ।

ਕੀਤੀ। ਪੁਲਿਸ ਦੀ ਮੱਦਦ ਨਾਲ ਕੁਝ ਮਿੰਟਾਂ ਵਿਚ ਅੱਗ ਬੁਝਾ ਦਿੱਤੀ ਗਈ ਪਰੰਤੂ ਓਦੋਂ ਤੱਕ ਉਹ ਕਾਫੀ ਸੜ ਚੁੱਕਾ ਸੀ। ਉਸ ਨੂੰ ਗੰਭੀਰ ਹਾਲਤ ਵਿਚ ਨੇੜੇ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਉਸ ਦੀ ਹਾਲਤ ਠੀਕ ਨਹੀਂ ਹੈ। ਅੱਗ ਵਿਭਾਗ ਦੇ ਕਮਿਸ਼ਨਰ ਲੌਰਾ ਕਾਵੰਘ ਨੇ ਕਿਹਾ ਹੈ ਕਿ ਇਸ ਘਟਨਾ ਵਿਚ 4 ਅਫਸਰ ਵੀ ਮਾਮੂਲੀ ਜਖਮੀ ਹੋਏ ਹਨ। ਪੁਲਿਸ ਅਜ਼ਾਰੇਲੋ ਵੱਲੋਂ ਸੁੱਟੇ ਪਰਚਿਆਂ ਦੀ ਜਾਂਚ ਕਰ ਰਹੀ ਹੈ। ਇਹ ਦੁੱਖਦਾਈ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ 12 ਜੱਜਾਂ ਦਾ ਪੂਰਾ ਬੈਂਚ ਡੋਨਲਡ ਟਰੰਪ ਵਿਰੁੱਧ ਅਪਰਾਧਕ ਮਾਮਲੇ ਦੀ ਸੁਣਵਾਈ ਲਈ ਅਦਾਲਤ ਵਿਚ ਮੌਜੂਦ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਘਟਨਾ ਤੋਂ ਪਹਿਲਾਂ ਇਕ ਪੋਸਟ ਵਿਚ ਅਜ਼ਾਰੇਲੋ ਨੇ ਕਿਹਾ ਹੈ ਕਿ ਉਸ ਨੇ ਅਮਰੀਕਾ ਦੇ ਰਾਜਸੀ ਤੇ ਆਰਥਕ ਸਿਸਟਮ ਵੱਲ ਧਿਆਨ ਖਿੱਚਣ ਲਈ ਆਪਣੇ ਆਪ ਨੂੰ ਜਿੰਦਾ ਸਾੜਣ ਦਾ ਫੈਸਲਾ ਲਿਆ ਹੈ।

# ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਨੇ ਯੂਕਰੇਨ ਤੇ ਇਜ਼ਰਾਈਲ ਦੀ ਮਦਦ ਲਈ 95 ਬਿਲੀਅਨ ਡਾਲਰ ਕੀਤੇ ਮਨਜ਼ੂਰ

ਵਾਸ਼ਿੰਗਟਨ : ਅਮਰੀਕੀ ਕਾਂਗਰਸ (ਸੰਸਦ) ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵ ਨੇ ਸ਼ਨੀਵਾਰ ਨੂੰ ਇਕ ਦੁਰਲੱਭ ਸੈਸ਼ਨ 'ਚ ਯੂਕਰੇਨ, ਇਜ਼ਰਾਈਲ ਅਤੇ ਹੋਰ ਸਹਿਯੋਗੀਆਂ ਨੂੰ 95 ਅਰਬ ਡਾਲਰ ਦੀ ਮਦਦ ਨੂੰ ਮਨਜ਼ੂਰੀ ਦਿੱਤੀ। ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਸਹਿਯੋਗੀ ਦੇਸ਼ਾਂ ਦੀ ਮਦਦ ਲਈ ਵਿਦੇਸ਼ੀ ਸਹਾਇਤਾ ਦੇ ਸਿਰਲੇਖ ਹੇਠ ਇਸ ਰਾਸ਼ੀ ਨੂੰ ਮਨਜ਼ੂਰੀ ਦੇਣ ਲਈ ਆਈਆਂ ਸਨ, ਜਿਸ ਵਿਚਕਾਰ ਰੂਸੀ ਹਮਲੇ ਦਾ ਸਾਹਮਣਾ ਕਰ ਰਹੇ ਯੂਕਰੇਨ ਨੂੰ ਅਮਰੀਕੀ ਸਹਾਇਤਾ ਨੂੰ ਲੈ ਕੇ ਪਿਛਲੇ ਕਈ ਮਹੀਨਿਆਂ ਤੋਂ ਟਕਰਾਅ ਚੱਲ ਰਿਹਾ ਸੀ। ਪ੍ਰਤੀਨਿਧੀ ਸਭਾ ਦੁਆਰਾ



ਵਿਦੇਸ਼ੀ ਸਹਾਇਤਾ ਲਈ ਮਨਜ਼ੂਰ $ 95 ਬਿਲੀਅਨ ਵਿੱਚੋਂ, $ 61 ਬਿਲੀਅਨ ਇਕੱਲੇ ਯੂਕਰੇਨ ਲਈ ਹੈ, ਜਦੋਂ ਕਿ ਗਾਜ਼ਾ ਵਿੱਚ ਹਮਾਸ ਨਾਲ ਲੜ ਰਹੇ ਇਜ਼ਰਾਈਲ ਵਿੱਚ ਮਾਨਵਤਾਵਾਦੀ ਸਹਾਇਤਾ ਲਈ $ 26 ਬਿਲੀਅਨ ਪ੍ਰਦਾਨ ਕੀਤੇ ਗਏ ਹਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਪਰੰਤੂ ਆਪ ਉਹ ਜਹਾਜ਼ ਵਿਚ ਹੀ ਰਹਿੰਦਾ ਹੈ ਅਤੇ ਜਹਾਜ਼ ਨਾਲ ਹੀ ਡੁੱਬਦਾ ਹੈ। ਸਤਵੰਤ ਨੇ ਆਪਣਾ ਫਰਜ਼ ਉਸ ਜਹਾਜ਼ ਦੇ ਕੈਪਟਨ ਵਾਂਗ ਹੀ ਪੂਰਾ ਕੀਤਾ ਪਰ ਫਰਕ ਸਿਰਫ਼ ਇਹ ਸੀ ਕਿ ਧਰਮ ਵਿਚ ਸ਼ਹੀਦ ਡੁਬਦੇ ਹਨ ਅਤੇ ਸ਼ਹਾਦਤ ਤਰਦੀ ਹੈ ਅਤੇ ਸਿੱਖ ਧਰਮ ਹੋਰ ਤਰੱਕੀ ਕਰਦਾ ਹੈ।

ਦੇਸ਼ ਵਿਚ ਤਾਂ ਲੱਖਾਂ ਸਿੱਖ ਸ਼ਹੀਦ ਹੋਏ ਹਨ ਤੇ ਲੜਾਈਆਂ ਵਿਚ ਵੀ ਸਿੱਖ ਬਹਾਦਰਾਂ ਤੇ ਸ਼ਹੀਦਾਂ ਦੀ ਗਿਣਤੀ ਹਜ਼ਾਰਾ ਵਿਚ ਹੀ ਹੈ। ਪਰ ਜਦੋਂ ਵੀ ਕਿਸੇ ਵਿਦੇਸ਼ੀ ਧਰਤੀ ਦੀ ਸ਼ਹਾਦਤ ਦੀ ਗੱਲ ਚਲੇਗੀ ਤਾਂ ਸਤਵੰਤ ਦਾ ਨਾਮ ਉਹਨਾਂ ਸਿਤਾਰਿਆਂ ਵਾਂਗ ਰਹੇਗਾ, ਜੋ ਸਦਾ ਚਮਕਦੇ ਹਨ। ਸਤਵੰਤ ਨੇ ਆਪਣੀ ਮਾਤਾ ਜਗੀਰ ਕੌਰ ਦਾ ਬਹਾਦਰ ਸਪੂਤ ਹੋਣ ਦਾ ਫਰਜ਼ ਨਿਭਾਇਆ ਹੈ। ਉਸ ਨੇ ਆਪਣੀ ਬਹਾਦਰ ਮਾਂ ਦੇ ਦੁੱਧ ਦੀ ਲਾਜ ਰੱਖੀ। ਉਸ ਨੇ ਸ. ਸ਼ਮਸ਼ੇਰ ਸਿੰਘ ਭੈਣੀ ਫੱਤੇ ਵਾਲੇ ਜੋ ਉਸ ਦੇ ਨਾਨਾ ਜੀ ਲੱਗਦੇ ਸਨ, ਦੇ ਕਦਮਾਂ ਤੇ ਚੱਲ ਕੇ ਸ਼ਹੀਦੀ ਪ੍ਰਾਪਤ ਕੀਤੀ। ਉਸ ਨੇ ਆਪਣੇ ਪਿਤਾ ਮੇਜਰ ਪ੍ਰੀਤਮ ਸਿੰਘ ਨੂੰ ਵੀ ਅਮਰ ਕਰ ਦਿੱਤਾ ਹੈ ਕਿਉਂਕਿ ਜਿਥੇ ਵੀ ਸ਼ਹੀਦ ਦਾ ਨਾਮ ਆਵੇਗਾ ਉਥੇ ਮਾਤਾ ਪਿਤਾ ਦਾ ਨਾਮ ਆਉਣਾ ਸੁਭਾਵਿਕ ਹੀ ਹੈ। ਉਸ ਨੇ ਆਪਣੇ ਵੱਡੇ ਭਰਾ ਅਮਰਜੀਤ ਸਿੰਘ ਕਾਲੇਕਾ ਦੀ 1965 ਦੇ ਯੁੱਧ ਦੀ ਯਾਦ ਆਪਣੇ ਵਿਚ ਸਮੋਈ ਹੋਈ ਸੀ, ਜਿਸ ਵਿਚ ਤੱਤ ਇਹ ਨਿਕਲਦਾ ਸੀ ਕਿ

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**
(1105)

6 ਅਗਸਤ 2012 ਤੋਂ ਬਾਅਦ ਪਟਿਆਲੇ ਦੇ ਘੱਟੋ ਘੱਟ ਪੰਜ ਹਜ਼ਾਰ ਵਿਅਕਤੀ ਜਿਹਨਾਂ ਵਿਚ ਅਫ਼ਸਰ ਵੀ ਸ਼ਾਮਲ ਸਨ, ਮੇਰੇ ਘਰ ਅਫ਼ਸੋਸ ਕਰਨ ਆਏ। ਮੈਂ ਕਿਸੇ ਨੂੰ ਵੀ ਰੋਣ ਨਹੀਂ ਦਿੱਤਾ। ਸਗੋਂ ਕਿਹਾ ਕਿ ਉਹ ਸ਼ਹੀਦ ਹੈ, ਆਪਾਂ ਉਸ ਦੀ ਸ਼ਹਾਦਤ ਮਨਾਉਣੀ ਹੈ। 16 ਅਗਸਤ 2012 ਨੂੰ ਪਟਿਆਲਾ ਸ਼ਹਿਰ ਵਿਚ ਗੁਰਦੁਆਰਾ ਸਿੰਘ ਸਭਾ ਮਾਲ ਰੋਡ, ਵਿਖੇ ਸ਼ਹੀਦ ਦੀ ਯਾਦ ਵਿਚ ਸਮਾਗਮ ਹੋਇਆ, ਜਿਸ ਵਿਚ ਦੱਸ ਹਜ਼ਾਰ ਤੋਂ ਵੱਧ ਸੰਗਤਾਂ ਨੇ ਹਿੱਸਾ ਲਿਆ। ਭਾਈ ਜਸਕਰਨ ਸਿੰਘ ਰਾਗੀ ਨੇ ਸੰਗਤਾ ਨੂੰ ਰਸਮਈ ਕੀਰਤਨ ਨਾਲ ਨਿਹਾਲ ਕੀਤਾ। ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਚੜ੍ਹਦੀਕਲਾ ਵਾਲਾ ਕੀਰਤਨ ਕਰਨਾ ਹੈ।

12 ਸਤੰਬਰ ਨੂੰ ਸਾਡੇ ਜੱਦੀ ਪਿੰਡ ਦੁਗਾਲ ਵਿਚ ਸਾਡੇ ਸ਼ਰੀਕੇ ਕਬੀਲੇ ਨੇ ਚਾਰ ਕੁ ਹਜ਼ਾਰ ਬੰਦਿਆਂ ਦਾ ਇਕੱਠ ਕੀਤਾ। ਜਿਸ ਵਿਚ ਸਾਡੇ ਰਿਸ਼ਤੇਦਾਰ ਸ. ਸੁਰਜੀਤ ਸਿੰਘ ਰੱਖੜਾ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਆਏ ਸਨ। ਉਸ ਵਿਚ ਪੰਥ ਦੇ ਉੱਘੇ ਹਜ਼ੂਰੀ ਰਾਗੀ ਭਾਈ ਮਨਜੀਤ ਸਿੰਘ ਵੀ ਆਏ ਸਨ। ਉਹਨਾਂ ਨੂੰ ਵੀ ਮੈਂ ਇਹੀ ਬੇਨਤੀ ਕੀਤੀ ਸੀ ਕਿ ਆਪਾਂ ਸ਼ਹੀਦ ਦੀ ਯਾਦ ਵਿਚ ਚੜ੍ਹਦੀਕਲਾ ਵਾਲੇ ਸ਼ਬਦ ਪੜ੍ਹਨੇ ਹਨ।




**ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਕੀਤਰਪੁਰ ਸਾਹਿਬ ਵਿਖੇ ਜਲ ਪ੍ਰਵਾਹ**

ਗੁਰਦੁਆਰਾ ਓਕ ਕਰੀਕ (ਮਿਲਵਾਕੀ) ਵਿਸਕਾਨਸਿਨ (ਅਮਰੀਕਾ) ਵਿਚ 5 ਅਗਸਤ 2012 ਨੂੰ ਗੋਲੀਆਂ ਚਲਾਉਣ ਵਾਲੇ ਇਕ ਹਮਲਾਵਰ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਅੱਜ ਪਤਾਲਪੁਰੀ ਵਿਖੇ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਪੰਜਾਬ ਦੇ ਪੇਂਡੂ ਤੇ ਪੰਚਾਇਤ ਵਿਕਾਸ ਮੰਤਰੀ ਸੁਰਜੀਤ ਸਿੰਘ ਰੱਖੜਾ, ਰਣਧੀਰ ਸਿੰਘ ਰੱਖੜਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਗੁਰਦੁਆਰਾ ਪਤਾਲਪੁਰੀ ਵਿਖੇ ਅਸਥੀਆਂ ਲਿਆਂਦੀਆਂ ਗਈਆਂ। ਅਰਦਾਸ ਉਪਰੰਤ ਅਸਥੀਆਂ ਨੂੰ ਸਤਲੁਜ਼ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ। ਇਸ ਮੌਕੇ ਮਰਹੂਮ ਕਾਲੇਕਾ ਦੀ ਪਤਨੀ ਸਤਪਾਲ ਕੌਰ, ਭੈਣ ਹਰਿੰਦਰ ਕੌਰ, ਜੀਜਾ ਸੁਰਜੀਤ ਸਿੰਘ ਰੱਖੜਾ, ਬੇਟੇ ਪ੍ਰਦੀਪ ਸਿੰਘ ਅਤੇ ਅਮਰਦੀਪ ਸਿੰਘ ਕਾਲੇਕਾ ਅਤੇ ਵੱਡਾ ਭਰਾ ਅਮਰਜੀਤ ਸਿੰਘ ਹਾਜ਼ਰ ਸਨ।

ਪਰਿਵਾਰਕ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਤੇ ਕੀਰਤਨ ਸੁਣਿਆ। ਸ੍ਰੀ ਰੱਖੜਾ ਨੇ ਦੱਸਿਆ ਕਿ ਜਿਸ ਦਿਨ ਇਹ ਘਟਨਾ ਵਾਪਰੀ ਉਸ ਦਿਨ ਉਹ ਵੀ ਆਪਣੇ ਭਤੀਜੇ ਦੇ ਵਿਆਹ ਵਿਚ ਸ਼ਾਮਲ ਹੋਣ ਅਮਰੀਕਾ ਗਏ ਹੋਏ ਸਨ। ਇਸ ਘਟਨਾ ਸਮੇਂ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸੰਗਤਾਂ ਤੇ ਗੋਲੀਆਂ ਚਲਾਉਣ ਵਾਲੇ ਅਮਰੀਕੀ ਨੂੰ ਜੱਫੀ ਪਾ ਕੇ ਕਾਬੂ ਕੀਤਾ, ਜੇਕਰ ਉਹ ਅਜਿਹਾ ਨਾ ਕਰਦੇ ਤਾਂ ਹੋਰ ਵੀ ਕਈ ਜਾਨਾਂ ਜਾਣੀਆਂ ਸਨ। ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਰਾਸ਼ਟਪਤੀ ਬਰਾਕ ਓਬਾਮਾ ਨੇ ਇਸ ਘਟਨਾ ਦੀ ਅਮਰੀਕਾ ਦੀ ਖੁਫੀਆ ਏਜੰਸੀ ਕੋਲੋਂ ਜਾਂਚ ਕਰਾਈ ਹੈ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੇ ਸੋਗ ਵਿਚ 10 ਅਗਸਤ ਤੱਕ ਅਮਰੀਕਾ ਦਾ ਝੰਡਾ ਝੁਕਾਇਆ ਗਿਆ ਸੀ। ਪਰਿਵਾਰਕ ਮੈਂਬਰਾਂ ਦੀ ਇੱਛਾ ਸੀ ਕਿ ਸਤਵੰਤ ਸਿੰਘ ਕਾਲੇਕਾ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਪਤਾਲਪੁਰੀ ਵਿਖੇ ਜਲ ਪ੍ਰਵਾਹ ਕੀਤੀਆਂ ਜਾਣ ਜਿਸ ਕਰਕੇ ਉਨ੍ਹਾਂ ਦੀਆਂ ਅਸਥੀਆਂ ਰੱਖੀਆਂ ਹੋਈਆਂ ਸਨ।

(ਚਲਦਾ)






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਨਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

7- ਕੀਰਤਨ ਦੇ ਅਨੁਸਿੱਖ ਰਾਗੀ : ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਵਿਚ ਸਿੱਖ ਰਹਿਤ ਮਰਯਾਦਾ ਵਿਚ ਦੱਸੇ ਅਨੁਸਾਰ ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਕਿਉਂਕਿ ਸਿੱਖ ਧਰਮ ਵਿਚ ਵਾਹਿਗੁਰੂ ਦੀ ਪੂਜਾ ਕੀਰਤਨ ਦੁਆਰਾ ਹੀ ਹੁੰਦੀ ਹੈ। ਕੀਰਤਨ ਕਰਨ ਵਾਲਾ ਸੰਗਤ ਨੂੰ ਵਾਹਿਗੁਰੂ ਦੀ ਪੂਜਾ ਕਰਾ ਰਿਹਾ ਹੁੰਦਾ ਹੈ। ਇਸ ਲਈ ਇਹ ਅਧਿਕਾਰ ਕੇਵਲ ਸਿੱਖ ਨੂੰ ਹੀ ਪ੍ਰਾਪਤ ਹੁੰਦਾ ਹੈ।

(ਮਤਾ ਨੰ. 7, ਪੰਥਕ ਮਤੇ, ਪੰਨਾ ੧੮)

ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਜਿਹੜਾ ਵਿਅਕਤੀ ਦੀਦਾਰੀ ਤੌਰ 'ਤੇ ਵੀ ਗੁਰੂ ਦੀ ਰਹਿਤ ਨੂੰ ਪ੍ਰਵਾਨ ਨਹੀਂ ਕਰ ਰਿਹਾ ਉਹ ਗੁਰੂ ਦੇ ਉਨ੍ਹਾਂ ਅਸੂਲਾਂ ਅਤੇ ਆਦੇਸ਼ਾਂ ਨੂੰ ਦੱਸਣ ਦਾ ਕਿਵੇਂ ਅਧਿਕਾਰੀ ਹੋ ਸਕਦਾ ਹੈ। ਕੀ ਉਹ ਅੰਮ੍ਰਿਤ ਅਤੇ ਰਹਿਤ ਬਾਰੇ ਕੀਤਰਨ ਕਰ ਸਕਦਾ ਹੈ?

ਇਸੇ ਤਰ੍ਹਾਂ ਜੋ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਤੋਂ ਮੁਨਕਰ ਹੋ ਦੇਹਧਾਰੀ ਨੂੰ ਗੁਰੂ ਮੰਨ ਰਹੇ ਹਨ ਉਨ੍ਹਾਂ ਬਾਰੇ ਪੰਥਕ ਨਿਰਣਾ ਹੈ। ਸ੍ਰੀ ਅਕਾਲ ਤਖਤ ਸਾਹਿਬ ਨੇ ਮਤੇ ਨੰਬਰ 13 ਰਾਹੀਂ 12 ਅਕਤੂਬਰ, 2000 ਨੂੰ ਆਦੇਸ਼ ਜਾਰੀ ਕੀਤਾ :

ਨਾਮਧਾਰੀਆਂ ਵਲੋਂ ਗੁਰੂ-ਅਸਥਾਨਾਂ ਵਿਚ ਗੁਰੂ ਹਜ਼ੂਰੀ ਵਿਚ ਕੀਰਤਨ ਕਰਨ ਬਾਰੇ ਪੰਜ ਸਿੰਘ ਸਾਹਿਬਾਨ ਵਲੋਂ ਨਿਰਣਾ ਲਿਆ ਜਾਂਦਾ ਹੈ ਕਿ ਜੋ ਵੀ ਵਿਅਕਤੀ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਨਹੀਂ ਮੰਨਦਾ ਤੇ ਉਹ ਕਿਸੇ ਹੋਰ ਦੇਹਧਾਰੀ ਗੁਰੂ ਅਤੇ ਦੇਵੀ ਦੇਵਤੇ 'ਤੇ ਵਿਸ਼ਵਾਸ ਕਰਦਾ ਹੈ, ਉਹ ਗੁਰਦੁਆਰਾ ਸਾਹਿਬ ਵਿਚ ਕੀਰਤਨ ਕਰਨ ਦਾ ਅਧਿਕਾਰੀ ਨਹੀਂ ਹੈ।

ਸੰਨ 1934 ਵਿਚ ਸਵਰਗੀ ਬਾਬਾ ਪਰਤਾਪ ਸਿੰਘ ਨਾਮਧਾਰੀ ਵਲੋਂ ਭੈਣ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਇਕ ਸਰਬ ਸਿੱਖ ਸੰਪਰਦਾਈ ਕਾਨਫਰੰਸ ਕੀਤੀ ਗਈ। ਉਸ ਵਿਚ ਸ੍ਰ. ਜੋਗਿੰਦਰ ਸਿੰਘ, ਮਾਸਟਰ ਤਾਰਾ ਸਿੰਘ, ਗਿ. ਸ਼ੇਰ ਸਿੰਘ ਆਦਿਕ ਮੁਖੀ ਸ਼ਾਮਲ ਹੋਏ। ਉਸ ਕਾਨਫਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ ਪ੍ਰੰਤੂ ਇਹ ਕੁਝ ਕਰਨ ਦੇ ਬਾਵਜੂਦ 'ਤੁਹਾਡਾ ਕਹਿਣਾ ਸਿਰ ਮੱਥੇ ਪਰ ਗੱਲ ਉਥੇ ਦੀ ਉਥੇ' ਵਾਲੀ ਗੱਲ ਹੋਈ। ਕੂਕਾ ਡੰਮ ਉਥੇ ਦਾ ਉਥੇ ਰਿਹਾ ਅਤੇ ਮੁੜ ਕੇ ਉਹੀ ਕੁਝ ਕਰਨ ਲੱਗੇ ਜੋ ਪਹਿਲਾਂ ਕਰਦੇ ਸਨ।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਦ ਗੁਰੂ, ਅਤਵਰ ਸਿੰਘ, ਪੰਨਾ ੫੮)

ਇਸ ਤਰ੍ਹਾਂ ਪਹਿਲਾਂ ਵੀ ਨਾਮਧਾਰੀ ਸੰਪ੍ਰਦਾ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਤੌਰ ਗੁਰੂ ਦੇ ਪੂਰਨ ਸਤਿਕਾਰ ਕਰਨ ਦਾ ਅਹਿਦ ਕੀਤਾ ਜਾ ਚੁੱਕਾ ਹੈ। ਲੋੜ ਹੈ ਇਸ ਅਮਲ ਨੂੰ ਮੁੜ ਦੁਹਰਾਉਂਦੇ ਹੋਏ ਪ੍ਰੇਰਨਾ ਦੇ ਕੇ ਇਨ੍ਹਾਂ ਨੂੰ ਪੰਥਕ ਸਫ਼ ਵਿਚ ਸ਼ਾਮਲ ਕਰਨ ਦੀ । ਹੋ ਸਕਦਾ ਹੈ ਇਹ ਗੱਲ ਸਿਰੇ ਚੜ੍ਹ ਜਾਏ।

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

**ਤਬਦੀਲੀ**

ਰਾਗ ਵਿਚ ਉਚਾਰਨ ਦੀ ਥਾਂ ਰਾਗਾਂ ਉਚਾਰਨ ਕੀਤਾ ਗਿਆ।

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ 'ਰਾਗ ਵਿਚ ਕੀਰਤਨ' ਲਿਖਿਆ




ਸੀ। ਹੁਣ ਇਸ ਦੀ ਥਾਵੇਂ 'ਰਾਗਾਂ ਵਿਚ ਕੀਰਤਨ' ਅੰਕਤ ਹੈ। ਕੀਰਤਨ ਕਿਸੇ ਇਕ ਰਾਗ ਵਿਚ ਜਾਂ ਕਈ ਰਾਗਾਂ ਜਿਨ੍ਹਾਂ ਨੂੰ ਰਾਗਾਂ ਦਾ ਗੁਲਦਸਤਾ ਕਿਹਾ ਜਾਂਦਾ ਹੈ, ਵਿਚ ਕੀਤਾ ਜਾਂਦਾ ਹੈ। ਇਸ ਲਈ ਇਥੇ ਰਾਗ ਦੀ ਬਜਾਏ ਰਾਗਾਂ ਸਹੀ ਜਾਪਦਾ ਹੈ।

**ਵਿਆਖਿਆ**

ਗੁਰਬਾਣੀ ਕੋਈ ਗ਼ਜ਼ਲ, ਕਵਿਤਾ ਜਾਂ ਕਵੀਸ਼ਰੀ ਨਹੀਂ ਹੈ। ਇਹ ਧੁਰ ਕੀ ਬਾਣੀ ਅਤੇ ਰੂਹ ਦੀ ਗਜ਼ਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖ਼ੁਦ ਬਾਣੀ ਦੀ ਅਰੰਭਤਾ ਵਿਚ ਹੀ ਸਬੰਧਤ ਰਾਗ ਦਾ ਉਲੇਖ ਕੀਤਾ ਹੈ। ਰਾਗ ਕੋਮਲ ਕਲਾ ਹੈ। ਗੁਰੂ ਸਾਹਿਬ ਨੇ ਇਸ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ। ਹਜ਼ੂਰ ਨੇ ਖ਼ੁਦ ਬਾਣੀ ਨੂੰ ਰਾਗਾਂ ਵਿਚ ਗਾਇਨ ਕੀਤਾ ਅਤੇ ਰਬਾਬੀਆਂ, ਕੀਰਤਨੀਆਂ ਨੂੰ ਵੀ ਇਸੇ ਤਰ੍ਹਾਂ ਕਰਨ ਦੀ ਬਖਸ਼ਿਸ਼ ਕੀਤੀ।

ਹਜ਼ੂਰ ਦੀ ਆਮਦ ਤੋਂ ਪਹਿਲਾਂ ਰਾਗ ਨੂੰ ਜਾਂ ਤਾਂ ਐਸ਼ੋ ਇਸ਼ਰਤ ਲਈ ਰਾਗ ਰੰਗ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਜਾਂ ਫਿਰ ਇਸ ਤੋਂ ਪੂਰੀ ਤਰ੍ਹਾਂ ਮੂੰਹ ਮੋੜ ਕੇ ਹਰਾਮ ਐਲਾਨ ਦਿੱਤਾ ਗਿਆ ਸੀ। ਔਰੰਗਜ਼ੇਬ ਵਲੋਂ ਸੰਗਤ ਦੇ ਜਨਾਜ਼ੇ ਨੂੰ ਡੂੰਘਾ ਦਫ਼ਨਾਏ ਜਾਣ ਦੀ ਵਾਰਤਾ ਜਗ ਮਸ਼ਹੂਰ ਹੈ। ਗੁਰੂ ਸਾਹਿਬ ਨੇ ਰਾਗ ਅਤੇ ਸ਼ਬਦ ਦੇ ਸੁਮੇਲ ਨੂੰ ਸਚਿਖੰਡ ਤੱਕ ਪਹੁੰਚਾ ਦਿੱਤਾ।

'ਸਿੱਖਾਂ ਦੀ ਪਵਤ ਮਾਲਾ' ਵਿਚ ਅੰਕਤ ਹੈ ਕਿ ਰਾਇ ਭੋਏਂ ਦੀ ਤਲਵੰਡੀ ਵਿਚ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਭਾਈ ਮਰਦਾਨਾ ਜੀ ਨਾਲ ਹੋਈ ਤੇ ਸਤਿਗੁਰ ਸੱਚੇ ਪਾਤਸ਼ਾਹ ਨੇ ਤਰੁੱਠ ਕੇ ਬਚਨ ਕੀਤੇ ਕਿ 'ਤੂੰ ਰਬਾਬ ਭਲੀ ਵਜਾਇੰਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਏਹ ਰਾਗ ਸ਼ਬਦ ਪਾਇਕੇ ਗਾਵੇਂ, ਤਾਂ ਅਸੀਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।' ਸਾਹਿਬਾਂ ਨੇ ਕੇਵਲ ਰਾਗ ਨਹੀਂ ਬਲਕਿ ਰਾਗ ਵਿਚ ਸ਼ਬਦ ਪਾ ਕੇ ਗਾਇਨ ਕਰਨ ਨੂੰ ਇਲਾਹੀ ਕੀਰਤਨ ਦਾ ਰੁਤਬਾ ਦਿੰਦਿਆਂ ਇਸ ਨੂੰ ਦੀਨ ਦੁਨੀ ਵਿਚ ਉਧਾਰ ਦਾ ਸਾਧਨ ਕਿਹਾ।

(ਚਲਦਾ)

# ਐਚ-1ਬੀ ਵੀਜ਼ਾ ਦੇ ਸਖ਼ਤ ਵਿਰੋਧ ਚ ਡੋਨਾਲਡ ਟਰੰਪ ਦੇ ਦੋਹਰੇ ਮਾਪਦੰਡ

ਨਿਊਯਾਰਕ (ਰਾਜ ਗੋਗਨਾ) : ਐਚ-1 ਬੀ ਵੀਜ਼ਾ 'ਤੇ ਡੋਨਾਲਡ ਟਰੰਪ ਦਾ ਦੋਹਰਾ ਮਾਪਦੰਡ ਸਾਹਮਣੇ ਆਇਆ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਐੱਚ-1ਬੀ ਵੀਜ਼ਾ ਅਤੇ ਸਥਾਨਕ ਵਰਕਰਾਂ ਦੀ ਦਿਲਚਸਪੀ ਦਾ ਮੁੱਦਾ ਉਠਿਆ ਹੈ। ਡੋਨਾਲਡ ਟਰੰਪ ਨੇ ਹਮੇਸ਼ਾ ਹੀ ਐੱਚ-1ਬੀ ਵੀਜ਼ਾ ਦਾ ਵਿਰੋਧ ਕੀਤਾ ਹੈ, ਪਰ ਉਸ ਵੱਲੋਂ ਸਥਾਪਿਤ ਕੀਤੀ ਕੰਪਨੀ ਨੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਨੌਕਰੀ 'ਤੇ ਰੱਖਣ ਲਈ ਅਰਜ਼ੀ ਦਿੱਤੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਕਿਸੇ ਕਾਰਨ ਅਰਜ਼ੀ ਵਾਪਸ ਲੈ ਲਈ ਹੈ। ਉਹੀ ਕੰਪਨੀ ਜਿਸ ਨੂੰ ਟਰੰਪ ਨੇ ਐੱਚ-1ਬੀ ਵੀਜ਼ਾ ਤਹਿਤ ਕਾਮਿਆਂ ਨੂੰ ਨਿਯੁਕਤ ਕਰਨ ਲਈ ਪ੍ਰਮੋਟ ਕੀਤਾ ਹੈ। ਟਰੰਪ ਨੇ ਇਹ ਦਿਖਾਵਾ ਕਰਨ ਲਈ ਪ੍ਰਚਾਰ ਕੀਤਾ ਕਿ ਉਹ ਅਮਰੀਕਾ ਦੇ ਹਿੱਤਾਂ ਦੀ ਰੱਖਿਆ ਕਰਨਾ ਚਾਹੁੰਦਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਇੱਕ ਸਿਆਸਤਦਾਨ ਅਤੇ ਵਪਾਰੀ ਦੇ ਰੂਪ ਵਿੱਚ ਇੱਕ ਵੱਖਰਾ ਵਿਅਕਤੀ ਹੈ। ਡੋਨਾਲਡ ਟਰੰਪ ਦਾ ਐੱਚ-1ਬੀ ਵੀਜ਼ਾ ਮੁੱਦੇ 'ਤੇ ਨਕਾਰਾਤਮਕ ਰੁਖ ਹੈ।

**ਐੱਚ-1ਬੀ ਵੀਜ਼ਾ 'ਤੇ ਡੋਨਾਲਡ ਟਰੰਪ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਐੱਚ-1ਬੀ ਵੀਜ਼ਾ ਦੇ ਕੱਟੜ ਵਿਰੋਧੀ ਹਨ। ਉਸ ਨੇ ਹਮੇਸ਼ਾ ਕਿਹਾ ਹੈ ਕਿ ਐੱਚ-1ਬੀ ਵੀਜ਼ਾ ਨੇ ਬਾਹਰਲੇ ਲੋਕਾਂ ਨੂੰ ਫਸਾਇਆ ਹੈ ਅਤੇ ਅਮਰੀਕਾ ਨੂੰ ਨੁਕਸਾਨ ਪਹੁੰਚਾਇਆ ਹੈ। ਪਰ ਟਰੰਪ ਦੇ ਇਸ ਵੀਜ਼ਾ ਮੁੱਦੇ 'ਤੇ ਦੋਹਰੇ ਮਾਪਦੰਡ ਜਾਪਦੇ ਹਨ। ਕਿਉਂਕਿ ਟਰੰਪ ਜਿਸ ਸੋਸ਼ਲ ਮੀਡੀਆ ਕੰਪਨੀ ਦਾ ਪ੍ਰਚਾਰ ਕਰਦੇ ਹਨ, ਉਹੀ ਹੈ ਜਿਸ ਨੇ ਐਚ-1ਬੀ ਵੀਜ਼ਾ ਤਹਿਤ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਅਪਲਾਈ ਕੀਤਾ ਸੀ। ਟਰੰਪ ਨੇ ਟਰੂਥ ਸੋਸ਼ਲ ਨਾਂ ਦੀ ਇੱਕ ਕੰਪਨੀ ਦੀ ਸਥਾਪਨਾ ਕੀਤੀ, ਜਿਸ ਨੇ ਬਿਜ਼ਨਸ ਵੀਜ਼ਾ ਪ੍ਰੋਗਰਾਮ ਲਈ ਅਪਲਾਈ ਕੀਤਾ। ਟਰੂਥ ਸੋਸ਼ਲ ਨੂੰ ਪਤਾ ਲੱਗਾ ਹੈ ਕਿ ਉਸਨੇ 65,000 ਡਾਲਰ ਦੀ ਸਾਲਾਨਾ ਤਨਖਾਹ ਦੇ ਨਾਲ ਇੱਕ ਐੱਚ-1ਬੀ ਵੀਜ਼ਾ ਵਰਕਰ ਲਈ ਅਰਜ਼ੀ ਦਿੱਤੀ ਸੀ। ਕੁਝ ਮਹੀਨਿਆਂ ਬਾਅਦ, ਅਰਜ਼ੀ ਮਨਜ਼ੂਰ ਹੋ ਗਈ। ਹੁਣ ਕੰਪਨੀ ਦਾ ਕਹਿਣਾ ਹੈ ਕਿ ਉਸ ਨੇ ਉਸ ਕਰਮਚਾਰੀ ਨੂੰ ਨੌਕਰੀ 'ਤੇ ਨਹੀਂ ਰੱਖਿਆ। ਉਨ੍ਹਾਂ ਦੀ ਕੰਪਨੀ ਨੇ ਉਸੇ ਪ੍ਰਣਾਲੀ ਲਈ ਅਰਜ਼ੀ ਦਿੱਤੀ ਹੈ ਜਿਸਦਾ ਟਰੰਪ ਨੇ ਰਾਸ਼ਟਰਪਤੀ ਹੁੰਦਿਆਂ ਵਿਰੋਧ ਕੀਤਾ ਸੀ।

ਟਰੰਪ ਨੇ ਇਹ ਦਿਖਾਵਾ ਕਰਨ ਲਈ ਪ੍ਰਚਾਰ ਕੀਤਾ ਕਿ ਉਹ ਅਮਰੀਕਾ ਦੇ ਹਿੱਤਾਂ ਦੀ ਰੱਖਿਆ ਕਰਨਾ ਚਾਹੁੰਦਾ ਹੈ। ਉਹ ਅਮਰੀਕੀਆਂ ਨੂੰ ਨੌਕਰੀਆਂ ਦੇਣ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਗੱਲ ਕਰਦੇ ਹਨ। ਪਰ ਉਨ੍ਹਾਂ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਇੱਕ ਸਿਆਸਤਦਾਨ ਅਤੇ ਵਪਾਰੀ ਦੇ ਰੂਪ ਵਿੱਚ ਇੱਕ ਵੱਖਰਾ ਵਿਅਕਤੀ ਹੈ। ਇੱਕ ਸਿਆਸਤਦਾਨ



ਵਜੋਂ ਉਹ ਜਿਸ ਗੱਲ ਦਾ ਵਿਰੋਧ ਕਰਦਾ ਹੈ, ਉਹ ਇੱਕ ਵਪਾਰੀ ਵਜੋਂ ਸਮਰਥਨ ਕਰਦਾ ਹੈ। ਐੱਚ-1ਬੀ ਵੀਜ਼ਾ ਨਾਲ ਵੀ ਅਜਿਹਾ ਹੀ ਹੋਇਆ ਹੈ। ਜੇਕਰ ਅਜਿਹਾ ਹੈ ਤਾਂ ਹੋਰ ਵੀ ਕਈ ਵੇਰਵੇ ਸਾਹਮਣੇ ਆਏ ਹਨ। ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਟਰੰਪ ਦੇ ਜਵਾਈ ਅਤੇ ਵ੍ਹਾਈਟ ਹਾਊਸ ਦੇ ਸਲਾਹਕਾਰ ਜੇਰੇਡ ਕੁਸ਼ਨਰ ਦੁਆਰਾ ਸਥਾਪਿਤ ਇੱਕ ਨਿਵੇਸ਼ ਕੰਪਨੀ ਨੇ ਵੀ ਐੱਚ-1ਬੀ ਵੀਜ਼ਾ 'ਤੇ ਬਾਹਰੋਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਲਈ ਅਰਜ਼ੀ ਦਿੱਤੀ ਹੈ।

ਟਰੰਪ ਦੇ ਮੀਡੀਆ ਅਤੇ ਪ੍ਰਬੰਧਨ ਸਮੂਹ ਨੇ ਆਪਣੇ ਬਚਾਅ 'ਚ ਕਿਹਾ ਹੈ ਕਿ ਐੱਚ-1ਬੀ ਵੀਜ਼ਾ 'ਤੇ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦਾ ਫ਼ੈਸਲਾ ਮੌਜੂਦਾ ਪ੍ਰਸ਼ਾਸਨ ਨੇ ਨਹੀਂ, ਪਿਛਲੇ ਪ੍ਰਸ਼ਾਸਨ ਨੇ ਕੀਤਾ ਸੀ। ਦਰਅਸਲ ਕੰਪਨੀ ਨੇ ਇਸ ਵੀਜ਼ੇ ਤਹਿਤ ਕਦੇ ਕਿਸੇ ਨੂੰ ਨੌਕਰੀ 'ਤੇ ਨਹੀਂ ਰੱਖਿਆ ਹੈ। ਹੁਣ ਵੀ ਉਹ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਕਿਸੇ ਨੂੰ ਨੌਕਰੀ 'ਤੇ ਨਹੀਂ ਰੱਖਣਾ ਚਾਹੁੰਦੇ ਹਨ। ਜਦੋਂ ਸਾਨੂੰ ਪਤਾ ਲੱਗਾ ਕਿ ਪਿਛਲੇ ਪ੍ਰਬੰਧਕਾਂ ਨੇ ਅਜਿਹੀ ਅਰਜ਼ੀ ਦਿੱਤੀ ਸੀ, ਤਾਂ ਅਰਜ਼ੀ ਤੁਰੰਤ ਰੱਦ ਕਰ ਦਿੱਤੀ ਗਈ। ਜਦੋਂ ਕੋਈ ਅਮਰੀਕੀ ਕੰਪਨੀ 8-12 ਵੀਜ਼ਾ ਲਈ ਪਟੀਸ਼ਨ ਪਾਉਂਦੀ ਹੈ, ਤਾਂ ਇਸਦੀ ਕੀਮਤ ਪ੍ਰਤੀ ਕਰਮਚਾਰੀ 5,000 ਹਜ਼ਾਰ ਡਾਲਰ ਹੁੰਦੀ ਹੈ। ਇਸ ਲਈ ਕੰਪਨੀਆਂ ਆਪਣੀ ਅਰਜ਼ੀ ਮਨਜ਼ੂਰ ਹੋਣ ਤੋਂ ਬਾਅਦ ਵੀ ਅਰਜ਼ੀ ਵਾਪਸ ਲੈ ਲੈਂਦੀਆਂ ਹਨ। ਇਸ ਮਾਮਲੇ 'ਚ ਅਜਿਹਾ ਕੋਈ ਸਬੂਤ ਨਹੀਂ ਹੈ ਜਿਸ ਨਾਲ ਇਹ ਸਾਬਤ ਹੋ ਸਕੇ ਕਿ ਟਰੰਪ ਦੀ ਕੰਪਨੀ ਨੇ ਅਰਜ਼ੀ ਵਾਪਸ ਲਈ ਸੀ ਜਾਂ ਨਹੀਂ।

ਅਮਰੀਕਾ ਵਿਚ ਗੂਗਲ, ਮਾਈਕ੍ਰੋਸਾਫਟ, ਫੇਸਬੁੱਕ ਸਮੇਤ ਚੋਟੀ ਦੀਆਂ ਟੈਕਨਾਲੋਜੀ ਕੰਪਨੀਆਂ ਐੱਚ-1ਬੀ ਵੀਜ਼ਾ ਤਹਿਤ ਹਜ਼ਾਰਾਂ ਲੋਕਾਂ ਨੂੰ ਨੌਕਰੀ 'ਤੇ ਰੱਖਦੀਆਂ ਹਨ। ਇਸ ਵੀਜ਼ੇ ਨੂੰ ਅਮਰੀਕਾ ਨੇ ਟੈਕਨਾਲੋਜੀ ਦੀ ਦੁਨੀਆ ਵਿਚ ਜੋ ਉਭਾਰ ਦਿੱਤਾ ਹੈ, ਉਸ ਦਾ ਸਿਹਰਾ ਜਾਂਦਾ ਹੈ। ਟਰੰਪ ਇਸ ਵੀਜ਼ੇ ਦੀ ਵਰਤੋਂ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਕਰ ਚੁੱਕੇ ਹਨ। ਹਾਲਾਂਕਿ ਉਹ ਆਪਣੇ ਹੋਟਲਾਂ ਅਤੇ ਰਿਜ਼ੋਰਟਾਂ ਲਈ ਬਾਹਰੋਂ ਮਜ਼ਦੂਰ ਲਿਆਉਂਦੇ ਸਨ। ਇਸ ਤੋਂ ਇਲਾਵਾ ਇਹ ਸਭ ਜਾਣਦੇ ਹਨ ਕਿ ਟਰੰਪ ਪ੍ਰਵਾਸੀਆਂ ਨੂੰ ਪਸੰਦ ਨਹੀਂ ਕਰਦੇ ਹਨ। ਟਰੰਪ ਮੈਕਸੀਕੋ ਦੀ ਸਰਹੱਦ ਪਾਰ ਕਰ ਕੇ ਅਮਰੀਕਾ ਵਿਚ ਆਉਣ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਬਿਆਨ ਦੇਣ ਲਈ ਜਾਣੇ ਜਾਂਦੇ ਹਨ। ਉਸ ਨੇ ਨਾ ਸਿਰਫ ਗੈਰ-ਕਾਨੂੰਨੀ ਸਗੋਂ ਕਾਨੂੰਨੀ ਪਰਵਾਸ ਖ਼ਿਲਾਫ਼ ਵੀ ਕਾਰਵਾਈ ਕੀਤੀ ਹੈ। ਜਦੋਂ ਉਹ ਰਾਸ਼ਟਰਪਤੀ ਸੀ, ਉਸਨੇ ਪਰਿਵਾਰ ਅਧਾਰਤ ਵੀਜ਼ਾ ਅਤੇ ਵੀਜ਼ਾ ਲਾਟਰੀ ਪ੍ਰੋਗਰਾਮਾਂ 'ਤੇ ਕਈ ਪਾਬੰਦੀਆਂ ਲਗਾਈਆਂ। 2016 ਵਿੱਚ ਇੱਕ ਪ੍ਰਾਇਮਰੀ ਬਹਿਸ ਦੌਰਾਨ, ਟਰੰਪ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਵੀਜ਼ਾ ਅਮਰੀਕੀ ਕਰਮਚਾਰੀਆਂ ਲਈ ਬੇਹੱਦ ਨੁਕਸਾਨਦੇਹ ਸੀ। ਰਾਸ਼ਟਰਪਤੀ ਬਣਨ ਤੋਂ ਬਾਅਦ, ਉਸਨੇ ਅਮਰੀਕੀ ਖਰੀਦੋ, ਅਮਰੀਕੀ ਕਿਰਾਏ 'ਤੇ ਲਓ ਦਾ ਨਾਅਰਾ ਦਿੱਤਾ। ਇਸ ਅਨੁਸਾਰ ਅਮਰੀਕੀਆਂ ਨੂੰ ਉਸ ਕੰਮ ਲਈ ਨੌਕਰੀ 'ਤੇ ਰੱਖਿਆ ਜਾਣਾ ਸੀ ਜਿਸ ਲਈ ਇੱਕ ਅਮਰੀਕੀ ਕਰਮਚਾਰੀ ਉਪਲਬਧ ਸੀ ਅਤੇ ਕਰਮਚਾਰੀ ਨੂੰ ਸਿਰਫ ਇੱਕ ਬਹੁਤ ਹੀ ਵਿਸ਼ੇਸ਼ ਸ਼੍ਰੇਣੀ ਵਿੱਚ ਐੱਚ-1ਬੀ ਵੀਜ਼ਾ 'ਤੇ ਨਿਯੁਕਤ ਕੀਤਾ ਜਾਣਾ ਸੀ। ਜਦੋਂ ਅਮਰੀਕਾ ਵਿੱਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਵਿਰੋਧ ਹੁੰਦਾ ਹੈ, ਤਾਂ ਵਿਰੋਧ ਜ਼ਿਆਦਾਤਰ ਵਿਦੇਸ਼ੀ ਕਾਮਿਆਂ ਨੂੰ ਮਿਲਣ ਵਾਲੀ ਘੱਟ ਤਨਖਾਹ ਨਾਲ ਸਬੰਧਤ ਹੁੰਦਾ ਹੈ। ਕਿਉਂਕਿ ਕੰਪਨੀਆਂ ਅਕਸਰ ਖਰਚੇ ਬਚਾਉਣ ਲਈ ਐੱਚ-1ਬੀ ਵੀਜ਼ਾ ਦੀ ਵਰਤੋਂ ਕਰਦੀਆਂ ਹਨ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਭਾਜਪਾ ਐਸਸੀ ਮੋਰਚਾ ਦਾ ਮੀਤ ਪ੍ਰਧਾਨ 'ਆਪ' 'ਚ ਸ਼ਾਮਲ

## ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਇਆ ਸਮਾਗਮ; ਆਮ ਆਦਮੀ ਪਾਰਟੀ ਜਲੰਧਰ ਵਿੱਚ ਹੋਈ ਮਜ਼ਬੂਤ



ਚੰਡੀਗੜ੍ਹ : ਇੱਥੇ ਅੱਜ ਭਾਜਪਾ ਐੱਸਸੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਰੌਬਿਨ ਸਾਂਪਲਾ ਨੇ ਭਾਜਪਾ ਨੂੰ ਅਲਵਿਦਾ ਕਹਿ ਕੇ 'ਆਪ' ਦਾ ਪੱਲਾ ਫੜ ਲਿਆ। ਉਨ੍ਹਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਆਪਣੀ ਰਿਹਾਇਸ਼ 'ਤੇ ਸਨਮਾਨ ਕੀਤਾ। ਰੌਬਿਨ ਸਾਂਪਲਾ ਜਲੰਧਰ ਦੇ ਨੌਜਵਾਨਾਂ ਵਿੱਚ ਚੰਗੀ ਪੈਂਠ ਰੱਖਦੇ ਹਨ। ਇਸ ਲਈ 'ਆਪ' ਆਗੂਆਂ ਦਾ ਦਾਅਵਾ ਹੈ ਕਿ ਰੌਬਿਨ ਸਾਂਪਲਾ ਦੇ 'ਆਪ' ਵਿੱਚ ਸ਼ਾਮਲ ਹੋਣ ਨਾਲ 'ਆਪ' ਜਲੰਧਰ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹੋਰ ਮਜ਼ਬੂਤ ਹੋ ਗਈ ਹੈ।

ਇਸ ਦੌਰਾਨ ਰੌਬਿਨ ਸਾਂਪਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ ਜੋ ਆਪਣੇ ਵਰਕਰਾਂ ਅਤੇ ਵਾਲੰਟੀਅਰਾਂ ਨਾਲ ਡੱਟ ਕੇ ਖੜ੍ਹਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜੋ ਸਿਰਫ਼ ਭ੍ਰਿਸ਼ਟ ਆਗੂਆਂ ਦੀ ਪਾਰਟੀ ਹੈ, ਉਸ ਵਿੱਚ ਉਨ੍ਹਾਂ ਦੀ ਕੋਈ ਕਦਰ ਨਹੀਂ ਹੈ।

# ਕਰਮਜੀਤ ਅਨਮੋਲ ਦੀ ਚੋਣ ਮੁਹਿੰਮ 'ਚ ਲੱਗੀਆਂ ਸੁਰਾਂ



ਮੋਗਾ : ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਦਾਕਾਰ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਨੂੰ ਫ਼ਿਲਮੀ ਸਿਤਾਰਿਆਂ ਨੇ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਉਨ੍ਹਾਂ ਦੇ ਹੱਕ ਵਿਚ ਹਰਬੀ ਸੰਘਾ, ਸੋਨੀਆ ਮਾਨ ਤੇ ਬੀਨੂ ਢਿੱਲੋਂ ਡੱਟ ਗਏ ਹਨ। ਫ਼ਰੀਦਕੋਟ ਰਾਖਵਾਂ ਹਲਕੇ ਤੋਂ 'ਆਪ' ਵੱਲੋਂ ਕਲਾਕਾਰ ਕਰਮਜੀਤ ਅਨਮੋਲ ਤੇ ਭਾਜਪਾ ਵੱਲੋਂ ਕਲਾਕਾਰ ਹੰਸ ਰਾਜ ਹੰਸ ਦੇ ਚੋਣ ਮੈਦਾਨ ਵਿਚ ਉਤਾਰਨ ਨਾਲ ਇਹ ਨਵੀਂ ਪਿਰਤ ਨਾ ਸਿਰਫ਼ ਚੋਣ ਮੁਹਿੰਮ ਨੂੰ ਇੱਕ ਨਵਾਂ ਰੰਗ ਦੇ ਰਹੀ ਹੈ, ਸਗੋਂ ਰਵਾਇਤੀ ਪਾਰਟੀਆਂ ਦੇ ਸਥਾਨਕ ਉਮੀਦਵਾਰਾਂ ਅਤੇ ਵੋਟਰਾਂ ਲਈ ਵੀ ਇੱਕ ਵੱਖਰੀ ਚੁਣੌਤੀ ਪੇਸ਼ ਕਰ ਰਹੀ ਹੈ।

'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਅੱਜ ਆਪਣੇ ਸਾਥੀ ਕਲਾਕਾਰ ਬੀਨੂ ਢਿੱਲੋਂ ਨਾਲ ਅਜੀਤਵਾਲ 'ਚ ਰੋਡ ਸ਼ੋਅ ਕੀਤਾ। ਬਾਘਾਪੁਰਾਣਾ ਵਿੱਚ ਕਰਮਜੀਤ ਅਨਮੋਲ ਤੇ ਬੀਨੂ ਢਿੱਲੋਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ ਉੱਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਅਦਾਕਾਰ ਬੀਨੂ ਢਿੱਲੋਂ ਨੇ ਕਰਮਜੀਤ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਭਗਵੰਤ ਮਾਨ ਵਾਂਗ ਹੀ ਪੰਜਾਬ ਦੇ ਹੱਕਾਂ ਲਈ ਗਰਜੇਗਾ। ਇਸ ਮੌਕੇ ਕਰਮਜੀਤ ਅਨਮੋਲ ਨੇ ਕਿਹਾ ਕਿ ਅਤਿ ਦੀ ਮਹਿੰਗਾਈ ਅਤੇ ਭਾਜਪਾ ਦੀ ਤਾਨਾਸ਼ਾਹੀ ਤੋਂ ਨਿਜਾਤ ਪਾਉਣ ਲਈ ਲੋਕ ਵੋਟ ਦੇ ਅਧਿਕਾਰ ਨੂੰ ਹਥਿਆਰ ਬਣਾ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੋਰ ਤਕੜਾ ਕਰਨ।

# ਪ੍ਰਧਾਨ ਮੰਤਰੀ ਦਫ਼ਤਰ ਤੋਂ ਚੱਲ ਰਹੀਆਂ ਨੇ ਕੇਂਦਰੀ ਏਜੰਸੀਆਂ: ਧਾਲੀਵਾਲ



ਅੰਮ੍ਰਿਤਸਰ : ਆਮ ਆਦਮੀ ਪਾਰਟੀ ਦੇ ਉਮੀਦਵਾਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਸੀਬੀਆਈ ਅਤੇ ਈਡੀ ਵਰਗੀਆਂ ਕੇਂਦਰੀ ਏਜੰਸੀਆਂ ਆਪਣੇ ਦਫ਼ਤਰਾਂ ਤੋਂ ਨਹੀਂ, ਸਗੋਂ ਪ੍ਰਧਾਨ ਮੰਤਰੀ ਦਫ਼ਤਰ ਤੋਂ ਮਿਲ ਰਹੇ ਨਿਰਦੇਸ਼ਾਂ ਨਾਲ ਚੱਲ ਰਹੀਆਂ ਹਨ। ਉਹ ਅੱਜ ਵਿਧਾਨ ਸਭਾ ਹਲਕਾ ਪੂਰਬੀ ਤੋਂ ਵਿਧਾਇਕਾ ਜੀਵਨਜੋਤ ਕੌਰ ਦੀ ਅਗਵਾਈ ਵਿੱਚ ਕਰਵਾਈਆਂ ਗਈਆਂ ਨੁੱਕੜ ਮੀਟਿੰਗਾਂ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਥੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਆਪਣੀ 10 ਸਾਲ ਦੀ ਨਾਕਾਮੀ ਨੂੰ ਲੁਕਾਉਣ ਲਈ ਵਿਰੋਧੀ ਧਿਰਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਤੇ ਦਬਾਉਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪੈਰਾਸ਼ੂਟ ਉਮੀਦਵਾਰ ਕੋਲ ਅੰਮ੍ਰਿਤਸਰ ਲਈ ਕੋਈ ਵਿਜ਼ਨ ਨਹੀਂ ਹੈ।

# ਲੋਕ ਸਭਾ ਚੋਣਾਂ: ਆਮ ਆਦਮੀ ਪਾਰਟੀ ਨੂੰ ਵੱਡਾ ਹੁਲਾਰਾ

## ਕਾਂਗਰਸ, ਭਾਜਪਾ ਤੇ ਅਕਾਲੀ ਦਲ ਦੇ ਆਗੂ 'ਆਪ' 'ਚ ਸ਼ਾਮਲ; ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਦਾ ਪਾਰਟੀ ਵਿੱਚ ਕੀਤਾ ਸਵਾਗਤ



ਚੰਡੀਗੜ੍ਹ : ਲੋਕ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਦੇ ਕਈ ਵੱਡੇ ਆਗੂਆਂ ਨੇ ਆਪਣੀਆਂ ਪਾਰਟੀਆਂ ਛੱਡ ਕੇ 'ਆਪ' ਦਾ ਪੱਲਾ ਫੜ ਲਿਆ ਹੈ। ਇਸ ਮੌਕੇ ਆਲ ਇੰਡੀਆ ਮਜ਼ ?ਹਬੀ ਸਿੱਖ ਵੈੱਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਰਣਧੀਰ ਸਿੰਘ ਥਰਾਜ, ਸਰਪੰਚ ਪਰਮਜੀਤ ਕੌਰ ਧਾਲੀਵਾਲ ਅਤੇ ਹਰਿੰਦਰ ਸਿੰਘ ਭਾਟੀਆ, ਕਾਂਗਰਸ ਤੋਂ ਕੌਂਸਲਰ ਪਰਮਜੀਤ ਸਿੰਘ ਕੈਂਥ ਅਤੇ ਬਲਵਿੰਦਰ ਸਿੰਘ ਵੀ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚੰਡੀਗੜ੍ਹ ਵਿੱਚ ਆਪਣੀ ਰਿਹਾਇਸ਼ 'ਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ।

ਇਸ ਮੌਕੇ ਭਾਜਪਾ ਐੱਸਸੀ ਮੋਰਚਾ ਦੇ ਕੌਮੀ ਸਕੱਤਰ ਸੰਤੋਖ ਸਿੰਘ ਗੁਮਟਾਲਾ, ਭਾਜਪਾ ਐੱਸਸੀ ਮੋਰਚਾ ਦੇ ਸਵਿੰਦਰ ਸਿੰਘ ਛੱਜਲਵੱਡੀ, ਕਾਰਜਕਾਰਨੀ ਮੈਂਬਰ ਮੰਗਾ ਸਿੰਘ ਮਾਲ੍ਹਾ, ਐੱਸਸੀ ਮੋਰਚੇ ਦਾ ਆਗੂ ਰਣਜੀਤ ਸਿੰਘ ਨੱਥੂਚੱਕ, ਕੁਲਦੀਪ ਸਿੰਘ ਪਿਲੋਵਾਲ ਅਤੇ ਸੇਵਾਮੁਕਤ ਸਹਾਇਕ ਇੰਸਪੈਕਟਰ ਜਨਰਲ ਆਫ਼ ਪੁਲੀਸ ਰਣਧੀਰ ਸਿੰਘ ਉੱਪਲ ਨੇ ਵੀ 'ਆਪ' ਦਾ ਪੱਲਾ ਫੜ ਲਿਆ ਹੈ। ਇਸੇ ਦੌਰਾਨ ਨਗਰ ਕੌਂਸਲ ਜੰਡਿਆਲਾ ਗੁਰੂ ਦੇ ਪ੍ਰਧਾਨ ਸੰਜੀਵ ਕੁਮਾਰ ਲਵਲੀ, ਮੀਤ ਪ੍ਰਧਾਨ ਰਣਧੀਰ ਸਿੰਘ ਧੀਰਾ ਅਤੇ ਕੌਂਸਲਰ ਆਸ਼ੂ ਵਿਨਾਇਕ ਕਾਂਗਰਸ ਛੱਡ ਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਅਗਵਾਈ ਵਿੱਚ 'ਆਪ' ਵਿੱਚ ਸ਼ਾਮਲ ਹੋ ਗਏ। ਸ੍ਰੀ ਮਾਨ ਨੇ ਸਾਰੇ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਸਾਰੇ ਆਗੂਆਂ ਵੱਲੋਂ 'ਆਪ' ਨੂੰ ਦਿੱਤੇ ਸਮਰਥਨ ਦੀ ਸ਼ਲਾਘਾ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਜੰਡਿਆਲਾ ਗੁਰੂ ਨਗਰ ਕੌਂਸਲ ਦੇ ਸਹਿਯੋਗ ਨਾਲ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ 'ਆਪ' ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ 2 ਸਾਲਾਂ ਵਿੱਚ ਬੇਮਿਸਾਲ ਕੰਮ ਕੀਤੇ ਹਨ ਅਤੇ ਲੋਕ ਸਭਾ ਤੋਂ ਪਹਿਲਾਂ ਹੀ ਲੋਕ ਵੱਡੀ ਗਿਣਤੀ ਵਿੱਚ 'ਆਪ' ਦੇ ਪਰਿਵਾਰ ਵਿੱਚ ਸ਼ਾਮਲ ਹੋ ਰਹੇ ਹਨ, ਜਿਸ ਦਾ ਮਤਲਬ ਹੈ ਕਿ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਨੂੰ 2022 ਦੀ ਤਰ੍ਹਾਂ ਇਸ ਵਾਰ ਵੀ ਭਾਰੀ ਵੋਟਾਂ ਨਾਲ 13 ਦੀਆਂ 13 ਸੀਟਾਂ 'ਤੇ ਜਿਤਾਵੇਗੀ।

# ਕੇਜਰੀਵਾਲ ਖ਼ਿਲਾਫ਼ ਰਚੀ ਜਾ ਰਹੀ ਸਾਜ਼ਿਸ਼, ਜੇਲ੍ਹ 'ਚ ਕੁਝ ਵੀ ਹੋ ਸਕਦਾ ਹੈ : ਸੰਜੇ ਸਿੰਘ



ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਸ਼ੁੱਕਰਵਾਰ ਨੂੰ ਆਪਣੀ ਪਾਰਟੀ ਦਾ ਇਹ ਦੋਸ਼ ਮੁੜ ਦੋਹਰਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਜੇਲ੍ਹ 'ਚ ਉਨ੍ਹਾਂ ਨਾਲ ਕੁਝ ਵੀ ਹੋ ਸਕਦਾ ਹੈ। ਇੱਥੇ ਇਕ ਪੱਤਰਕਾਰ ਸੰਮੇਲਨ 'ਚ ਸੰਜੇ ਸਿੰਘ ਨੇ ਦੋਸ਼ ਲਗਾਇਆ ਕਿ ਭਾਜਪਾ 'ਤੰਤਰ' ਕਿਸੇ ਦਾ ਕਤਲ ਕਰਨ ਦੇ ਪੱਧਰ ਤੱਕ ਡਿੱਗ ਸਕਦਾ ਹੈ। ਸੰਜੇ ਸਿੰਘ ਦੇ ਦੋਸ਼ਾਂ 'ਤੇ ਭਾਜਪਾ ਨੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਰਾਜ ਸਭਾ ਸੰਸਦ ਮੈਂਬਰ ਨੇ ਕੇਜਰੀਵਾਲ ਦੀ ਬੀਮਾਰੀ ਦਾ 'ਮਜ਼ਾਕ ਉਡਾਉਣ' ਲਈ ਭਾਜਪਾ ਨੇਤਾਵਾਂ ਦੀ ਆਲੋਚਨਾ ਕੀਤੀ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਬਾਰੇ ਮੀਡੀਆ ਦੇ ਮਾਧਿਅਮ ਨਾਲ 'ਭਰਮ ਫੈਲਾਉਣ ਵਾਲੀਆਂ ਖ਼ਬਰਾਂ' ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਸਵਾਲ ਕੀਤਾ, "ਜੇਕਰ ਜੇਲ੍ਹ ਦੇ ਨਿਯਮਾਂ ਅਨੁਸਾਰ ਕਿਸੇ ਕੈਦੀ ਦੀਆਂ ਸਿਹਤ ਸੰਬੰਧੀ ਜਾਣਕਾਰੀਆਂ ਸਾਂਝੀਆਂ ਕਰਨ ਦੀ ਮਨਜ਼ੂਰੀ ਨਹੀਂ ਹੁੰਦੀ ਹੈ ਤਾਂ ਈ.ਡੀ. ਨੇ ਮੀਡੀਆ 'ਚ ਕੇਜਰੀਵਾਲ ਦਾ ਫਰਜ਼ੀ ਆਹਾਰ ਚਾਰਟ ਕਿਉਂ ਸਾਂਝਾ ਕੀਤਾ ?"

ਸੰਜੇ ਸਿੰਘ ਦੇ ਦੋਸ਼ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਕੇਜਰੀਵਾਲ ਨਾ ਤਾਂ ਟੁੱਟਣਗੇ ਅਤੇ ਨਾ ਹੀ ਝੁਕਣਗੇ। ਦਿੱਲੀ ਦੀ ਕੈਬਨਿਟ ਮੰਤਰੀ ਆਤਿਸ਼ੀ ਨੇ ਵੀਰਵਾਰ ਨੂੰ ਇਹ ਦੋਸ਼ ਲਗਾਇਆ ਸੀ ਕਿ ਮੁੱਖ ਮੰਤਰੀ ਕੇਜਰੀਵਾਲ ਨੂੰ ਜੇਲ੍ਹ 'ਚ ਘਰ ਦੇ ਬਣੇ ਭੋਜਨ ਅਤੇ ਇੰਸੁਲਿਨ ਤੋਂ ਵਾਂਝੇ ਕਰ ਕੇ ਮਾਰਨ ਦੀ ਸਾਜਿਸ਼ ਰਚੀ ਜਾ ਰਹੀ ਹੈ ਪਰ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਦੇ ਇਸ ਦੋਸ਼ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਈ.ਡੀ. ਨੇ ਦਿੱਲੀ ਆਬਕਾਰੀ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ।

# ਕੇਜਰੀਵਾਲ ਨੂੰ ਤਿਹਾੜ ਜੇਲ੍ਹ 'ਚ ਮਿਲੀ ਇਨਸੁਲਿਨ ਦੀ ਖ਼ੁਰਾਕ

## ਕੇਜਰੀਵਾਲ ਤੇ ਕਵਿਤਾ ਦੀ ਨਿਆਂਇਕ ਹਿਰਾਸਤ 7 ਮਈ ਤੱਕ ਵਧਾਈ





ਨਵੀਂ ਦਿੱਲੀ : ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਤਿਹਾੜ ਜੇਲ੍ਹ 'ਚ ਨਿਆਂਇਕ ਹਿਰਾਸਤ ਤਹਿਤ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦੀ ਸ਼ੂਗਰ ਦਾ ਪੱਧਰ ਵਧਣ ਮਗਰੋਂ ਇਨਸੁਲਿਨ ਦੀ 'ਹਲਕੀ ਡੋਜ਼' ਦਿੱਤੀ ਗਈ ਹੈ। ਉਧਰ 'ਆਪ' ਨੇ ਕਿਹਾ ਕਿ ਇਹ ਸਭ ਭਗਵਾਨ ਰਾਮ ਦੇ ਆਸ਼ੀਰਵਾਦ ਕਰਕੇ ਸੰਭਵ ਹੋਇਆ ਹੈ ਕਿਉਂਕਿ ਅੱਜ ਹਨੂਮਾਨ ਜੈਅੰਤੀ ਹੈ।

ਤਿਹਾੜ ਜੇਲ੍ਹ ਦੇ ਅਧਿਕਾਰੀਆਂ ਮੁਤਾਬਕ ਕੇਜਰੀਵਾਲ ਨੂੰ ਸੋਮਵਾਰ ਸ਼ਾਮ ਨੂੰ ਏਮਜ਼ ਦੇ ਡਾਕਟਰਾਂ ਦੀ ਸਲਾਹ 'ਤੇ ਇਨਸੁਲਿਨ ਦੀ ਹਲਕੀ ਡੋਜ਼ ਦੇ ਦੋ ਯੂਨਿਟ ਦਿੱਤੇ ਗਏ ਸਨ। ਅਧਿਕਾਰੀ ਨੇ ਕਿਹਾ ਕਿ ਮੁੱਖ ਮੰਤਰੀ ਦਾ ਬਲੱਡ ਸ਼ੂਗਰ ਲੈਵਲ ਰਾਤ ਸੱਤ ਵਜੇ ਦੇ ਕਰੀਬ 217 ਸੀ, ਜਿਸ ਮਗਰੋਂ ਤਿਹਾੜ ਜੇਲ੍ਹ ਵਿਚ ਕੇਜਰੀਵਾਲ ਦੀ ਦੇਖਭਾਲ ਕਰ ਰਹੇ ਡਾਕਟਰਾਂ ਨੇ ਉਨ੍ਹਾਂ ਨੂੰ ਇਨਸੁਲਿਨ ਦੀ ਖ਼ੁਰਾਕ ਦੇਣ ਦਾ ਫੈਸਲਾ ਕੀਤਾ ਸੀ। ਏਮਸ ਦੇ ਮਾਹਿਰਾਂ ਨੇ 20 ਅਪਰੈਲ ਨੂੰ ਮੁੱਖ ਮੰਤਰੀ ਨਾਲ ਕੀਤੀ ਵੀਡੀਓ ਕਾਨਫਰੰਸਿੰਗ ਦੌਰਾਨ ਤਿਹਾੜ ਜੇਲ੍ਹ ਦੇ ਡਾਕਟਰਾਂ ਨੂੰ ਸਲਾਹ ਦਿੱਤੀ ਸੀ ਸ਼ੂਗਰ ਦਾ ਲੈਵਲ ਇਕ ਪੱਧਰ ਤੋਂ ਵਧਣ ਉੱਤੇ ਕੇਜਰੀਵਾਲ ਨੂੰ ਇਨਸੁਲਿਨ ਦਿੱਤੀ ਜਾ ਸਕਦੀ ਹੈ।

ਉਧਰ ਦਿੱਲੀ ਦੇ ਕੈਬਨਿਟ ਮੰਤਰੀ ਸੌਰਭ ਭਾਰਦਵਾਜ ਨੇ ਆਪਣੇ ਹਲਕੇ ਵਿਚ ਹਨੂਮਾਨ ਜੈਅੰਤੀ ਦੇ ਜਸ਼ਨਾਂ ਲਈ ਰੱਖੇ ਸਮਾਗਮ 'ਚ ਸ਼ਿਰਕਤ ਕੀਤੀ। ਇਸ ਦੌਰਾਨ ਭਗਵਾਨ ਹਨੂਮਾਨ ਦੀ ਪੁਸ਼ਾਕ ਵਿਚ ਸਜੇ ਸ਼ਖ਼ਸ ਨੇ ਇਨਸੁਲਿਨ ਦੀਆਂ ਛੋਟੀਆਂ ਸ਼ੀਸ਼ੀਆਂ ਫੜੀਆਂ ਸਨ ਜਦੋਂਕਿ ਭਾਰਦਵਾਜ ਨੇ ਗੁਰਜ ਫੜੀ ਹੋਈ ਸੀ। ਦੋਵੇਂ ਇਕ ਵਾਹਨ ਦੀ ਛੱਤ 'ਤੇ ਸਵਾਰ ਸਨ। ਗੁਰਜ ਉੱਤੇ ਇਨਸੁਲਿਨ ਦੀਆਂ ਸ਼ੀਸ਼ੀਆਂ ਫਸਾਈਆਂ ਹੋਈਆਂ ਸਨ। ਭਾਰਦਵਾਜ ਨੇ ਪੀਟੀਆਈ ਵੀਡੀਓਜ਼ ਨੂੰ ਦੱਸਿਆ, "ਹਨੂਮਾਨ ਜੀ ਨੇ ਆਪਣੇ ਭਗਤ ਅਰਵਿੰਦ ਕੇਜਰੀਵਾਲ ਨੂੰ ਇਨਸੁਲਿਨ ਦਿੱਤੀ ਹੈ। ਕੋਰਟ ਨੇ ਹੁਕਮ ਪਾਸ ਕੀਤੇ, ਪਰ ਜੇਲ੍ਹ ਨੇ ਨਾਂਹ ਕਰ ਦਿੱਤੀ ਪਰ ਹਨੂਮਾਨ ਜੀ ਕਰਕੇ ਕੇਜਰੀਵਾਲ ਨੂੰ ਇਨਸੁਲਿਨ ਮਿਲੀ। ਅਸੀਂ ਉਨ੍ਹਾਂ ਦੀ ਚੰਗੀ ਸਿਹਤ, ਲੰਮੀ ਉਮਰ ਤੇ ਜੇਲ੍ਹ ਵਿਚੋਂ ਜਲਦੀ ਰਿਹਾਈ ਦੀ ਪ੍ਰਾਰਥਨਾ ਕਰਦੇ ਹਾਂ।" ਉਧਰ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ ਭਗਵਾਨ ਹਨੂਮਾਨ ਦੇ ਅਸ਼ੀਰਵਾਦ ਸਦਕਾ ਮੁੱਖ ਮੰਤਰੀ ਨੂੰ ਤਿਹਾੜ ਜੇਲ੍ਹ ਵਿਚ ਕਰੀਬ 23 ਦਿਨਾਂ ਬਾਅਦ ਇਨਸੁਲਿਨ ਮਿਲਿਆ ਹੈ। ਕੈਬਨਿਟ ਮੰਤਰੀ ਆਤਿਸ਼ੀ ਨੇ ਵੀ ਇਨਸੁਲਿਨ ਦੇਣ ਦਾ ਸਵਾਗਤ ਕੀਤਾ ਹੈ।

ਇਸੇ ਦੌਰਾਨ ਦਿੱਲੀ ਕੋਰਟ ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਆਗੂ ਕੇ.ਕਵਿਤਾ ਦੀ ਨਿਆਂਇਕ ਹਿਰਾਸਤ 7 ਮਈ ਤੱਕ ਵਧਾ ਦਿੱਤੀ ਹੈ। ਸੀਬੀਆਈ ਤੇ ਈਡੀ ਮਾਮਲਿਆਂ ਬਾਰੇ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਕੇਜਰੀਵਾਲ ਤੇ ਕਵਿਤਾ ਨਾਲ ਸਹਿ ਮੁਲਜ਼ਮ ਚੰਨਪ੍ਰੀਤ ਸਿੰਘ ਦੀ ਹਿਰਾਸਤ ਵਿਚ ਵੀ ਵਾਧਾ ਕੀਤਾ ਹੈ। ਸਿੰਘ ਨੇ 2022 ਗੋਆ ਅਸੈਂਬਲੀ ਚੋਣਾਂ ਦੌਰਾਨ ਕਥਿਤ ਆਮ ਆਦਮੀ ਪਾਰਟੀ ਦੇ ਫੰਡਾਂ ਦਾ ਪ੍ਰਬੰਧ ਕੀਤਾ ਸੀ। ਇਨ੍ਹਾਂ ਤਿੰਨਾਂ ਨੂੰ ਰਿਮਾਂਡ ਦੀ ਮਿਆਦ ਪੂਰੀ ਹੋਣ ਮਗਰੋਂ ਵਰਚੁਅਲੀ ਕੋਰਟ ਵਿਚ ਪੇਸ਼ ਕੀਤਾ ਗਿਆ ਸੀ।

# ਪਟਿਆਲਾ ਸੀਟ ’ਤੇ ਚੋਣ ਲੜਨ ’ਚ ਸ਼ਾਹੀ ਘਰਾਣਾ ਮੋਹਰੀ



ਮਹਾਰਾਜਾ ਯਾਦਵਿੰਦਰ ਸਿੰਘ, ਰਾਜਮਾਤਾ ਮਹਿੰਦਰ ਕੌਰ, ਕੈਪਟਨ ਅਮਰਿੰਦਰ ਸਿੰਘ, ਪ੍ਰਨੀਤ ਕੌਰ, ਰਣਇੰਦਰ ਟਿੱਕੂ

ਪਟਿਆਲਾ : ਪਟਿਆਲਾ, ਅਜਿਹਾ ਲੋਕ ਸਭਾ ਹਲਕਾ ਹੈ, ਜਿਥੇ ਹੁਣ ਤੱਕ 16 ਵਾਰ ਹੋਈਆਂ ਲੋਕ ਸਭਾ ਚੋਣਾਂ ’ਚੋਂ 11 ਵਾਰ ਸ਼ਾਹੀ ਘਰਾਣੇ ਨੇ ਕਿਸਮਤ ਅਜ਼ਮਾਈ ਹੈ। ਇਹ ਚੋਣਾਂ ਇਸ ਪਰਿਵਾਰ ਦੇ ਚਾਰ ਮੈਂਬਰਾਂ ਨੇ ਹੀ ਲੜੀਆਂ ਤੇ ਛੇ ਵਾਰ ਜਿੱਤ ਦਰਜ ਕੀਤੀ ਹੈ ਪਰ ਨਾਲ ਹੀ ਇਸ ਘਰਾਣੇ ਨੂੰ ਪੰਜ ਵਾਰ ਹਾਰ ਦਾ ਮੂੰਹ ਵੀ ਵੇਖਣਾ ਪਿਆ। ਇਸ ਤੋਂ ਇਲਾਵਾ ਇਸ ਪਰਿਵਾਰ ਨੇ ਪਟਿਆਲਾ ਤੋਂ ਇਲਾਵਾ ਵੀ ਦੋ ਹੋਰ ਥਾਂ ਤੋਂ ਚੋਣ ਲੜੀ ਹੈ ਜਿਸ ਕਾਰਨ ਚੋਣਾਂ ਲੜਨ ਦੀ ਗਿਣਤੀ 13 ਹੋ ਜਾਂਦੀ ਹੈ। ਸ਼ਾਹੀ ਘਰਾਣੇ ’ਚੋਂ ਇਥੋਂ ਪਹਿਲੀ ਚੋਣ ਰਾਜ ਮਾਤਾ ਮਹਿੰਦਰ ਕੌਰ (ਕਾਂਗਰਸ) ਨੇ ਸਾਲ 1967 ’ਚ ਲੜੀ ਤੇ ਜਿੱਤ ਹਾਸਲ ਕੀਤੀ ਸੀ। ਸਾਲ 1972 ’ਚ ਉਹ ਕਾਂਗਰਸ ਦੇ ਵੱਖਰੇ ਧੜੇ ਵੱਲੋਂ ਲੜੇ ਤੇ ਤੀਜੇ ਨੰਬਰ ’ਤੇ ਚਲੇ ਗਏ। ਉਹ ਦੋ ਵਾਰ ਰਾਜ ਸਭਾ ਮੈਂਬਰ ਵਜੋਂ ਵੀ ਜੇਤੂ ਰਹੇ। ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਦੀ ਪਲੇਠੀ ਚੋਣ ਸਾਲ 1977 ’ਚ ਪਟਿਆਲਾ ਤੋਂ ਕਾਂਗਰਸ ਵੱਲੋਂ ਲੜੀ ਸੀ ਤੇ ਹਾਰ ਗਏ ਸਨ।

ਸਾਲ 1980 ’ਚ ਉਹ ਜਿੱਤ ਕੇ ਪਹਿਲੀ ਵਾਰ ਐੱਮਪੀ ਬਣੇ ਤੇ ਫਿਰ ਸਾਲ 1984 ’ਚ ਅਸਤੀਫ਼ਾ ਦੇ ਗਏ। ਸਾਲ 1998 ’ਚ ਪਟਿਆਲਾ ਤੋਂ ਹੀ ਲੜੀ ਤੀਜੀ ਚੋਣ ’ਚ ਉਹ ਹਾਰ ਗਏ ਸਨ। ਸਾਲ 2014 ’ਚ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਕੋਲੋਂ ਕਰੀਬ ਇੱਕ ਲੱਖ ਵੋਟਾਂ ਨਾਲ ਜਿੱਤ ਕੇ ਪਰਤੇ ਸਨ। ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਪਟਿਆਲਾ ਤੋਂ ਪੰਜ ਵਾਰ ਲੋਕ ਸਭਾ ਚੋਣ ਲੜ ਕੇ, ਚਾਰ ਵਾਰ ਜਿੱਤ ਚੁੱਕੇ ਹਨ। ਇਕ ਵਾਰ ਕੇਂਦਰੀ ਮੰਤਰੀ ਵੀ ਬਣੇ। ਉਨ੍ਹਾਂ ਸਾਲ 1999, 2004, 2009, 2014 ਅਤੇ 2019 ਦੀਆਂ ਚੋਣ ਲੜੀਆਂ। 2014 ਨੂੰ ਛੱਡ ਕੇ ਬਾਕੀ ਚਾਰੇ ਚੋਣਾਂ ਜਿੱਤੀਆਂ। ਉਨ੍ਹਾਂ ਦੇ ਫਰਜ਼ੰਦ ਰਣਇੰਦਰ ਟਿੱਕੂ ਵੀ ਬਠਿੰਡਾ ਤੋਂ ਲੋਕ ਸਭਾ ਚੋਣ ਲੜ ਚੱਕੇ ਹਨ ਪਰ ਸਫ਼ਲਤਾ ਹੱਥ ਨਾ ਲੱਗੀ। ਸਾਲ 1985 ’ਚ ਅਮਰਿੰਦਰ ਸਿੰਘ ਦੀ ਚਾਚੀ ਅਮਰਜੀਤ ਕੌਰ ਨੇ ਵੀ ਪਟਿਆਲਾ ਤੋਂ ਹੀ ਕਾਂਗਰਸ ਵੱਲੋਂ ਲੋਕ ਸਭਾ ਚੋਣ ਲੜੀ ਸੀ।

**ਪਰਿਵਾਰ ਨੇ 11 ਵਾਰ ਵਿਧਾਨ ਸਭਾ ਚੋਣ ਵੀ ਲੜੀ** : ਇਸ ਪਰਿਵਾਰ ਨੇ 11 ਵਾਰ ਵਿਧਾਨ ਸਭਾ ਚੋਣਾਂ ਵੀ ਲੜੀਆਂ ਹਨ, ਜਿਨ੍ਹਾਂ ਵਿੱਚੋਂ 9 ਵਾਰ ਜਿੱਤ ਹਾਸਲ ਕੀਤੀ ਹੈ। ਪਰਿਵਾਰ ’ਚ ਸਭ ਤੋਂ ਪਹਿਲੇ ਵਿਧਾਇਕ ਮਹਾਰਾਜਾ ਯਾਦਵਿੰਦਰ ਸਿੰਘ ਬਣੇ। ਕੈਪਟਨ ਨੇ ਵੀ ਸਿਆਸੀ ਜੀਵਨ ਦੀ ਸ਼ੁਰੂਆਤ ਪਿਤਾ ਵਾਲੇ ਹਲਕੇ ਤੋਂ ਵਿਧਾਨ ਸਭਾ ਚੋਣ ਲੜਨ ਨਾਲ ਹੀ ਕੀਤੀ ਸੀ ਪਰ ਆਜ਼ਾਦ ਤੌਰ ’ਤੇ ਲੜੀ ਪਹਿਲੀ ਹੀ ਚੋਣ ਉਹ ਹਾਰ ਗਏ। ਉਨ੍ਹਾਂ ਵਿਧਾਨ ਸਭਾ ਦੀਆਂ ਕੁੱਲ 8 ਚੋਣਾਂ ਲੜੀਆਂ ਤੇ ਛੇ ਵਾਰ ਜਿੱਤ ਹਾਸਲ ਕਰਕੇ ਦੋ ਵਾਰ ਮੁੱਖ ਮੰਤਰੀ ਦੇ ਵਕਾਰੀ ਅਹੁਦੇ ਤੱਕ ਵੀ ਅੱਪੜੇ।

# ਪੰਜਾਬ ਦਾ ਵਧਾਇਆ ਮਾਣ! ਛੋਟੀ ਉਮਰ ’ਚ ਤੇਗਵੀਰ ਨੇ ਮਾਊਂਟ ਐਵਰੈਸਟ ਬੇਸ ਕੈਂਪ ਕੀਤਾ ਸਰ

ਚੰਡੀਗੜ੍ਹ : ਰੋਪੜ ਜ਼ਿਲ੍ਹੇ ਤੇ ਪੰਜਾਬ ਲਈ ਮਾਣ ਵਾਲੀ ਗੱਲ ਹੈ ਕੇ ਸਥਾਨਕ ਸ਼ਿਵਾਲਿਕ ਪਬਲਿਕ ਸਕੂਲ ਵਿਚ ਪਹਿਲੀ ਜਮਾਤ ਵਿਚ ਪੜਦੇ ਬੱਚੇ ਤੇਗਬੀਰ ਸਿੰਘ ਨੇ 5 ਸਾਲ ਦੀ ਛੋਟੀ ਉਮਰ ਵਿਚ ਮਾਊਂਟ ਐਵਰੈਸਟ ਬੇਸ ਕੈਂਪ ਨੂੰ ਸਰ ਕਰ ਲਿਆ ਹੈ। ਉਸਨੇ 9 ਅਪ੍ਰੈਲ ਨੂੰ ਐਵਰੈਸਟ ਬੇਸ ਕੈਂਪ ਤੱਕ ਦਾ ਟ ?ਰੈਕ ਸ਼ੁਰੂ ਕੀਤਾ ਅਤੇ 17 ਅਪ੍ਰੈਲ, 2024 ਨੂੰ ਇਸ ਤੱਕ ਪਹੁੰਚਣ ਲਈ ਪੂਰਾ ਪੈਂਡਾ ਪੈਦਲ ਚੱਲਿਆ। ਐਵਰੈਸਟ ਬੇਸ ਕੈਂਪ 5364 ਮੀਟਰ ਦੀ ਉਚਾਈ ’ਤੇ ਸਥਿਤ ਹੈ ਜਿੱਥੇ ਅਪ੍ਰੈਲ ਵਿੱਚ ਆਮ ਤਾਪਮਾਨ ਮਨਫੀ 12 ਡਿਗਰੀ ਹੁੰਦਾ ਹੈ। ਇਹ ਘੱਟ ਆਕਸੀਜਨ ਟ ?ਰੈਕ ਹੈ ਅਤੇ ਇੱਥੇ ਉਚਾਈ ਨਾਲ ਜੁੜੀਆਂ ਬਿਮਾਰੀਆ ਨਾਲ ਨਜਿੱਠਣ ਲਈ ਸਖ਼ਤ ਤਿਆਰੀ ਦੀ ਲੋੜ ਹੁੰਦੀ ਹੈ।



ਤੇਗਬੀਰ ਨੇ ਇਸ ਦੀ ਤਿਆਰੀ ਲਗਭਗ ਡੇਢ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਉਸ ਨੂੰ ਬਿਕਰਮਜੀਤ ਸਿੰਘ ਘੁੰਮਣ (ਸੇਵਾਮੁਕਤ ਕੋਚ) ਦੁਆਰਾ ਸਿਖਲਾਈ ਦਿੱਤੀ ਗਈ ਸੀ, ਜੋ ਕਿ ਦਿਲ ਦੀ ਬਿਮਾਰੀ ਨਾਲ ਨਜਿੱਠਣ ਲਈ ਕਾਰਡੀਓ ਵਸਕੂਲਰ ਹੈਲਥ ਨੂੰ ਵਧਾਉਣ ਅਤੇ ਫੇਫੜਿਆਂ ਦੀ ਸਮਰੱਥਾ ਵਧਾਉਣ ਨਾਲ ਸਬੰਧਤ ਅਭਿਆਸਾਂ ਵਿਚ ਉਸਦੀ ਮਦਦ ਕਰਦੇ ਸਨ। ਉਹ ਆਪਣੇ ਪਿਤਾ ਅਤੇ ਕੋਚ ਨਾਲ ਵੱਖ-ਵੱਖ ਪਹਾੜੀ ਸਥਾਨਾਂ ’ਤੇ ਹਫ਼ਤਾਵਾਰੀ ਟ ?ਰੈਕ ਲਈ ਜਾਂਦਾ ਸੀ।

ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਮੱਕੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 8 ਅਪ੍ਰੈਲ ਨੂੰ ਆਪਣੇ ਪਿਤਾ ਦੇ ਨਾਲ ਕਾਠਮੰਡੂ ਗਿਆ ਸੀ ਅਤੇ ਲੁਕਲਾ ਲਈ ਫ਼ਲਾਈਟ ਲੈ ਕੇ ਅਗਲੇ ਦਿਨ ਉਸ ਦੀ ਯਾਤਰਾ ਸ਼ੁਰੂ ਹੋਈ ਸੀ। ਹਰ ਰੋਜ਼ ਉਹ 8-10 ਕਿਲੋਮੀਟਰ ਪੈਦਲ ਤੁਰਦਾ ਸੀ ਅਤੇ ਉਸ ਦੀ ਹਰ ਚੜ੍ਹਾਈ ਨਾਲ ਤਾਪਮਾਨ ਘਟਦਾ ਜਾਂਦਾ ਸੀ। ਉਹ ਲਗਭਗ ਇੱਕ ਹਫ਼ਤੇ ਤੱਕ ਮਾਈਨਸ ਗ੍ਰੇਡ ਤਾਪਮਾਨ ਵਿੱਚ ਘੱਟ ਆਕਸੀਜਨ ਦੀ ਉਚਾਈ ਵਿੱਚ ਤੁਰਿਆ।

ਉਸਦੀ ਯਾਤਰਾ ਵਿਚ ਖ਼ੁਰਾਕ ਨੇ ਇੱਕ ਬਹੁਤ ਵੱਡੀ ਭੂਮਿਕਾ ਨਿਭਾਈ ਅਤੇ ਉਸਨੇ ਆਪਣੇ ਕੋਚ ਦੁਆਰਾ ਨਿਰਧਾਰਤ ਖ਼ੁਰਾਕ ਅਨੁਸੂਚੀ ਦੀ ਸਖ਼ਤ ਪਾਲਣਾ ਕੀਤੀ।

ਉਸਦੇ ਪਿਤਾ ਨੇ ਕੋਚ ਬਿਕਰਮ ਜੀਤ ਸਿੰਘ ਘੁੰਮਣ, ਤੇਗਬੀਰ ਦੇ ਦਾਦਾ ਦਾਦੀ , ਪਰਿਵਾਰ, ਦੋਸਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਸਦੀ ਯਾਤਰਾ ’ਚ ਉਸਦੀ ਮਦਦ ਕੀਤੀ ਅਤੇ ਉਤਸ਼ਾਹਿਤ ਕੀਤਾ। ਉਸਨੇ ਸਾਨਵੀ ਸੂਦ ਦਾ ਵੀ ਧੰਨਵਾਦ ਕੀਤਾ ਕਿਉਂਕਿ ਉਹ ਰਾਜ ਵਿਚ ਪਰਬਤਾਰੋਹ ਲਈ ਮਸ਼ਾਲਧਾਰੀ ਹੈ।

ਜ਼ਿਕਰਯੋਗ ਹੈ ਕਿ ਤੇਗਬੀਰ ਸਿੰਘ ਇਹ ਉਪਲਬਧੀ ਹਾਸਲ ਕਰਨ ਵਾਲੇ ਪੰਜਾਬ ਰਾਜ ਦੇ ਸਭ ਤੋਂ ਘੱਟ ਉਮਰ ਦੇ ਪਰਬਤਾਰੋਹੀ ਬਣ ਗਏ ਹਨ। ਉਸਦੇ ਪਿਤਾ ਕਿੱਤੇ ਵਜੋਂ ਪਰਮਾਰ ਹਸਪਤਾਲ ਵਿਚ ਐਡਮਿਨਿਸਟ੍ਰੇਟਰ ਵਜੋਂ ਤਾਇਨਾਤ ਹਨ ਅਤੇ ਉਸਦੇ ਮਾਤਾ ਡਾ ਮਨਪ੍ਰੀਤ ਕੌਰ, ਗਾਈਨਾਕੋਲੋਜਿਸਟ ਵਜੋਂ ਸੇਵਾ ਨਿਭਾਅ ਰਹੇ ਹਨ।

# ਇੰਜ ਨਾ ਕਹੋ : ਚੋਣ ਨਿਸ਼ਾਨ ’ਚ ਕੀ ਰੱਖਿਆ!

ਚੰਡੀਗੜ੍ਹ : ਚੋਣ ਨਿਸ਼ਾਨ ਦੀ ਚੋਣ ਵੀ ਉਮੀਦਵਾਰਾਂ ਨੂੰ ਠਿੱਠ ਕਰਦੀ ਹੈ। ਮੱਥਾ ਖਪਾਈ ਮਗਰੋਂ ਉਮੀਦਵਾਰ ਉਸ ਚੋਣ ਨਿਸ਼ਾਨ ਨੂੰ ਚੁਣਦੇ ਹਨ ਜਿਹੜਾ ਲੋਕਾਂ ਦੇ ਸਿੱਧਾ ਦਿਲੋਂ ਦਿਮਾਗ਼ ’ਚ ਉੱਤਰਦਾ ਹੋਵੇ। ਜਦੋਂ ਸਿਮਰਨਜੀਤ ਸਿੰਘ ਮਾਨ ਨੇ 1989 ਵਿੱਚ ਤਰਨ ਤਾਰਨ ਤੋਂ ਚੋਣ ਲੜੀ ਸੀ ਤਾਂ ਉਨ੍ਹਾਂ ਦਾ ਚੋਣ ਨਿਸ਼ਾਨ ‘ਸ਼ੇਰ’ ਸੀ ਜਦੋਂ ਕਿ ਬਠਿੰਡਾ ਤੋਂ ਉਦੋਂ ਸੁੱਚਾ ਸਿੰਘ ਮਲੋਆ ਦਾ ਚੋਣ ਨਿਸ਼ਾਨ ‘ਉੱਡਦਾ ਬਾਜ’ ਸੀ। ਉਨ੍ਹਾਂ ਦਿਨਾਂ ’ਚ ਇੱਕ ਲਹਿਰ ਸੀ ਜਿਸ ’ਚ ਰਵਾਇਤੀ ਧਿਰਾਂ ਨੂੰ ਵੱਡੀ ਹਾਰ ਮਿਲੀ ਸੀ। ਇਹ ਚੋਣ ਨਿਸ਼ਾਨ ਪ੍ਰਚਲਿਤ ਹੋਏ ਸਨ। 1994 ਵਿੱਚ ਅਕਾਲੀ ਦਲ (ਮਾਨ) ਨੂੰ ਚੋਣ ਨਿਸ਼ਾਨ ‘ਬਾਲਟੀ’ ਮਿਲਿਆ।

ਕੈਪਟਨ ਅਮਰਿੰਦਰ ਸਿੰਘ ਨੇ ਫਰਵਰੀ 2022 ’ਚ ਨਵੀਂ ਪਾਰਟੀ ‘ਪੰਜਾਬ ਲੋਕ ਕਾਂਗਰਸ’ ਬਣਾਈ ਤਾਂ ਉਨ੍ਹਾਂ ਨੂੰ ਚੋਣ ਨਿਸ਼ਾਨ ‘ਹਾਕੀ’ ਮਿਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦਾ ਚੋਣ ਨਿਸ਼ਾਨ ‘ਤੱਕੜੀ’ ਹੈ। ਕਈ ਅਕਾਲੀ ਆਗੂਆਂ ਨੇ ਇਸ ਦੀ ਤੁਲਨਾ ਬਾਬੇ ਨਾਨਕ ਦੀ ਤੱਕੜੀ ਨਾਲ ਕੀਤੀ ਜਿਸ ਤੋਂ ਵਿਵਾਦ ਵੀ ਛਿੜਿਆ। ਸਾਲ 2002 ਵਿੱਚ ਪੰਥਕ ਮੋਰਚਾ ਦੇ ਆਗੂਆਂ ਨੇ ਚੋਣ ਕਮਿਸ਼ਨ ਕੋਲ ਇਤਰਾਜ਼ ਖੜ੍ਹੇ ਕੀਤੇ ਸਨ ਅਤੇ ਤੱਕੜੀ ਨੂੰ ਨਿਆਂਇਕ ਪ੍ਰਣਾਲੀ ਦੇ ਨਿਸ਼ਾਨ ਦੀ ਕਾਪੀ ਦੱਸਿਆ ਸੀ। ਭਾਰਤੀ ਚੋਣ ਕਮਿਸ਼ਨ ਵੱਲੋਂ 193 ਫ਼ਰੀ ਚੋਣ ਨਿਸ਼ਾਨਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਜੋ ਆਜ਼ਾਦ ਉਮੀਦਵਾਰ ਲੈ ਸਕਦੇ ਹਨ।

ਚੋਣ ਨਿਸ਼ਾਨ ’ਚ ਕੀ ਰੱਖਿਐ? ਆਜ਼ਾਦ ਉਮੀਦਵਾਰਾਂ ਨੂੰ ਪੁੱਛ ਕੇ ਦੇਖੋ, ਇਹੋ ਆਖਣਗੇ ਕਿ ਚੋਣ ਨਿਸ਼ਾਨ ’ਤੇ ਹੀ ਤਾਂ ਸਾਰੀ ਕਹਾਣੀ ਟਿਕੀ ਹੈ। ਔਰਤ ਉਮੀਦਵਾਰਾਂ ਵੱਲੋਂ ਆਮ ਤੌਰ ’ਤੇ ਘਰੇਲੂ ਸਾਮਾਨ ਨੂੰ ਚੋਣ ਨਿਸ਼ਾਨ ਵਜੋਂ ਲਿਆ ਜਾਂਦਾ ਹੈ, ਜਿਵੇਂ ਪ੍ਰੈਸ਼ਰ ਕੁੱਕਰ, ਗੈਸ ਸਿਲੰਡਰ, ਮਿਕਸਰ ਆਦਿ। 1991 ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਪੰਛੀਆਂ ਅਤੇ ਜਾਨਵਰਾਂ ਨੂੰ ਚੋਣ ਨਿਸ਼ਾਨ ਦੀ ਸੂਚੀ ਵਿੱਚ ਰੱਖਿਆ ਸੀ ਜਿਵੇਂ ਕਬੂਤਰ, ਬਾਜ਼, ਘੋੜਾ, ਜ਼ੈਬਰਾ, ਬੱਕਰੀ ਆਦਿ। ਚੋਣ ਕਮਿਸ਼ਨ ਨੇ 5 ਮਾਰਚ 1991 ਨੂੰ ਇਨ੍ਹਾਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ।

ਤਾਮਿਲਨਾਡੂ ਵਿੱਚ ਜੈਲਲਿਤਾ ਦੀ ਪਾਰਟੀ ਦਾ ਚੋਣ ਨਿਸ਼ਾਨ ‘ਕੁੱਕੜ’ ਸੀ। ਉਮੀਦਵਾਰਾਂ ਨੇ ਵਾਹਨਾਂ ਉਪਰ ‘ਕੁੱਕੜ’ ਬੰਨ੍ਹੇ ਅਤੇ ਚੋਣ ਪ੍ਰਚਾਰ ਕੀਤਾ। ਰੋਜ਼ਾਨਾ ਸੈਂਕੜੇ ‘ਕੁੱਕੜ’ ਮਰ ਜਾਂਦੇ ਸਨ। ਚੋਣ ਕਮਿਸ਼ਨ ਨੂੰ ਜਦੋਂ ਇਹ




ਖ਼ਬਰ ਮਿਲੀ ਤਾਂ ਇਹ ਹੁਕਮ ਕੀਤੇ ਗਏ ਕਿ ਕੋਈ ਵੀ ਉਮੀਦਵਾਰ ਪੰਛੀਆਂ ਜਾਂ ਜਾਨਵਰਾਂ ਦਾ ਚੋਣ ਪ੍ਰਚਾਰ ਲਈ ਲਾਈਵ ਪ੍ਰਦਰਸ਼ਨ ਨਹੀਂ ਕਰ ਸਕੇਗਾ। ਕੌਮੀ ਤੇ ਸੂਬਾਈ ਰਾਜਸੀ ਪਾਰਟੀਆਂ ਦੇ ਚੋਣ ਨਿਸ਼ਾਨ ਕੋਈ ਖ਼ਾਸ ਤਰਜਮਾਨੀ ਕਰਦੇ ਹਨ ਅਤੇ ਉਨ੍ਹਾਂ ਦੀ ਚੋਣ ਪਿੱਛੇ ਵੀ ਇਹੋ ਮਨੋਰਥ ਹੁੰਦਾ ਹੈ।

ਆਮ ਆਦਮੀ ਪਾਰਟੀ ਦਾ ਚੋਣ ਨਿਸ਼ਾਨ ‘ਝਾੜੂ’ ਹੈ। ਪੰਜਾਬ ’ਚ ਜਦੋਂ 2022 ਦੀਆਂ ਚੋਣਾਂ ਸਨ ਤਾਂ ਉਦੋਂ ਚਾਰੇ ਪਾਸੇ ਸਮਾਜ ਦਾ ਗੰਦ ‘ਝਾੜੂ’ ਨਾਲ ਹੂੰਝਣ ਦੀ ਗੱਲ ਕੀਤੀ ਗਈ। ਜਦੋਂ ਪਾਰਟੀ ਨੂੰ ਕਿਤੇ ਹਾਰ ਮਿਲੀ ਤਾਂ ਵਿਰੋਧੀ ਆਖਦੇ ਕਿ ‘ਝਾੜੂ’ ਖਿੱਲਰ ਗਿਆ।

ਜਦੋਂ ਲੋਕ ਸਭਾ ਦੀ ਪਹਿਲੀ ਚੋਣ 1952 ਵਿੱਚ ਹੋਈ ਸੀ ਤਾਂ ਉਸ ਸਮੇਂ 18.33 ਫ਼ੀਸਦੀ ਸਾਖਰਤਾ ਦਰ ਸੀ। ਅਨਪੜ੍ਹ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਚੋਣ ਨਿਸ਼ਾਨ ਦੀ ਲੋੜ ਮਹਿਸੂਸ ਕੀਤੀ ਗਈ। ਪਹਿਲੇ ਚੋਣ ਕਮਿਸ਼ਨਰ ਸੁਕੁਮਾਰ ਸੇਨ ਨੇ 53 ਪਾਰਟੀਆਂ ਰਜਿਸਟਰਡ ਕੀਤੀਆਂ ਅਤੇ ਚੋਣ ਨਿਸ਼ਾਨ ਦਿੱਤੇ। ਕਾਂਗਰਸ ਪਾਰਟੀ ਦਾ 1952 ਤੋਂ 1969 ਤੱਕ ਚੋਣ ਨਿਸ਼ਾਨ ‘ਬਲਦਾਂ ਦੀ ਜੋੜੀ’ ਰਿਹਾ। 1969 ਵਿੱਚ ਕਾਂਗਰਸ ਵਿੱਚ ਫੁੱਟ ਪੈਣ ਮਗਰੋਂ ਕਾਮਰਾਜ ਦੀ ਅਗਵਾਈ ਵਾਲੀ ਕਾਂਗਰਸ ਨੂੰ ਚੋਣ ਨਿਸ਼ਾਨ ‘ਤਿਰੰਗੇ ਵਿੱਚ ਚਰਖਾ’ ਮਿਲ ਗਿਆ।

ਨਵੀਂ ਕਾਂਗਰਸ ਨੂੰ ‘ਗਊ ਵੱਛਾ’ ਚੋਣ ਨਿਸ਼ਾਨ ਮਿਲਿਆ। ਐਮਰਜੈਂਸੀ ਮਗਰੋਂ ਕਾਂਗਰਸ ਦਾ ਚੋਣ ਨਿਸ਼ਾਨ ‘ਪੰਜਾ’ ਹੋ ਗਿਆ। ਜਨ ਸੰਘ ਦਾ ਚੋਣ ਨਿਸ਼ਾਨ ਪਹਿਲਾਂ ‘ਦੀਵਾ’ ਸੀ ਅਤੇ ਜਦੋਂ ਜਨਤਾ ਪਾਰਟੀ ਵਿੱਚ ਰਲੇਵਾਂ ਹੋ ਗਿਆ ਤਾਂ ‘ਹਲਧਰ ਕਿਸਾਨ’ ਚੋਣ ਨਿਸ਼ਾਨ ਹੋ ਗਿਆ। 1980 ਵਿੱਚ ਭਾਰਤੀ ਜਨਤਾ ਪਾਰਟੀ ਦਾ ਚੋਣ ਨਿਸ਼ਾਨ ‘ਕਮਲ ਦਾ ਫੁੱਲ’ ਹੋ ਗਿਆ। ਸੀਪੀਆਈ ਦਾ ਚੋਣ ਨਿਸ਼ਾਨ ‘ਦਾਤੀ ਬੱਲੀ’ ਹੈ ਜਦੋਂਕਿ ਮਾਰਕਸਵਾਦੀ ਪਾਰਟੀ ਦਾ ਚੋਣ ਨਿਸ਼ਾਨ ‘ਦਾਤੀ ਹਥੌੜਾ’ ਹੈ। ਤੇਲਗੂ ਦੇਸਮ ਪਾਰਟੀ ਅਤੇ ਸਮਾਜਵਾਦੀ ਪਾਰਟੀ ਦਾ ਚੋਣ ਨਿਸ਼ਾਨ ‘ਸਾਈਕਲ’ ਹੈ।

ਚੋਣ ਨਿਸ਼ਾਨ ਕਈ ਵਾਰ ਏਨੇ ਭਾਰੂ ਪੈ ਜਾਂਦੇ ਹਨ ਕਿ ਪਾਰਟੀ ਦੀ ਥਾਂ ਚੋਣ ਨਿਸ਼ਾਨ ਹੀ ਲੋਕ ਚੇਤਿਆਂ ਦਾ ਹਿੱਸਾ ਬਣ ਜਾਂਦੇ ਹਨ। ਬਸਪਾ ਦਾ ਚੋਣ ਨਿਸ਼ਾਨ ‘ਹਾਥੀ’ ਹੈ। ਚੋਣ ਨਿਸ਼ਾਨ ਨੂੰ ਲੈ ਕੇ ਸ਼ਿਵ ਸੈਨਾ ਦੇ ਧੜਿਆਂ ਵਿੱਚ ਕਿੰਨਾ ਵਿਵਾਦ ਚੱਲਿਆ। ਪੰਜਾਬ ਵਿੱਚ ਆਜ਼ਾਦ ਉਮੀਦਵਾਰ ਧਾਰਮਿਕ ਨਜ਼ਰੀਏ ਤੋਂ ‘ਤੀਰ ਕਮਾਨ’ ਚੋਣ ਨਿਸ਼ਾਨ ਵੀ ਅਕਸਰ ਲੈਂਦੇ ਰਹੇ ਹਨ। ਚੋਣ ਨਿਸ਼ਾਨਾਂ ਤੋਂ ਹੀ ਅੱਗੇ ਨਾਅਰੇ ਉਪਜਦੇ ਹਨ। ਚੋਣ ਪਿੜ ’ਚ ਚੋਣ ਨਿਸ਼ਾਨ ਦਾ ਮਹੱਤਵ ਬਹੁਤ ਵੱਡਾ ਹੁੰਦਾ ਹੈ ਜਿਸ ਵਾਸਤੇ ਕਈ ਵਾਰੀ ਮਾਰੋ ਮਾਰੀ ਵੀ ਹੁੰਦੀ ਹੈ। ਹਰ ਕੋਈ ਉਮੀਦਵਾਰ ਵੋਟਰਾਂ ਨੂੰ ਆਪਣੇ ਹੱਕ ਵਿੱਚ ਕਰਨ ਲਈ ਆਪਣੀ ਪਸੰਦ ਦੇ ਚੋਣ ਨਿਸ਼ਾਨ ਦੀ ਆਸ ਕਰਦਾ ਹੈ। ਇਹ ਵੀ ਸਾਹਮਣੇ ਆਇਆ ਹੈ ?ਕਿ ਕਈ ਸਿਆਸੀ ਪਾਰਟੀਆਂ ਜਦੋਂ ਦੋ ਫਾੜ ਹੋਈਆਂ ਹਨ ਤਾਂ ਇਨ੍ਹਾਂ ’ਚ ਚੋਣ ਨਿਸ਼ਾਨ ?ਨੂੰ ਲੈ ਕੇ ਵੀ ਝਗੜਾ ਹੁੰਦਾ ਦੇਖਿਆ ਗਿਆ ਹੈ। ਦੋਫਾੜ ਹੋਈਆਂ ਸਿਆਸੀ ਪਾਰਟੀਆਂ ਆਪਣੇ ਆਪ ਨੂੰ ਟਕਸਾਲੀ ਕਹਿ ਕੇ ਪਾਰਟੀ ਦੇ ਚੋਣ ਨਿਸ਼ਾਨ ਨੂੰ ਆਪਣਾ ਦੱਸਣ ਦਾ ਦਾਅਵਾ ਕਰਦੀਆਂ ਰਹੀਆਂ ਹਨ।

# ਭਾਜਪਾ ਨੇ ਪਿਛਲੇ ਦਸ ਸਾਲਾਂ ’ਚ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕੀਤਾ: ਪ੍ਰਿਯੰਕਾ ਗਾਂਧੀ

ਚਿਤਰਦੁਰਗ (ਕਰਨਾਟਕ), : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਨਿਸ਼ਾਨਾ ਸੇਧਦੇ ਹੋਏ ਦੋਸ਼ ਲਗਾਏ ਕਿ “ਦੇਸ਼ ਦੇ ਸਭ ਤੋਂ ਵੱਡੇ ਆਗੂ ਨੇ ਨੈਤਿਕਤਾ ਛੱਡ ਦਿੱਤੀ ਹੈ, ਲੋਕਾਂ ਦੇ ਸਾਹਮਣੇ ਡਰਾਮੇਬਾਜ਼ੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾ ਕੇ, ਉਨ੍ਹਾਂ ਦੇ ਬੈਂਕ ਖਾਤਿਆਂ ਨੂੰ ਜ਼ਬਤ ਕਰਕੇ ਅਤੇ ਦੋ ਮੁੱਖ ਮੰਤਰੀਆਂ ਨੂੰ ਜੇਲ੍ਹ ਵਿੱਚ ਡੱਕ ਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।” ਇਥੇ ਜ਼ਿਲ੍ਹਾ ਹੈੱਡਕੁਆਰਟਰ ਦੇ ਕਸਬੇ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਇੱਕ ਸਮਾਂ ਸੀ ਜਦੋਂ ਦੇਸ਼ ਦੇ ਵੱਡੇ ਆਗੂ ਤੋਂ ਦੇਸ਼ ਦੇ ਲੋਕ ਨੈਤਿਕ ਵਿਅਕਤੀ ਹੋਣ ਦੀ ਤਵੱਕੋ ਕਰਦੇ ਸਨ ਪਰ ਅੱਜ ਬਦਕਿਸਮਤੀ ਨਾਲ ਦੇਸ਼ ਦੇ ‘ਸਭ ਤੋਂ ਵੱਡੇ ਆਗੂ’ ਨੇ ਨੈਤਿਕਤਾ ਛੱਡ ਦਿੱਤੀ ਹੈ ਅਤੇ ਲੋਕਾਂ ਸਾਹਮਣੇ ਡਰਾਮਾ ਕਰ ਰਿਹਾ ਹੈ। ਉਨ੍ਹਾਂ ਕਿਹਾ, “ਇਕ ਸਮਾਂ ਸੀ ਜਦੋਂ ਅਸੀਂ ਉਮੀਦ ਕਰਦੇ ਸੀ ਕਿ ਸਾਡੇ ਆਗੂ ਸੱਚਾਈ ਉੱਤੇ ਚੱਲਣਗੇ। ਹਾਲਾਂਕਿ, ਅੱਜ ਦੇਸ਼ ਦਾ ਸਭ ਤੋਂ ਵੱਡਾ ਨੇਤਾ ਆਪਣਾ ਦਬਦਬਾ, ਆਪਣਾ ਹੰਕਾਰ ਅਤੇ ਆਪਣੀ ਪ੍ਰਸਿੱਧੀ ਦਿਖਾਉਣ ਲਈ ਨਿਕਲਦਾ ਹੈ ਪਰ ਸੱਚ ਦੇ ਮਾਰਗ ’ਤੇ ਨਹੀਂ ਚੱਲਦਾ। ਰੱਦ ਕੀਤੇ ਗਏ ਚੋਣ ਬਾਂਡ ਸਕੀਮ ਬਾਰੇ ਬੋਲਦਿਆਂ ਕਾਂਗਰਸ ਆਗੂ ਨੇ ਕਿਹਾ ਕਿ ਜਿਨ੍ਹਾਂ ਕੰਪਨੀਆਂ ’ਤੇ ਛਾਪੇ ਮਾਰੇ ਗਏ ਸਨ ਉਨ੍ਹਾਂ ਨੇ ਭਾਜਪਾ ਨੂੰ ਚੰਦਾ ਦਿੱਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਵਿਰੁੱਧ ਚੱਲ ਰਹੇ ਕੇਸ ਬੰਦ ਕਰ ਦਿੱਤੇ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਹੁਣ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਨੋਟਬੰਦੀ ਜ਼ਰੀਏ ਕਾਲੇ ਧਨ ਨੂੰ ਕਿਵੇਂ ਚਿੱਟਾ ਕੀਤਾ ਗਿਆ ਅਤੇ ਫਿਰ ਇਸ ਨੂੰ ਭਾਜਪਾ ਦੇ ਖਾਤੇ ਵਿੱਚ ਜਮ ?ਹਾਂ ਕੀਤਾ ਗਿਆ। ਉਨ੍ਹਾਂ ਹੈਰਾਨੀ ਜਤਾਈ ਕਿ ਜਿਹੜੀਆਂ ਕੰਪਨੀਆਂ 100 ਕਰੋੜ ਰੁਪਏ ਵੀ ਨਹੀਂ ਕਮਾ ਸਕੀਆਂ ਉਨ੍ਹਾਂ ਨੇ ਭਾਜਪਾ ਨੂੰ ਚੋਣ ਬਾਂਡ ਸਕੀਮ ਤਹਿਤ 1,100 ਕਰੋੜ ਰੁਪਏ ਦਾਨ ਕਿਵੇਂ ਕੀਤੇ। ਪ੍ਰਿਅੰਕਾ ਨੇ ਦੋਸ਼ ਲਾਇਆ, “ਵਿਰੋਧੀ ਧਿਰ ਨੂੰ ਭ੍ਰਿਸ਼ਟ ਕਹਿ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਭਾਜਪਾ ਭ੍ਰਿਸ਼ਟ ਹੈ ਅਤੇ ਇਸ ਨੇ ਪਿਛਲੇ 10 ਸਾਲਾਂ ’ਚ ਦੇਸ਼ ਨੂੰ ਗੁਮਰਾਹ ਕੀਤਾ ਹੈ।” ਇੱਕ ਭਾਜਪਾ ਆਗੂ ਦੇ ਬਿਆਨ ਕਿ ਉਹ ਸੰਵਿਧਾਨ ਨੂੰ ਬਦਲ ਦੇਣਗੇ, ਨੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ।



# ਬਠਿੰਡਾ 'ਚ ਝੁੱਗੀਆਂ 'ਚ ਲੱਗੀ ਭਿਆਨਕ ਅੱਗ, 2 ਭੈਣਾਂ ਜ਼ਿੰਦਾ ਸੜੀਆਂ

### *ਆਪਣੇ ਆਪ ਨੂੰ ਬਚਾਉਣ ਲਈ ਕਮਰੇ 'ਚ ਲੁਕੀਆਂ, ਸਿਲੰਡਰ ਫਟਿਆ, ਕਈ ਸੁੱਤੇ ਲੋਕ ਝੁਲਸੇ*



ਬਠਿੰਡਾ : ਪੰਜਾਬ ਦੇ ਬਠਿੰਡਾ 'ਚ ਮੰਗਲਵਾਰ ਸਵੇਰੇ ਕਰੀਬ 20 ਝੁੱਗੀਆਂ 'ਚ ਭਿਆਨਕ ਅੱਗ ਲੱਗ ਗਈ। ਜਿਸ 'ਚ ਦੋ ਸਕੀਆਂ ਭੈਣਾਂ ਦੀ ਜ਼ਿੰਦਾ ਸੜ ਜਾਣ ਕਾਰਨ ਮੌਤ ਹੋ ਗਈ। ਇਨ੍ਹਾਂ ਤੋਂ ਇਲਾਵਾ ਕਈ ਲੋਕ ਝੁਲਸ ਗਏ ਹਨ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਵਿਚ ਜੁਟੀਆਂ ਹੋਈਆਂ ਹਨ।

ਇਹ ਘਟਨਾ ਉੜੀਆ ਕਾਲੋਨੀ 'ਚ ਵਾਪਰੀ ਹੈ। ਅੱਗ ਲੱਗਣ ਦੀ ਸੂਚਨਾ ਮਿਲਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਵੀ ਮੌਕੇ 'ਤੇ ਪਹੁੰਚੇ। ਉਨ੍ਹਾਂ ਪਰਿਵਾਰਾਂ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ ਹੈ।

ਸਥਾਨਕ ਵਿਅਕਤੀ ਦਯਾਨੰਦ ਨੇ ਦੱਸਿਆ ਕਿ ਸਵੇਰੇ 4 ਵਜੇ ਦੇ ਕਰੀਬ ਅੱਗ ਲੱਗਣ ਤੋਂ ਬਾਅਦ ਝੁੱਗੀਆਂ ਵਿਚ ਰਹਿਣ ਵਾਲੇ ਲੋਕਾਂ ਵਿਚ ਹਫੜਾ-ਦਫੜੀ ਮੱਚ ਗਈ। ਜ਼ਿਆਦਾਤਰ ਲੋਕ ਸੁੱਤੇ ਹੋਏ ਸਨ, ਜਿਸ ਕਾਰਨ ਉਹ ਅੱਗ ਦੀ ਲਪੇਟ 'ਚ ਆ ਗਏ। ਕੁਝ ਹੀ ਸਮੇਂ ਵਿਚ ਅੱਗ ਚਾਰੇ ਪਾਸੇ ਫੈਲ ਗਈ। ਦੱਸਿਆ ਜਾ ਰਿਹਾ ਹੈ ਕਿ ਅੱਗ ਖਾਣਾ ਬਣਾਉਣ ਦੌਰਾਨ ਲੱਗੀ।

ਮ੍ਰਿਤਕ ਲੜਕੀਆਂ ਦੇ ਪਿਤਾ ਨੇ ਦੱਸਿਆ ਕਿ ਝੁੱਗੀਆਂ ਵਿਚ ਰਹਿਣ ਵਾਲਾ ਇੱਕ ਪਰਿਵਾਰ ਖਾਣਾ ਬਣਾ ਰਿਹਾ ਸੀ। ਅਚਾਨਕ ਅੱਗ ਲੱਗ ਗਈ। ਤੇਜ਼ ਹਵਾ ਕਾਰਨ ਅੱਗ ਝੁੱਗੀਆਂ ਵਿਚ ਫੈਲ ਗਈ। ਲੋਕ ਆਪਣੇ ਆਪ ਨੂੰ ਬਚਾਉਣ ਲਈ ਇਧਰ-ਉਧਰ ਭੱਜਣ ਲੱਗੇ। ਉਸ ਦੀਆਂ ਦੋ ਧੀਆਂ ਵੀ ਅੱਗ ਤੋਂ ਬਚਣ ਲਈ ਦੂਜੇ ਕਮਰੇ ਵਿਚ ਲੁਕ ਗਈਆਂ।

ਉਸੇ ਕਮਰੇ ਵਿਚ ਰੱਖੇ ਸਿਲੰਡਰ ਨੂੰ ਅੱਗ ਲੱਗ ਗਈ ਅਤੇ ਫਟ ਗਿਆ। ਜਦੋਂ ਉਹ ਕਮਰੇ ਵਿਚ ਪਹੁੰਚਿਆ ਤਾਂ ਦੋਵੇਂ ਧੀਆਂ ਬੁਰੀ ਤਰ੍ਹਾਂ ਸੜ ਚੁੱਕੀਆਂ ਸਨ। ਉਸ ਨੂੰ ਤੁਰੰਤ ਬਠਿੰਡਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਫਾਇਰ ਬ੍ਰਿਗੇਡ ਅਧਿਕਾਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਹੁਣ ਤੱਕ ਫਾਇਰ ਬ੍ਰਿਗੇਡ ਦੀਆਂ 4 ਗੱਡੀਆਂ ਮੌਕੇ 'ਤੇ ਪਹੁੰਚ ਚੁੱਕੀਆਂ ਹਨ। ਨੇੜਲੀ ਨਹਿਰ ਤੋਂ ਪਾਣੀ ਲਿਆ ਜਾ ਰਿਹਾ ਹੈ। ਸੜਕ ਨਾ ਹੋਣ ਕਾਰਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਝੁੱਗੀਆਂ ਤੱਕ ਪਹੁੰਚਣ ਵਿੱਚ ਦਿੱਕਤ ਦਾ ਸਾਹਮਣਾ ਕਰਨਾ ਪਿਆ। ਜਿਸ ਤੋਂ ਬਾਅਦ ਪਾਈਪਾਂ ਨੂੰ ਜੋੜ ਕੇ ਮੁਸ਼ਕਲ ਨਾਲ ਝੁੱਗੀਆਂ ਵਿੱਚ ਪਾਣੀ ਪਹੁੰਚਾਇਆ ਗਿਆ।

# ਦਿਲਰੋਜ਼ ਕੇਸ 'ਚ ਇਨਸਾਫ਼ ਮਿਲਣ 'ਤੇ ਪਰਵਾਰ ਨੇ ਹੰਝੂ ਭਰੀਆਂ ਅੱਖਾਂ ਨਾਲ ਦਿੱਤੀ ਸ਼ਰਧਾਂਜਲੀ

### *ਜ਼ਿੰਦਾ ਦਫ਼ਨਾਉਣ ਵਾਲੀ ਥਾਂ 'ਤੇ ਪਰਵਾਰਕ ਮੈਂਬਰ ਤੇ ਇਲਾਕਾ ਵਾਸੀ ਪੁੱਜੇ*



ਲੁਧਿਆਣਾ : ਦਿਲਰੋਜ਼ ਕਤਲ ਕੇਸ ਵਿਚ ਅਦਾਲਤ ਨੇ ਕਤਲ ਦੀ ਦੋਸ਼ੀ ਨੀਲਮ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਮ੍ਰਿਤਕ ਲੜਕੀ ਦਿਲਰੋਜ਼ ਨੂੰ ਇਨਸਾਫ਼ ਮਿਲਣ ਤੋਂ ਬਾਅਦ ਸ਼ੁੱਕਰਵਾਰ ਨੂੰ ਪੂਰਾ ਪਰਵਾਰ ਉਸ ਥਾਂ 'ਤੇ ਪਹੁੰਚ ਗਿਆ ਜਿੱਥੇ ਕਾਤਲ ਨੀਲਮ ਨੇ ਦਿਲਰੋਜ਼ ਦਾ ਜ਼ਿੰਦਾ ਦੱਬ ਕੇ ਮਾਰ ਦਿੱਤਾ ਸੀ। ਹੱਥਾਂ ਵਿਚ ਦਿਲਰੋਜ਼ ਦੀ ਫੋਟੋ ਲੈ ਕੇ ਉਸ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਤੋਂ ਇਲਾਵਾ ਆਂਢ-ਗੁਆਂਢ, ਰਿਸ਼ਤੇਦਾਰ ਅਤੇ ਰਿਸ਼ਤੇਦਾਰ ਵੀ ਪਹੁੰਚੇ, ਜਿਨ੍ਹਾਂ ਨੇ ਹੰਝੂ ਭਰੀਆਂ ਅੱਖਾਂ ਨਾਲ ਦਿਲਰੋਜ਼ ਨੂੰ ਸ਼ਰਧਾਂਜਲੀ ਦਿੱਤੀ।

ਦੱਸ ਦੇਈਏ ਕਿ ਬੀਤੇ ਦਿਨੀਂ ਲੁਧਿਆਣਾ ਕੋਰਟ ਨੇ ਦਿਲਰੋਜ਼ ਦੇ ਕਾਤਲ ਨੀਲਮ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇਨਸਾਫ਼ ਮਿਲਣ ਤੋਂ ਬਾਅਦ ਅੱਜ ਪਰਿਵਾਰ ਦਿਲਰੋਜ਼ ਨੂੰ ਸ਼ਰਧਾਂਜਲੀ ਦੇਣ ਆਇਆ ਸੀ।

ਦਿਲਰੋਜ ਦੇ ਪਿਤਾ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਇਸ ਦੁੱਖ ਨੂੰ ਕਦੇ ਨਹੀਂ ਭੁੱਲ ਸਕਦਾ। ਉਨ੍ਹਾਂ ਕਿਹਾ ਕਿ ਅੱਜ ਵੀ ਉਹ ਆਪਣੇ ਬੇਟੇ ਲਈ ਬਾਜ਼ਾਰ ਵਿੱਚੋਂ ਜਦੋਂ ਵੀ ਸਾਮਾਨ ਖਰੀਦਦਾ ਹੈ, ਉਦੋਂ ਹੀ ਆਪਣੀ ਬੇਟੀ ਦਿਲਰੋਜ਼ ਲਈ ਵੀ ਖਰੀਦਦਾ ਹੈ। ਦਿਲਰੋਜ਼ ਦੀ ਮਾਂ ਨੇ ਦੱਸਿਆ ਕਿ ਉਹ ਅੱਜ ਵੀ ਦਿਲਰੋਜ਼ ਨੂੰ ਬਹੁਤ ਪਿਆਰ ਕਰਦੀ ਹੈ, ਭਾਵੇਂ ਕਾਤਲ ਨੀਲਮ ਨੂੰ ਮੌਤ ਦੀ ਸਜ਼ਾ ਹੋ ਚੁੱਕੀ ਹੈ ਪਰ ਉਸ ਨੇ ਦਿਲਰੋਜ਼ ਨੂੰ ਹਮੇਸ਼ਾ ਲਈ ਗੁਆ ਦਿੱਤਾ ਹੈ। ਇਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਜੀਵਨ ਗੁਪਤਾ ਵੀ ਪਹੁੰਚੇ ਅਤੇ ਉਨ੍ਹਾਂ ਨੇ ਦਿਲਰੋਜ ਨੂੰ ਸ਼ਰਧਾਂਜਲੀ ਦਿੱਤੀ ਅਤੇ ਦੁਖੀ ਪਰਿਵਾਰ ਨੂੰ ਦਿਲਾਸਾ ਦਿੱਤਾ।

# ਇਜ਼ਰਾਈਲ ਵੱਲੋਂ ਰਫ਼ਾਹ 'ਚ ਹਮਲਾ, 14 ਬੱਚਿਆਂ ਸਣੇ 22 ਹਲਾਕ




ਰਫ਼ਾਹ : ਦੱਖਣੀ ਗਾਜ਼ਾ ਦੇ ਸ਼ਹਿਰ ਰਫ਼ਾਹ 'ਚ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ 'ਚ 14 ਬੱਚਿਆਂ ਸਮੇਤ 22 ਵਿਅਕਤੀ ਮਾਰੇ ਗਏ। ਮਿਸਰ ਨਾਲ ਲਗਦੇ ਸਰਹੱਦੀ ਇਲਾਕੇ 'ਚ ਇਜ਼ਰਾਈਲ ਨੇ ਹਮਲੇ ਤੇਜ਼ ਕਰ ਦਿੱਤੇ ਹਨ ਜਿਥੇ ਗਾਜ਼ਾ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਨੇ ਪਨਾਹ ਲਈ ਹੋਈ ਹੈ। ਅਮਰੀਕਾ ਸਮੇਤ ਹੋਰ ਮੁਲਕਾਂ ਨੇ ਇਜ਼ਰਾਈਲ ਨੂੰ ਸੰਜਮ ਰੱਖਣ ਦੀ ਅਪੀਲ ਕੀਤੀ ਹੈ ਪਰ ਉਹ ਲਗਾਤਾਰ ਹਮਲੇ ਕਰ ਰਿਹਾ ਹੈ। ਉਧਰ ਅਮਰੀਕੀ ਪ੍ਰਤੀਨਿਧ ਸਭਾ ਨੇ 26 ਅਰਬ ਡਾਲਰ ਦੀ ਸਹਾਇਤਾ ਦਾ ਪੈਕੇਜ ਐਲਾਨਿਆ ਹੈ ਜਿਸ 'ਚ ਗਾਜ਼ਾ ਲਈ ਕਰੀਬ 9 ਅਰਬ ਡਾਲਰ ਦੀ ਮਾਨਵੀ ਸਹਾਇਤਾ ਵੀ ਸ਼ਾਮਲ ਹੈ। ਇਜ਼ਰਾਈਲ ਵੱਲੋਂ ਕੀਤੇ ਗਏ ਪਹਿਲੇ ਹਮਲੇ 'ਚ ਇਕ ਵਿਅਕਤੀ, ਉਸ ਦੀ ਪਤਨੀ ਅਤੇ ਤਿੰਨ ਸਾਲ ਦਾ ਬੱਚਾ ਮਾਰੇ ਗਏ। ਕੁਵੈਤੀ ਹਸਪਤਾਲ ਮੁਤਾਬਕ ਮਹਿਲਾ ਗਰਭਵਤੀ ਸੀ ਅਤੇ ਡਾਕਟਰਾਂ ਨੇ ਉਸ ਦੇ ਬੱਚੇ ਨੂੰ ਬਚਾਅ ਲਿਆ। ਦੂਜੇ ਹਮਲੇ 'ਚ ਇਕੋ ਪਰਿਵਾਰ ਦੇ 13 ਬੱਚੇ ਅਤੇ ਦੋ ਔਰਤਾਂ ਮਾਰੀਆਂ ਗਈਆਂ। ਰਫ਼ਾਹ 'ਚ ਇਕ ਦਿਨ ਪਹਿਲਾਂ ਹੋਏ ਹਮਲੇ 'ਚ ਛੇ ਬੱਚਿਆਂ ਸਮੇਤ 9 ਵਿਅਕਤੀ ਹਲਾਕ ਹੋਏ ਸਨ। ਇਜ਼ਰਾਈਲ ਦੇ ਕਬਜ਼ੇ ਵਾਲੇ ਪੱਛਮੀ ਕੰਢੇ 'ਚ ਉਸ ਸਮੇਂ ਤਣਾਅ ਦਾ ਮਾਹੌਲ ਬਣ ਗਿਆ ਜਦੋਂ ਇਜ਼ਰਾਇਲੀ ਜਵਾਨਾਂ ਨੇ ਦੋ ਫਲਸਤੀਨੀਆਂ ਨੂੰ ਮਾਰ ਦਿੱਤਾ। ਫ਼ੌਜ ਨੇ ਕਿਹਾ ਕਿ ਦੋਵੇਂ ਫਲਸਤੀਨੀਆਂ ਨੇ ਇਕ ਨਾਕੇ 'ਤੇ ਹਮਲਾ ਕੀਤਾ ਸੀ। ਇਸ ਦੌਰਾਨ ਹਜ਼ਾਰਾਂ ਇਜ਼ਰਾਇਲੀਆਂ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਬਦਲਣ ਅਤੇ ਬੰਦੀਆਂ ਦੀ ਰਿਹਾਈ ਲਈ ਹਮਾਸ ਨਾਲ ਸਮਝੌਤਾ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਪ੍ਰਦਰਸ਼ਨ ਕੀਤਾ।

# ਭਾਈ ਨਿੱਝਰ ਮਾਮਲੇ ਦੀ ਰਿਪੋਰਟਿੰਗ ਕਰਨ ਵਾਲੀ ਪੱਤਰਕਾਰ ਨੇ ਛੱਡਿਆ ਭਾਰਤ

### *ਆਸਟਰੇਲਿਆਈ ਪੱਤਰਕਾਰ ਨੇ ਵਰਕ ਵੀਜ਼ੇ ਦੀ ਮਿਆਦ ਨਾ ਵਧਾਏ ਜਾਣ ਦਾ ਕੀਤਾ ਦਾਅਵਾ*

**ਭਾਰਤ ਸਰਕਾਰ ਨੇ ਰਿਪੋਰਟਿੰਗ 'ਤੇ ਉਠਾਏ ਸਨ ਸਵਾਲ**



ਨਵੀਂ ਦਿੱਲੀ : ਆਸਟਰੇਲਿਆਈ ਪੱਤਰਕਾਰ ਨੇ ਅੱਜ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਵਰਕ ਵੀਜ਼ਾ ਦੀ ਮਿਆਦ ਵਧਾਏ ਜਾਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਉਸ ਨੂੰ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਕਿਹਾ ਕਿ ਭਾਰਤ ਸਰਕਾਰ ਨੇ ਵਰਕ ਵੀਜ਼ਾ ਦੀ ਮਿਆਦ ਵਧਾਉਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਉਸ ਦੀਆਂ ਰਿਪੋਰਟਾਂ 'ਸੀਮਾਵਾਂ ਦੀ ਉਲੰਘਣਾ' ਹਨ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਏਬੀਸੀ) ਦੀ ਦੱਖਣੀ ਏਸ਼ੀਆ ਬਿਊਰੋ ਦੀ ਮੁਖੀ ਅਵਨੀ ਡਾਇਸ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਰਿਪੋਰਟਿੰਗ ਕਰਨ ਕਾਰਨ ਭਾਰਤ ਸਰਕਾਰ ਵੱਲੋਂ ਇਤਰਾਜ਼ ਜਤਾਏ ਜਾਣ ਮਗਰੋਂ ਲੋਕ ਸਭਾ ਚੋਣਾਂ ਵਾਲੇ ਦਿਨ 19 ਅਪ੍ਰੈਲ ਨੂੰ ਉਸ ਨੂੰ ਭਾਰਤ ਛੱਡਣਾ ਪਿਆ। ਡਾਇਸ ਨੇ 'ਐਕਸ' 'ਤੇ ਕਿਹਾ, "ਪਿਛਲੇ ਹਫ਼ਤੇ ਮੈਨੂੰ ਅਚਾਨਕ ਭਾਰਤ ਛੱਡਣਾ ਪਿਆ। ਮੋਦੀ ਸਰਕਾਰ ਨੇ ਇਹ ਕਹਿੰਦਿਆਂ ਮੇਰਾ ਵੀਜ਼ਾ ਵਧਾਉਣ ਤੋਂ ਇਨਕਾਰ ਕਰ ਦਿੱਤਾ ਕਿ ਮੇਰੀਆਂ ਰਿਪੋਰਟਾਂ 'ਸੀਮਾਵਾਂ ਦੀ ਉਲੰਘਣਾ' ਹਨ।"

ਡਾਇਸ ਨੇ ਕਿਹਾ, "ਸਾਨੂੰ ਇਹ ਵੀ ਦੱਸਿਆ ਗਿਆ ਕਿ ਭਾਰਤੀ ਮੰਤਰਾਲੇ ਦੇ ਨਿਰਦੇਸ਼ ਕਾਰਨ ਮੈਨੂੰ ਚੋਣਾਂ ਸਬੰਧੀ ਰਿਪੋਰਟਿੰਗ ਕਰਨ ਦੀ ਮਾਨਤਾ ਵੀ ਨਹੀਂ ਮਿਲੇਗੀ। ਅਸੀਂ ਉਸ ਦੇਸ਼ ਦੀਆਂ ਚੋਣਾਂ ਤੋਂ ਇੱਕ ਦਿਨ ਪਹਿਲਾਂ ਨਿਕਲੇ ਜਿਸ ਨੂੰ ਪ੍ਰਧਾਨ ਮੰਤਰੀ ਮੋਦੀ 'ਲੋਕਤੰਤਰ ਦੀ ਮਾਂ' ਆਖਦੇ ਹਨ।"

ਡਾਇਸ ਪਿਛਲੇ ਢਾਈ ਸਾਲ ਤੋਂ ਭਾਰਤ ਵਿੱਚ ਕੰਮ ਕਰ ਰਹੀ ਸੀ। ਉਸ ਨੇ ਦੱਸਿਆ ਕਿ ਆਸਟਰੇਲਿਆਈ ਸਰਕਾਰ ਦੇ ਦਖ਼ਲ ਮਗਰੋਂ ਉਸ ਦਾ ਵੀਜ਼ਾ ਦੋ ਮਹੀਨਿਆਂ ਲਈ ਵਧਾ ਦਿੱਤਾ ਗਿਆ ਜਦੋਂਕਿ ਇਸ ਦੀ ਜਾਣਕਾਰੀ ਉਸ ਨੂੰ ਉਡਾਣ ਤੋਂ 24 ਘੰਟੇ ਤੋਂ ਵੀ ਘੱਟ ਸਮਾਂ ਪਹਿਲਾਂ ਦਿੱਤੀ ਗਈ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਡਾਇਸ ਨੂੰ ਇਸ ਫ਼ੈਸਲੇ ਬਾਰੇ ਸੂਚਿਤ ਕੀਤਾ ਸੀ ਜਿਸ ਵਿੱਚ ਉਨ੍ਹਾਂ ਕਿਹਾ ਕਿ ਉਸ ਦੀਆਂ ਰਿਪੋਰਟਾਂ 'ਸੀਮਾਵਾਂ ਦੀ ਉਲੰਘਣ' ਸਨ। ਏਬੀਸੀ ਨੇ ਦੱਸਿਆ ਕਿ ਯੂਟਿਊਬ ਨੇ ਨਿੱਝਰ ਹੱਤਿਆਕਾਂਡ ਸਬੰਧੀ ਖ਼ਬਰਾਂ ਦੀ ਲੜੀ 'ਫਾਰੇਨ ਕੌਰਸਪੌਂਡੈਂਟ' ਦੇ ਇੱਕ ਐਪੀਸੋਡ ਦੀ ਭਾਰਤ ਵਿੱਚ ਪਹੁੰਚ 'ਤੇ ਰੋਕ ਵੀ ਲਾ ਦਿੱਤੀ ਗਈ। ਉਧਰ, ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਆਸਟਰੇਲਿਆਈ ਪੱਤਰਕਾਰ ਵੱਲੋਂ ਲਾਏ ਗਏ ਦੋਸ਼ ਬੇਬੁਨਿਆਦ ਤੇ ਗੁਮਰਾਹਕੁੰਨ ਹਨ। ਸੂਤਰ ਦਾ ਕਹਿਣਾ ਹੈ ਕਿ ਡਾਇਸ ਨੇ ਵੀਜ਼ਾ ਫੀਸ 18 ਅਪਰੈਲ ਨੂੰ ਦਿੱਤੀ ਸੀ ਅਤੇ ਉਸੇ ਦਿਨ ਉਸ ਦਾ ਵੀਜ਼ਾ ਜੂਨ ਦੇ ਅਖ਼ੀਰ ਤੱਕ ਵਧਾ ਦਿੱਤਾ ਗਿਆ ਸੀ

# ਖਰਾਬ ਮੌਸਮ ਨੇ ਕਿਸਾਨ ਫ਼ਿਕਰਾਂ ਵਿੱਚ ਪਾਏ, ਦਰਜਨ ਸ਼ਹਿਰਾਂ 'ਚ ਟੁੱਟਵਾਂ ਮੀਂਹ, ਵਾਢੀ ਦਾ ਕੰਮ ਰੁਕਿਆ; ਯੈਲੋ ਅਲਰਟ ਜਾਰੀ



ਚੰਡੀਗੜ੍ਹ : ਪੰਜਾਬ ਵਿੱਚ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੈ ਅਤੇ ਵਾਢੀ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਅਜਿਹੇ ਮੌਕੇ ਪੰਜਾਬ ਵਿੱਚ ਖਰਾਬ ਮੌਸਮ ਕਰਕੇ ਕਿਸਾਨਾਂ ਦੇ ਸਾਹ ਸੁੱਕਣ ਲੱਗੇ ਹਨ। ਲੰਘੀ ਰਾਤ ਤੋਂ ਹੀ ਸੂਬੇ ਭਰ ਵਿੱਚ ਹੋਈ ਬੱਦਲਵਾਈ ਤੇ ਚੱਲ ਰਹੀਆਂ ਤੇਜ਼ ਹਵਾਵਾਂ ਨੇ ਕਿਸਾਨਾਂ ਦੀ ਚਿੰਤਾ ਵਧਾਈ ਹੋਈ ਸੀ। ਅੱਜ ਦਿਨ ਸਮੇਂ ਪੰਜਾਬ ਦੇ ਇਕ ਦਰਜਨ ਦੇ ਕਰੀਬ ਸ਼ਹਿਰਾਂ ਵਿੱਚ ਤੇਜ਼ ਹਵਾਵਾਂ ਚੱਲਣ ਦੇ ਨਾਲ-ਨਾਲ ਟੁੱਟਵਾਂ ਮੀਂਹ ਪਿਆ ਹੈ। ਮੀਂਹ ਕਰਕੇ ਖੇਤਾਂ ਵਿੱਚ ਪੱਕੀ ਫਸਲ ਤੇ ਖਰੀਦ ਕੇਂਦਰਾਂ ਵਿੱਚ ਪਹੁੰਚੀ ਕਣਕ ਭਿੱਜ ਗਈ ਹੈ। ਸੂਬੇ ਵਿੱਚ ਮੁੜ ਤੋਂ ਕਣਕ ਦੀ ਵਾਢੀ ਦਾ ਕੰਮ ਪ੍ਰਭਾਵਿਤ ਹੋ ਗਿਆ ਹੈ। ਮੌਸਮ ਵਿਭਾਗ ਨੇ 26 ਤੇ 27 ਅਪਰੈਲ ਨੂੰ ਮੁੜ ਤੋਂ ਮੌਸਮ ਖਰਾਬ ਹੋਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੌਰਾਨ 40-50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ ਅਤੇ ਕੁਝ ਥਾਵਾਂ 'ਤੇ ਹਲਕਾ ਤੇ ਮੱਧਮ ਮੀਂਹ ਵੀ ਪਵੇਗਾ। ਮੌਸਮ ਵਿਭਾਗ ਨੇ ਇਨ੍ਹਾਂ ਦੋ ਦਿਨਾਂ ਲਈ ਯੈਲੋ ਅਲਰਟ ਵੀ ਜਾਰੀ ਕੀਤਾ ਹੈ। ਅੱਜ ਮੀਂਹ ਦੇ ਬਾਵਜੂਦ ਮੰਡੀਆਂ ਵਿੱਚ 8.90 ਲੱਖ ਮੀਟਰਿਕ ਟਨ ਕਣਕ ਪੁੱਜੀ ਹੈ। ਇਸ ਨਾਲ ਹੁਣ ਤੱਕ ਪੰਜਾਬ ਦੇ ਸਾਰੇ ਖਰੀਦ ਕੇਂਦਰਾਂ ਵਿੱਚ ਕੁੱਲ 43.08 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ। ਮੀਂਹ ਨੇ ਜਿੱਥੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ, ਉੱਥੇ ਹੀ ਬਿਜਲੀ ਮਹਿਕਮੇ ਨੂੰ ਸੁੱਖ ਦਾ ਸਾਹ ਆਇਆ ਹੈ। ਮੌਸਮ ਵਿੱਚ ਤਬਦੀਲੀ ਦੇ ਚਲਦਿਆਂ ਬਿਜਲੀ ਦੀ ਮੰਗ ਘਟੀ ਹੈ, ਜੋ ਇਕ ਸਮੇਂ 7 ਹਜ਼ਾਰ ਮੈਗਾਵਾਟ ਦੇ ਕਰੀਬ ਪਹੁੰਚ ਗਈ ਸੀ। ਅੱਜ ਬਰਨਾਲਾ ਵਿੱਚ 5.5 ਮਿਲੀਮੀਟਰ, ਅੰਮ੍ਰਿਤਸਰ ਵਿੱਚ 3, ਲੁਧਿਆਣਾ 1.4, ਪਟਿਆਲਾ ਵਿੱਚ 0.4, ਪਠਾਨਕੋਟ 6, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ ਵਿੱਚ ਇਕ-ਇਕ ਮਿਲੀਮੀਟਰ ਮੀਂਹ ਪਿਆ ਹੈ। ਇਸ ਤੋਂ ਇਲਾਵਾ ਹੋਰਨਾਂ ਕਈ ਸ਼ਹਿਰਾਂ ਵਿੱਚ ਹਲਕਾ ਮੀਂਹ ਪਿਆ ਹੈ। ਮੀਂਹ ਨਾਲ ਚੱਲੀਆਂ ਤੇਜ਼ ਹਵਾਵਾਂ ਕਰਕੇ ਅੰਮ੍ਰਿਤਸਰ ਤੇ ਪਠਾਨਕੋਟ ਦੀਆਂ ਮੁੱਖ ਸੜਕਾਂ 'ਤੇ ਕਈ ਥਾਵਾਂ 'ਤੇ ਰੁੱਖ ਡਿੱਗ ਗਏ। ਮੌਸਮ ਖਰਾਬ ਹੋਣ ਕਰਕੇ ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋਈ।

# ਸੋਚ ਬਦਲਣ ਦੇ ਫੈਦੇ !



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਮਿੱਟੀ ਦੇ ਭਾਂਡੇ ਬਣਾਉਣ ਵਾਲੇ ਇੱਕ ਕਾਰੀਗਰ ਨੂੰ ਕਿਸੇ ਨੇ ਕਹਿ ਦਿੱਤਾ ਕਿ ਤੂੰ ਹੁੱਕਿਆਂ ਲਈ ਚਿਲਮਾਂ ਬਣਾ,ਬਹੁਤ 'ਡਿਮਾਂਡ' ਹੈ ਉਨ੍ਹਾਂ ਦੀ! ਚਿਲਮਾਂ ਵੇਚ ਕੇ ਤੂੰ ਚੰਗੀ ਕਮਾਈ ਕਰ ਲਏਂ ਗਾ!

ਕਾਰੀਗਰ ਨੇ ਮਿੱਟੀ ਗੁੰਨ੍ਹ ਲਈ, ਕੋਲ ਪਾਣੀ ਰੱਖ ਕੇ ਚੱਕ ਘੁੰਮਦਾ ਕਰ ਲਿਆ। ਘੁੰਮਦੇ ਚੱਕ ਉੱਤੇ ਪਈ ਗਿੱਲੀ ਮਿੱਟੀ ਨੂੰ ਹਾਲੇ ਉਸਨੇ ਚਿਲਮ ਦੀ ਸ਼ੇਪ ਦੇਣੀ ਸ਼ੁਰੂ ਹੀ ਕੀਤੀ ਸੀ ਕਿ ਉੱਤੋਂ ਕਿਸੇ ਹੋਰ ਸਿਆਣੇ ਸੱਜਣ ਨੇ ਸਲਾਹ ਦਿੱਤੀ ਕਿ ਮੋਹਰੇ ਗਰਮੀਂ ਦਾ ਮੌਸਮ ਆ ਗਿਆ ਹੈ ਤੂੰ ਚਿਲਮਾਂ ਦੀ ਬਜਾਏ ਸੁਰਾਹੀਆਂ ਬਣਾ ਤਾਂ? ਚਿਲਮ ਤਾਂ ਕਿਸੇ ਵਿਰਲੇ-ਛਿੱਦੇ ਨੇ ਹੀ ਵਰਤਣੀ ਐ ਪਰ ਸੁਰਾਹੀ ਦੀ ਲੋੜ ਸਭ ਨੂੰ ਪੈਣੀ ਆਂ!

ਕਾਰੀਗਰ ਨੇ ਇਹ ਸਲਾਹ ਮੰਨ ਕੇ ਖੁਸ਼ ਹੁੰਦਿਆਂ ਜਿਉਂ ਹੀ ਗਿੱਲੀ ਮਿੱਟੀ ਦੀ ਥੋੜ੍ਹੀ ਜਿਹੀ ਬਣਾਈ ਹੋਈ ਚਿਲਮ ਨੂੰ ਦੋਹਾਂ ਹੱਥਾਂ ਨਾਲ ਮਰੋੜ ਕੇ ਸੁਰਾਹੀ ਬਣਾਉਣੀ ਸ਼ੁਰੂ ਕੀਤੀ ਤਾਂ ਗਿੱਲੀ ਮਿੱਟੀ 'ਚੋਂ ਅਵਾਜ਼ ਆਈ-

'ਭਰਾਵਾ, ਤੇਰਾ ਬਹੁਤ ਬਹੁਤ ਧੰਨਵਾਦ! ਤੇਰੀ ਸੋਚ ਵਿੱਚ ਆਏ ਬਦਲਾਅ ਸਦਕਾ ਤੈਨੂੰ ਤਾਂ ਕਮਾਈ ਹੋਣੀ ਹੀ ਹੈ ਨਾਲ ਮੇਰਾ ਵੀ ਬਚਾਅ ਹੋ ਗਿਆ! ਜੇ ਤੂੰ ਮੇਰੀਆਂ ਚਿਲਮਾਂ ਬਣਾਉਂਦਾ ਤਾਂ ਮੈਨੂੰ ਰੋਜ ਰੋਜ ਅੱਗ ਵਿੱਚ ਤਪਣਾ ਪਿਆ ਕਰਨਾ ਸੀ ਤੇ ਸੜਿਆਂਦ ਛੱਡਦੇ ਤੰਬਾਕੂ ਨੂੰ ਸਾੜ ਸਾੜ ਕੇ ਮੈਂ ਲੋਕਾਂ ਨੂੰ ਬੀਮਾਰੀਆਂ ਲਾਉਣੀਆਂ ਸੀ!

ਹੁਣ ਅਸੀਂ ਸੁਰਾਹੀਆਂ ਤੇਰੇ ਆਵੇ ਵਿੱਚ ਇੱਕ ਵਾਰ ਤਪ ਕੇ, ਸਦਾ ਸਦਾ ਲਈ ਠੰਢੇ ਪਾਣੀ ਦਾ ਸਾਥ ਮਾਣਿਆਂ ਕਰਾਂਗੀਆਂ! ਅਸੀਂ ਆਪ ਵੀ ਠੰਢੀਆਂ ਰਹਾਂਗੀਆਂ ਅਤੇ ਲੋਕਾਂ ਨੂੰ ਵੀ ਠੰਢਾ ਠਾਰ ਪਾਣੀ ਪਿਲਾ ਕੇ ਸ਼ਾਂਤ ਕਰ ਦਿਆ ਕਰਾਂ ਗੀਆਂ! ਸੜੀਆਂ ਚਿਲਮਾਂ ਤਿਆਗ ਕੇ ਸੁਰਾਹੀਆਂ ਬਣਾਉਣ ਲਈ ਬਦਲੀ ਤੇਰੀ ਸੋਚ ਦੇ ਬਲਿਹਾਰੇ ਭਰਾਵਾ!!

# ਉਪਕਾਰ ਸੋਸਾਇਟੀ ਨਵਾਂ ਸ਼ਹਿਰ ਵਲੋ 'ਉਪਕਾਰ ਯੁਵਾ ਕਲੱਬ' ਦੀ ਸਥਾਪਨਾ



ਨਵਾਂ ਸ਼ਹਿਰ (ਤਰਲੋਚਨ ਸਿੰਘ ਦੁਪਾਲਪੁਰ) ਲਗਭਗ 18 ਸਾਲ ਤੋਂ ਦੋ ਸਮਾਜਿਕ ਬੁਰਾਈਆਂ ਕੰਨਿਆਂ ਭਰੂਣ ਹੱਤਿਆ ਅਤੇ ਨਸ਼ਾਖੋਰੀ ਵਿਰੁੱਧ ਜਾਗਰੂਕਤਾ ਨੂੰ ਸਮਰਪਤ ਪ੍ਰਸਿੱਧ ਸੰਸਥਾ 'ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨਵਾਂ ਸ਼ਹਿਰ ਵਲੋਂ ਉਪਕਾਰ ਯੁਵਾ ਕਲੱਬ ਦੀ ਸਥਾਪਨਾ ਸ.ਸ.ਸ.ਸਕੂਲ ਲੰਗੜੋਆ (ਨਵਾਂ ਸ਼ਹਿਰ) ਵਿਖੇ ਕੀਤੀ ਗਈ! ਇੱਥੇ ਆਯੋਜਿਤ ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਨਵਗਠਿਤ ਯੁਵਾ ਕਲੱਬ ਦੇ ਅਹੁਦੇਦਾਰਾਂ ਵਜੋਂ ਸਰਦਾਰ ਤਨਬੀਰ ਸਿੰਘ ਭਾਰਟਾ ਨੂੰ ਪ੍ਰਧਾਨ, ਅਕਰਸ਼ ਬਾਲੀ ਨੂੰ ਸਕੱਤਰ ਤੇ ਹਰਸਿਮਰਨ ਕੌਰ ਤੱਖੀ ਨੂੰ ਕੈਸ਼ੀਅਰ ਦੀ ਜਿੰਮੇਂਵਾਰੀ ਸੌਂਪੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਾਲ ਸ੍ਰੀ ਸੁਰਿੰਦਰਪਾਲ ਅਗਨੀਹੋਤਰੀ, ਮਾਸਟਰ ਸੁਖਵਿੰਦਰ ਲਾਲ, ਹਰਿੰਦਰ ਸਿੰਘ ਮੈਡਮ ਗੁਨੀਤ ਅਤੇ ਰਣਜੀਤ ਕੌਰ ਆਈ. ਟੀ. ਆਈ. (ਮਹਿਲਾ) ਨਵਾਂ ਸ਼ਹਿਰ ਤੋਂ ਮੈਡਮ ਪ੍ਰਿਆ ਅਤੇ ਵਿਦਿਆਰਥਣਾ ਸਨ। ਉਪਕਾਰ ਸੰਸਥਾ ਵਲੋਂ ਜਸਪਾਲ ਸਿੰਘ ਗਿੱਦਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋ ਮਜਾਰਾ, ਡਾ: ਅਵਤਾਰ ਸਿੰਘ ਦੇਣੋ ਵਾਲ ਕਲਾਂ, ਦੇਸ ਰਾਜ ਬਾਲੀ, ਬੀਰਬਲ ਤੱਖੀ, ਨਰਿੰਦਰ ਪਾਲ ਸਾਬਕਾ ਪੋਸਟ ਮਾਸਟਰ, ਮੈਡਮ ਬਲਵਿੰਦਰ ਕੌਰ ਬਾਲੀ, ਮੈਡਮ ਜਯੋਤੀ ਬੱਗਾ ਤੇ ਪਰਮਜੀਤ ਸਿੰਘ ਹਾਜ਼ਰ ਸਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਅਗਨੀਹੋਤਰੀ ਜੀ ਨੇ ਕਿਹਾ ਕਿ ਭਾਵੇਂ ਸਮਾਜਿਕ ਬੁਰਾਈਆਂ ਦੀ ਸੂਚੀ ਬਹੁਤ ਲੰਬੀ ਹੈ ਪਰ ਬੱਚੀਆਂ ਨੂੰ ਮਾਂ ਦੀ ਕੁੱਖ ਵਿੱਚ ਹੀ ਮਾਰ ਮੁਕਾਉਣ ਤੇ ਨਸ਼ਿਆਂ ਦਾ ਕੋਹੜ ਸਾਡੇ ਸਮਾਜ ਨੂੰ ਖਤਰੇ 'ਚ ਪਾ ਰਹੇ ਹਨ। ਇਨ੍ਹਾਂ ਦੀ ਰੋਕਥਾਮ ਅਤਿ ਲੋੜੀਂਦੀ ਹੈ !

ਉਨਾਂ ਉਪਕਾਰ ਸੋਸਾਇਟੀ ਵਲੋਂ ਦੋਨਾਂ ਸਮਾਜਿਕ ਬੁਰਾਈਆਂ ਵਿਰੁੱਧ ਲੰਬੇ ਸਮੇਂ ਤੋਂ ਜਾਗਰੂਕਤਾ ਫੈਲਾਉਣ ਲਈ ਸੰਸਥਾ ਦਾ ਧੰਨਵਾਦ ਕੀਤਾ! ਜਸਪਾਲ ਸਿੰਘ ਗਿੱਦਾ ਨੇ ਸਿਹਤ ਵਿਭਾਗ ਵਲੋਂ ਜਾਰੀ ਕੀਤੇ ਅੰਕੜਿਆਂ ਦੀ ਬਿਨਾ 'ਤੇ ਦੱਸਿਆ ਕਿ ਇੱਕ ਹਜਾਰ ਮੁੰਡਿਆਂ ਪਿੱਛੇ 962 ਕੁੜੀਆਂ ਦੀ ਗਿਣਤੀ ਨਾਲ ਸ਼ਹੀਣ ਭਗਤ ਸਿੰਘ ਨਗਰ ਪੰਜਾਬ ਭਰ 'ਚੋਂ ਪਹਿਲਾ ਸਥਾਨ ਗ੍ਰਹਿਣ ਕਰ ਚੁੱਕਾ ਹੈ। ਨਸ਼ਿਆਂ ਦੀ ਭਿਆਨਕਤਾ ਬਾਰੇ ਅੰਕੜੇ ਪੇਸ਼ ਕਰਦਿਆਂ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਣ ਦੀ ਪ੍ਰੇਰਨਾ ਕੀਤੀ। ਉਪਕਾਰ ਸੋਸਾਇਟੀ ਵਲੋਂ ਸ੍ਰੀ ਅਗਨੀਹੋਤਰੀ ਜੀ ਦਾ ਸਨਮਾਨ ਵੀ ਕੀਤਾ ਗਿਆ। ਮਾਸਟਰ ਸੁਖਵਿੰਦਰ ਲਾਲ ਨੇ ਸਟੇਜ ਦਾ ਸਫ਼ਲ ਸੰਚਾਲਨ ਕੀਤਾ। ਸਮਾਪਤੀ 'ਤੇ ਮੈਡਮ ਗੁਨੀਤ ਨੇ ਪਤਵੰਤੇ ਪ੍ਰਬੰਧਕ ਸਾਹਿਬਾਨ ਅਤੇ ਸਮੂੰਹ ਹਾਜਰੀਨ ਦਾ ਧੰਨਵਾਦ ਕੀਤਾ!

# ਅਮਰੀਕਾ ਵਿਖੇ ਸੜਕ ਹਾਦਸੇ 'ਚ ਤੇਲੰਗਾਨਾ ਦੇ 2 ਵਿਦਿਆਰਥੀਆਂ ਦੀ ਮੌਤ



ਹੈਦਰਾਬਾਦ : ਅਮਰੀਕਾ ਵਿਚ ਪੜ੍ਹਾਈ ਕਰਨ ਗਏ ਤੇਲੰਗਾਨਾ ਦੇ 2 ਵਿਦਿਆਰਥੀਆਂ ਦੀ ਅਮਰੀਕੀ ਰਾਜ ਐਰੀਜ਼ੋਨਾ ਵਿਚ ਸੜਕ ਹਾਦਸੇ 'ਚ ਮੌਤ ਹੋ ਗਈ। 19 ਸਾਲਾਂ ਦੇ ਨਿਵੇਸ਼ ਮੱਕਾ ਅਤੇ ਗੌਤਮ ਕੁਮਾਰ ਪਾਰਸੀ ਦੀ ਕਾਰ ਇਕ ਹੋਰ ਕਾਰ ਨਾਲ ਸਿੱਧੀ ਟਕਰਾਅ ਗਈ। ਨਿਵੇਸ਼ ਕਰੀਮਨਗਰ ਜ਼ਿਲ੍ਹੇ ਦੇ ਹੁਜ਼ੁਰਾਬਾਦ ਕਸਬੇ ਦਾ ਰਹਿਣ ਵਾਲਾ ਸੀ, ਜਦੋਂਕਿ ਗੌਤਮ ਕੁਮਾਰ ਜਨਗਾਂਵ ਜ਼ਿਲ੍ਹੇ ਦੇ ਘਨਪੁਰ ਦਾ ਵਾਸੀ ਸੀ। ਦੋਵੇਂ ਐਰੀਜ਼ੋਨਾ ਸਟੇਟ ਯੂਨੀਵਰਸਿਟੀ 'ਚ ਕੰਪਿਊਟਰ ਸਾਇੰਸ ਇੰਜਨੀਅਰਿੰਗ ਦੀ ਪੜ੍ਹਾਈ ਕਰ ਰਹੇ ਸਨ। ਦੋਵੇਂ ਯੂਨੀਵਰਸਿਟੀ ਤੋਂ ਆਪਣੇ ਦੋਸਤਾਂ ਨਾਲ ਘਰ ਪਰਤ ਰਹੇ ਸਨ। ਨਿਵੇਸ਼ ਅਤੇ ਗੌਤਮ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋਵੇਂ ਕਾਰਾਂ ਦੇ ਡਰਾਈਵਰ ਜ਼ਖ਼ਮੀ ਹੋ ਗਏ। ਨਿਵੇਸ਼ ਡਾਕਟਰ ਜੋੜੇ ਨਵੀਨ ਅਤੇ ਸਵਾਤੀ ਦਾ ਪੁੱਤਰ ਸੀ। ਦੋਵਾਂ ਵਿਦਿਆਰਥੀਆਂ ਦੇ ਪਰਿਵਾਰ ਵਾਲਿਆਂ ਨੇ ਭਾਰਤ ਸਰਕਾਰ ਤੋਂ ਲਾਸ਼ਾਂ ਨੂੰ ਦੇਸ਼ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway,Lathrop,CA 95330

# ਕਾਂਗਰਸ ਤੇ ਭਾਈਵਾਲ ਜਿੱਤੇ ਤਾਂ ਦੰਗੇ ਹੋਣਗੇ: ਅਮਿਤ ਸ਼ਾਹ



ਕਟਿਹਾਰ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਾਂਗਰਸ ਦੀ ਅਗਵਾਈ ਹੇਠਲੀ ਵਿਰੋਧੀ ਧਿਰ 'ਤੇ ਅਤਿਵਾਦ ਪ੍ਰਤੀ ਨਰਮ ਰੁਖ਼ ਅਪਣਾਉਣ ਅਤੇ ਵਾਂਝੀਆਂ ਜਾਤਾਂ ਪ੍ਰਤੀ ਨਾ-ਪੱਖੀ ਰਵੱਈਆ ਅਪਣਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਸੱਤਾ 'ਚ ਉਨ੍ਹਾਂ (ਕਾਂਗਰਸ) ਦੀ ਵਾਪਸੀ ਨਾਲ ਦੰਗੇ, ਜ਼ੁਲਮ ਤੇ ਗਰੀਬੀ ਹੋ ਸਕਦੀ ਹੈ।

ਬਿਹਾਰ ਦੇ ਕਟਿਹਾਰ ਲੋਕ ਸਭਾ ਹਲਕੇ 'ਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਭਾਜਪਾ ਪ੍ਰਧਾਨ ਨੇ ਆਪਣੀ ਪਾਰਟੀ ਨੂੰ ਨਰਿੰਦਰ ਮੋਦੀ ਦੇ ਰੂਪ 'ਚ ਦੇਸ਼ ਨੂੰ ਪਹਿਲਾ ਓਬੀਸੀ ਪ੍ਰਧਾਨ ਮੰਤਰੀ ਦੇਣ ਦਾ ਸਿਹਰਾ ਦਿੱਤਾ ਜਿਨ੍ਹਾਂ ਪਰਿਵਾਰਵਾਦੀ ਰਾਜਨੀਤੀ ਖਤਮ ਕਰ ਦਿੱਤੀ। ਉਨ੍ਹਾਂ ਕਿਹਾ, 'ਮੋਦੀ ਨੇ ਨਕਸਲਵਾਦ ਦਾ ਸਫ਼ਾਇਆ ਕੀਤਾ ਤੇ ਅਤਿਵਾਦ ਨੂੰ ਠੱਲ੍ਹ ਪਾਈ। ਜਦੋਂ ਕਾਂਗਰਸ ਸੱਤਾ ਵਿੱਚ ਸੀ ਤਾਂ ਅਤਿਵਾਦੀ ਮਨਮਰਜ਼ੀ ਨਾਲ ਹਮਲੇ ਕਰਦੇ ਸੀ ਅਤੇ ਕੋਈ ਜਵਾਬੀ ਕਾਰਵਾਈ ਦੀ ਹਿੰਮਤ ਨਹੀਂ ਸੀ ਕਰਦਾ। ਇਸ ਦੇ ਉਲਟ ਉੜੀ ਤੇ ਪੁਲਵਾਮਾ 'ਚ ਹਮਲਿਆਂ ਤੋਂ ਤੁਰੰਤ ਬਾਅਦ ਸਰਜੀਕਲ ਸਟਰਾਈਕ ਤੇ ਬਾਲਾਕੋਟ ਹਵਾਈ ਹਮਲੇ ਕੀਤੇ ਗਏ। ਸਾਡੇ ਸੁਰੱਖਿਆ ਕਰਮੀ ਪਾਕਿਸਤਾਨ ਦੀ ਸਰਹੱਦ ਪਾਰ ਗਏ ਅਤੇ ਅਤਿਵਾਦੀਆਂ ਨੂੰ ਉਨ੍ਹਾਂ ਦੇ ਟਿਕਾਣਿਆਂ 'ਤੇ ਹੀ ਢੇਰ ਕਰ ਦਿੱਤਾ ਗਿਆ।' ਉਨ੍ਹਾਂ ਜੰਮੂ ਕਸ਼ਮੀਰ ਦੇ ਬਾਹਰ ਚੋਣ ਰੈਲੀਆਂ 'ਚ ਧਾਰਾ 370 ਰੱਦ ਕਰਨ ਦਾ ਮੁੱਦਾ ਚੁੱਕਣ 'ਤੇ ਇਤਰਾਜ਼ ਜਤਾਉਣ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਪੂਰੇ ਦੇਸ਼ ਨਾਲ ਜੁੜਿਆ ਮਾਮਲਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਤੇ ਬਿਹਾਰ ਦੇ ਜਵਾਨਾਂ ਨੇ ਜੰਮੂ ਕਸ਼ਮੀਰ 'ਚ ਗੜਬੜੀ ਵਾਲੇ ਹਾਲਾਤ 'ਚ ਲੜਦਿਆਂ ਆਪਣਾ ਖ਼ੂਨ ਵਹਾਇਆ ਹੈ ਅਤੇ ਹੁਣ ਕਸ਼ਮੀਰ ਪੂਰੀ ਤਰ੍ਹਾਂ ਭਾਰਤ ਦਾ ਅਨਿਖੜਵਾਂ ਅੰਗ ਹੈ। ਸ਼ਾਹ ਨੇ ਕਿਹਾ ਕਿ ਆਰਜੇਡੀ ਨੇ ਪੱਛੜੇ ਭਾਈਚਾਰਿਆਂ ਨੂੰ ਰਾਖਵਾਂਕਰਨ ਮੁਹੱਈਆ ਕਰਨ ਲਈ ਗਠਿਤ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਦਾ ਸਾਲਾਂ ਤੱਕ ਵਿਰੋਧ ਕਰਨ ਵਾਲੀ ਕਾਂਗਰਸ ਨਾਲ ਹੱਥ ਮਿਲਾ ਲਿਆ ਹੈ। ਉਹ ਇੱਥੇ ਐਨਡੀਏ ਉਮੀਦਵਾਰ ਦੁਲਾਲ ਚੰਦਰ ਗੋਸਵਾਮੀ ਦੀ ਹਮਾਇਤ 'ਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, 'ਕਾਂਗਰਸ ਨੇ ਹਮੇਸ਼ਾ ਪੱਛੜੇ ਵਰਗ ਦਾ ਅਪਮਾਨ ਕੀਤਾ ਹੈ। ਕਾਂਗਰਸ ਨੇ ਕਈ ਸਾਲਾਂ ਤੱਕ ਮੰਡਲ ਕਮਿਸ਼ਨ ਦੀ ਰਿਪੋਰਟ ਦਾ ਵਿਰੋਧ ਕੀਤਾ ਪਰ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਸੰਵਿਧਾਨਕ ਮਾਨਤਾ ਦਿੱਤੀ ਅਤੇ ਪੱਛੜੇ ਵਰਗ ਦੇ ਲੱਖਾਂ ਲੋਕਾਂ ਨੂੰ ਸਨਮਾਨ ਦਿੱਤਾ।'

# ਪੱਛਮੀ ਬੰਗਾਲ ਵਿੱਚ ਸੀਏਏ ਲਾਗੂ ਹੋਣ ਤੋਂ ਕੋਈ ਨਹੀਂ ਰੋਕ ਸਕਦਾ: ਰਾਜਨਾਥ ਸਿੰਘ



ਮਾਲਦਾ (ਪੱਛਮੀ ਬੰਗਾਲ) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਜਪਾ ਆਪਣੇ ਵਾਅਦੇ ਪੂਰੇ ਕਰਦੀ ਹੈ ਤੇ ਪੱਛਮੀ ਬੰਗਾਲ ਵਿੱਚ ਸੀਏਏ (ਨਾਗਰਿਕਤਾ ਸੋਧ ਕਾਨੂੰਨ) ਲਾਗੂ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਨਾਗਰਿਕਤਾ (ਸੋਧ) ਐਕਟ 2019 ਦਾ ਉਦੇਸ਼ ਕਿਸੇ ਦੀ ਨਾਗਰਿਕਤਾ ਲੈਣਾ ਨਹੀਂ ਹੈ, ਪਰ ਇਹ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਉਜੜੇ ਲੋਕਾਂ ਨੂੰ ਧਾਰਮਿਕ ਆਧਾਰ 'ਤੇ ਭਾਰਤੀ ਨਾਗਰਿਕਤਾ ਦੇਣ ਲਈ ਬਣਾਇਆ ਗਿਆ ਕਾਨੂੰਨ ਹੈ। ਇੱਥੇ ਮਾਲਦਾ ਉੱਤਰੀ ਹਲਕੇ ਤੋਂ ਭਾਜਪਾ ਉਮੀਦਵਾਰ ਖਾਗੇਨ ਮੁਰਮੂ ਦੇ ਹੱਕ 'ਚ ਚੋਣ ਰੈਲੀ ਮੌਕੇ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਨੇ ਕਿਹਾ,'ਕਾਂਗਰਸ, ਤ੍ਰਿਣਮੂਲ ਕਾਂਗਰਸ ਜਾਂ ਖੱਬੇ ਪੱਖੀ ਪਾਰਟੀਆਂ ਚੋਣਾਂ ਦੌਰਾਨ ਅਜਿਹੇ ਵਾਅਦੇ ਕਰਦੀਆਂ ਹਨ, ਜੋ ਪੂਰੇ ਨਹੀਂ ਹੁੰਦੇ, ਪਰ ਭਾਜਪਾ ਆਪਣੇ ਵਾਅਦੇ ਪੂਰੇ ਕਰਦੀ ਹੈ। ਉਨ੍ਹਾਂ ਕਿਹਾ ਕਿ ਪੂਰੇ ਭਾਰਤ ਸਮੇਤ ਪੱਛਮੀ ਬੰਗਾਲ ਵਿੱਚ ਵੀ ਸੀਏਏ ਲਾਗੂ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ,'ਮਮਤਾ ਦੀਦੀ ਆਖ ਰਹੀ ਹੈ ਕਿ ਉਹ ਆਪਣੇ ਸੂਬੇ ਵਿੱਚ ਸੀਏਏ ਲਾਗੂ ਨਹੀਂ ਹੋਣ ਦੇਣਗੇ। ਉਹ ਪੱਛਮੀ ਬੰਗਾਲ ਦੇ ਲੋਕਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ ?' ਉਨ੍ਹਾਂ ਕਿਹਾ,'ਜਦੋਂ ਅਸੀਂ ਕਿਸੇ ਕੌਮਾਂਤਰੀ ਮੰਚ 'ਤੇ ਕੁਝ ਆਖਦੇ ਹਾਂ ਤਾਂ ਇਸ ਨੂੰ ਸਤਿਕਾਰ ਨਾਲ ਸੁਣਿਆ ਜਾਂਦਾ ਹੈ।' ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਨੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਮੁਲਕ ਬਣਾਉਣ ਦਾ ਸੰਕਲਪ ਲਿਆ ਹੈ। ਇਸ ਦੌਰਾਨ ਟੀਐੱਮਸੀ 'ਤੇ ਵਰ੍ਹਦਿਆਂ ਰੱਖਿਆ ਮੰਤਰੀ ਨੇ ਦੋਸ਼ ਲਾਇਆ ਕਿ ਸੂਬੇ ਵਿੱਚ ਇਸ ਪਾਰਟੀ ਦੇ ਸੱਤਾ 'ਚ ਆਉਣ ਤੋਂ ਬਾਅਦ ਸਿਰਫ਼ ਵਸੂਲੀ ਕਰਨ ਵਾਲਿਆਂ, ਅਪਰਾਧੀਆਂ ਤੇ ਭ੍ਰਿਸ਼ਟਾਚਾਰੀਆਂ ਦੀ ਗਿਣਤੀ ਵਧੀ ਹੈ।

# ਇੰਝ ਲਗਦੈ ਕਾਂਗਰਸ ਅੱਜ ਵੀ ਸਿੱਖਾਂ ਤੋਂ '84 ਦਾ ਬਦਲਾ ਲੈ ਰਹੀ ਹੈ : ਨਰਿੰਦਰ ਮੋਦੀ

**ਕਿਹਾ, ਅਸੀਂ 1947 ਵੰਡ ਦੇ ਪੀੜਤਾਂ ਲਈ ਸੀ.ਏ.ਏ. ਲੈ ਕੇ ਆਏ, ਜੇ ਇਹ ਨਾ ਹੁੰਦਾ ਤਾਂ ਸਾਡੇ ਸਿੱਖ ਭੈਣ-ਭਰਾਵਾਂ ਦਾ ਕੀ ਹੋਣਾ ਸੀ-ਕਾਂਗਰਸ ਇਸ ਦਾ ਵੀ ਕਰ ਰਹੀ ਹੈ ਵਿਰੋਧ**



ਨਾਂਦੇੜ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿਚਰਵਾਰ ਨੂੰ ਕਾਂਗਰਸ ਨੂੰ ਅਜਿਹੀ ਵੇਲ ਕਰਾਰ ਦਿੱਤਾ, ਜਿਸ ਦੀ ਕੋਈ ਜੜ੍ਹ ਜਾਂ ਟਾਹਣੀ ਨਹੀਂ ਹੈ ਅਤੇ ਇਸ ਦਾ ਸਮਰਥਨ ਕਰਨ ਵਾਲਿਆਂ ਨੂੰ ਸੁੱਕਾ ਦਿੰਦੀ ਹੈ ਅਤੇ ਲੋਕਾਂ ਨੂੰ 'ਵਿਕਸਿਤ ਭਾਰਤ' ਅਤੇ 'ਵਿਕਸਿਤ ਮਹਾਰਾਸ਼ਟਰ' ਦੇ ਟੀਚਿਆਂ ਨੂੰ ਸਾਕਾਰ ਕਰਨ ਲਈ ਵਿਰੋਧੀ ਗਠਜੋੜ ਤੋਂ ਸੁਚੇਤ ਰਹਿਣ ਲਈ ਕਿਹਾ। ਮਹਾਰਾਸ਼ਟਰ ਦੇ ਨੰਦੇੜ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਹ ਸਾਡੀ ਹੀ ਸਰਕਾਰ ਹੈ, ਜੋ ਵੰਡ ਦੇ ਪੀੜਤਾਂ ਲਈ ਸੀ.ਏ.ਏ. ਲੈ ਕੇ ਆਈ। ਇਹ ਨਾ ਹੁੰਦਾ ਤਾਂ ਅਫ਼ਗਾਨਿਸਤਾਨ ਤੋਂ ਆਏ ਭੈਣ ਭਰਾਵਾਂ ਦਾ ਕੀ ਹੁੰਦਾ। ਕਾਂਗਰਸ ਇਸ ਦਾ ਵੀ ਵਿਰੋਧ ਕਰ ਰਹੀ ਹੈ। ਅਜਿਹਾ ਲੱਗਦਾ ਹੈ ਕਿ ਕਾਂਗਰਸ 1984 ਦਾ ਬਦਲਾ ਹੁਣ ਤੱਕ ਸਿੱਖਾਂ ਤੋਂ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੂੰ ਗੁਰੂ ਨਾਨਕ ਦੇਵ ਜੀ ਦਾ 500ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਮਿਲਿਆ। ਕਰਤਾਰਪੁਰ ਲਾਂਘੇ ਦਾ ਕੰਮ ਪੂਰਾ ਹੋਇਆ। ਲੰਗਰ ਨੂੰ ਟੈਕਸ ਮੁਕਤ ਕੀਤਾ। ਸਾਡੀ ਹੀ ਸਰਕਾਰ ਹੈ, ਜੋ ਅਫ਼ਗਾਨਿਸਤਾਨ 'ਚ ਸੰਕਟ ਦੇ ਸਮੇਂ, ਜਦ ਨਿਰਦੋਸ਼ਾਂ ਦੀਆਂ ਹੱਤਿਆਵਾਂ ਹੋਈਆਂ, ਧਾਰਮਿਕ ਸਥਾਨਾਂ 'ਤੇ ਹਮਲੇ ਹੋਏ। ਤਦ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਨੂੰ ਪੂਰੀ ਮਰਿਆਦਾ ਨਾਲ ਭਾਰਤ ਲਿਆਏ। ਉਨ੍ਹਾਂ ਕਿਹਾ ਕਿ ਮੋਦੀ ਨੇ ਗਾਰੰਟੀ ਦਿੱਤੀ ਸੀ ਕਿ ਕਸ਼ਮੀਰ ਨੂੰ 370 ਤੋਂ ਮੁਕਤੀ ਮਿਲੇਗੀ। ਧਾਰਾ 370 ਇਤਿਹਾਸ ਬਣ ਚੁੱਕੀ ਹੈ। ਤਿੰਨ ਤਲਾਕ ਖਤਮ ਹੋਵੇਗਾ, ਅੱਜ ਮੁਸਲਮਾਨ ਭੈਣਾਂ ਨੂੰ ਮੁਕਤੀ ਮਿਲ ਚੁੱਕੀ ਹੈ। ਗਾਰੰਟੀ ਦਿੱਤੀ ਸੀ ਕਿ ਅਰਥਵਿਵਸਥਾ ਨੂੰ ਖਾਈ 'ਚੋਂ ਕੱਢਾਂਗੇ। ਅੱਜ ਭਾਰਤ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ। ਮੋਦੀ ਨੇ ਕਿਹਾ ਕਿ ਕਾਂਗਰਸ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਆਪਣੀ ਹਾਰ ਸਵੀਕਾਰ ਕਰ ਲਈ ਹੈ, ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਹਿਜ਼ਾਦੇ 2019 'ਚ ਜਿਵੇਂ ਅਮੇਠੀ ਸੀਟ ਤੋਂ ਹਾਰੇ ਸਨ, ਹੁਣ ਉਹ ਵਾਇਨਾਡ ਤੋਂ ਵੀ ਹਾਰ ਜਾਣਗੇ। ਨਾਂਦੇੜ ਤੋਂ ਬਾਅਦ ਮੋਦੀ ਨੇ ਮਹਾਰਾਸ਼ਟਰ ਦੇ ਹੀ ਪਰਭਾਨੀ 'ਚ ਵੀ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇੱਥੇ ਬੋਲਦਿਆਂ ਉਨ੍ਹਾਂ ਕਿਹਾ ਕਿ 2024 ਦੀਆਂ ਚੋਣਾਂ ਸਿਰਫ ਸਰਕਾਰ ਬਣਾਉਣ ਲਈ ਹੀ ਨਹੀਂ, ਸਗੋਂ ਭਾਰਤ ਨੂੰ ਵਿਕਸਿਤ ਅਤੇ ਆਤਮਨਿਰਭਰ ਬਣਾਉਣ ਲਈ ਵੀ ਹਨ। ਮਹਾਰਾਸ਼ਟਰ 'ਚ ਵਿਰੋਧੀ ਮਹਾ ਵਿਕਾਸ ਅਗਾੜੀ ਗੱਠਜੋੜ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਨਕਲੀ ਸ਼ਿਵ ਸੈਨਾ, ਜੋ ਸ਼ਿਵ ਸੈਨਾ (ਯੂ.ਬੀ.ਟੀ.) ਦਾ ਹਵਾਲਾ ਹੈ, ਯਾਕੂਬ ਮੇਮਨ ਦੀ ਕਬਰ ਨੂੰ ਸਜਾਉਣ 'ਚ ਰੁੱਝੇ ਹੋਏ ਹਨ। 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਦੋਸ਼ੀ ਮੇਮਨ ਨੂੰ 2015 'ਚ ਫਾਂਸੀ ਦਿੱਤੀ ਗਈ ਸੀ।

# ਆਮ ਲੋਕਾਂ ਦੀ ਕਮਾਈ 'ਤੇ 'ਪੰਜਾ' ਮਾਰਨਾ ਚਾਹੁੰਦੀ ਹੈ ਕਾਂਗਰਸ: ਮੋਦੀ

**ਜੇ ਕਾਂਗਰਸ ਸੱਤਾ 'ਚ ਆਈ ਤਾਂ ਮਾਵਾਂ ਅਤੇ ਭੈਣਾਂ ਦੇ ਮੰਗਲਸੂਤਰ ਵੀ ਸਲਾਮਤ ਨਹੀਂ ਰਹਿਣਗੇ: ਪ੍ਰਧਾਨ ਮੰਤਰੀ**




ਅਲੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਇਹ ਪਾਰਟੀ ਦੇਸ਼ 'ਤੇ 'ਮਾਓਵਾਦੀ ਸੋਚ' ਥੋਪ ਕੇ ਲੋਕਾਂ ਦੀ ਕਮਾਈ 'ਤੇ ਪੰਜਾ (ਕਬਜ਼ਾ) ਮਾਰਨਾ ਚਾਹੁੰਦੀ ਹੈ ਅਤੇ ਜੇਕਰ ਉਹ ਸੱਤਾ 'ਚ ਆ ਗਏ ਤਾਂ ਮਾਵਾਂ ਤੇ ਭੈਣਾਂ ਦੇ ਮੰਗਲਸੂਤਰ ਤੱਕ ਸਲਾਮਤ ਨਹੀਂ ਰਹਿਣਗੇ। ਉਂਜ ਉਨ੍ਹਾਂ ਇਹ ਬਿਆਨ ਦੁਹਰਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਕਮਾਈ ਮੁਸਲਮਾਨਾਂ ਕੋਲ ਜਾਵੇਗੀ। ਮੁਸਲਮਾਨਾਂ ਦੀ ਵੱਡੀ ਆਬਾਦੀ ਵਾਲੇ ਅਲੀਗੜ੍ਹ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਾਂਗਰਸ ਅਤੇ ਸਮਾਜਵਾਦੀ ਪਾਰਟੀ 'ਤੇ 'ਤੁਸ਼ਟੀਕਰਨ' ਦੀ ਨੀਤੀ ਆਪਣਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਉਨ੍ਹਾਂ ਘੱਟ ਗਿਣਤੀਆਂ ਦੇ ਸਮਾਜਿਕ-ਆਰਥਿਕ ਹਾਲਾਤ ਬਦਲਣ ਦਾ ਕੋਈ ਉਪਰਾਲਾ ਨਹੀਂ ਕੀਤਾ। ਉਨ੍ਹਾਂ ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਫਿਰਕੇ ਦੀ ਸਹਾਇਤਾ ਲਈ ਚੁੱਕੇ ਗਏ ਕਦਮਾਂ, ਤੀਹਰੇ ਤਲਾਕ ਖ਼ਿਲਾਫ਼ ਕਾਨੂੰਨ ਲਿਆਉਣ ਅਤੇ ਹੱਜ ਕੋਟਾ ਵਧਾਉਣ ਆਦਿ ਦਾ ਜ਼ਿਕਰ ਕੀਤਾ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਪ੍ਰਧਾਨ ਮੰਤਰੀ ਨੇ ਇਹ ਦਾਅਵਾ ਕਰਕੇ ਸਿਆਸੀ ਵਿਵਾਦ ਪੈਦਾ ਕਰ ਦਿੱਤਾ ਸੀ ਕਿ ਕਾਂਗਰਸ ਨੇ ਚੋਣ ਮਨੋਰਥ ਪੱਤਰ 'ਚ ਵਾਅਦਾ ਕੀਤਾ ਹੈ ਕਿ ਸਰਵੇਖਣ ਕਰਵਾਉਣ ਮਗਰੋਂ ਪਾਰਟੀ ਵਾਧੂ ਕਮਾਈ ਹੋਰ ਫਿਰਕਿਆਂ ਨੂੰ ਵੰਡ ਦੇਵੇਗੀ। ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ 2006 'ਚ ਮੁਸਲਮਾਨਾਂ ਬਾਰੇ ਦਿੱਤੇ ਗਏ ਬਿਆਨ ਦਾ ਹਵਾਲਾ ਦਿੱਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਦੇਸ਼ ਦੇ ਵਸੀਲਿਆਂ 'ਤੇ ਪਹਿਲਾ ਹੱਕ ਮੁਸਲਮਾਨਾਂ ਦਾ ਦੱਸਿਆ ਸੀ। ਮੋਦੀ ਨੇ ਰਾਜਸਥਾਨ ਦੇ ਬਾਂਸਵਾੜਾ 'ਚ ਰੈਲੀ ਦੌਰਾਨ ਕਿਹਾ ਸੀ ਕਿ ਕਾਂਗਰਸ ਹੋਰਾਂ ਦੀ ਕਮਾਈ 'ਘੁਸਪੈਠੀਆਂ' ਅਤੇ 'ਜਿਨ੍ਹਾਂ ਦੀ ਵੱਧ ਔਲਾਦ ਹੈ' ਉਨ੍ਹਾਂ ਹਵਾਲੇ ਕਰ ਦੇਵੇਗੀ। ਅਲੀਗੜ੍ਹ 'ਚ ਸੋਮਵਾਰ ਨੂੰ ਰੈਲੀ ਦੌਰਾਨ ਮੋਦੀ ਨੇ ਕਮਾਈ ਅੱਗੇ ਵੰਡਣ ਦਾ ਬਿਆਨ ਦੁਹਰਾਇਆ ਅਤੇ ਕਿਹਾ ਕਿ ਉਹ ਕਾਂਗਰਸ ਅਤੇ ਵਿਰੋਧੀ ਗੱਠਜੋੜ 'ਇੰਡੀਆ' ਦੇ ਇਰਾਦਿਆਂ ਪ੍ਰਤੀ ਲੋਕਾਂ ਨੂੰ ਚੌਕਸ ਕਰਨਾ ਚਾਹੁੰਦੇ ਹਨ। ਰਾਹੁਲ ਗਾਂਧੀ ਦਾ ਹਵਾਲਾ ਦਿੰਦਿਆਂ ਉਨ੍ਹਾਂ ਦਾਅਵਾ ਕੀਤਾ,"ਕਾਂਗਰਸ ਦੇ ਸ਼ਹਿਜ਼ਾਦੇ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਆਈ ਤਾਂ ਕੌਣ ਕਿੰਨਾ ਕਮਾਉਂਦਾ ਹੈ, ਕਿਸ ਦੇ ਕੋਲ ਕਿੰਨੀ ਸੰਪਤੀ ਹੈ, ਉਸ ਦੀ ਜਾਂਚ ਕਰਾਉਣਗੇ। ਇੰਨਾ ਹੀ ਨਹੀਂ, ਉਹ ਆਖਦੇ ਹਨ ਕਿ ਇਹ ਜੋ ਸੰਪਤੀ ਹੈ, ਉਸ ਨੂੰ ਸਰਕਾਰ ਆਪਣੇ ਕਬਜ਼ੇ 'ਚ ਲੈ ਕੇ ਸਾਰਿਆਂ ਨੂੰ ਵੰਡ ਦੇਵੇਗੀ। ਇਹ ਉਨ੍ਹਾਂ ਦਾ ਚੋਣ ਮਨੋਰਥ ਪੱਤਰ ਆਖ ਰਿਹਾ ਹੈ। ਤੁਸੀਂ ਜ਼ਰਾ ਸੋਚੋ ਸਾਡੀਆਂ ਮਾਵਾਂ ਅਤੇ ਭੈਣਾਂ ਕੋਲ ਸੋਨਾ ਹੁੰਦਾ ਹੈ। ਉਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਕਾਨੂੰਨ ਵੀ ਉਸ ਦੀ ਰੱਖਿਆ ਕਰਦਾ ਹੈ ਪਰ ਹੁਣ ਉਨ੍ਹਾਂ (ਕਾਂਗਰਸ) ਦੀ ਨਜ਼ਰ ਕਾਨੂੰਨ ਬਦਲ ਕੇ ਸਾਡੀਆਂ ਮਾਵਾਂ-ਭੈਣਾਂ ਦੀ ਸੰਪਤੀ ਖੋਹਣ 'ਤੇ ਹੈ। ਉਨ੍ਹਾਂ ਦੇ ਮੰਗਲਸੂਤਰ 'ਤੇ ਇਨ੍ਹਾਂ ਲੋਕਾਂ ਦੀ ਨਜ਼ਰ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧੀ ਧਿਰ ਨੌਕਰੀ ਪੇਸ਼ਾ ਮੁਲਾਜ਼ਮਾਂ ਦੀ ਸੰਪਤੀ ਬਾਰੇ ਸਰਵੇ ਕਰਾਉਣਾ ਚਾਹੁੰਦੀ ਹੈ। ਕਾਂਗਰਸ ਇਹ ਵੀ ਕਰ ਸਕਦੀ ਹੈ ਕਿ ਜੇ ਤੁਹਾਡੇ ਕੋਲ ਦੋ ਘਰ ਹਨ ਤਾਂ ਇਕ ਖੋਹ ਲਿਆ ਜਾਵੇਗਾ। 'ਇਹ ਮਾਓਵਾਦੀ ਸੋਚ ਹੈ। ਇਹ ਕਮਿਊਨਿਸਟਾਂ ਦੀ ਸੋਚ ਹੈ, ਇੰਜ ਕਰਕੇ ਕਿੰਨੇ ਹੀ ਦੇਸ਼ਾਂ ਨੂੰ ਉਹ ਬਰਬਾਦ ਕਰ ਚੁੱਕੇ ਹਨ। ਹੁਣ ਇਹੋ ਨੀਤੀ ਕਾਂਗਰਸ ਪਾਰਟੀ ਅਤੇ ਇੰਡੀ ਗੱਠਜੋੜ ਭਾਰਤ 'ਚ ਲਾਗੂ ਕਰਨਾ ਚਾਹੁੰਦੇ ਹਨ।' ਰਾਜਸਥਾਨ 'ਚ ਦਿੱਤੇ ਭਾਸ਼ਨ ਨੂੰ ਵਿਰੋਧੀ ਧਿਰ 'ਨਫ਼ਰਤੀ ਭਾਸ਼ਨ' ਆਖ ਰਹੀ ਹੈ ਪਰ ਅਲੀਗੜ੍ਹ 'ਚ ਉਨ੍ਹਾਂ ਲੋਕਾਂ ਦੀ ਕਮਾਈ ਮੁਸਲਮਾਨਾਂ 'ਚ ਵੰਡਣ ਦੀ ਗੱਲ ਨਹੀਂ ਆਖੀ।

# ਕੇਂਦਰੀ ਮੰਤਰੀ ਗਡਕਰੀ ਚੋਣ ਰੈਲੀ ਦੌਰਾਨ ਭਾਸ਼ਨ ਦਿੰਦੇ ਹੋਏ ਬੇਹੋਸ਼ ਹੋਏ

ਯਵਤਮਾਲ (ਮਹਾਰਾਸ਼ਟਰ) : ਕੇਂਦਰੀ ਮੰਤਰੀ ਨਿਤਿਨ ਗਡਕਰੀ ਅੱਜ ਪੂਰਬੀ ਮਹਾਰਾਸ਼ਟਰ ਦੇ ਯਵਤਮਾਲ ਜ਼ਿਲ੍ਹੇ ਵਿੱਚ ਚੋਣ ਰੈਲੀ ਵਿੱਚ ਬੋਲਦੇ ਹੋਏ ਬੇਹੋਸ਼ ਹੋ ਗਏ। ਭਾਜਪਾ ਨੇਤਾ ਜਿਵੇਂ ਹੀ ਬੇਹੋਸ਼ ਹੋਏ, ਉਨ੍ਹਾਂ ਦੇ ਨਾਲ ਮੌਜੂਦ ਸੁਰੱਖਿਆ ਕਰਮਚਾਰੀ ਉਨ੍ਹਾਂ ਨੂੰ ਬਾਹਰ ਲੈ ਗਏ। ਮੰਤਰੀ ਕੁਝ ਮਿੰਟਾਂ ਬਾਅਦ ਠੀਕ ਹੋ ਗਏ ਅਤੇ ਆਪਣਾ ਭਾਸ਼ਨ ਕੀਤਾ। 66 ਸਾਲਾ ਨੇਤਾ ਨੇ ਐਕਸ 'ਤੇ ਪੋਸਟ ਵਿਚ ਕਿਹਾ, 'ਮਹਾਰਾਸ਼ਟਰ ਵਿਚ ਰੈਲੀ ਵਿਚ ਗਰਮੀ ਕਾਰਨ ਬੇਚੈਨੀ ਮਹਿਸੂਸ ਕੀਤੀ ਪਰ ਹੁਣ ਮੈਂ ਪੂਰੀ ਤਰ੍ਹਾਂ




ਠੀਕ ਹਾਂ ਅਤੇ ਅਗਲੀ ਰੈਲੀ ਵਿਚ ਹਿੱਸਾ ਲੈਣ ਲਈ ਜਾ ਰਿਹਾ ਹਾਂ।'



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮੇਰਾ ਇਹ ਵਿਸ਼ਵਾਸ ਹੈ ਕਿ ਜਿਹੜੇ ਲੋਕ ਜ਼ਮੀਨ ਰੱਖਦੇ ਹਨ ਉਹ ਬਹੁਤ ਪਿਛਾਂਹਖਿੱਚੂ, ਫਜ਼ੂਲ ਖਰਚ ਤੇ ਘੱਟ ਬਚਤ ਵਾਲੇ ਹਨ। ਪਰ ਕਾਰੋਬਾਰੀ ਲੋਕਾਂ ਵਿਚ ਇਹ ਗੱਲਾਂ ਨਹੀਂ ਹਨ ਅਤੇ ਜੇ ਇਕ ਵੇਰ ਉਨ੍ਹਾਂ ਦੇ ਕਬਜ਼ੇ ਵਿਚ ਜ਼ਮੀਨ ਅ ਜਾਵੇ ਫੇਰ ਕਿਤੇ ਨਹੀਂ ਜਾ ਸਕਦੀ ਅਤੇ ਇਸ ਤਰ੍ਹਾਂ ਉਨ੍ਹਾਂ ਪਾਸ ਬਹੁਤ ਸਾਰੀ ਜ਼ਮੀਨ ਇਕੱਤਰ ਹੋ ਜਾਂਦੀ ਹੈ। ਜ਼ਿਮੀਂਦਾਰ ਅਜਿਹੇ ਹਨ ਕਿ ਬਹੁਤ ਚਿਰ ਤੋੜੀ ਜ਼ਮੀਨ ਨੂੰ ਆਪਣੇ ਪਾਸ ਨਹੀਂ ਰੱਖ ਸਕਦੇ। ਇਸ ਤੋਂ ਛੁੱਟ ਇਹ ਗੱਲ ਵੀ ਹੈ ਕਿ ਜ਼ਿਮੀਂਦਾਰ ਆਪਣੀ ਬਰਾਦਰੀ ਦੇ ਜਜ਼ਬਾਤ ਨੂੰ ਅਨੁਭਵ ਕਰਦੇ ਹਨ। ਇਕ ਜ਼ਿਮੀਂਦਾਰ ਕਦੇ ਦੂਜੇ ਦਾ ਦਿਲ ਦੁਖਾ ਕੇ ਜ਼ਮੀਨ ਨਹੀਂ ਖਰੀਦਗੇ। ਪਰ ਸ਼ਾਹੂਕਾਰ ਸ਼੍ਰੇਣੀ ਵਿਚ ਇਹ ਹੌਸਲਾ ਨਹੀਂ ਹੈ। ਸਰ ਫਜ਼ਲ ਹੁਸੈਨ ਤੇ ਮੈਂ ਕਦੇ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਨਹੀਂ ਖਰੀਦੀ। ਇਹ ਆਖਿਆ ਗਿਆ ਹੈ ਕਿ ਇਹ ਕਾਨੂੰਨ ਹਾਸੋਹੀਣਾ ਹੈ। ਜੇ ਇਕ ਅਰੋੜਾ ਹੈ ਜੋ ਜ਼ਿਮੀਂਦਾਰੀ ਵਿਚ ਨਿਪੁੰਨ ਹੈ ਓਸ ਨੂੰ ਤਾਂ ਕਾਸ਼ਤਕਾਰ ਕਰਾਰ ਨਹੀਂ ਦਿੱਤੀ ਜਾਂਦਾ ਪਰ ਜੱਟ ਭਾਵੇਂ ਉਸ ਨੇ ਕਦੇ ਜ਼ਮੀਨ ਵਿਚ ਹੱਲ ਵੀ ਨਾ ਜੋਇਅ ਹੋਵੇ, ਉਸ ਨੂੰ ਕਾਸ਼ਤਕਾਰ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਅਰੋੜਿਆਂ ਪਾਸ ਬਹੁਤ ਰੁਪਿਆ ਹੈ ਅਤੇ ਇੰਨਾ ਹੈ ਕਿ ਕਦੇ ਖ਼ਤਮ ਨਹੀਂ ਹੋ ਸਕਦਾ। ਜੇ ਉਨ੍ਹਾਂ ਨੂੰ ਕਾਸ਼ਤਕਾਰ ਕਰਾਰ ਦਿੱਤਾ ਜਾਵੇ ਤਾਂ ਉਹ ਥੋੜ੍ਹੇ ਹੀ ਚਿਰ ਵਿਚ ਪਿੰਡਾਂ ਦੇ ਪਿੰਡ ਖਰੀਦ ਲੈਣਗੇ ਤੇ ਪੰਜ ਸਾਲ ਦੇ ਅੰਦਰ ਅੰਦਰ ਐਕਟ ਇੰਤਕਾਲ ਅਰਾਜ਼ੀ ਨਕਾਰਾ ਹੋ ਜਾਵੇਗਾ।

ਆਪ ਨੇ ਅਖੀਰ ਵਿਚ ਕਿਹਾ ਕਿ ਇਕ ਦੋਸ਼ ਇਹ ਲਾਇਆ ਜਾਂਦਾ ਹੈ ਕਿ ਵੱਡੇ ਜ਼ਿਮੀਂਦਾਰ ਨਿੱਕੇ ਜ਼ਿਮੀਂਦਾਰ ਨੂੰ ਹੜੱਪ ਕਰੀ ਜਾ ਰਹੇ ਹਨ ਪਰ ਇਹ ਗ਼ਲਤ ਹੈ। ਜਦ ਇਹ ਕਾਨੂੰਨ ਜਾਰੀ ਹੋਇਆ ਸੀ ਤਾਂ ਵੱਡੇ ਜ਼ਿਮੀਂਦਾਰਾਂ ਦੀ ਗਿਣਤੀ ਪੌਣੇ ਚਾਰ ਹਜ਼ਾਰ ਦੇ ਲਗੇ ਛਾਗੇ ਸੀ। ਹੁਣ ਹੁਣ ਕੇਵਲ ਦੋ ਹਜ਼ਾਰ ਤੋਂ ਕੁਝ ਉੱਤੇ ਹੈ। (ਬਾਕੀ ਫੇਰ)

ਖ਼ਾਲਸਾ ਸਮਾਚਾਰ, 2 ਅਪ੍ਰੈਲ 1936, ਅੰਕ 21, ਜਿਲਦ 37, ਪੰਨਾ-9

ਖ਼ਾਲਸਾ ਸਮਾਚਾਰ 9 ਅਪ੍ਰੈਲ 1936, ਜਿਲਦ 37, ਅੰਕ 22, ਪੰਨਾ-11

ਸਰਬ-ਹਿੰਦ ਸਿੱਖ ਮਿਸ਼ਨਰੀ ਕਾਨਫਰੰਸ

ਸਰਬ-ਹਿੰਦ ਸਿੱਖ ਮਿਸ਼ਨਰੀ ਕਾਨਫਰੰਸ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਹੋ ਰਹੀਆਂ ਹਨ। ਇਸ ਕਾਨਫਰੰਸ ਦੇ ਪ੍ਰਧਾਨ ਰਾਏ ਬਹਾਦਰ ਸਰਦਾਰ ਵਿਸਾਖੀ ਸਿੰਘ ਜੀ ਗੂਰਨਮੈਂਟ ਠੇਕੇਦਾਰ ਦਿੱਲੀ ਚੁਣੇ ਗਏ ਹਨ, ਇਹ ਚੋਣ ਸ਼ਲਾਘਾਯੋਗ ਹੈ।

ਜਾਪਦਾ ਹੈ ਕਿ ਕਾਨਫਰੰਸ ਵਿਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਦੀ ਗਿਣਤੀ ਬਹੁਤ ਕਾਫ਼ੀ ਹੋਵੇਗੀ। ਇਸ ਸਮਾਗਮ 'ਤੇ ਅਛੂਤਾਂ ਦੇ ਜਥੇ ਵੀ ਆਉਣਗੇ। ਮਿ. ਆਰ. ਐਲ. ਬਿਸਵਾਸ ਪ੍ਰਧਾਨ ਸਰਬ-ਹਿੰਦ ਅਛੂਤ ਲੀਗ ਨੇ ਸਿੰਘ ਸਭਾ ਹਾਵੜਾ ਨੂੰ ਤਾਰ ਦਿੱਤੀ ਹੈ ਕਿ ਸਿੱਖ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਬੰਗਾਲ ਦੇ ਬਹੁਤ ਸਾਰੇ ਅਛੂਤ ਤਿਆਰ ਹਨ ਤੇ ਕਿਹ ਜਾਂਦਾ ਹੈ ਕਿ ਮਿ.ਆਰ.ਐਲ. ਬਿਸਵਾਸ ਇਕ ਜਥਾ ਲੈ ਕੇ ਆਪ ਵੀ ਆ ਰਹੇ ਹਨ।




ਜਿਥੋਂ ਤੱਕ ਅਛੂਤ ਉਧਾਰ ਦਾ ਸਵਾਲ ਹੈ, ਸਾਰੇ ਸਿੱਖ ਇਕ ਜ਼ਬਾਨ ਹਨ, ਕੁਰਬਾਨੀ ਕਰਨ ਲਈ ਵੀ ਸੰਗਤਾਂ ਵਿਚ ਉਮਾਹ ਕਾਫ਼ੀ ਹੈ, ਪਰ ਆਮ ਰਾਏ ਦਾ ਝੁਕਾਉ ਤੇ ਜ਼ੋਰ ਇਸ ਗੱਲ 'ਤੇ ਹੈ ਕਿ ਪ੍ਰਚਾਰ ਦਾ ਕੰਮ ਇਕ ਨਿਰਪੱਖ ਤੇ ਸਾਂਝੇ ਬੋਰਡ ਦੇ ਹੱਥ ਵਿਚ ਹੋਵੇ। ਜੇ ਅਕਾਲੀ ਮੁਖੀਆਂ ਨੇ ਇਹ ਗੱਲ ਮੰਨ ਲਈ ਜਿਸ ਦੀ ਕਿ ਹੁਣ ਬਹੁਤੀ ਆਸ ਹੈ ਤਦ ਅਛੂਤ ਉਧਾਰ ਦੇ ਕੰਮ ਵਿਚ ਕਾਫ਼ੀ ਸਫ਼ਲਤਾ ਹੋਣ ਦੀ ਉਮੀਦ ਹੈ।

ਖਾਲਸਾ ਸਮਾਚਾਰ, 9 ਅਪ੍ਰੈਲ 1936, ਅੰਕ 22, ਜਿਲਦ 37, ਪੰਨਾ-11

ਖਾਲਸਾ ਸਮਾਚਾਰ 9 ਅਪ੍ਰੈਲ 1936, ਜਿਲਦ 37, ਅੰਕ 22, ਪੰਨਾ-11

ਸਿੱਖ ਐਜੂਕੇਸ਼ਨਲ ਕਨਫਰੰਸ ਤੇ ਲਾਇਲਪੁਰ

ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਸਮਾਗਮ ਹਰ ਸਾਲ ਈਸਟਰ ਦੀਆਂ ਛੁੱਟੀਆਂ ਵਿਚ ਹੀ ਹੋਇਆ ਕਰਦੇ ਹਨ, ਇਸ ਵੇਰ ਵੀ ਇਸ ਸਮਾਗਮ ਨੇ ਇਨ੍ਹਾਂ ਹੀ ਤਰੀਕਾਂ ਵਿਚ ਲਾਇਲਪੁਰ ਹੋਣਾ ਸੀ, ਇਥੋਂ ਦੇ ਸੇਵਕ ਪੰਥ ਗੁਰੂ ਨੂੰ ਘਰ ਆਉਂਦਿਆਂ ਵੇਖ ਪ੍ਰਫੁੱਲਤ ਹੋ ਜੀ ਆਇਆਂ ਆਖਣ ਲਈ ਤਿਆਰੀਆਂ ਕਰ ਰਹੇ ਸਨ ਕਿ ਪ੍ਰੇਰਣਾ ਹੋਈ :

1. ਸ੍ਰੀ ਅੰਮ੍ਰਿਤਸਰ ਵਿਚ 'ਆਲ ਇੰਡੀਆ ਸਿੱਖ ਮਿਸ਼ਨਰੀ ਕਾਨਫਰੰਸਾਂ' ਇਨ੍ਹਾਂ ਹੀ ਤਰੀਕਾਂ 'ਤੇ ਹੋਣੀ ਹੈ। ਬੰਗਾਲ ਕਰਨਾਟਕ ਸੂਬਿਆਂ ਵਿਚੋਂ ਅਛੂਤ ਲੀਡਰ ਆ ਰਹੇ ਹਨ, ਜਿਨ੍ਹਾਂ ਵਿਚ ਕਾਨਫਰੰਸ ਵਿਚ ਸ਼ਾਮਲ ਹੋਣਾ ਹੈ। ਇਸ ਵਾਸਤੇ ਕਾਨਫਰੰਸ ਦੇ ਇਸ ਸਮਾਗਮ ਦੀਆਂ ਤਰੀਕਾਂ ਬਦਲੀਆਂ ਜਾਣ।

2. ਇਸੇ ਤਰ੍ਹਾਂ ਗੁਰਦੁਆਰਾ ਕਮੇਟੀ ਸ੍ਰੀ ਪੰਜਾ ਸਾਹਿਬ ਵਲੋਂ ਜ਼ੋਰ ਦਿੱਤਾ ਗਿਆ ਕਿ ਇਨ੍ਹਾਂ ਨੇ ਗੁਰਦੁਆਰੇ ਦੀ ਨਵੀਨ ਇਮਾਰਤ ਇਕ ਲੱਖ ਤੋਂ ਉਤੇ ਰੁਪਿਆ ਖਰਚ ਕੇ ਬਣਾਈ ਹੈ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸਵ ਪਹਿਲੀ ਵਾਰ ਵਿਸਾਖੀ ਵਾਲੇ ਦਿਨ ਹੋਣਾ ਹੈ। ਜੋ ਕਾਨਫਰੰਸ ਦੇ ਦਿਨਾਂ ਵਿਚੋਂ ਇਕ ਦਿਨ ਹੈ ਇਸ ਕਰਕੇ ਕਾਨਫਰੰਸ ਦੀਆਂ ਤਰੀਕਾਂ ਤਬਦੀਲ ਕੀਤੀਆਂ ਜਾਣ।

ਇਹ ਪ੍ਰੇਰਨਾ ਨਾ ਕੇਵਲ ਰਿਸੈਪਸ਼ਨ ਕਮੇਟੀ 26ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਲਾਇਲਪੁਰ ਨੂੰ ਹੋਈ ਬਲਕਿ ਸਿੱਖ ਐਜੂਕੇਸ਼ਨਲ ਕਮੇਟੀ ਅੰਮ੍ਰਿਤਸਰ ਨੂੰ ਵੀ ਹੁੰਦੀ ਰਹੀ।

**(ਚਲਦਾ)**



# ਸ਼੍ਰੋਮਣੀ ਅਕਾਲੀ ਦਲ ਨੇ ਹਰਸਿਮਰਤ ਨੂੰ ਬਠਿੰਡਾ ਤੋਂ ਉਮੀਦਵਾਰ ਐਲਾਨਿਆ

## ਪਾਰਟੀ ਵੱਲੋਂ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ; ਮਹਿੰਦਰ ਕੇਪੀ ਨੂੰ ਜਲੰਧਰ ਤੋਂ ਟਿਕਟ





ਹਰਸਿਮਰਤ ਬਾਦਲ ਸੋਹਣ ਸਿੰਘ ਠੰਡਲ ਨਰਦੇਵ ਸਿੰਘ ਰਣਜੀਤ ਢਿੱਲੋਂ ਹਰਦੀਪ ਸੈਣੀ

ਜਲੰਧਰ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਲਈ ਅੱਜ ਪਾਰਟੀ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ ਹੈ। ਉਨ੍ਹਾਂ ਚੰਡੀਗੜ੍ਹ ਦੀ ਇੱਕੋ-ਇੱਕ ਸੀਟ ਸਣੇ 6 ਉਮੀਦਵਾਰਾਂ ਦਾ ਐਲਾਨ ਕੀਤਾ ਹੈ ਜਦੋਂਕਿ ਸ੍ਰੀ ਖਡੂਰ ਸਾਹਿਬ ਵਾਲੀ ਸੀਟ ਲਈ ਉਮੀਦਵਾਰ ਬਾਅਦ ਵਿਚ ਐਲਾਨਿਆ ਜਾਵੇਗਾ।

ਕਾਂਗਰਸ ਦੇ ਸੀਨੀਅਰ ਆਗੂ ਮਹਿੰਦਰ ਸਿੰਘ ਕੇਪੀ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਤੋਂ ਫੌਰੀ ਮਗਰੋਂ ਜਲੰਧਰ ਤੋਂ ਉਮੀਦਵਾਰ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਦੋਆਬੇ ਦੀ ਦੂਜੀ ਰਾਖਵੀਂ ਸੀਟ ਹੁਸ਼ਿਆਰਪੁਰ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਫਿਰੋਜ਼ਪੁਰ ਤੋਂ ਨਰਦੇਵ ਸਿੰਘ (ਬੌਬੀ ਮਾਨ) ਤੇ ਬਠਿੰਡਾ ਤੋਂ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਚੰਡੀਗੜ੍ਹ ਤੋਂ ਸਾਬਕਾ ਡਿਪਟੀ ਮੇਅਰ ਹਰਦੀਪ ਸਿੰਘ ਸੈਣੀ ਨੂੰ ਪਾਰਟੀ ਨੇ ਚੋਣ ਮੈਦਾਨ ਵਿੱਚ ਉਤਾਰਿਆ ਹੈ।

ਸ੍ਰੀ ਖਡੂਰ ਸਾਹਿਬ ਹਲਕੇ ਤੋਂ ਅਜੇ ਕਿਸੇ ਵੀ ਆਗੂ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ। ਇਸ ਸੀਟ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ। ਇਸ ਬਾਬਤ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਜਲਦੀ ਇਸ ਸੀਟ ਤੋਂ ਉਮੀਦਵਾਰ ਐਲਾਨ ਦਿੱਤਾ ਜਾਵੇਗਾ। ਬਠਿੰਡਾ ਸੀਟ ਤੋਂ ਵੀ ਜਦੋਂ ਨਾਂਅ ਦਾ ਐਲਾਨ ਕੀਤਾ ਜਾਣਾ ਸੀ ਤਾਂ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਨੂੰ ਹੀ ਸਵਾਲ ਕੀਤਾ ਕਿ ਉਮੀਦਵਾਰ ਦੇ ਨਾਂਅ ਬਾਰੇ ਅੰਦਾਜ਼ਾ ਲਗਾਉ ਤਾਂ ਇੱਕ ਸੀਨੀਅਰ ਪੱਤਰਕਾਰ ਨੇ ਕਿਹਾ ਕਿ ਇਸ ਵਿੱਚ ਅੰਦਾਜ਼ਾ ਲਗਾਉਣ ਵਾਲੀ ਕਿਹੜੀ ਗੱਲ ਹੈ, ਉਮੀਦਵਾਰ ਬਾਰੇ ਸਭ ਨੂੰ ਹੀ ਪਤਾ ਹੈ।

# ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਤੋਂ ਵਾਪਸ ਆਇਆ

## ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਿਹਾੜਾ ਮਨਾਉਣ ਗਏ ਸੀ ਸ਼ਰਧਾਲੂ




ਅਟਾਰੀ : ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਿਵਸ ਮੌਕੇ ਪਾਕਿਸਤਾਨ ਸਥਿਤ ਗੁਰੂਧਾਮਾਂ ਦੀ ਯਾਤਰਾ ਵਾਸਤੇ ਗਿਆ ਸਿੱਖ ਸ਼ਰਧਾਲੂਆਂ ਦਾ ਜਥਾ ਅੱਜ ਅਟਾਰੀ ਸਰਹੱਦ ਰਸਤਿਓਂ ਪਰਤ ਆਇਆ ਹੈ।

ਜਥੇ ਨਾਲ ਗਏ ਸ਼੍ਰਮਣੀ ਕਮੇਟੀ ਦੇ ਅਧਿਕਾਰੀ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਗੁਰਦਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਸਿੱਖ ਸ਼ਰਧਾਲੂਆਂ ਵੱਲੋਂ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਵਿਸਾਖੀ ਦਿਹਾੜਾ ਮਨਾਇਆ ਗਿਆ। ਸਿੱਖ ਸੰਗਤਾਂ ਨੇ ਗੁਰਦਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਗੁਰਦਆਰਾ ਸੱਚਾ ਸੌਦਾ, ਗੁਰਦਆਰਾ ਕਰਤਾਰਪੁਰ ਸਾਹਿਬ, ਗੁਰਦਆਰਾ ਡੇਹਰਾ ਸਾਹਿਬ ਤੋਂ ਇਲਾਵਾ ਲਾਹੌਰ ਵਿਖੇ ਗੁਰਧਾਮਾਂ ਦੇ ਦਰਸ਼ਨ ਕੀਤੇ। ਇਸ ਮੌਕੇ ਕੁਝ ਸ਼ਰਧਾਲੂਆਂ ਨੇ ਕਿਹਾ ਕਿ ਸ਼ਹੀਦ ਤਾਰਾ ਸਿੰਘ ਜੀ ਨਾਲ ਸਬੰਧਤ ਗੁਰਦਆਰੇ ਦੀ ਉਥੋਂ ਦੇ ਪ੍ਰਸ਼ਾਸਨ ਵੱਲੋਂ ਸਾਂਭ ਸੰਭਾਲ ਨਹੀਂ ਕੀਤੀ ਜਾ ਰਹੀ। ਉਨ੍ਹਾਂ ਸਿੱਖ ਸੰਗਤ ਵੱਲੋਂ ਭਾਰਤ-ਪਾਕਿ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਪਾਕਿ ਸਥਿਤ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਪਹਿਲ ਦੇ ਆਧਾਰ 'ਤੇ ਕੀਤੀ ਜਾਵੇ। ਪਾਕਿ ਸਰਕਾਰ ਵੱਲੋਂ ਵੀਜ਼ਿਆਂ ਵਿੱਚ ਕਟੌਤੀ ਨਾ ਕੀਤੀ ਜਾਵੇ ਅਤੇ ਸਿੱਖ ਸ਼ਰਧਾਲੂਆਂ ਨੂੰ ਵਧੇਰੇ ਗਿਣਤੀ ਵਿਚ ਵੀਜ਼ੇ ਦਿਤੇ ਜਾਣ।

# ਰੇਲਵੇ ਟਰੈਕ 'ਤੇ ਇਲੈਕਟ੍ਰਾਨਿਕਸ ਮਸ਼ੀਨ ਨਾਲ ਧਰਨੇ 'ਚ ਭਗਦੜ

## ਕਿਸਾਨਾਂ ਨੇ ਸਰਕਾਰ 'ਤੇ ਦਹਿਸ਼ਤ ਫੈਲਾਉਣ ਦੇ ਲਾਏ ਦੋਸ਼, ਰੇਲਵੇ ਅਧਿਕਾਰੀਆਂ ਵੱਲੋਂ ਮੁਰੰਮਤ ਲਈ ਮਸ਼ੀਨ ਲਿਆਉਣ ਦਾ ਦਾਅਵਾ



ਪਟਿਆਲਾ : ਹਰਿਆਣਾ ਦੀ ਜੇਲ੍ਹ 'ਚ ਬੰਦ ਤਿੰਨ ਕਿਸਾਨਾਂ ਦੀ ਰਿਹਾਈ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸ਼ੰਭੂ ਰੇਲਵੇ ਸਟੇਸ਼ਨ 'ਤੇ ਜਾਰੀ ਧਰਨੇ ਦੌਰਾਨ ਰੇਲਵੇ ਟਰੈਕ 'ਤੇ ਇਲੈਕਟ੍ਰੋਨਿਕ ਮਸ਼ੀਨ ਨਜ਼ਰ ਆਉਣ ਨਾਲ ਕਿਸਾਨਾਂ 'ਚ ਭਗਦੜ ਮੱਚ ਗਈ। ਇਹ ਮਸ਼ੀਨ ਭਾਵੇਂ ਧਰਨੇ ਵਾਲੀ ਥਾਂ ਤੋਂ ਦੂਰ ਹੀ ਰਹੀ, ਪਰ ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਕਿ ਸਰਕਾਰ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਅਜਿਹੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ। ਉਧਰ ਰੇਲਵੇ ਅਧਿਕਾਰੀਆਂ ਦਾ ਤਰਕ ਸੀ ਕਿ ਇਲੈਕਟ੍ਰੋਨਿਕਸ ਮਸ਼ੀਨ ਮੁਰੰਮਤ ਲਈ ਲਿਆਂਦੀ ਗਈ ਸੀ, ਜੋ ਜਲਦੀ ਹੀ ਵਾਪਸ ਪਰਤ ਗਈ।

ਰੇਲਵੇ ਟਰੈਕ 'ਤੇ ਧਰਨਾ ਲਾਈ ਬੈਠੇ ਕਿਸਾਨਾਂ ਨੇ ਇਸ ਕਾਰਵਾਈ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੇ ਜਜ਼ਬੇ ਨੂੰ ਪਰਖ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਾਰਿਆਂ ਨੂੰ ਕਿਸਾਨਾਂ ਦੇ ਇਸ ਧਰਨੇ ਬਾਰੇ ਜਾਣਕਾਰੀ ਹੈ, ਤਾਂ ਸੂਚਿਤ ਕੀਤੇ ਬਿਨਾਂ ਅਜਿਹੀ ਕਾਰਵਾਈ ਨੂੰ ਅੰਜਾਮ ਦੇਣ ਦੀ ਕੀ ਲੋੜ ਹੈ। ਆਗੂਆਂ ਕਿਹਾ ਕਿ ਉਹ ਸਾਥੀਆਂ ਦੀ ਰਿਹਾਈ ਤੋਂ ਬਿਨਾਂ ਇਥੋਂ ਉਠ ਕੇ ਨਹੀਂ ਜਾਣਗੇ। ਉਧਰ ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਵੀਡੀਓ 'ਚ ਕਿਸਾਨ ਆਗੂ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਵੱਲੋਂ ਰਾਤ ਸਮੇਂ ਵੀ ਅਜਿਹੀ ਕੋਈ ਸ਼ਰਾਰਤ ਕੀਤੀ ਜਾ ਸਕਦੀ ਹੈ। ਇਸ ਲਈ ਵੱਧ ਤੋਂ ਵੱਧ ਕਿਸਾਨ ਸ਼ੰਭੂ ਰੇਲਵੇ ਸਟੇਸ਼ਨ 'ਤੇ ਪੁੱਜਣ। ਇਸੇ ਦੌਰਾਨ ਤੈਅਸ਼ੁਦਾ ਪ੍ਰੋਗਰਾਮ ਤਹਿਤ ਅੱਜ ਜੀਂਦ ਵਿੱਚ ਰੋਕੀ ਗਈ ਸੜਕੀ ਆਵਾਜਾਈ ਲਈ ਵੱਡੀ ਗਿਣਤੀ ਕਿਸਾਨ ਹਰਿਆਣਾ ਚਲੇ ਗਏ ਸਨ। ਇਸ ਮਗਰੋਂ ਸ਼ੰਭੂ ਵਿੱਚ ਰੇਲਵੇ ਟਰੈਕ ਅਤੇ ਸ਼ੰਭੂ ਬਾਰਡਰ 'ਤੇ ਜਾਰੀ ਧਰਨਿਆਂ ਦੀ ਅਗਵਾਈ ਬੀਬੀਆਂ ਨੇ ਕੀਤੀ। ਧਰਨਿਆਂ ਨੂੰ ਮਹਿਲਾ ਆਗੂ ਗੁਰਮੀਤ ਕੌਰ ਅਤੇ ਰਵਿੰਦਰ ਕੌਰ ਰਾਜਪੁਰਾ ਸਮੇਤ ਹੋਰਨਾਂ ਨੇ ਸੰਬੋਧਨ ਕੀਤਾ। ਇਸੇ ਦੌਰਾਨ ਮਨਜੀਤ ਘੁਮਾਣਾ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ 'ਚ ਸੁਰਜੀਤ ਫੂਲ, ਸਰਵਣ ਪੰਧੇਰ, ਅਮਰਜੀਤ ਮੋੜੀ, ਜਸਵਿੰਦਰ ਲੌਂਗੋਵਾਲ, ਦਿਲਬਾਗ ਹਰੀਗੜ੍ਹ, ਬਲਵੰਤ ਬਹਿਰਾਮਕੇ, ਮਨਜੀਤ ਨਿਆਲ਼, ਮਨਜੀਤ ਘੁਮਾਣਾ, ਮਨਜੀਤ ਰਾਏ, ਮਾਨ੍ਹ ਸਿੰਘ ਰਾਜਪੁਰਾ ਅਤੇ ਗੁਰਧਿਆਨ ਸਿਓਣਾ ਆਦਿ ਨੇ ਕਿਹਾ ਕਿ ਉਹ ਤਿੰਨਾਂ ਕਿਸਾਨਾਂ ਦੀ ਰਿਹਾਈ ਤੋਂ ਬਿਨਾਂ ਰੇਲਵੇ ਟਰੈਕ ਤੋਂ ਅਤੇ ਕਿਸਾਨੀ ਮੰਗਾਂ ਦੀ ਪੂਰਤੀ ਤੱਕ ਸ਼ੰਭੂ ਬਾਰਡਰ ਤੋਂ ਧਰਨਾ ਨਹੀਂ ਚੁੱਕਣਗੇ।

# ਪੱਛਮੀ ਬੰਗਾਲ 'ਚ 25 ਹਜ਼ਾਰ ਅਧਿਆਪਕਾਂ ਅਤੇ ਹੋਰ ਅਮਲੇ ਦੀ ਨਿਯੁਕਤੀ ਰੱਦ

## ਮਮਤਾ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਕੀਤਾ ਐਲਾਨ





ਕੋਲਕਾਤਾ : ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਦੇ ਸਹਾਇਤਾ ਪ੍ਰਾਪਤ ਸਕੂਲਾਂ 'ਚ ਸੂਬਾ ਪੱਧਰੀ ਚੋਣ ਪ੍ਰੀਖਿਆ-2016 (ਐੱਸਐੱਲਐੱਸਟੀ) ਰਾਹੀਂ ਭਰਤੀ ਕੀਤੇ ਗਏ 25,753 ਅਧਿਆਪਕਾਂ ਅਤੇ ਨਾਨ-ਟੀਚਿੰਗ ਅਮਲੇ ਦੀਆਂ ਨਿਯੁਕਤੀਆਂ ਨੂੰ ਅੱਜ ਰੱਦ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਸੀਬੀਆਈ ਨੂੰ ਭਰਤੀ ਪ੍ਰਕਿਰਿਆ ਦੀ ਜਾਂਚ ਕਰਨ ਦੇ ਨਿਰਦੇਸ਼ ਦਿੰਦਿਆਂ ਤਿੰਨ ਮਹੀਨਿਆਂ 'ਚ ਰਿਪੋਰਟ ਦੇਣ ਲਈ ਆਖਿਆ ਹੈ। ਇਸ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਹਾਈ ਕੋਰਟ ਦੇ ਹੁਕਮ ਨੂੰ 'ਗ਼ੈਰਕਾਨੂੰਨੀ' ਕਰਾਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਫ਼ੈਸਲੇ ਨੂੰ ਚੁਣੌਤੀ ਦੇਵੇਗੀ। ਉਨ੍ਹਾਂ ਭਗਵਾਂ ਪਾਰਟੀ 'ਤੇ ਦੋਸ਼ ਲਾਇਆ ਕਿ ਉਹ ਨਿਆਂ ਪ੍ਰਣਾਲੀ ਨਾਲ ਵੀ ਛੇੜਖਾਨੀ ਕਰ ਰਹੀ ਹੈ। ਉਨ੍ਹਾਂ ਕਿਹਾ, "ਭਾਜਪਾ ਨੇ ਅਦਾਲਤਾਂ ਨੂੰ ਆਪਣੇ ਪਾਰਟੀ ਦਫ਼ਤਰ ਬਣਾ ਲਿਆ ਹੈ। ਜੇਕਰ ਭਾਜਪਾ ਜਨਹਿੱਤ ਪਟੀਸ਼ਨ ਦਾਖ਼ਲ ਕਰਦੀ ਹੈ ਤਾਂ ਢੁੱਕਵੀਂ ਕਾਰਵਾਈ ਕੀਤੀ ਜਾਂਦੀ ਹੈ ਅਤੇ ਲੋਕਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ ਪਰ ਜਦੋਂ ਹੋਰ ਕੇਸ ਕਰਦੇ ਹਨ ਤਾਂ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਂਦੀ।" ਭਾਜਪਾ ਦੇ ਸੀਨੀਅਰ ਆਗੂ ਸੁਵੇਂਦੂ ਅਧਿਕਾਰੀ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਤੋਂ ਸਾਬਿਤ ਹੁੰਦਾ ਹੈ ਕਿ ਟੀਐੱਮਸੀ ਸਰਕਾਰ ਭ੍ਰਿਸ਼ਟਾਚਾਰ 'ਚ ਡੁੱਬੀ ਹੋਈ ਹੈ। ਪੱਛਮੀ ਬੰਗਾਲ ਸਕੂਲ ਸਰਵਿਸ ਕਮਿਸ਼ਨ ਦੇ ਚੇਅਰਮੈਨ ਸਿਧਾਰਥ ਮਜੂਮਦਾਰ ਨੇ ਕਿਹਾ ਕਿ ਕਮਿਸ਼ਨ ਹਾਈ ਕੋਰਟ ਦੇ ਹੁਕਮਾਂ ਦੀ ਮੁਕੰਮਲ ਪੜਤਾਲ ਮਗਰੋਂ ਸੁਪਰੀਮ ਕੋਰਟ ਦਾ ਰੁਖ਼ ਕਰੇਗਾ। ਭਰਤੀ ਪ੍ਰਕਿਰਿਆ 'ਚ ਬੇਨਿਯਮੀਆਂ ਦੀ ਸ਼ਿਕਾਇਤ ਕਰਨ ਵਾਲੇ ਕੁਝ ਪਟੀਸ਼ਨਰਾਂ ਦੇ ਵਕੀਲ ਫਿਰਦੌਸ ਸ਼ਮੀਮ ਨੇ ਕਿਹਾ ਕਿ 24,640 ਖਾਲੀ ਪੋਸਟਾਂ ਲਈ 23 ਲੱਖ ਤੋਂ ਜ਼ਿਆਦਾ ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ ਸੀ ਪਰ ਬਾਅਦ 'ਚ 25,753 ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਸਨ। ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤੇ ਕਿ 24,640 ਖਾਲੀ ਪੋਸਟਾਂ ਤੋਂ ਬਾਅਦ ਵਾਲੇ, ਭਰਤੀ ਦੀ ਤਰੀਕ ਖ਼ਤਮ ਹੋਣ ਤੋਂ ਬਾਅਦ ਨਿਯੁਕਤ ਅਤੇ ਜਿਨ੍ਹਾਂ ਖਾਲੀ ਓਐੱਮਆਰ ਸ਼ੀਟਾਂ ਜਮ ?ਹਾਂ ਕਰਵਾਈਆਂ ਸਨ ਪਰ ਉਨ੍ਹਾਂ ਨੂੰ ਨਿਯੁਕਤੀਆਂ ਮਿਲ ਗਈਆਂ ਸਨ, ਉਹ ਸਾਰੇ ਤਨਖ਼ਾਹ ਅਤੇ ਭੱਤੇ 12 ਫ਼ੀਸਦੀ ਵਿਆਜ ਸਣੇ ਸਾਰੀ ਰਕਮ ਚਾਰ ਹਫ਼ਤਿਆਂ ਅੰਦਰ ਮੋੜਨ। ਹਾਈ ਕੋਰਟ ਨੇ ਕਿਹਾ ਕਿ ਸਾਰੀਆਂ ਨਿਯੁਕਤੀਆਂ 'ਚ ਸੰਵਿਧਾਨ ਦੀ ਧਾਰਾ 14 ਅਤੇ 16 ਦੀ ਉਲੰਘਣਾ ਹੋਈ ਹੈ। ਇਸੇ ਦੌਰਾਨ ਪੱਛਮੀ ਬੰਗਾਲ ਦੇ ਰਾਜਪਾਲ ਸੀ.ਵੀ. ਆਨੰਦਾ ਬੋਸ ਨੇ ਕਲਕੱਤਾ ਹਾਈ ਕੋਰਟ ਵੱਲੋਂ ਅਧਿਆਪਕਾਂ ਦੀ ਰੱਦ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਜ਼ੋਰ ਦੇ ਕੇ ਆਖਿਆ ਕਿ 'ਸਫ਼ਾਈ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।" ਰਾਜਪਾਲ ਨੇ ਦਾਅਵਾ ਕੀਤਾ ਕਿ ਹਿੰਸਾ ਤੇ ਭ੍ਰਿਸ਼ਟਾਚਾਰ ਸੂਬੇ ਵਿੱਚ ਸਿੱਖਿਆ ਨੂੰ ਪ੍ਰਭਾਵਿਤ ਕਰ ਰਹੇ ਹਨ।

# ਜਲੰਧਰ ਦੇ ਲੋਕ ਦਲ-ਬਦਲੂਆਂ ਨੂੰ ਮੂੰਹ ਨਹੀਂ ਲਾਉਣਗੇ: ਚੰਨੀ



ਕਰਤਾਰਪੁਰ : ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਹਲਕਾ ਕਰਤਾਰਪੁਰ ਵਿੱਚ ਆਪਣੀ ਚੋਣ ਮੁਹਿਮ ਸ਼ੁਰੂ ਕਰਦਿਆਂ ਕਿਹਾ ਕਿ ਜਲੰਧਰ ਦੇ ਲੋਕ ਪੜ੍ਹੇ-ਲਿਖੇ ਅਤੇ ਸਿਆਣੇ ਹਨ। ਉਹ ਦਲ ਬਦਲੂਆਂ ਨੂੰ ਮੂੰਹ ਨਹੀਂ ਲਾਉਣਗੇ। ਇਹ ਗੱਲ ਉਨ੍ਹਾਂ ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਦੇ ਪਿੰਡ ਧਾਰੀਵਾਲ ਕਾਦੀਆਂ ਵਿੱਚ ਕਹੀ। ਉਨ੍ਹਾਂ ਚੋਣ ਮੁਹਿਮ ਦਾ ਆਗਾਜ਼ ਕਰਨ ਤੋਂ ਪਹਿਲਾਂ ਚੌਧਰੀ ਸੁਰਿੰਦਰ ਸਿੰਘ ਦੇ ਦਾਦਾ ਸਾਬਕਾ ਕੈਬਨਿਟ ਮੰਤਰੀ ਮਰਹੂਮ ਮਾਸਟਰ ਗੁਰਬੰਤਾ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਮਰਹੂਮ ਚੌਧਰੀ ਜਗਜੀਤ ਸਿੰਘ ਦੀਆਂ ਸਮਾਧਾਂ 'ਤੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ 'ਚ ਆਪਣਾ ਰਸੂਖ ਰੱਖਣ ਅਤੇ ਗਾਂਧੀ ਪਰਿਵਾਰ ਦੇ ਨੇੜੇ ਰਹੇ ਮਰਹੂਮ ਸਾਬਕਾ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਪਤਨੀ ਵੱਲੋਂ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚ ਜਾਣਾ ਮੰਦਭਾਗਾ ਹੈ। ਉਨ੍ਹਾਂ ਫਿਲੌਰ ਤੋਂ ਵਿਧਾਇਕ ਚੌਧਰੀ ਵਿਕਰਮ ਸਿੰਘ ਬਾਰੇ ਕਿਹਾ ਕਿ ਉਹ ਹੁਣ ਆਪਣੇ ਮਾਤਾ ਜੀ ਦੇ ਕਹਿਣ 'ਤੇ ਭਾਜਪਾ ਦਾ ਪ੍ਰਚਾਰ ਕਰਨਗੇ ਅਤੇ ਅਜਿਹੇ ਵਿਅਕਤੀਆਂ ਨੂੰ ਪਾਰਟੀ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਹਲਕਾ ਕਰਤਾਰਪੁਰ ਦੇ ਵਰਕਰਾਂ ਨੂੰ ਚੋਣਾਂ ਵਿੱਚ ਤਕੜੇ ਹੋ ਕੇ ਕੰਮ ਕਰਨ ਅਤੇ ਬਹੁਮਤ ਨਾਲ ਕਾਂਗਰਸ ਨੂੰ ਜਿਤਾਉਣ ਦੀ ਅਪੀਲ ਕੀਤੀ। ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਨੇ ਕਿਹਾ ਕਿ ਉਹ ਹਮੇਸ਼ਾ ਕਾਂਗਰਸ ਪਾਰਟੀ ਨੂੰ ਸਮਰਪਿਤ ਰਹੇ ਹਨ ਅਤੇ ਕੁਝ ਪਰਿਵਾਰਕ ਮਸਲਿਆਂ ਕਾਰਨ ਚੁੱਪ ਹੋ ਗਏ ਸਨ।

# ਰਾਮਦੇਵ ਨੂੰ ਅਦਾਲਤ ਦਾ ਹੁਕਮ, 'ਵੱਡੇ ਆਕਾਰ 'ਚ ਇਸ਼ਤਿਹਾਰ ਛਪਵਾ ਕੇ ਮੰਗੋ ਮੁਆਫ਼ੀ'

## 30 ਅਪ੍ਰੈਲ ਨੂੰ ਹੋਵੇਗੀ ਅਗਲੀ ਸੁਣਵਾਈ

ਨਵੀਂ ਦਿੱਲੀ : ਪਤੰਜਲੀ ਇਸ਼ਤਿਹਾਰ ਮਾਮਲੇ 'ਚ ਅੱਜ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਮਾਨਤੁੱਲਾ ਦੀ ਬੈਂਚ 'ਚ ਪਤੰਜਲੀ ਵੱਲੋਂ ਐਡਵੋਕੇਟ ਮੁਕੁਲ ਰੋਹਤਗੀ ਨੇ ਕਿਹਾ- ਅਸੀਂ ਮੁਆਫੀਨਾਮਾ ਦਾਇਰ ਕੀਤਾ ਹੈ। ਇਹ 67 ਅਖਬਾਰਾਂ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ।

ਇਸ 'ਤੇ ਬੈਂਚ ਨੇ ਕਿਹਾ- ਇਸ ਇਸ਼ਤਿਹਾਰ ਦਾ ਆਕਾਰ ਵੀ ਤੁਹਾਡੇ ਇਸ਼ਤਿਹਾਰਾਂ ਵਾਂਗ ਹੀ ਸੀ? ਇਸ 'ਤੇ ਰੋਹਤਗੀ ਨੇ ਕਿਹਾ-ਨਹੀਂ, ਇਸ 'ਤੇ ਬਹੁਤ ਪੈਸਾ ਲੱਗਦਾ ਹੈ। ਲੱਖਾਂ ਰੁਪਏ ਖਰਚੇ ਜਾਂਦੇ ਹਨ। ਅਦਾਲਤ ਨੇ ਕਿਹਾ- ਠੀਕ ਹੈ। ਅਦਾਲਤ ਨੇ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਅਗਲੇ ਦੋ ਦਿਨਾਂ ਦੇ ਅੰਦਰ ਰਿਕਾਰਡ 'ਤੇ ਮਾਫੀਨਾਮਾ ਜਾਰੀ ਕਰਨ ਦਾ ਨਿਰਦੇਸ਼ ਦਿੱਤਾ, ਇਹ ਕਹਿੰਦਿਆਂ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 30 ਅਪ੍ਰੈਲ ਨੂੰ ਹੋਵੇਗੀ।

ਪਤੰਜਲੀ ਆਯੁਰਵੇਦ ਨੇ ਸੋਮਵਾਰ (22 ਅਪ੍ਰੈਲ) ਨੂੰ ਕੁਝ ਅਖਬਾਰਾਂ ਵਿਚ ਮਾਫੀਨਾਮਾ ਪ੍ਰਕਾਸ਼ਿਤ ਕੀਤਾ ਹੈ। ਇਸ 'ਚ ਕਿਹਾ ਗਿਆ ਹੈ ਕਿ ਪਤੰਜਲੀ ਆਯੁਰਵੇਦ ਸੁਪਰੀਮ ਕੋਰਟ ਦਾ ਪੂਰਾ ਸਨਮਾਨ ਕਰਦੀ ਹੈ। ਸਾਡੇ ਵਕੀਲਾਂ ਨੇ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਪੇਸ਼ ਕੀਤਾ, ਜਿਸ ਤੋਂ ਬਾਅਦ ਅਸੀਂ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਅਤੇ ਇੱਕ ਪ੍ਰੈਸ ਕਾਨਫ਼ਰੰਸ ਕੀਤੀ। ਅਸੀਂ ਇਸ ਲਈ ਮੁਆਫ਼ੀ ਚਾਹੁੰਦੇ ਹਾਂ। ਭਵਿੱਖ ਵਿਚ ਅਜਿਹੀ ਗਲਤੀ ਕਦੇ ਨਹੀਂ ਦੁਹਰਾਈ ਜਾਵੇਗੀ। ਸੁਣਵਾਈ ਦੌਰਾਨ ਅਦਾਲਤ ਨੇ ਰਾਮਦੇਵ ਨੂੰ ਪਤੰਜਲੀ ਮੁਆਫ਼ੀ ਦੇ ਇਸ਼ਤਿਹਾਰ ਨੂੰ ਵੱਡੇ ਆਕਾਰ ਵਿਚ ਦੁਬਾਰਾ ਜਾਰੀ ਕਰਨ ਦਾ ਹੁਕਮ ਦਿੱਤਾ। ਅਦਾਲਤ ਦੀ ਫਟਕਾਰ ਦੌਰਾਨ ਰਾਮਦੇਵ ਨੇ ਸੁਪਰੀਮ ਕੋਰਟ ਨੂੰ ਨਵਾਂ ਇਸ਼ਤਿਹਾਰ ਛਪਵਾਉਣ ਦੀ ਗੱਲ ਕਹੀ ਸੀ, ਜਿਸ ਨੂੰ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ ਹੈ। ਰਾਮਦੇਵ ਦੇ ਵਕੀਲ ਮੁਕੁਲ ਰੋਹਤਗੀ ਨੇ ਅਦਾਲਤ ਨੂੰ ਦੱਸਿਆ ਕਿ ਅਸੀਂ ਮੁਆਫੀਨਾਮਾ ਦਾਇਰ ਕਰ ਦਿੱਤਾ ਹੈ। ਇਸ 'ਤੇ ਜਸਟਿਸ ਹਿਮਾ ਕੋਹਲੀ ਨੇ ਪੁੱਛਿਆ ਕਿ ਇਹ ਕੱਲ ਕਿਉਂ ਦਾਇਰ ਕੀਤੀ ਗਈ ਸੀ। ਅਸੀਂ ਹੁਣ ਬੰਡਲ ਨਹੀਂ ਦੇਖ ਸਕਦੇ, ਇਹ ਸਾਨੂੰ ਪਹਿਲਾਂ ਦੇ ਦੇਣਾ ਚਾਹੀਦਾ ਸੀ। ਜਸਟਿਸ ਅਮਾਨਉੱਲ੍ਹਾ ਨੇ ਪੁੱਛਿਆ ਕਿ ਇਹ ਕਿੱਥੇ ਪ੍ਰਕਾਸ਼ਿਤ ਹੋਇਆ ਸੀ। ਜਿਸ 'ਤੇ ਜਵਾਬ ਦਿੰਦੇ ਹੋਏ ਮੁਕੁਲ ਰੋਹਤਗੀ ਨੇ ਕਿਹਾ ਕਿ ਇਹ 67 ਅਖਬਾਰਾਂ 'ਚ ਦਿੱਤਾ ਗਿਆ ਹੈ।

ਜਿਸ 'ਤੇ ਜਸਟਿਸ ਕੋਹਲੀ ਨੇ ਪੁੱਛਿਆ ਕਿ ਕੀ ਇਹ ਤੁਹਾਡੇ ਪਿਛਲੇ ਇਸ਼ਤਿਹਾਰਾਂ ਦੇ ਆਕਾਰ ਦਾ ਹੈ। ਜਿਸ 'ਤੇ ਰਾਮਦੇਵ ਦੇ ਵਕੀਲ ਨੇ ਕਿਹਾ ਕਿ ਨਹੀਂ, ਇਸ 'ਤੇ 10 ਲੱਖ ਰੁਪਏ ਖਰਚ ਹੋਏ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਸਾਨੂੰ ਇੱਕ ਅਰਜ਼ੀ ਮਿਲੀ ਹੈ ਜਿਸ ਵਿੱਚ ਰਾਮਦੇਵ ਦੇ ਵਕੀਲ ਰੋਹਤਗੀ ਨੇ ਪਤੰਜਲੀ ਵਿਰੁੱਧ ਅਜਿਹੀ ਪਟੀਸ਼ਨ ਦਾਇਰ ਕਰਨ ਲਈ ਆਈਐਮਏ 'ਤੇ 1000 ਕਰੋੜ ਰੁਪਏ ਦੇ ਜੁਰਮਾਨੇ ਦੀ ਮੰਗ ਕੀਤੀ ਹੈ। ਅਦਾਲਤ ਨੇ ਕਿਹਾ ਕਿ ਮੈਨੂੰ ਇਸ ਬਿਨੈਕਾਰ ਦੀ ਗੱਲ ਸੁਣਨ ਦਿਓ ਅਤੇ ਫਿਰ ਉਸ 'ਤੇ ਜੁਰਮਾਨਾ ਲਗਾਇਆ ਜਾਵੇ।



ਸਾਨੂੰ ਸ਼ੱਕ ਹੈ ਕਿ ਕੀ ਇਹ ਪ੍ਰੌਕਸੀ ਪਟੀਸ਼ਨ ਹੈ। ਇਸ ਦੇ ਨਾਲ ਹੀ ਅਦਾਲਤ ਨੇ ਗੁੰਮਰਾਹਕੁੰਨ ਸੂਚਨਾਵਾਂ 'ਤੇ ਕਾਰਵਾਈ ਕਰਨ ਲਈ ਨਿਯਮਾਂ 'ਚ ਸੋਧ ਕਰਨ ਲਈ ਸਿਹਤ ਮੰਤਰਾਲੇ ਨੂੰ ਨਿਸ਼ਾਨੇ 'ਤੇ ਲਿਆ। ਜਸਟਿਸ ਕੋਹਲੀ ਨੇ (ਸੰਘ ਨੂੰ) ਕਿਹਾ ਕਿ ਹੁਣ ਤੁਸੀਂ ਨਿਯਮ 170 ਨੂੰ ਵਾਪਸ ਲੈਣਾ ਚਾਹੁੰਦੇ ਹੋ। ਜੇ ਤੁਸੀਂ ਅਜਿਹਾ ਫ਼ੈਸਲਾ ਲਿਆ ਹੈ, ਤਾਂ ਤੁਹਾਨੂੰ ਕੀ ਹੋਇਆ? ਤੁਸੀਂ ਸਿਰਫ਼ ਇੱਕ ਐਕਟ ਦੇ ਤਹਿਤ ਕੰਮ ਕਰਨ ਦੀ ਚੋਣ ਕਿਉਂ ਕਰਦੇ ਹੋ ਜਿਸ ਨੂੰ ਉੱਤਰਦਾਤਾਵਾਂ ਨੇ 'ਪੁਰਾਤਨ' ਕਰਾਰ ਦਿੱਤਾ ਹੈ?

ਸੁਣਵਾਈ ਦੌਰਾਨ ਜਸਟਿਸ ਅਮਾਨਉੱਲ੍ਹਾ ਨੇ ਸਵਾਲ ਉਠਾਇਆ ਕਿ ਇੱਕ ਚੈਨਲ ਪਤੰਜਲੀ ਦੇ ਤਾਜ਼ਾ ਮਾਮਲੇ ਦੀ ਖ਼ਬਰ ਦਿਖਾ ਰਿਹਾ ਸੀ ਅਤੇ ਉਸ 'ਤੇ ਪਤੰਜਲੀ ਦਾ ਇਸ਼ਤਿਹਾਰ ਚੱਲ ਰਿਹਾ ਸੀ। ਅਦਾਲਤ ਨੇ ਕਿਹਾ ਕਿ ਆਈਐਮਏ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਪਟੀਸ਼ਨ ਵਿਚ ਖਪਤਕਾਰ ਐਕਟ ਨੂੰ ਵੀ ਸ਼ਾਮਲ ਕਰ ਸਕਦੇ ਹਨ। ਅਜਿਹੇ 'ਚ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦਾ ਕੀ ਕਹਿਣਾ ਹੈ? ਅਸੀਂ ਦੇਖਿਆ ਹੈ ਕਿ ਪਤੰਜਲੀ ਮਾਮਲੇ ਵਿਚ ਅਦਾਲਤ ਜੋ ਕਹਿ ਰਹੀ ਹੈ, ਉਹ ਟੀਵੀ 'ਤੇ ਦਿਖਾਈ ਜਾ ਰਹੀ ਹੈ, ਉਸੇ ਸਮੇਂ ਇਕ ਹਿੱਸੇ ਵਿਚ ਪਤੰਜਲੀ ਦਾ ਇਸ਼ਤਿਹਾਰ ਚਲਾਇਆ ਜਾ ਰਿਹਾ ਹੈ।

ਸੁਪਰੀਮ ਕੋਰਟ ਨੇ ਕੇਂਦਰ 'ਤੇ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਤੁਹਾਨੂੰ ਦੱਸਣਾ ਹੋਵੇਗਾ ਕਿ ਅਜਿਹੇ ਇਸ਼ਤਿਹਾਰਾਂ ਨੂੰ ਰੋਕਣ ਲਈ ਐਡਵਰਟਾਈਜ਼ਿੰਗ ਕੌਂਸਲ ਨੇ ਕੀ ਕੀਤਾ। ਇਸ ਦੇ ਮੈਂਬਰਾਂ ਨੇ ਵੀ ਅਜਿਹੇ ਉਤਪਾਦਾਂ ਦਾ ਸਮਰਥਨ ਕੀਤਾ। ਤੁਹਾਡੇ ਮੈਂਬਰ ਦਵਾਈਆਂ ਲਿਖ ਰਹੇ ਹਨ। ਅਦਾਲਤ ਨੇ ਕਿਹਾ ਕਿ ਅਸੀਂ ਇਨ੍ਹਾਂ ਲੋਕਾਂ ਨੂੰ ਸਿਰਫ਼ ਦੇਖ ਨਹੀਂ ਰਹੇ ਹਾਂ। ਜਿਸ ਤਰ੍ਹਾਂ ਦੀ ਕਵਰੇਜ ਸਾਡੇ ਕੋਲ ਹੈ, ਹੁਣ ਅਸੀਂ ਬੱਚਿਆਂ, ਔਰਤਾਂ ਸਮੇਤ ਹਰ ਕੋਈ ਦੇਖ ਰਹੇ ਹਾਂ। ਕਿਸੇ ਨੂੰ ਸਵਾਰੀ ਲਈ ਨਹੀਂ ਲਿਜਾਇਆ ਜਾ ਸਕਦਾ। ਕੇਂਦਰ ਨੂੰ ਇਸ ਬਾਰੇ ਜਾਗਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਮਾਮਲਾ ਸਿਰਫ਼ ਪਤੰਜਲੀ ਦਾ ਹੀ ਨਹੀਂ, ਸਗੋਂ ਹੋਰ ਕੰਪਨੀਆਂ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ ਦਾ ਵੀ ਹੈ।

SC ਨੇ ਸਰਕਾਰ ਨੂੰ ਪੁੱਛਿਆ ਕਿ ਆਯੂਸ਼ ਮੰਤਰਾਲੇ, ਕੇਂਦਰੀ ਸਿਹਤ ਮੰਤਰਾਲੇ ਨੇ ਨਿਯਮ 170 ਨੂੰ ਵਾਪਸ ਲੈਣ ਦਾ ਫ਼ੈਸਲਾ ਕਿਉਂ ਕੀਤਾ (ਰਾਜ ਲਾਇਸੰਸਿੰਗ ਅਥਾਰਟੀ ਦੀ ਮਨਜ਼ੂਰੀ ਤੋਂ ਬਿਨਾਂ ਆਯੁਰਵੈਦਿਕ, ਸਿੱਧ ਅਤੇ ਯੂਨਾਨੀ ਦਵਾਈਆਂ ਦੇ ਇਸ਼ਤਿਹਾਰਾਂ 'ਤੇ ਪਾਬੰਦੀ ਹੈ।) ਕੀ ਤੁਹਾਡੇ ਕੋਲ ਮੌਜੂਦਾ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਕੁਝ ਕਹਿਣ ਨੂੰ ਹੈ? ਕੀ ਇਹ ਇੱਕ ਮਨਮਾਨੀ ਅਤੇ ਰੰਗੀਨ ਅਭਿਆਸ ਨਹੀਂ ਹੈ? ਕੀ ਤੁਸੀਂ ਪ੍ਰਕਾਸ਼ਿਤ ਹੋਣ ਨਾਲੋਂ ਆਮਦਨ ਬਾਰੇ ਜ਼ਿਆਦਾ ਚਿੰਤਤ ਨਹੀਂ ਹੋ?

ਸੁਪਰੀਮ ਕੋਰਟ ਦੀ ਬੈਂਚ ਨੇ ਰਾਮਦੇਵ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ ਕਿ ਕਿਉਂ ਨਾ ਉਸ ਖ਼ਿਲਾਫ਼ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ। ਸਿਖਰਲੀ ਅਦਾਲਤ 'ਇੰਡੀਅਨ ਮੈਡੀਕਲ ਐਸੋਸੀਏਸ਼ਨ' (ਆਈਐਮਏ) ਦੀ ਇੱਕ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਰਾਮਦੇਵ 'ਤੇ ਕੋਵਿਡ ਵਿਰੋਧੀ ਟੀਕਾਕਰਨ ਮੁਹਿੰਮ ਅਤੇ ਆਧੁਨਿਕ ਦਵਾਈਆਂ ਵਿਰੁੱਧ ਮੁਹਿੰਮ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ।

# ਆਸ਼ੀਸ਼ ਮਿਸ਼ਰਾ ਦੀ ਰੈਲੀਆਂ ਵਿੱਚ ਹਾਜ਼ਰੀ ਜ਼ਮਾਨਤ ਸ਼ਰਤਾਂ ਦੀ ਉਲੰਘਣਾ : ਸੁਪਰੀਮ ਕੋਰਟ

### ਲਖੀਮਪੁਰ ਖੀਰੀ ਹਿੰਸਾ ਕੇਸ ਦੇ ਪੀੜਤ ਵੱਲੋਂ ਪੇਸ਼ ਪ੍ਰਸ਼ਾਂਤ ਭੂਸ਼ਣ ਨੇ ਕੀਤਾ ਦਾਅਵਾ





ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਕੇਸ ਦੇ ਮੁਲਜ਼ਮਾਂ ਵਿਚੋਂ ਇਕ ਆਸ਼ੀਸ਼ ਮਿਸ਼ਰਾ, ਜੋ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਦਾ ਪੁੱਤਰ ਹੈ, ਜੇਕਰ ਸਿਆਸੀ ਸਮਾਗਮਾਂ ਵਿਚ ਸਰੀਰਕ ਰੂਪ ਵਿਚ ਹਾਜ਼ਰੀ ਭਰ ਰਿਹਾ ਹੈ ਤਾਂ ਇਹ ਉਸ ਨੂੰ ਮਿਲੀ ਜ਼ਮਾਨਤ ਦੀਆਂ ਸ਼ਰਤਾਂ ਦਾ ਉਲੰਘਣ ਹੈ। ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ 2021 ਦੇ ਲਖੀਮਪੁਰ ਖੀਰੀ ਹਿੰਸਾ ਕੇਸ, ਜਿਸ ਵਿਚ ਅੱਠ ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ, ਵਿਚ ਪਿਛਲੇ ਸਾਲ 25 ਜਨਵਰੀ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ। ਸੁਪਰੀਮ ਕੋਰਟ ਨੇ ਉਸ ਮੌਕੇ ਆਸ਼ੀਸ਼ ਮਿਸ਼ਰਾ ਨੂੰ ਹੇਠਲੀ ਅਦਾਲਤ ਵੱਲੋਂ ਅੰਤਰਿਮ ਜ਼ਮਾਨਤ ਲਈ ਲਾਈਆਂ ਸ਼ਰਤਾਂ ਵਿਚ ਰਾਹਤ ਦਿੰਦੇ ਹੋਏ ਜ਼ਮਾਨਤ ਦੇ ਅਰਸੇ ਦੌਰਾਨ ਉੱਤਰ ਪ੍ਰਦੇਸ਼ ਜਾਂ ਫਿਰ ਦਿੱਲੀ ਵਿਚ ਰਹਿਣ ਦੀ ਹਦਾਇਤ ਕੀਤੀ ਸੀ। ਇਹ ਕੇਸ 3 ਅਕਤੂਬਰ 2021 ਨੂੰ ਇਕ ਐੱਸਯੂਵੀ ਵੱਲੋਂ ਕੁਝ ਕਿਸਾਨਾਂ ਨੂੰ ਦਰੜਨ ਮਗਰੋਂ ਭੜਕੀ ਹਿੰਸਾ ਨਾਲ ਸਬੰਧਤ ਹੈ, ਜਿਸ ਵਿਚ ਚਾਰ ਕਿਸਾਨਾਂ ਸਣੇ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ। ਮੁਲਜ਼ਮ ਆਸ਼ੀਸ਼ ਮਿਸ਼ਰਾ ਇਸ ਐੱਸਯੂਵੀ ਵਿਚ ਕਥਿਤ ਸਵਾਰ ਦੱਸਿਆ ਜਾਂਦਾ ਸੀ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਪੀ.ਐੱਸ.ਨਰਸਿਮ੍ਹਾ ਦੇ ਬੈਂਚ ਨੇ ਉਪਰੋਕਤ ਟਿੱਪਣੀਆਂ ਲਖੀਮਪੁਰ ਖੀਰੀ ਹਿੰਸਾ ਕੇਸ ਦੇ ਇਕ ਪੀੜਤ ਵਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਦੇ ਦਾਅਵਿਆਂ ਮਗਰੋਂ ਕੀਤੀ ਹੈ। ਭੂਸ਼ਣ ਨੇ ਦਾਅਵਾ ਕੀਤਾ ਸੀ ਕਿ ਮਿਸ਼ਰਾ ਸਿਆਸੀ ਸਮਾਗਮਾਂ ਵਿਚ ਸ਼ਮੂਲੀਅਤ ਦੇ ਨਾਲ ਅਜਿਹੇ ਹੀ ਇਕ ਸਮਾਗਮ ਵਿਚ ਟਰਾਈਸਾਈਕਲਾਂ ਵੰਡ ਰਿਹਾ ਹੈ। ਬੈਂਚ ਨੇ ਜ਼ੁਬਾਨੀ ਕਲਾਮੀ ਕਿਹਾ, "ਜੇਕਰ ਉਹ ਸਰੀਰਕ ਰੂਪ ਵਿਚ ਹਾਜ਼ਰੀ ਭਰ ਰਿਹੈ, ਤਾਂ ਯਕੀਨੀ ਤੌਰ 'ਤੇ ਇਹ ਉਲੰਘਣਾ ਹੈ।" ਭੂਸ਼ਣ ਨੇ ਦਾਅਵਾ ਕੀਤਾ ਕਿ ਮਿਸ਼ਰਾ ਸੁਪਰੀਮ ਕੋਰਟ ਵੱਲੋਂ ਲਾਈ ਸ਼ਰਤ ਕਿ ਮੁਲਜ਼ਮ ਸਿਰਫ਼ ਕੇਸ ਦੀ ਸੁਣਵਾਈ ਲਈ ਯੂਪੀ ਵਿਚ ਦਾਖ਼ਲ ਹੋ ਸਕਦਾ ਹੈ, ਦੀ ਉਲੰਘਣਾ ਕਰ ਰਿਹਾ ਹੈ। ਭੂਸ਼ਣ ਨੇ ਕਿਹਾ, "ਮੁਲਜ਼ਮ ਨੇ ਹਾਲ ਹੀ ਵਿਚ ਕਈ ਸਮਾਗਮਾਂ ਵਿਚ ਹਾਜ਼ਰੀ ਭਰੀ ਹੈ। ਉਸ ਵੱਲੋਂ ਯੂਪੀ ਵਿਚ ਟਰਾਈਸਾਈਕਲਾਂ ਵੰਡੀਆਂ ਜਾ ਰਹੀਆਂ ਹਨ। ਮੈਨੂੰ ਨਹੀਂ ਪਤਾ ਕਿ ਇਸ ਦੀ ਇਜਾਜ਼ਤ ਕਿਵੇਂ ਦਿੱਤੀ ਗਈ। ਮੈਂ ਹਲਫ਼ਨਾਮਾ ਦਾਖ਼ਲ ਕਰਕੇ ਕੋਰਟ ਅੱਗੇ ਦਸਤਾਵੇਜ਼ ਰੱਖਾਂਗਾ।" ਉਧਰ ਮਿਸ਼ਰਾ ਵੱਲੋਂ ਪੇਸ਼ ਸੀਨੀਅਰ ਵਕੀਲ ਸਿੱਧਾਰਥ ਦਵੇ ਨੇ ਹਲਫ਼ਨਾਮੇ ਦਾ ਵਿਰੋਧ ਕਰਦੇ ਹੋਏ ਕਿਹਾ, "ਮੇਰਾ ਮੁਵੱਕਿਲ ਇੰਨਾ ਮੂਰਖ ਨਹੀਂ ਕਿ ਆਜ਼ਾਦੀ ਦੀ ਇੰਜ ਉਲੰਘਣਾ ਕਰੇ।" ਸੁਪਰੀਮ ਕੋਰਟ ਨੇ ਭੂਸ਼ਣ ਨੂੰ ਆਪਣੇ ਦੋਸ਼ਾਂ ਨੂੰ ਸਾਬਤ ਕਰਨ ਲਈ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਹੈ। ਕੋਰਟ ਨੇ ਹਾਲਾਂਕਿ ਅੱਜ ਪਾਸ ਕੀਤੇ ਹੁਕਮਾਂ ਨੂੰ ਰਿਕਾਰਡ 'ਤੇ ਨਹੀਂ ਲਿਆ। ਇਹੀ ਨਹੀਂ ਸੁਪਰੀਮ ਕੋਰਟ ਨੇ ਸਰਕਾਰੀ ਵਕੀਲ ਤੇ ਜ਼ਿਲ੍ਹਾ ਪੁਲੀਸ ਨੂੰ ਕਿਹਾ ਕਿ ਉਹ ਗਵਾਹਾਂ ਦੀ ਸੁਰੱਖਿਆ ਲਈ ਅਸਰਦਾਰ ਕਦਮ ਚੁੱਕੇ ਤਾਂ ਕਿ ਟਰਾਇਲ ਕੋਰਟ ਦਾ ਸਮਾਂ ਬਰਬਾਦ ਨਾ ਹੋਵੇ। ਕਾਬਿਲੇਗੌਰ ਹੈ ਕਿ ਸੁਪਰੀਮ ਕੋਰਟ ਨੇ ਇਸ ਸਾਲ ਫਰਵਰੀ ਵਿਚ ਆਸ਼ੀਸ਼ ਮਿਸ਼ਰਾ ਨੂੰ ਮਿਲੀ ਅੰਤਰਿਮ ਜ਼ਮਾਨਤ ਵਿਚ ਵਾਧਾ ਕਰਦੇ ਹੋਏ ਆਪਣੀ ਰਜਿਸਟਰੀ ਨੂੰ ਕਿਹਾ ਸੀ ਕਿ ਉਹ ਕੇਸ ਦੀ ਮੌਜੂਦਾ ਸਥਿਤੀ ਬਾਰੇ ਟਰਾਇਲ ਕੋਰਟ ਤੋਂ ਰਿਪੋਰਟ ਹਾਸਲ ਕਰੇ।

# ਪਿਓ-ਪੁੱਤ ਸਮੇਤ ਇਕੋ ਵੇਲੇ ਜਲੀਆਂ 3 ਚਿਤਾਵਾਂ, ਪਰਿਵਾਰ 'ਚ ਨਹੀਂ ਬਚਿਆ ਕੋਈ ਕਮਾਉਣ ਵਾਲਾ

ਕਰਨਾਲ : ਮੱਧ ਪ੍ਰਦੇਸ਼ ਵਿੱਚ ਇੱਕ ਹਾਦਸੇ ਵਿੱਚ ਹਰਿਆਣਾ ਦੇ ਇੱਕ ਕਿਸਾਨ ਪਰਿਵਾਰ ਦੇ ਤਿੰਨ ਲੋਕਾਂ ਦੀ ਮੌਤ ਹੋ ਗਈ। ਇਹ ਲੋਕ ਕਣਕ ਦਾ ਸੀਜ਼ਨ ਹੋਣ ਕਾਰਨ ਹਾਰਵੈਸਟਰ ਲੈ ਕੇ ਉਥੇ ਗਏ ਸਨ। ਇਸ ਦੌਰਾਨ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਅਜਿਹੇ 'ਚ ਹੁਣ ਉਨ੍ਹਾਂ ਦੀ ਦੇਹ ਕਰਨਾਲ ਪਹੁੰਚੀ ਅਤੇ ਤਿੰਨ ਲੋਕਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇੱਕੋ ਸਮੇਂ ਤਿੰਨ ਲੋਕਾਂ ਦਾ ਅੰਤਿਮ ਸੰਸਕਾਰ ਹੋਇਆ। ਘਟਨਾ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਹੈ।



ਦਰਅਸਲ, ਮੱਧ ਪ੍ਰਦੇਸ਼ ਦੇ ਜਬਲਪੁਰ ਵਿੱਚ ਇੱਕ ਹਾਰਵੈਸਟਰ ਪੁਲ ਤੋਂ ਹੇਠਾਂ ਡਿੱਗ ਗਿਆ ਅਤੇ ਕਰਨਾਲ ਦੇ ਸ਼ਾਮਗੜ੍ਹ ਦੇ ਤਿੰਨ ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਪਿਓ-ਪੁੱਤ ਵੀ ਸ਼ਾਮਲ ਹਨ। ਤਿੰਨਾਂ ਦੀਆਂ ਲਾਸ਼ਾਂ ਦਾ ਸ਼ਾਮਗੜ੍ਹ ਵਿੱਚ ਸਸਕਾਰ ਕਰ ਦਿੱਤਾ ਗਿਆ। ਮੌਤ ਕਾਰਨ ਪੂਰੇ ਪਿੰਡ ਵਿੱਚ ਸੋਗ ਹੈ ਅਤੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰ ਨੇ ਸਰਕਾਰ ਤੋਂ ਆਰਥਿਕ ਮਦਦ ਦੀ ਵੀ ਮੰਗ ਕੀਤੀ ਹੈ।

ਹੋਇਆ ਅਜਿਹਾ ਕਿ ਸੁਖਵੀਰ ਸਿੰਘ ਪੁੱਤਰ ਅਜੈ ਸਿੰਘ ਪੱਪੂ ਵਾਸੀ ਸ਼ਾਮਗੜ੍ਹ ਕਰਨਾਲ 20 ਦਿਨ ਪਹਿਲਾਂ ਹਾਰਵੈਸਟਰ ਲੈ ਕੇ ਜਬਲਪੁਰ ਗਿਆ ਸੀ। ਜਬਲਪੁਰ ਦੇ ਕਈ ਪਿੰਡਾਂ ਵਿੱਚ ਕਣਕ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਬਘਰਾਜੀ ਪਿੰਡ ਵਿੱਚ ਫ਼ਸਲ ਦੀ ਕਟਾਈ ਕਰਨ ਦਾ ਆਰਡਰ ਮਿਲਿਆ। ਸੁਖਵੀਰ ਸਿੰਘ (50), ਅਜੇ ਸਿੰਘ (25), ਪੱਪੂ ਸਿੰਘ (25) ਅਤੇ ਖੂਬ ਸਿੰਘ (30) ਹਾਰਵੈਸਟਰ ਲੈ ਕੇ ਜਬਲਪੁਰ ਤੋਂ ਬਘਰਾਜੀ ਪਿੰਡ ਜਾ ਰਹੇ ਸਨ। ਜਿਵੇਂ ਹੀ ਹਾਰਵੈਸਟਰ ਪੁਲ ਦੇ ਉੱਪਰ ਪਹੁੰਚਿਆ ਤਾਂ ਬੇਕਾਬੂ ਹੋ ਕੇ 20 ਫੁੱਟ ਹੇਠਾਂ ਡਿੱਗ ਗਿਆ। ਹਾਰਵੈਸਟਰ ਚਲਾ ਰਹੇ ਅਜੈ ਸਿੰਘ, ਪੱਪੂ ਸਮੇਤ ਖੂਬ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਖੂਬ ਸਿੰਘ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਸੀ, ਜਦਕਿ ਸੁਖਵੀਰ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ। ਸੁਖਬੀਰ ਸਿੰਘ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮੱਧ ਪ੍ਰਦੇਸ਼ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਸ਼ਾਮਗੜ੍ਹ ਦੇ ਅਜੈ ਦਾ ਡੇਢ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਉਸ ਦਾ ਡੇਢ ਮਹੀਨੇ ਦਾ ਬੱਚਾ ਹੈ। ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਰੋਂਦੇ ਹੋਏ ਹਰ ਕੋਈ ਉਸ ਨੂੰ ਦਿਲਾਸਾ ਦੇ ਰਿਹਾ ਸੀ ਪਰ ਉਸ ਦੀ ਹਾਲਤ ਖਰਾਬ ਸੀ। ਇੱਕੋ ਪਰਿਵਾਰ ਵਿੱਚ ਦੋ ਮੌਤਾਂ ਹੋਣ ਕਾਰਨ ਪੂਰਾ ਪਰਿਵਾਰ ਬਰਬਾਦ ਹੋ ਗਿਆ ਹੈ ਕਿਉਂਕਿ ਘਰ ਦਾ ਮੁਖੀਆ ਹੁਣ ਨਹੀਂ ਰਿਹਾ। ਅਜੈ ਦੀਆਂ ਵੀ ਤਿੰਨ ਭੈਣਾਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ ਇੱਕ ਦਾ ਵਿਆਹ ਹੋਇਆ ਹੈ। ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ ਅਤੇ ਪਿੰਡ ਦੇ ਲੋਕ ਸਰਕਾਰ ਤੋਂ ਇਨ੍ਹਾਂ ਪਰਿਵਾਰਾਂ ਦੀ ਮਦਦ ਦੀ ਗੁਹਾਰ ਲਗਾ ਰਹੇ ਹਨ।

# ਵਿਦਿਆਰਥੀਆਂ ਵੱਲੋਂ ਯੂਜੀਸੀ ਹੈਡਕੁਆਟਰ ਅੱਗੇ ਪ੍ਰਦਰਸ਼ਨ

ਨਵੀਂ ਦਿੱਲੀ : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੀ ਅਗਵਾਈ ਹੇਠ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਹੋਰ ਵਿਦਿਆਰਥੀ ਜਥੇਬੰਦੀਆਂ ਨਾਲ ਮਿਲ ਕੇ ਆਈਟੀਓ ਸਥਿਤ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂਜੀਸੀ) ਦੇ ਹੈੱਡਕੁਆਟਰ ਅੱਗੇ ਪ੍ਰਦਰਸ਼ਨ ਕੀਤਾ ਤੇ ਵਰਸਿਟੀ ਵਿੱਚ ਐਨਈਟੀ ਕ੍ਰਾਈਟੇਰੀਆ ਤਹਿਤ ਪੀਐੱਚ.ਡੀ ਕਰਨ ਬਾਰੇ ਕੀਤੇ ਐਲਾਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਵਿਦਿਆਰਥੀ ਬਹਾਦਰਸ਼ਾਹ ਜ਼ਫ਼ਰ ਮਾਰਗ ਵਾਲੇ ਪਾਸਿਓਂ ਯੂਜੀਸੀ ਦੇ ਮੁੱਖ ਦਫ਼ਤਰ ਵਲ ਵਧੇ ਪਰ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਉੱਥੇ ਹੀ ਰੋਕ ਲਿਆ ਤਾਂ ਵਿਦਿਆਰਥੀਆਂ ਨੇ ਨਾਅਰੇਬਾਜ਼ੀ ਕੀਤੀ। ਤਿੱਖੀ ਧੁੱਪ ਵਿੱਚ ਉਨ੍ਹਾਂ ਨੇ ਧਰਨਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ 'ਐਨਈਟੀ' ਪਾਸ ਕੀਤੇ ਵਿਦਿਆਰਥੀਆਂ ਨੂੰ ਦੇਸ਼ ਦੀਆਂ ਵਰਸਿਟੀਆਂ ਵਿੱਚ ਪੀਐੱਚਡੀ ਕਰਨ ਬਾਰੇ ਘਾਤਕ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਮਤਿਹਾਨਾਂ ਬਾਰੇ ਮੋਡ ਬਦਲ ਦਿੱਤਾ ਗਿਆ ਹੈ ਤੇ ਫ਼ੀਸਾਂ ਵਿੱਚ ਖਾਸਾ ਵਾਧਾ ਕੀਤਾ ਗਿਆ ਹੈ ਫ਼ੀਸਾਂ ਦਾ ਇਹ ਵਾਧਾ ਯੂਜੀਸੀ ਐਨਈਟੀ ਇਮਤਿਹਾਨਾਂ ਵਿੱਚ ਕੀਤੇ ਜਾਣ ਕਰਕੇ ਗ਼ਰੀਬ ਵਿਦਿਆਰਥੀਆਂ ਅੱਗੇ ਨਵੀਂ ਪ੍ਰੇਸ਼ਾਨੀ ਹੋ ਗਈ ਹੈ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੀ ਖ਼ੁਦਮੁਖ਼ਤਿਆਰੀ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਇਸ ਦੀਆਂ ਤਾਕਤਾਂ ਘਟਾਈਆਂ ਜਾ ਸਕਦੀਆਂ ਹਨ। ਜੇਐਨਯੂ ਦੇ ਕਈ ਵਿਦਿਆਰਥੀ ਵਰਸਿਟੀ ਦੇ ਗੰਗਾ ਢਾਬੇ ਤੋਂ ਬੱਸਾਂ ਰਾਹੀਂ ਆਈਟੀਓ ਵਿਖੇ ਪੁੱਜਣ ਵਿੱਚ ਸਫਲ ਰਹੇ। ਪ੍ਰਦਰਸ਼ਨ ਵਿੱਚ ਹੋਰ ਵਿਦਿਆਰਥੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ।



# ਇਟਲੀ 'ਚ ਮੁੜ ਕਿਰਪਾਨ ਨੂੰ ਲੈ ਕੇ ਸਿੱਖ 'ਤੇ ਮਾਮਲਾ ਦਰਜ, ਸਿੱਖਾਂ 'ਚ ਰੋਸ

## *ਢਾਡੀ ਮਿਲਖਾ ਸਿੰਘ ਮੌਜੀ 'ਤੇ ਕਿਰਪਾਨ ਰੱਖਣ 'ਤੇ ਪਰਚਾ ਦਰਜ*

ਇਟਲੀ – ਇਟਲੀ ਵਿਚ ਇਕ ਵਾਰ ਫਿਰ ਇਕ ਢਾਡੀ ਜਥੇ ਦੇ ਮੁਖੀ 'ਤੇ ਕਿਰਪਾਨ ਰੱਖਣ ਨੂੰ ਲੈ ਕੇ ਕੇਸ ਦਰਜ ਕੀਤਾ ਗਿਆ ਹੈ। ਦਰਅਸਲ ਮਸ਼ਹੂਰ ਢਾਡੀ ਮਿਲਖਾ ਸਿੰਘ ਮੌਜੀ 'ਤੇ ਇਟਲੀ ਵਿਚ ਕਿਰਪਾਨ ਰੱਖਣ ਨੂੰ ਲੈ ਕੇ ਪਰਚਾ ਦਰਜ ਕੀਤਾ ਗਿਆ ਹੈ। ਇਹ ਜੱਥਾ ਜਦੋਂ ਏਅਰਪੋਰਟ ਤੋਂ ਜਾ ਰਿਹਾ ਸੀ ਤਾਂ ਉੱਥੋਂ ਦੇ ਕਰਮਚਾਰੀਆਂ ਨੇ ਜੱਥੇ ਦਾ ਸਮਾਨ ਚੈੱਕ ਕੀਤਾ ਤੇ ਉਸ ਵਿਚੋਂ ਨਿਕਲੀ ਕਿਰਪਾਨ ਨੂੰ ਲੈ ਕੇ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਮਾਮਲੇ ਦਾ ਇੰਡੀਅਨ ਸਿੱਖ ਕਮਿਊਨਿਟੀ ਇਟਲੀ ਨੇ ਨੋਟਿਸ ਲਿਆ ਹੈ ਤੇ ਉਹਨਾਂ ਨੇ ਕਿਹਾ ਕਿ ਇਹ ਮਾਮਲੇ ਬਹੁਤ ਸੰਜੀਦਗੀ ਨਾਲ ਲੈਣ ਵਾਲੇ ਹਨ ਤੇ ਅਜਿਹੇ ਸਿੱਖ ਮੁੱਦਿਆਂ 'ਤੇ ਸਭ ਨੂੰ ਇਕੱਠੇ ਹੋਣ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਅਜੇ ਬੀਤੇ ਦਿਨ ਹੀ ਇਟਲੀ ਵਿਚ ਸਿੱਖ 'ਤੇ 6 ਸੈਂਟੀਮੀਟਰ ਤੋਂ



ਵੱਡੀ ਸ੍ਰੀ ਸਾਹਿਬ ਰੱਖਣ ਨੂੰ ਲੈ ਕੇ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵੀ ਨਿਖੇਧੀ ਕੀਤੀ ਸੀ।

# ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨਿਆ

ਅੰਮ੍ਰਿਤਸਰ : ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਪਸਾਰ ਵਾਸਤੇ ਦੇਸ਼ ਭਰ ਵਿੱਚ ਨਵੰਬਰ 2023 ਵਿਚ ਲਈ ਗਈ ਦਰਜਾ ਪਹਿਲਾ ਅਤੇ ਦੂਜਾ ਦੀ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਬਿਆਸੀ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਇਹ ਨਤੀਜਾ ਜਾਰੀ ਕੀਤਾ। ਨਤੀਜੇ ਅਨੁਸਾਰ 1549 ਵਿਦਿਆਰਥੀਆਂ ਨੂੰ 29 ਲੱਖ 88 ਹਜ਼ਾਰ ਰੁਪਏ ਦੇ ਵਜੀਫੇ ਦੀ ਰਾਸ਼ੀ ਵਜੋਂ ਦਿੱਤੇ ਜਾਣਗੇ ਅਤੇ ਇਸ ਤੋਂ ਇਲਾਵਾ ਸਨਮਾਨ ਚਿੰਨ੍ਹ ਤੇ ਪ੍ਰਮਾਣ ਪੱਤਰ ਵੀ ਦਿੱਤਾ ਜਾਵੇਗਾ। ਸਕੱਤਰ ਸ੍ਰੀ ਕਾਹਲਵਾਂ ਨੇ ਕਿਹਾ ਕਿ ਇਸ ਸਾਲ ਨਵੰਬਰ 2023 ਵਿੱਚ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਦੋ ਦਰਜਿਆਂ ਅੰਦਰ 43803 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 1549 ਵਿਦਿਆਰਥੀ ਨੇ ਵਜ਼ੀਫਾ



ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਹਰ ਦਰਜੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਵਿਸ਼ੇਸ਼ ਇਨਾਮ ਰਾਸ਼ੀ ਦਿੱਤੀ ਜਾਵੇਗੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਤੇ ਇੰਚਾਰਜ ਜੋਗੇਸ਼ਵਰ ਸਿੰਘ ਹਾਜ਼ਰ ਸਨ।

# ਜਥੇਦਾਰ ਰਘਬੀਰ ਸਿੰਘ ਨੇ ਇਟਲੀ ਵਿਚ ਇਕ ਅੰਮ੍ਰਿਤਧਾਰੀ ਸਿੱਖ ਦੇ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਸਖ਼ਤ ਨਿਖੇਧੀ ਕੀਤੀ

## *ਇਟਲੀ ਵਿਚ ਇਕ ਅੰਮ੍ਰਿਤਧਾਰੀ ਸਿੱਖ ਵਿਰੁੱਧ ਸ੍ਰੀ ਸਾਹਿਬ ਪਾਈ ਹੋਣ ਕਾਰਨ ਕੀਤਾ ਗਿਆ ਸੀ 'ਤੇਜ਼ਧਾਰ ਹਥਿਆਰ' ਰੱਖਣ ਦਾ ਮਾਮਲਾ ਦਰਜ*

ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਟਲੀ ਵਿਚ ਇਕ ਅੰਮ੍ਰਿਤਧਾਰੀ ਸਿੱਖ ਦੇ ਖ਼ ?ਲਾਫ਼ ਸ੍ਰੀ ਸਾਹਿਬ ਪਾਈ ਹੋਣ ਕਾਰਨ 'ਤੇਜ਼ਧਾਰ ਹਥਿਆਰ' ਰੱਖਣ ਦਾ ਪੁਲਿਸ ਵਲੋਂ ਮਾਮਲਾ ਦਰਜ ਕਰਨ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਸਾਹਿਬ ਅੰਮ੍ਰਿਤਧਾਰੀ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇਕ ਹੈ ਅਤੇ ਇਟਲੀ ਵਿਚ ਤਿੰਨ ਮਹੀਨੇ ਪਹਿਲਾਂ ਹੀ ਗਏ ਇਕ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਦੇ ਖ਼ਿਲਾਫ਼ ਸ੍ਰੀ ਸਾਹਿਬ ਪਹਿਨੀ ਹੋਣ ਕਾਰਨ ਪੁਲਿਸ ਮਾਮਲਾ ਦਰਜ ਕਰਨਾ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਹਮਲਾ ਹੈ।

ਉਨ੍ਹਾਂ ਆਖਿਆ ਕਿ ਅੱਜ ਸਿੱਖ ਦੁਨੀਆ ਦੇ ਕੋਨੇ-ਕੋਨੇ ਵਿਚ ਵੱਸਦੇ ਹਨ ਅਤੇ ਗੁਰੂ ਸਾਹਿਬ ਦੇ ਦਿੱਤੇ ਸਰਬ-ਸਾਂਝੀਵਾਲਤਾ ਦੇ ਫਲਸਫੇ ਅਨੁਸਾਰ ਆਪਣੀ ਮਿਹਨਤ, ਇਮਾਨਦਾਰੀ ਅਤੇ ਲਿਆਕਤ ਦੇ ਸਦਕਾ ਹਰ ਖੇਤਰ ਵਿਚ ਆਪਣੀ ਪਛਾਣ ਸਥਾਪਿਤ ਕਰ ਚੁੱਕੇ ਹਨ। ਇਟਲੀ ਸਰਕਾਰ ਨੂੰ ਸਿੱਖ ਧਰਮ ਦੀ ਵਿਸ਼ਵ ਪ੍ਰਸੰਗਿਕਤਾ ਨੂੰ ਸਮਝਦਿਆਂ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਨਾਲ ਰਹਿਣ ਦਾ ਅਧਿਕਾਰ ਦੇਣਾ ਚਾਹੀਦਾ ਹੈ।

ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ



ਆਦੇਸ਼ ਕੀਤਾ ਕਿ ਉਹ ਭਾਰਤ ਸਥਿਤ ਇਟਲੀ ਦੇ ਦੂਤਾਵਾਸ ਨਾਲ ਸੰਪਰਕ ਕਰਕੇ ਅੰਮ੍ਰਿਤਧਾਰੀ ਸਿੱਖਾਂ ਲਈ ਸ੍ਰੀ ਸਾਹਿਬ ਦੀ ਮਹੱਤਤਾ ਤੋਂ ਜਾਣੂ ਕਰਵਾਏ ਤਾਂ ਜੋ ਇਟਲੀ ਸਰਕਾਰ ਵਲੋਂ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਖ਼ਿਲਾਫ਼ ਸ੍ਰੀ ਸਾਹਿਬ ਨੂੰ 'ਤੇਜ਼ਧਾਰ ਹਥਿਆਰ' ਸਮਝ ਕੇ ਦਰਜ ਕੀਤੇ ਮਾਮਲੇ ਨੂੰ ਰੱਦ ਕਰਵਾਇਆ ਜਾ ਸਕੇ।

# ਹਰਮੀਤ ਸਿੰਘ ਕਾਲਕਾ ਦੀ ਜਥੇਦਾਰ ਨੂੰ ਅਪੀਲ, 'ਲੋਕ ਸਭ ਚੋਣਾਂ 'ਚ ਸਿੱਖ ਕਿਸ ਨੂੰ ਪਾਉਣ ਵੋਟ ?'

## *ਕਾਲਕਾ ਨੇ ਭਾਜਪਾ ਦਾ ਸਮਰਥਨ ਕਰਨ ਦਾ ਕੀਤਾ ਦਾਅਵਾ*

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਵੋਟਿੰਗ ਕਰਨ ਨੂੰ ਲੈ ਕੇ ਸਿੱਖ ਦੁਚਿੱਤੀ ਵਿਚ ਹਨ। ਇਸ ਲਈ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕੀਤੀ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਨੇ ਭਾਜਪਾ ਦਾ ਸਮਰਥਨ ਕਰਨ ਦੀ ਗੱਲ ਵੀ ਕਹੀ ਹੈ।

ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਮੈਂ ਅਪੀਲ ਕਰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਪੱਸ਼ਟ ਕਰਨ ਕਿ ਸਿੱਖਾਂ ਨੂੰ ਕਿਸ ਪਾਰਟੀ ਨੂੰ ਵੋਟ ਪਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਦਿੱਲੀ ਜਾ ਕੇ ਅਪਣੇ ਬਿਆਨ ਬਦਲ ਲੈਂਦੇ ਹਨ। ਕਾਲਕਾ ਨੇ ਅਪੀਲ ਕੀਤੀ, 'ਜਥੇਦਾਰ ਸਾਹਿਬ ਸਿੱਖਾਂ ਨੂੰ ਸੰਦੇਸ਼ ਦੇਣ ਕਿ ਸਿੱਖ ਮੋਦੀ ਦੀ ਪਾਰਟੀ ਭਾਜਪਾ ਨੂੰ ਵੋਟ ਪਾਉਣ, ਜਿਸ ਨੇ ਸਿੱਖਾਂ ਲਈ ਕੰਮ ਕੀਤੇ ਜਾਂ ਉਸ ਪਾਰਟੀ ਨੂੰ ਵੋਟ ਪਾਉਣ, ਜਿਸ



ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹਮਲਾ ਤੇ ਸਿੱਖਾਂ ਦੀ ਨਸਲਕੁਸ਼ੀ ਕੀਤੀ?'

ਹਰਮੀਤ ਸਿੰਘ ਕਾਲਕਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਵਲੋਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹੀ ਸਮਰਥਨ ਦਿਤਾ ਜਾਵੇਗਾ ਕਿਉਂਕਿ ਹੋਰ ਕੋਈ ਪਾਰਟੀ ਅਜਿਹੀ ਨਹੀਂ ਹੈ, ਜੋ ਸਿੱਖਾਂ ਦੀ ਗੱਲ ਕਰੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ, ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਵਿਰੁਧ ਕਾਰਵਾਈ ਤੋਂ ਇਲਾਵਾ ਸਿੱਖ ਭਾਈਚਾਰੇ ਦੇ ਅਨੇਕਾਂ ਮਸਲੇ ਹੱਲ ਕੀਤੇ ਹਨ। ਇਸ ਲਈ ਸਿੱਖਾਂ ਕੋਲ ਹੋਰ ਕੋਈ ਵਿਕਲਪ ਨਹੀਂ ਹੈ।

ਕਾਲਕਾ ਦਾ ਕਹਿਣਾ ਹੈ ਕਿ ਪੰਥਕ ਸਰਕਾਰ ਦੌਰਾਨ ਪੰਜਾਬ ਵਿਚ ਬੇਅਦਬੀਆਂ ਦੇ ਮਾਮਲੇ ਸਾਹਮਣੇ ਆਏ, ਕਿਸੇ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਨਹੀਂ ਕੀਤੀ, ਡੇਰਿਆਂ ਦੇ ਮੁਖੀਆਂ ਨੂੰ ਮੁਆਫ਼ੀ ਦਿਤੀ ਗਈ। ਭਾਜਪਾ ਨਾਲ ਗਠਜੋੜ ਵਿਚ ਰਹਿੰਦਿਆਂ ਸੁਖਬੀਰ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਸਿੱਖਾਂ ਦੇ ਮਸਲੇ ਨਹੀਂ ਚੁੱਕੇ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਕਮੇਟੀ ਵਿਚ ਸਿਆਸੀ ਆਗੂਆਂ ਦੀ ਸ਼ਮੂਲੀਅਤ ਨੂੰ ਲੈ ਕੇ ਕਾਲਕਾ ਨੇ ਕਿਹਾ ਕਿ ਇਸ ਕਮੇਟੀ ਵਿਚ ਸਿਆਸੀ ਆਗੂ ਨਹੀਂ ਹੋਣੇ ਚਾਹੀਦੇ, ਇਹੀ ਕਾਰਨ ਹੈ ਕਿ ਹੁਣ ਤਕ ਕਮੇਟੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦਾ ਸਮਾਂ ਨਹੀਂ ਮਿਲ ਸਕਿਆ।

# ਲਾਰੈਂਸ ਬਿਸ਼ਨੋਈ ਗੈਂਗ ਦੇ 5 ਖ਼ਤਰਨਾਕ ਸ਼ੂਟਰ ਹਥਿਆਰਾਂ ਸਣੇ ਗ੍ਰਿਫ਼ਤਾਰ

ਮੋਹਾਲੀ : ਪੁਲਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਪੰਜ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਡੇਰਾਬਸੀ 'ਚ ਚੋਰੀ ਦੇ ਬਾਈਕ 'ਤੇ ਘੁੰਮ ਰਹੇ ਦੋ ਸ਼ੂਟਰਾਂ ਨੂੰ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਇਨ੍ਹਾਂ ਦੀ ਪਛਾਣ ਹਰਸ਼ਪ੍ਰੀਤ ਸਿੰਘ ਤੇ ਰਾਜਵੀਰ ਸਿੰਘ ਵਾਸੀ ਅੰਬਾਲਾ ਵਜੋਂ ਹੋਈ ਹੈ। ਦੋਵਾਂ ਨੇ ਆਪਣੇ ਤਿੰਨ ਹੋਰ ਸਾਥੀਆਂ ਨਾਲ ਡੇਰਾਬਸੀ ਬੱਸ ਅੱਡੇ 'ਤੇ ਮੁਲਾਕਾਤ ਕਰਨੀ ਸੀ, ਜਿਨ੍ਹਾਂ ਦੀ ਪਛਾਣ ਡੇਰਾਬਸੀ ਦੇ ਕਾਰਤਿਕ, ਪੰਚਕੂਲਾ ਦੇ ਹਰਮਨਦੀਪ ਤੇ ਰਾਜਸਥਾਨ ਦੇ ਚੁਰੂ ਦੇ ਜੈਦੀਪ ਵਜੋਂ ਹੋਈ। ਸਾਰੇ ਮੁਲਜ਼ਮਾਂ ਨੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਸਾਜਿਸ਼ ਰੱਚੀ ਸੀ। ਪੁਲਸ ਨੇ ਮੁਲਜ਼ਮਾਂ ਕੋਲੋਂ .32 ਬੋਰ ਦੇ 4, .30 ਬੋਰ ਦਾ 1 ਪਿਸਤੌਲ, 1 ਰਾਈਫ਼ਲ ਤੇ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਹੈ।



**ਜੇਲ੍ਹ 'ਚ ਬੰਦ ਗੈਂਗਸਟਰ ਮਿੰਟੂ ਦੇ ਸੰਪਰਕ 'ਚ ਸੀ ਜੈਦੀਪ :** ਜਾਂਚ 'ਚ ਸਾਹਮਣੇ ਆਇਆ ਹੈ ਕਿ ਜੈਦੀਪ ਲੰਬੇ ਸਮੇਂ ਤੋਂ ਭਿਵਾਨੀ ਜੇਲ੍ਹ 'ਚ ਬੰਦ ਗੈਂਗਸਟਰ ਮਿੰਟੂ ਮੋਦਾਸੀਆ ਦੇ ਸੰਪਰਕ 'ਚ ਸੀ। ਮੋਦਾਸੀਆ ਬਿਸ਼ਨੋਈ ਦਾ ਕਰੀਬੀ ਦੱਸਿਆ ਜਾਂਦਾ ਹੈ ਅਤੇ ਮਿੰਟੂ ਦੇ ਕਹਿਣ 'ਤੇ ਹੀ ਵਾਰਦਾਤ ਕਰਨੀ ਸੀ। ਐੱਸ.ਐੱਸ.ਪੀ. ਡਾ. ਸੰਦੀਪ ਕੁਮਾਰ ਗਰਗ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਡੇਰਾਬਸੀ ਤੇ ਮੋਹਾਲੀ 'ਚ ਕਿੱਥੇ-ਕਿੱਥੇ ਵਾਰਦਾਤਾਂ ਨੂੰ ਅੰਜਾਮ ਦੇਣਾ ਸੀ।

# ਦਰਬਾਰ ਸਾਹਿਬ 'ਚ ਸ਼ਰਧਾਲੂ ਨੇ ਲਾਲਜੀਤ ਭੁੱਲਰ ਨੂੰ ਪੁੱਛੇ ਸਵਾਲ

ਅੰਮ੍ਰਿਤਸਰ : ਭਾਜਪਾ ਦੇ ਉਮੀਦਵਾਰਾਂ ਨੂੰ ਕਿਸਾਨਾਂ ਅੱਗੇ ਜਵਾਬਦੇਹ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਕੋਲੋਂ ਵੀ ਜਵਾਬ ਮੰਗ ਰਹੇ ਹਨ। ਅੱਜ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ 'ਆਪ' ਦੇ ਉਮੀਦਵਾਰ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਉਨ੍ਹਾਂ ਦਰਬਾਰ ਸਾਹਿਬ 'ਚ ਭਾਂਡੇ ਮਾਂਜਣ ਅਤੇ ਜੋੜੇ ਸਾਫ਼ ਕਰਨ ਦੀ ਸੇਵਾ ਕੀਤੀ। ਇੱਥੇ ਇੱਕ ਸ਼ਰਧਾਲੂ ਨੇ ਉਨ੍ਹਾਂ ਕੋਲੋਂ ਨਸ਼ਿਆਂ ਦੇ ਰੁਝਾਨ ਨੂੰ ਖ਼ਤਮ ਕਰਨ ਵਿੱਚ ਅਸਫ਼ਲ ਰਹਿਣ ਸਬੰਧੀ ਜਵਾਬ ਮੰਗਿਆ।

ਸ੍ਰੀ ਭੁੱਲਰ ਜਦੋਂ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਨ ਤਾਂ ਸ਼ਰਧਾਲੂ ਨੌਜਵਾਨ ਨੇ ਉਨ੍ਹਾਂ ਕੋਲੋਂ ਨਸ਼ੇ ਖਤਮ ਕਰਨ ਵਿੱਚ ਅਸਫ਼ਲ ਰਹਿਣ ਬਾਰੇ ਸਵਾਲ ਕੀਤਾ। ਕੈਬਨਿਟ ਮੰਤਰੀ ਉਸ ਦੀ ਗੱਲ ਸੁਣੇ ਬਿਨਾਂ ਹੀ ਅਗਾਂਹ ਚਲੇ ਗਏ। ਇਹ ਨੌਜਵਾਨ ਆਖ ਰਿਹਾ ਸੀ 'ਆਪ' ਦੀ ਸਰਕਾਰ ਪੰਜਾਬ ਵਿੱਚੋਂ ਨਸ਼ੇ ਖਤਮ ਕਰਨ ਦਾ ਟੀਚਾ ਲੈ ਕੇ ਸੱਤਾ ਵਿੱਚ ਆਈ ਸੀ ਪਰ ਉਹ ਨਸ਼ਿਆਂ ਦਾ ਰੁਝਾਨ ਖ਼ਤਮ ਕਰਨ ਵਿੱਚ ਅਸਫ਼ਲ ਰਹੀ ਹੈ। ਉਪਰੰਤ ਮੀਡੀਆ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਭੁੱਲਰ ਨੇ ਕਿਹਾ ਕਿ ਉਹ ਖ਼ੁਦ ਵੀ ਨਸ਼ਿਆਂ ਦਾ ਰੁਝਾਨ ਖ਼ਤਮ ਹੋਣ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ ਕਿ ਸਬੰਧਤ ਨੌਜਵਾਨ ਨੇ ਉਨ੍ਹਾਂ ਦਾ ਵਿਰੋਧ ਨਹੀਂ ਕੀਤਾ ਸਗੋਂ ਇਸ ਮਾਮਲੇ ਵਿੱਚ ਗੱਲ ਕੀਤੀ ਹੈ। ਉਨ੍ਹਾਂ ਲੋਕਾਂ



ਨੂੰ ਅਪੀਲ ਕੀਤੀ ਕਿ ਜਦੋਂ ਵੀ ਕੋਈ ਵਿਅਕਤੀ ਨਸ਼ਿਆਂ ਦੇ ਕਾਰੋਬਾਰ ਦੇ ਮਾਮਲੇ ਵਿੱਚ ਫੜਿਆ ਜਾਵੇ ਤਾਂ ਉਸ ਦੀ ਗਵਾਹੀ ਦੇਣ ਜਾਂ ਉਸ ਦਾ ਸਮਰਥਨ ਨਾ ਕੀਤਾ ਜਾਵੇ। ਪਿਛਲੇ ਦਿਨੀ ਦੋ ਬਿਰਾਦਰੀਆਂ ਬਾਰੇ ਬੋਲੇ ਅਪਸ਼ਬਦਾਂ ਸਬੰਧੀ ਉਨ੍ਹਾਂ ਕਿਹਾ ਕਿ ਉਹ ਗੁਰੂਘਰ ਵਿਖੇ ਨਤਮਸਤਕ ਹੋ ਕੇ ਆਪਣੀ ਭੁੱਲ ਬਖਸ਼ਾਉਣ ਆਏ ਹਨ। ਉਨ੍ਹਾਂ ਕਿਹਾ ਕਿ ਉਸ ਵੇਲੇ ਗਲਤੀ ਨਾਲ ਮੂੰਹੋਂ ਅਜਿਹੇ ਅਪਸ਼ਬਦ ਨਿਕਲ ਗਏ ਸਨ। 'ਆਪ' ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਉਠਾਈ ਜਾ ਰਹੀ ਉਂਗਲ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਟਾਲਾ ਵੱਟਣਾ ਬਿਹਤਰ ਸਮਝਿਆ।

# ਖਾਲਸਾ ਸਾਜਨਾ ਦਿਵਸ ਵਿਸਾਖੀ ਪਾਕਿਸਤਾਨ 'ਚ ਪਹਿਲੀ ਵਾਰ ਸਰਕਾਰੀ ਪੱਧਰ 'ਤੇ ਮਨਾਇਆ ਗਿਆ

## ਪੰਜਾਬ ਮੁੱਖ ਮੰਤਰੀ ਮਰੀਅਮ ਨਵਾਜ਼ ਵਲੋਂ ਪੰਜਾਬੀ (ਗੁਰਮੁਖੀ) ਪੰਜਾਬ 'ਚ ਲਾਗੂ ਕਰਨ ਦਾ ਵਾਅਦਾ











ਲਾਹੌਰ : ਪਾਕਿਸਤਾਨ ਦੇ ਸੂਬਾ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਸਿੱਖ ਯਾਤਰੂਆਂ ਜਿਨ੍ਹਾਂ ਵਿੱਚੋਂ ਬਹੁਤੇ ਭਾਰਤ ਤੋਂ ਸਨ, ਦੇ ਜਥੇ ਨਾਲ ਮੁਲਾਕਾਤ ਕੀਤੀ ਅਤੇ ਯਾਦ ਕੀਤਾ ਕਿ ਉਨ੍ਹਾਂ ਦੇ ਪਿਤਾ ਨਵਾਜ਼ ਸ਼ਰੀਫ ਕਹਿੰਦੇ ਹਨ ਕਿ ਮੁਲਕ (ਪਾਕਿਸਤਾਨ) ਨੂੰ ਆਪਣੇ ਗੁਆਂਢੀਆਂ ਨਾਲ ਨਹੀਂ ਲੜਨਾ ਚਾਹੀਦਾ। ਵਿਸਾਖੀ ਦੇ ਤਿਉਹਾਰ ਸਬੰਧੀ ਸਮਾਗਮਾਂ 'ਚ ਹਿੱਸਾ ਲੈਣ ਲਈ ਮੌਜੂਦਾ ਸਮੇਂ ਲਗਪਗ 2,400 ਸਿੱਖ ਸ਼ਰਧਾਲੂ ਪਾਕਿਸਤਾਨ ਦੌਰੇ 'ਤੇ ਹਨ।

ਕਰਤਾਰਪੁਰ ਵਿੱਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਮਰੀਅਮ ਨੇ ਆਪਣੇ ਪਿਤਾ ਅਤੇ ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਦੇ ਬੋਲਾਂ ਨੂੰ ਯਾਦ ਕਰਦਿਆਂ ਕਿਹਾ, "ਸਾਨੂੰ ਆਪਣੇ ਗੁਆਂਢੀਆਂ ਨਾਲ ਨਹੀਂ ਲੜਨਾ ਚਾਹੀਦਾ। ਸਾਨੂੰ ਉਨ੍ਹਾਂ ਲਈ ਆਪਣੇ ਦਿਲ ਖੁੱਲ੍ਹੇ ਰੱਖਣ ਦੀ ਲੋੜ ਹੈ।" ਸਿੱਖ ਯਾਤਰੀ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਦੀ ਯਾਦਗਾਰ ਗੁਰਦੁਆਰਾ ਕਰਤਾਰਪੁਰ ਸਾਹਿਬ ਪਹੁੰਚੇ। ਮਰੀਅਮ ਨਵਾਜ਼ ਨੇ ਉੱਥੇ ਇਕੱਠੇ ਹੋਏ ਸ਼ਰਧਾਲੂਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਮਰੀਅਮ ਨੇ ਅੰਮ੍ਰਿਤਸਰ ਤੋਂ ਆਈ ਇੱਕ ਭਾਰਤੀ ਮਹਿਲਾ ਨੂੰ ਗਲਵੱਕੜੀ 'ਚ ਲਿਆ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਦੱਸਣਯੋਗ ਹੈ ਮਰੀਅਮ (50) ਨੂੰ ਨਵਾਜ਼ ਸ਼ਰੀਫ ਦੀ ਸਿਆਸੀ ਵਾਰਿਸ ਮੰਨਿਆ ਜਾਂਦਾ ਹੈ। ਉਹ ਫਰਵਰੀ ਮਹੀਨੇ ਪਾਕਿਸਤਾਨ 'ਚ ਪਹਿਲੀ ਮਹਿਲਾ ਮੁੱਖ ਮੰਤਰੀ ਚੁਣੀ ਗਈ ਸੀ।

ਮਰੀਅਮ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਵਿੱਚ ਵਿਸਾਖੀ ਦਾ ਤਿਉਹਾਰ ਸਰਕਾਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ, "ਇਹ ਮੇਰਾ ਪੰਜਾਬ ਹੈ ਅਤੇ ਅਸੀਂ ਘੱਟ-ਗਿਣਤੀਆਂ ਦੇ ਸਾਰੇ ਤਿਉਹਾਰ ਜਿਵੇਂ ਹੋਲੀ, ਈਸਟਰ ਤੇ ਵਿਸਾਖੀ ਆਦਿ ਇਕੱਠਿਆਂ ਮਨਾ ਰਹੇ ਹਨ।" ਮਰੀਅਮ ਮੁਤਾਬਕ, "ਅਸੀਂ ਇੱਥੇ ਭਾਰਤੀ ਪੰਜਾਬ ਦੇ ਲੋਕਾਂ ਵਾਂਗ ਪੰਜਾਬੀ ਬੋਲਣਾ ਚਾਹੁੰਦੇ ਹਾਂ। ਉਨ੍ਹਾਂ ਪੰਜਾਬੀ (ਗੁਰਮਖੀ) ਨੂੰ ਪੰਜਾਬ 'ਚ ਲਾਗੂ ਕਰਨ ਦਾ ਵਾਅਦਾ ਵੀ ਕੀਤਾ। ਮੇਰੇ ਦਾਦਾ ਮੀਆਂ ਸ਼ਰੀਫ਼ ਜਾਤੀ ਉਮਰਾ (ਅੰਮ੍ਰਿਤਸਰ) ਤੋਂ ਸਨ। ਜਦੋਂ ਇੱਕ ਭਾਰਤੀ ਵਿਅਕਤੀ ਜਾਤੀ ਉਮਰਾ ਦੀ ਮਿੱਟੀ ਲਿਆਇਆ ਤਾਂ ਮੈਂ ਉਸ (ਮਿੱਟੀ) ਨੂੰ ਉਨ੍ਹਾਂ ਦੀ ਕਬਰ 'ਤੇ ਚੜ੍ਹਾ ਦਿੱਤਾ।" ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਸਰਕਾਰ 'ਚ ਰਮੇਸ਼ ਸਿੰਘ ਅਰੋੜਾ ਨੂੰ ਪਹਿਲਾ ਸਿੱਖ ਮੰਤਰੀ ਬਣਾਇਆ ਹੈ। ਉਨ੍ਹਾਂ ਦਾਅਵਾ ਕੀਤਾ, "ਮੇਰੇ ਪਿਤਾ ਨੇ ਕਰਤਾਰਪੁਰ ਕੌਰੀਡੋਰ ਦਾ ਨੀਂਹ ਪੱਥਰ 2013 'ਚ ਰੱਖਿਆ ਸੀ।'











# ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਵਿਰੁੱਧ ਜੰਗੀ ਅਪਰਾਧ ਲਈ ਆਈਸੀਜੇ ਨੂੰ ਮੁਕੱਦਮਾ ਚਲਾਉਣਾ ਚਾਹੀਦਾ ਹੈ: ਸੰਯੁਕਤ ਕਿਸਾਨ ਮੋਰਚਾ

## ਗਾਜ਼ਾ ਪੱਟੀ ਵਿੱਚ ਮਾਰੇ ਗਏ ਬੱਚਿਆਂ ਦੀ ਗਿਣਤੀ 14000 ਨੂੰ ਕਰ ਗਈ ਹੈ ਪਾਰ

ਨਵੀਂ ਦਿੱਲੀ : ਐਸਕੇਐਮ ਭਾਰਤ ਭਰ ਦੇ ਕਿਸਾਨਾਂ ਨੂੰ ਫਿਲਸਤੀਨ ਦੇ ਕਿਸਾਨਾਂ ਨੂੰ ਸਮਰਥਨ ਅਤੇ ਏਕਤਾ ਵਧਾਉਣ ਦੀ ਅਪੀਲ ਕਰਦਾ ਹੈ ਜੋ ਇਜ਼ਰਾਈਲੀ ਕਾਬਜ਼ ਫੌਜ ਦੀ ਹਮਾਇਤ ਨਾਲ ਆਬਾਦਕਾਰ ਗਰੋਹਾਂ ਦੁਆਰਾ ਪਿੰਡਾਂ ਵਿੱਚ ਲਗਾਤਾਰ ਅੱਤਵਾਦੀ ਹਮਲਿਆਂ ਦਾ ਸਾਹਮਣਾ ਕਰ ਰਹੇ ਹਨ। ਫੌਜ ਅਤੇ ਗੈਂਗਸਟਰ ਗਾਜ਼ਾ ਵਿੱਚ ਨਸਲਕੁਸ਼ੀ ਦੀ ਲੜਾਈ ਦੇ ਨਾਲ-ਨਾਲ ਖਾਸ ਤੌਰ 'ਤੇ ਪੱਛਮੀ ਕੰਢੇ ਦੇ ਪਿੰਡਾਂ ਵਿੱਚ ਰਿਹਾਇਸ਼ੀ ਖੇਤਰਾਂ ਅਤੇ ਕਿਸਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਉਨ੍ਹਾਂ ਨੂੰ ਉਜਾੜਨ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਕਤਲੇਆਮ, ਘਰਾਂ ਅਤੇ ਖੇਤਾਂ ਨੂੰ ਸਾੜਨਾ, ਜਾਇਦਾਦ ਨੂੰ ਜਾਣਬੁੱਝ ਕੇ ਤਬਾਹ ਕਰਨਾ ਸ਼ਾਮਲ ਹਨ। ਇਨ੍ਹਾਂ ਹਮਲਿਆਂ ਵਿੱਚ ਸੈਂਕੜੇ ਕਿਸਾਨ ਜਾਨਾਂ ਗੁਆ ਚੁੱਕੇ ਹਨ ਅਤੇ ਹਜ਼ਾਰਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ। ਫਲਸਤੀਨੀ ਕਿਸਾਨ ਯੂਨੀਅਨਾਂ ਨੇ ਫਲਸਤੀਨੀ ਕਿਸਾਨਾਂ ਲਈ ਤੁਰੰਤ ਅੰਤਰਰਾਸ਼ਟਰੀ ਸੁਰੱਖਿਆ ਦੀ ਮੰਗ ਕੀਤੀ ਹੈ। ਐਸਕੇਐਮ ਭਾਰਤ ਦੇ ਸਾਰੇ ਕਿਸਾਨਾਂ ਨੂੰ ਫਲਸਤੀਨੀ ਕਿਸਾਨਾਂ ਨਾਲ ਏਕਤਾ ਵਧਾਉਣ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਅਪੀਲ ਕਰਦਾ ਹੈ ਕਿ ਭਾਰਤ ਸਰਕਾਰ ਨੂੰ ਨਸਲਕੁਸ਼ੀ, ਤੁਰੰਤ ਜੰਗਬੰਦੀ ਅਤੇ ਫੌਜ ਅਤੇ ਬਸਤੀਵਾਦੀ ਗਰੋਹਾਂ ਦੁਆਰਾ ਫਲਸਤੀਨੀਆਂ ਖਾਸ ਕਰਕੇ ਬੱਚਿਆਂ ਅਤੇ ਔਰਤਾਂ ਦੇ ਕਤਲੇਆਮ ਨੂੰ ਖਤਮ ਕਰਨ ਲਈ ਸਭ ਕੁਝ ਕਰਨਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਚਿਲਡਰਨ ਫੰਡ (ਯੂਨੀਸੇਫ) ਦੇ ਅਨੁਸਾਰ, 7 ਅਕਤੂਬਰ, 2023 ਤੋਂ ਘਿਰੇ ਗਾਜ਼ਾ ਪੱਟੀ ਵਿੱਚ ਮਾਰੇ ਗਏ ਬੱਚਿਆਂ ਦੀ ਗਿਣਤੀ 14000 ਨੂੰ ਪਾਰ ਕਰ ਗਈ ਹੈ। ਯੂਨੀਸੇਫ ਨੇ ਪੂਰੀ ਦੁਨੀਆ ਨੂੰ ਜੰਗਬੰਦੀ ਲਈ ਕੁਝ ਕਰਨ ਦੀ ਅਪੀਲ ਕੀਤੀ ਹੈ। ਇਜ਼ਰਾਈਲ ਦਾ ਹਮਲਾ 'ਬੱਚਿਆਂ ਵਿਰੁੱਧ ਜੰਗ' ਬਣ ਗਿਆ ਹੈ ਅਤੇ ਗਾਜ਼ਾ 10 ਲੱਖ ਤੋਂ ਵੱਧ ਬੱਚਿਆਂ ਦਾ ਘਰ ਹੈ। ਗਾਜ਼ਾ ਵਿੱਚ ਹਰ ਦਸ ਮਿੰਟ ਵਿੱਚ ਇੱਕ ਬੱਚਾ ਮਾਰਿਆ ਗਿਆ ਜਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਅਨੁਸਾਰ, 7 ਅਕਤੂਬਰ 2023 ਤੋਂ ਗਾਜ਼ਾ ਵਿੱਚ ਇਜ਼ਰਾਈਲ ਦੇ ਚੱਲ ਰਹੇ ਨਸਲਕੁਸ਼ੀ ਵਿੱਚ 34012 ਫਲਸਤੀਨੀ ਮਾਰੇ ਗਏ ਹਨ ਅਤੇ 76833 ਜ਼ਖ਼ਮੀ ਹੋਏ ਹਨ। ਇਸ ਤੋਂ ਉੱਪਰ, ਘੱਟੋ-ਘੱਟ 7000 ਲੋਕ ਅਣਪਛਾਤੇ ਹਨ, ਜੋ ਗਾਜ਼ਾ ਪੱਟੀ ਵਿੱਚ ਆਪਣੇ ਘਰਾਂ ਦੇ ਮਲਬੇ ਹੇਠਾਂ ਮਰੇ ਹੋਏ ਹਨ। ਲਗਭਗ 20 ਲੱਖ ਲੋਕਾਂ ਦਾ ਉਜਾੜਾ ਹੋਇਆ - 1948 ਦੇ ਨਕਬਾ ਤੋਂ ਬਾਅਦ ਸਭ ਤੋਂ ਵੱਡਾ ਸਮੂਹਿਕ ਕੂਚ। ਇਜ਼ਰਾਈਲ ਦੁਆਰਾ ਮਾਰੇ ਗਏ ਜਾਂ ਜ਼ਖ਼ਮੀ ਹੋਣ ਵਾਲਿਆਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਯੁੱਧ ਦੇ ਨਤੀਜੇ ਵਜੋਂ ਉੱਤਰੀ ਗਾਜ਼ਾ ਵਿੱਚ ਭਿਆਨਕ ਕਾਲ ਪੈ ਗਿਆ ਹੈ, ਨਤੀਜੇ ਵਜੋਂ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਗਈ, ਜ਼ਿਆਦਾਤਰ ਬੱਚੇ। ਪਿਛਲੇ ਛੇ ਮਹੀਨਿਆਂ ਵਿੱਚ, ਆਧੁਨਿਕ ਯੁੱਗ ਦੇ ਕਿਸੇ ਵੀ ਯੁੱਧ ਨਾਲੋਂ ਵੱਧ ਨਾਗਰਿਕ ਇਸ ਸੰਘਰਸ਼ ਵਿੱਚ ਮਾਰੇ ਗਏ ਹਨ। ਅਤੇ ਕਿਸੇ ਵੀ ਯੁੱਧ ਨੇ ਇਹ ਬਹੁਤ ਸਾਰੇ ਮਾਸੂਮ ਬੱਚਿਆਂ ਨੂੰ ਨਹੀਂ ਮਾਰਿਆ ਹੈ. ਬੱਚਿਆਂ ਦੀ



ਹੱਤਿਆ ਅਤੇ ਅਪੰਗਤਾ ਨੂੰ ਰੋਕਣ ਲਈ ਹੁਣ ਜੰਗਬੰਦੀ ਹੀ ਇੱਕੋ ਇੱਕ ਰਸਤਾ ਹੈ। ਐਸਕੇਐਮ ਨੇ ਅੰਤਰਰਾਸ਼ਟਰੀ ਅਦਾਲਤ ਤੋਂ ਮੰਗ ਕੀਤੀ ਹੈ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 'ਤੇ ਬੱਚਿਆਂ ਅਤੇ ਔਰਤਾਂ ਵਿਰੁੱਧ ਭਿਆਨਕ ਬੇਰਹਿਮੀ ਲਈ ਜੰਗੀ ਅਪਰਾਧੀ ਵਜੋਂ ਮੁਕੱਦਮਾ ਚਲਾਇਆ ਜਾਵੇ। ਨਫ਼ਰਤ ਦੀ ਰਾਜਨੀਤੀ 'ਤੇ ਅਧਾਰਤ ਜ਼ਯੋਨਿਸਟ ਸਿਧਾਂਤ ਚੱਲ ਰਹੀ ਨਸਲਕੁਸ਼ੀ ਦਾ ਮੂਲ ਕਾਰਨ ਹੈ। ਅਡੌਲਫ ਹਿਟਲਰ ਦੀ ਅਗਵਾਈ ਵਾਲੇ ਨਾਜ਼ੀ ਜਰਮਨੀ ਦੇ ਅਧੀਨ ਯਹੂਦੀ ਲੋਕਾਂ ਨੂੰ ਇਤਿਹਾਸ ਵਿੱਚ ਸਭ ਤੋਂ ਭੈੜੀ ਨਸਲਕੁਸ਼ੀ ਦਾ ਸ਼ਿਕਾਰ ਬਣਾਇਆ ਗਿਆ ਹੈ। ਯਹੂਦੀ ਲੋਕਾਂ ਦਾ ਬਣਿਆ ਇਜ਼ਰਾਈਲ ਦਾ ਆਧੁਨਿਕ ਰਾਜ ਅੱਜ ਫਲਸਤੀਨੀਆਂ ਵਿਰੁੱਧ ਸਭ ਤੋਂ ਅਣਮਨੁੱਖੀ, ਜ਼ਾਲਮ ਨਸਲਕੁਸ਼ੀ ਨੂੰ ਅੰਜਾਮ ਦੇ ਰਿਹਾ ਹੈ। ਐਸਕੇਐਮ ਮੰਗ ਕਰਦਾ ਹੈ ਕਿ ਭਾਰਤ ਨੂੰ ਵਿਸ਼ਵ ਸ਼ਾਂਤੀ ਲਈ ਵਿਸ਼ਵ ਰਾਏ ਨੂੰ ਲਾਮਬੰਦ ਕਰਨ ਅਤੇ ਅਮਰੀਕਾ ਦੀ ਅਗਵਾਈ ਵਾਲੀ ਸਾਮਰਾਜਵਾਦੀ ਤਾਕਤਾਂ ਦੇ ਵਿਰੁੱਧ ਆਪਣੀ ਰਵਾਇਤੀ ਅਤੇ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ ਜੋ ਇਜ਼ਰਾਈਲ ਨਾਲ ਖੜ੍ਹੀਆਂ ਹਨ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲੇ ਮਤਿਆਂ ਨੂੰ ਵੀਟੋ ਕਰਨਾ ਚਾਹੀਦਾ ਹੈ। ਇਸ ਲਈ ਭਾਰਤ ਨੂੰ ਅਮਰੀਕਾ-ਇਜ਼ਰਾਈਲ ਗਠਜੋੜ ਦੇ ਚੁੰਗਲ ਵਿੱਚੋਂ ਬਾਹਰ ਆਉਣਾ ਚਾਹੀਦਾ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਵਜੋਂ ਆਪਣਾ ਰੁਤਬਾ ਮੁੜ ਹਾਸਲ ਕਰਨਾ ਚਾਹੀਦਾ ਹੈ।

# ਕੈਨੇਡਾ 'ਚ ਪੰਜਾਬੀ ਬਜ਼ੁਰਗ ਲਾਪਤਾ, ਸਰੀ ਪੁਲਿਸ ਨੇ ਲੋਕਾਂ ਤੋਂ ਮੰਗੀ ਮਦਦ

ਸਰੀ : ਕੈਨੇਡਾ ਵਿਚ ਪੰਜਾਬੀ ਬਜ਼ੁਰਗ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਸ਼ਹਿਰ ਸਰੀ ਤੋਂ ਲਾਪਤਾ ਪੰਜਾਬੀ ਬਜ਼ੁਰਗ ਦੀ ਭਾਲ ਵਿਚ ਜੁਟੀ ਆਰ.ਸੀ.ਐਮ.ਪੀ. ਨੇ ਹੁਣ ਲੋਕਾਂ ਤੋਂ ਮਦਦ ਮੰਗੀ ਹੈ। ਪੁਲਿਸ ਨੇ ਦੱਸਿਆ ਕਿ 71 ਸਾਲ ਦੇ ਕ੍ਰਿਪਾਲ ਸਿੰਘ ਨੂੰ ਆਖਰੀ ਵਾਰ 19 ਅਪ੍ਰੈਲ ਨੂੰ ਦੁਪਹਿਰ ਤਕਰੀਬਨ 12 ਵਜੇ ਸਰੀ ਦੀ 150 ਸਟ ?ਰੀਟ ਦੇ 8400 ਬਲਾਕ ਵਿਖ ਦੇਖਿਆ ਗਿਆ।

ਸਰੀ ਆਰ.ਸੀ.ਐਮ.ਪੀ. ਨੇ ਕ੍ਰਿਪਾਲ ਸਿੰਘ ਦਾ ਹੁਲੀਆ ਬਿਆਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਕੱਦ ਤਕਰੀਬਨ 5 ਫੁੱਟ 9 ਇੰਚ ਅਤੇ ਵਜ਼ਨ 61 ਕਿਲੋ ਹੈ ਜਦਕਿ ਅੱਖਾਂ ਕਾਲੀਆਂ ਅਤੇ ਸਫੈਦ ਦਾੜੀ ਵੀ ਹੈ। ਘਰੋਂ ਰਵਾਨਾ ਹੋਣ ਵਾਲੇ ਦਿਨ ਉਨ੍ਹਾਂ ਨੇ ਕਾਲੀ ਪੱਗ ਬੰਨ੍ਹੀ ਹੋਈ ਸੀ ਜਦਕਿ ਕਾਲੀ ਜੈਕਟ ਅਤੇ ਕਾਲੀ ਹੀ ਪੈਂਟ ਪਹਿਨੀ ਹੋਈ ਸੀ। ਉਹ ਪੈਦਲ ਹੀ ਘਰੋਂ ਰਵਾਨਾ ਹੋਏ ਅਤੇ ਉਨ੍ਹਾਂ ਦਾ ਪਰਵਾਰ ਉਨ੍ਹਾਂ ਦੀ ਸੁੱਖ ਸਾਂਦੇ ਪ੍ਰਤੀ ਚਿੰਤਤ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ



ਹੈ ਕਿ ਜੇ ਕਿਸੇ ਕੋਲ ਕ੍ਰਿਪਾਲ ਸਿੰਘ ਦੇ ਪਤੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਸਰੀ ਆਰ.ਸੀ.ਐਮ.ਪੀ. ਨਾਲ 604 599 0502 'ਤੇ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 8477 'ਤੇ ਕਾਲ ਕੀਤੀ ਜਾ ਸਕਦੀ ਹੈ।

# ਸਾਲ 2022 'ਚ ਕਰੀਬ 66,000 ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ : ਸੀ.ਆਰ.ਐਸ. ਰੀਪੋਰਟ

ਨਵੀਂ ਦਿੱਲੀ: ਸਾਲ 2022 'ਚ 65,960 ਭਾਰਤੀ ਅਧਿਕਾਰਤ ਤੌਰ 'ਤੇ ਅਮਰੀਕੀ ਨਾਗਰਿਕ ਬਣੇ, ਜਿਸ ਨਾਲ ਭਾਰਤ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਦੇ ਮਾਮਲੇ 'ਚ ਮੈਕਸੀਕੋ ਤੋਂ ਬਾਅਦ ਦੂਜਾ ਸੱਭ ਤੋਂ ਵੱਡਾ ਦੇਸ਼ ਬਣ ਗਿਆ। ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਕੜਿਆਂ ਮੁਤਾਬਕ 2022 'ਚ ਵਿਦੇਸ਼ੀ ਮੂਲ ਦੇ 4.6 ਕਰੋੜ ਲੋਕ ਅਮਰੀਕਾ 'ਚ ਰਹਿੰਦੇ ਸਨ, ਜੋ ਅਮਰੀਕਾ ਦੀ ਕੁਲ 33.33 ਕਰੋੜ ਆਬਾਦੀ ਦਾ ਲਗਭਗ 14 ਫੀ ਸਦੀ ਹੈ।

ਸੁਤੰਤਰ ਕਾਂਗਰੇਸ਼ਨਲ ਰੀਸਰਚ ਸਰਵਿਸ (ਸੀ.ਆਰ.ਐੱਸ.) ਵਲੋਂ ਵਿੱਤੀ ਸਾਲ 2022 ਲਈ ਅਮਰੀਕੀ ਕੁਦਰਤੀਕਰਨ ਨੀਤੀ 'ਤੇ 15 ਅਪ੍ਰੈਲ ਦੀ ਤਾਜ਼ਾ ਰੀਪੋਰਟ ਦੇ ਅਨੁਸਾਰ, ਵਿੱਤੀ ਸਾਲ 2022 'ਚ 969,380 ਵਿਅਕਤੀ ਅਮਰੀਕੀ ਨਾਗਰਿਕ ਬਣੇ। ਰੀਪੋਰਟ 'ਚ ਕਿਹਾ ਗਿਆ, "ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ 'ਚ ਸੱਭ ਤੋਂ ਜ਼ਿਆਦਾ ਗਿਣਤੀ ਮੈਕਸੀਕੋ 'ਚ ਜਨਮੇ ਲੋਕਾਂ ਦੀ ਹੈ। ਇਸ ਤੋਂ ਬਾਅਦ ਭਾਰਤ, ਫਿਲੀਪੀਨਜ਼, ਕਿਊਬਾ ਅਤੇ ਡੋਮਿਨਿਕਨ ਗਣਰਾਜ ਦੇ ਲੋਕਾਂ ਨੂੰ ਸੱਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ।"



ਸੀ.ਆਰ.ਐਸ. ਨੇ ਦੱਸਿਆ ਕਿ 2022 'ਚ 1,28,878 ਮੈਕਸੀਕਨ ਅਮਰੀਕੀ ਨਾਗਰਿਕ ਬਣੇ। ਇਸ ਤੋਂ ਬਾਅਦ ਭਾਰਤ (65,960), ਫਿਲੀਪੀਨਜ਼ (53,413), ਕਿਊਬਾ (46,913), ਡੋਮਿਨਿਕਨ ਗਣਰਾਜ (34,525), ਵੀਅਤਨਾਮ (33,246) ਅਤੇ ਚੀਨ (27,038) ਦਾ ਨੰਬਰ ਆਉਂਦਾ ਹੈ।

ਰੀਪੋਰਟ 'ਚ ਕਿਹਾ ਗਿਆ ਹੈ ਕਿ 2023 ਤਕ ਭਾਰਤ ਤੋਂ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਦੀ ਗਿਣਤੀ 2,831,330 ਸੀ, ਜੋ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸੱਭ ਤੋਂ ਵੱਧ ਹੈ। ਇਸ ਤੋਂ ਬਾਅਦ ਚੀਨ ਇਸ ਸੂਚੀ 'ਚ ਪਹਿਲੇ ਨੰਬਰ 'ਤੇ (2,225,447) ਹੈ। ਸੀ.ਆਰ.ਐਸ. ਦੀ ਰੀਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਲਗਭਗ 42 ਫੀ ਸਦੀ ਵਿਦੇਸ਼ੀ ਨਾਗਰਿਕ ਇਸ ਸਮੇਂ ਅਮਰੀਕੀ ਨਾਗਰਿਕ ਬਣਨ ਦੇ ਅਯੋਗ ਹਨ।

# 400 ਕਿਲੋ ਸੋਨੇ ਦੀ ਚੋਰੀ ਦੇ ਮਾਮਲੇ 'ਚ ਪੰਜਾਬੀਆਂ ਸਮੇਤ 9 ਕਾਬੂ, 90 ਹਜ਼ਾਰ ਡਾਲਰ ਦਾ ਸੋਨਾ ਬਰਾਮਦ

ਟੋਰਾਂਟੋ : ਕੈਨੇਡਾ 'ਚ ਸੋਨੇ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਚੋਰੀ ਦੇ ਮਾਮਲੇ ਵਿਚ ਅਹਿਮ ਮੋੜ ਆਇਆ ਹੈ। ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪੰਜਾਬੀਆਂ ਸਮੇਤ ਕੁੱਲ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 17 ਅਪ੍ਰੈਲ 2023 ਨੂੰ ਕੈਨੇਡਾ ਦੇ ਸਭ ਤੋਂ ਵੱਡੇ ਹਵਾਈ ਅੱਡੇ 'ਤੇ ਸੋਨੇ ਦੀ ਚੋਰੀ ਵਿਚ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਏਅਰ ਕੈਨੇਡਾ ਦੇ ਸਟੋਰੇਜ ਡਿਪੂ ਤੋਂ 6,600 ਸੋਨੇ ਦੀਆਂ ਛੜਾਂ ਚੋਰੀ ਹੋ ਗਈਆਂ ਸਨ, ਜਿਨ੍ਹਾਂ ਦੀ ਕੀਮਤ 20 ਮਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਹੈ। ਭਾਰਤੀ ਕਰੰਸੀ 'ਚ ਇਨ੍ਹਾਂ ਦੀ ਕੀਮਤ 1 ਅਰਬ 21 ਕਰੋੜ ਰੁਪਏ ਬਣੇਗੀ।

ਮਾਮਲੇ ਸਬੰਧੀ ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਬਰੈਂਪਟਨ ਦਾ ਰਹਿਣ ਵਾਲਾ ਪਰਮਪਾਲ ਸਿੱਧੂ (54) ਵੀ ਸ਼ਾਮਲ ਹੈ, ਜੋ ਕਿ ਏਅਰ ਕੈਨੇਡਾ ਦਾ ਮੁਲਾਜ਼ਮ ਹੈ। ਇਕ ਹੋਰ ਇੰਡੋ-ਕੈਨੇਡੀਅਨ ਅਮਿਤ ਜਲੋਟਾ (40) ਟੋਰਾਂਟੋ ਨੇੜੇ ਓਕਵਿਲ ਤੋਂ ਹੈ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਹੋਰ 3 ਵਿਅਕਤੀਆਂ ਵਿਚ ਬਰੈਂਪਟਨ ਨੇੜੇ ਜਾਰਜਟਾਊਨ ਦਾ ਅਮਾਦ ਚੌਧਰੀ (43), ਟੋਰਾਂਟੋ ਦਾ ਅਲੀ ਰਜ਼ਾ (37) ਅਤੇ ਬਰੈਂਪਟਨ ਦਾ ਪ੍ਰਸਾਦ ਪਰਾਮਾਲਿੰਗਮ (35 ) ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਪੁਲਸ ਨੇ ਬਰੈਂਪਟਨ ਦੀ ਸਿਮਰਨਪ੍ਰੀਤ ਪਨੇਸਰ (31), (ਜੋ ਚੋਰੀ ਦੇ ਸਮੇਂ ਏਅਰ ਕੈਨੇਡਾ ਦੀ ਕਰਮਚਾਰੀ ਸੀ), ਬਰੈਂਪਟਨ ਦੇ ਅਰਚਿਤ ਗਰੋਵਰ (36) ਅਤੇ ਮਿਸੀਸਾਗਾ ਦੇ ਅਰਸਲਾਨ ਚੌਧਰੀ (42) ਖਿਲਾਫ਼ ਵਾਰੰਟ ਜਾਰੀ ਕੀਤੇ ਹਨ।

ਜਾਣਕਾਰੀ ਅਨੁਸਾਰ 17 ਅਪ੍ਰੈਲ 2023 ਨੂੰ 6,600 ਸੋਨੇ ਦੀਆਂ ਛੜਾਂ ਅਤੇ 400 ਕਿਲੋਗ੍ਰਾਮ ਤੋਂ ਵੱਧ ਵਜ਼ਨ ਵਾਲੀ ਕਰੰਸੀ ਨੂੰ 2 ਸਵਿਸ ਬੈਂਕਾਂ ਰਾਇਫਿਸੇਨ ਅਤੇ ਵਾਲਕੈਂਬੀ







ਦੁਆਰਾ ਜ਼ਿਊਰਿਖ ਤੋਂ ਟੋਰਾਂਟੋ ਲਿਜਾਇਆ ਜਾ ਰਿਹਾ ਸੀ। 'ਬੈਂਕਨੋਟਸ' ਅਤੇ 'ਗੋਲਡਬਾਰਜ਼' ਸ਼ਬਦਾਂ ਵਾਲੇ 2 ਕਾਰਗੋ ਸ਼ਿਪਮੈਂਟ ਜ਼ਿਊਰਿਖ ਤੋਂ ਟੋਰਾਂਟੋ ਲਿਆਂਦੇ ਗਏ ਸਨ। ਇਨ੍ਹਾਂ ਨੂੰ ਟੋਰਾਂਟੋ ਏਅਰਪੋਰਟ 'ਤੇ ਏਅਰ ਕੈਨੇਡਾ ਦੇ ਸਟੋਰੇਜ ਡਿਪੂ 'ਤੇ ਸਟੋਰ ਕੀਤਾ ਗਿਆ ਸੀ। ਸਵਿਸ ਬੈਂਕਾਂ ਨੇ ਟੋਰਾਂਟੋ 'ਚ ਸ਼ਿਪਮੈਂਟ ਦੇ ਟ ?ਾਂਸਫ਼ਰ ਦੀ ਸੁਰੱਖਿਆ ਲਈ ਮਿਆਮੀ ਆਧਾਰਤ ਸੁਰੱਖਿਆ ਕੰਪਨੀ ਬ੍ਰਿੰਕਸ ਨੂੰ ਹਾਇਰ ਕੀਤਾ ਸੀ।

ਕਾਰਗੋ ਪਹੁੰਚਣ ਤੋਂ 3 ਘੰਟੇ ਬਾਅਦ ਇਕ ਅਣਪਛਾਤੇ ਵਿਅਕਤੀ ਨੇ 2 ਸ਼ਿਪਮੈਂਟਾਂ 'ਤੇ ਦਾਅਵਾ ਕਰਨ ਲਈ ਏਅਰ ਕੈਨੇਡਾ ਦੇ ਸੁਰੱਖਿਆ ਕਰਮਚਾਰੀਆਂ ਨੂੰ 'ਵੇਅ ਬਿੱਲ' ਦੀਆਂ ਜਾਅਲੀ ਕਾਪੀਆਂ ਪੇਸ਼ ਕੀਤੀਆਂ। ਇਕ ਫੋਰਕਲਿਫਟ ਸੋਨੇ ਅਤੇ ਵਿਦੇਸ਼ੀ ਕਰੰਸੀ ਨਾਲ ਭਰੇ ਕੰਟੇਨਰ ਦੇ ਨਾਲ ਪੁੱਜੀ ਅਤੇ ਉਨ੍ਹਾਂ ਨੂੰ ਟਰੱਕ ਵਿਚ ਲੋਡ ਕਰ ਲਿਆ।

ਟਰੱਕ ਦੇ ਜਾਣ ਤੋਂ ਬਾਅਦ ਉਸੇ ਦਿਨ ਰਾਤ 9:30 ਵਜੇ ਜਦੋਂ ਕੈਨੇਡਾ ਵਿਚ ਬ੍ਰਿੰਕਸ ਦੇ ਕਰਮਚਾਰੀ ਸ਼ਿਪਮੈਂਟ ਲੈਣ ਲਈ ਏਅਰ ਕੈਨੇਡਾ ਦੇ ਕਾਰਗੋ ਡਿਪੂ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕੋਈ ਪਹਿਲਾਂ ਹੀ ਸ਼ਿਪਮੈਂਟ ਲੈ ਗਿਆ ਹੈ। ਬ੍ਰਿੰਕਸ ਨੇ ਕਾਰਗੋ ਨੂੰ ਲਾਪ੍ਰਵਾਹੀ ਨਾਲ ਸੰਭਾਲਣ ਲਈ ਏਅਰ ਕੈਨੇਡਾ 'ਤੇ ਮੁਕੱਦਮਾ ਕਰ ਦਿੱਤਾ। ਬ੍ਰਿੰਕਸ ਦਾ ਕਹਿਣਾ ਹੈ ਕਿ ਧੋਖਾਧੜੀ ਵਾਲੇ 'ਵੇਅ ਬਿੱਲ' ਮਿਲਣ 'ਤੇ ਏਅਰ ਕੈਨੇਡਾ ਦੇ ਕਰਮਚਾਰੀਆਂ ਨੇ ਇਹ ਸ਼ਿਪਮੈਂਟ ਇਕ ਅਣਪਛਾਤੇ ਵਿਅਕਤੀ ਨੂੰ ਦੇ ਦਿੱਤੀ ਜਿਸ ਤੋਂ ਬਾਅਦ ਉਹ ਸੋਨੇ ਦੀਆਂ ਛੜਾਂ ਲੈ ਕੇ ਫਰਾਰ ਹੋ ਗਿਆ ਤੇ ਅੱਜ ਇਸ ਮਾਮਲੇ ਨਾਲ ਸਬੰਧਿਤ 9 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ ਹਨ ਜਿਸ ਵਿਚ ਪੰਜਾਬੀ ਵੀ ਸ਼ਾਮਲ ਹਨ।




# ਪੀੜੀ ਦਾ ਖ਼ਾਤਮਾ ਕਰ ਰਹੇ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਹਾਲ 'ਚ ਬਖ਼ਸ਼ਿਆ ਨਹੀਂ ਜਾਵੇਗਾ : ਤਰਨਜੀਤ ਸੰਧੂ ਸਮੁੰਦਰੀ



ਅੰਮ੍ਰਿਤਸਰ : ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਹਾਲਤ 'ਚ ਬਖ਼ਸ਼ਿਆ ਨਹੀਂ ਜਾਵੇਗਾ, ਜੋ ਪੀੜੀ ਨੂੰ ਖ਼ਤਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਰਾਜਨੀਤੀ ਕਰਨ ਨਹੀਂ ਆਇਆ, ਮੇਰਾ ਮਕਸਦ ਆਪਣੇ ਹਲਕੇ ਨੂੰ ਦੇਸ਼ ਭਰ ਵਿੱਚ ਮੋਹਰੀ ਬਣਾ ਕੇ ਵਿਸ਼ਵ ਪੱਧਰ ਦਾ ਬਣਾਉਣਾ ਹੈ। ਆਪਣੇ ਮਕਸਦ ਨੂੰ ਹਕੀਕਤ ਵਿੱਚ ਬਦਲਣ ਲਈ ਮੈਂ ਦਿਨ ਰਾਤ ਇੱਕ ਕਰ ਦੇਵਾਂਗਾ। ਸੰਧੂ ਸਮੁੰਦਰੀ ਅੱਜ ਹਲਕੇ ਦੇ ਪਿੰਡ ਨੌਸ਼ਹਿਰਾ ਵਿਖੇ ਦੇਰ ਸ਼ਾਮ ਤਕ ਡੋਰ ਟੂ ਡੋਰ ਜਾ ਕੇ ਵੋਟਾਂ ਲਈ ਅਪੀਲ ਕਰ ਰਹੇ ਸਨ। ਇਸ ਮੌਕੇ ਤਰਨਜੀਤ ਸਿੰਘ ਸੰਧੂ ਸਮੁੰਦਰੀ ਦਾ ਫੁੱਲਾਂ ਦੇ ਹਾਰ ਅਤੇ ਸਿਰੋਪਾਉ ਨਾਲ ਥਾਂ ਥਾਂ ਲੋਕਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਲੋਕਾਂ ਨੇ ਸੰਧੂ ਨਾਲ ਗਲਵੱਕੜੀਆਂ ਪਾਈਆਂ ਅਤੇ ਸੈਲਫੀਆਂ ਲਈਆਂ। ਭਾਵੇਂ ਕਿ ਦੇਰ ਸ਼ਾਮ ਦਾ ਵੇਲਾ ਸੀ ਫਿਰ ਵੀ ਲੋਕਾਂ ਦਾ ਉਤਸ਼ਾਹ ਦੇਖਿਆਂ ਹੀ ਬਣਦਾ ਸੀ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਸੰਧੂ ਨੂੰ ਭਾਰੀ ਗਿਣਤੀ ਵੋਟਾਂ ਨਾਲ ਜਿਤਾ ਕੇ ਪਾਰਲੀਮੈਂਟ 'ਚ ਭੇਜਣ ਦਾ ਭਰੋਸਾ ਦਿੱਤਾ। ਸੰਧੂ ਨੇ ਲੋਕਾਂ ਤੋਂ ਇਕ ਜੂਨ ਨੂੰ ਕਮਲ ਦੇ ਫੁੱਲ ਦਾ ਬਟਨ ਦਬਾ ਕੇ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾ ਕੇ ਡੀ ਭੰਡਾਰੀ, ਹਰਵਿੰਦਰ ਸਿੰਘ ਸੰਧੂ, ਸੁਖਮਿੰਦਰ ਸਿੰਘ ਪਿੰਟੂ, ਮੰਡਲ ਪ੍ਰਧਾਨ ਸੁਖਦੇਵ ਸਿੰਘ ਹਨੇਰੀਆਂ, ਅਨਿਲ ਕੁਮਾਰ, ਤੀਰਥ ਸਿੰਘ, ਸੁਦਰਸ਼ਨ ਛੋਟੂ, ਸ੍ਰੀਮਤੀ ਸੁਨੀਤਾ, ਲਾਡੀ, ਅਮਿਤ ਕੁਮਾਰ ਸਮੇਤ ਭਾਰੀ ਗਿਣਤੀ 'ਚ ਸਮਰਥਕ ਮੌਜੂਦ ਸਨ। ਸੰਧੂ ਸਮੁੰਦਰੀ ਨੇ ਚੋਣ ਮਨੋਰਥ ਪੱਤਰ ਅਤੇ ਹਲਕੇ ਦੇ ਪੇਂਡੂ ਏਰੀਏ, ਕਿਸਾਨਾਂ ਮਜ਼ਦੂਰਾਂ ਬਾਰੇ ਆਪਣੀਆਂ ਭਵਿੱਖੀ ਯੋਜਨਾਵਾਂ, ਵੀਜ਼ਨ ਅਤੇ ਮੋਦੀ ਜੀ ਦੇ ਸੰਕਲਪ ਪੱਤਰ ਬਾਰੇ ਵਿਚਾਰ ਚਰਚਾ ਕੀਤੀ। ਸੰਧੂ ਸਮੁੰਦਰੀ ਨੇ ਇਸ ਵਕਤ ਪਿੰਡ 'ਚ ਨਸ਼ਿਆਂ ਦਾ ਪ੍ਰਕੋਪ ਦੇਖਿਆ, ਜਿੱਥੇ ਕਈ ਘਰਾਂ ਵਿਚ ਨਿੱਕੇ ਨਿੱਕੇ ਬਚਿਆਂ ਦੇ ਨੌਜਵਾਨ ਮਾਪਿਆਂ ਦੀ ਨਸ਼ਿਆਂ ਕਾਰਨ ਮੌਤਾਂ ਹੋ ਚੁੱਕੀਆਂ ਸਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗਲ ਹੈ ਕਿ ਪਿਛਲੇ ਕਈ ਸਾਲਾਂ ਤੋਂ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ, ਪਰ ਸਰਕਾਰ ਅਤੇ ਚੁਣੇ ਹੋਏ ਨੁਮਾਇੰਦੇ ਆਰਾਮ ਨਾਲ ਆਪਣੇ ਹੀ ਲੋਕਾਂ ਦਾ ਤਮਾਸ਼ਾ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਉਹ ਮੈਂਬਰ ਪਾਰਲੀਮੈਂਟ ਬਣਦੇ ਹਨ ਤਾਂ ਅੰਮ੍ਰਿਤਸਰ ਵਿਚੋਂ ਨਸ਼ਿਆਂ ਨੂੰ ਹਰ ਹਾਲ ਵਿਚ ਜੜੋਂ ਖ਼ਤਮ ਕੀਤਾ ਜਾਵੇਗਾ। ਨਸ਼ੇ 'ਚ ਲੱਗੇ ਨੌਜਵਾਨਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ ਅਤੇ ਰੁਜ਼ਗਾਰ ਜੁੱਟਾਂ ਕੇ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾਵੇਗਾ। ਨਸ਼ਿਆਂ ਦੇ ਖ਼ਾਤਮੇ ਲਈ ਪੁਲੀਸ ਦੀ ਜ਼ਿੰਮੇਵਾਰੀ ਤੈਅ ਹੋਵੇਗੀ। ਔਰਤਾਂ ਦੇ ਸਨਮਾਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਭਾਜਪਾ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਨੂੰ ਇਸ ਹੱਦ ਤੱਕ ਸੁਧਾਰਨਾ ਹੋਵੇਗਾ ਕਿ ਔਰਤਾਂ ਨੂੰ ਦੇਰ ਰਾਤ ਕੰਮ ਤੋਂ ਘਰ ਪਹੁੰਚਣ 'ਤੇ ਕਿਸੇ ਡਰ ਦਾ ਸਾਹਮਣਾ ਨਾ ਕਰਨਾ ਪਵੇ। ਇਸੇ ਦੌਰਾਨ ਪਿੰਡ ਨੌਸ਼ਹਿਰਾ ਦੇ ਲੋਕਾਂ ਨੇ ਸੰਧੂ ਨੂੰ ਦੱਸਿਆ ਕਿ ਕਦੇ ਵੀ ਕਿਸੇ ਚੁਣੇ ਹੋਏ ਨੁਮਾਇੰਦੇ ਨੇ ਉਨ੍ਹਾਂ ਦੀ ਸਾਰ ਨਹੀਂ ਲਈ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਇੱਥੇ ਨਸ਼ਿਆਂ ਦੀ ਭਰਮਾਰ ਤੋਂ ਇਲਾਵਾ ਖ਼ਰਾਬ ਹਾਲਤ ਸੜਕਾਂ, ਸੀਵਰੇਜ, ਪੀਣ ਵਾਲੇ ਸਾਫ਼ ਪਾਣੀ, ਸਟਰੀਟ ਲਾਈਟਾਂ ਦਾ ਕੋਈ ਵਧੀਆ ਪ੍ਰਬੰਧ ਨਾ ਹੋਣ ਤੋਂ ਇਲਾਵਾ ਯੋਗ ਲਾਭ ਪਾਤਰੀਆਂ ਦੇ ਅਨੇਕਾਂ ਨੀਲੇ ਕਾਰਡ ਕੱਟੇ ਗਏ ਹਨ। ਡੀਪੂਆਂ ਤੋਂ ਕੇਂਦਰ ਵੱਲੋਂ ਦਿੱਤੀ ਜਾਂਦੀ ਮੁਫ਼ਤ ਰਾਸ਼ਨ ਅਤੇ ਕਣਕ ਲੋਕਾਂ ਤਕ ਨਹੀਂ ਪਹੁੰਚ ਰਿਹਾ ਹੈ। ਕੱਚੇ ਮਕਾਨ ਪੱਕੇ ਨਹੀਂ ਕੀਤੇ ਜਾ ਰਹੇ ਹਨ।

# ਵਿਸ਼ੇਸ਼ ਅਦਾਲਤਾਂ ਨੇ 2023 'ਚ ਸੰਸਦ ਮੈਂਬਰਾਂ ਤੇ ਵਿਧਾਇਕਾਂ ਖ਼ਿਲਾਫ਼ 2,000 ਤੋਂ ਜ਼ਿਆਦਾ ਮਾਮਲਿਆਂ 'ਤੇ ਸੁਣਾਏ ਫ਼ੈਸਲੇ

ਨਵੀਂ ਦਿੱਲੀ : ਦੇਸ਼ ਭਰ ਦੀਆਂ ਵਿਸ਼ੇਸ਼ ਅਦਾਲਤਾਂ ਨੇ ਪਿਛਲੇ ਸਾਲ ਲੋਕ ਨੁਮਾਇੰਦਿਆਂ (ਸੰਸਦ ਮੈਂਬਰਾਂ-ਵਿਧਾਇਕਾਂ) ਵਿਰੁੱਧ ਦਰਜ ਹੋਏ 2 ਹਜ਼ਾਰ ਤੋਂ ਵੱਧ ਅਪਰਾਧਿਕ ਮਾਮਲਿਆਂ 'ਚ ਫ਼ੈਸਲੇ ਸੁਣਾਏ ਹਨ। ਐਮੀਕਸ ਕਿਊਰੀ (ਨਿਆਂ ਮਿੱਤਰ) ਵਿਜੇ ਹੰਸਾਰੀਆ ਨੇ ਸੁਪਰੀਮ ਕੋਰਟ 'ਚ ਇਹ ਜਾਣਕਾਰੀ ਦਿੰਦਿਆਂ ਹਲਫ਼ਨਾਮਾ ਦਾਇਰ ਕੀਤਾ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਇਕ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ 'ਚ ਲੋਕ ਨੁਮਾਇੰਦਿਆਂ ਖ਼ਿਲਾਫ਼ ਦਰਜ ਕੇਸਾਂ ਦੀ ਸੁਣਵਾਈ 'ਚ ਤੇਜ਼ੀ ਲਿਆਉਣ ਦੀ ਮੰਗ ਕੀਤੀ ਗਈ ਹੈ। ਵਿਜੇ ਹੰਸਾਰੀਆ ਨੇ ਸੁਪਰੀਮ ਕੋਰਟ ਨੂੰ ਸੌਂਪੀ ਆਪਣੀ ਸਟੇਟਸ ਰਿਪੋਰਟ 'ਚ ਕਿਹਾ ਹੈ ਕਿ ਅਦਾਲਤ ਤੋਂ ਮਿਲੇ ਦਿਸ਼ਾ-ਨਿਰਦੇਸ਼ਾਂ ਤੋਂ ਬਾਅਦ ਸੰਸਦ ਮੈਂਬਰਾਂ ਤੇ ਵਿਧਾਇਕਾਂ ਖ਼ਿਲਾਫ਼ ਐਮ.ਪੀ.-ਐਮ.ਐਲ.ਏ. ਅਦਾਲਤ 'ਚ ਦਰਜ ਮਾਮਲਿਆਂ ਦੀ ਸੁਣਵਾਈ 'ਚ ਤੇਜ਼ੀ ਆਈ ਹੈ, ਹਾਲਾਂਕਿ ਅਦਾਲਤ ਵਲੋਂ ਹੋਰ ਦਿਸ਼ਾ-ਨਿਰਦੇਸ਼ ਜਾਰੀ ਹੋਣੇ ਚਾਹੀਦੇ ਹਨ ਤਾਂ ਜੋ ਲੰਬਿਤ ਕੇਸਾਂ ਦੀ ਵੀ ਜਲਦੀ ਸੁਣਵਾਈ ਹੋ ਸਕੇ। ਇਸ ਰਿਪੋਰਟ ਮੁਤਾਬਕ 1 ਜਨਵਰੀ 2023 ਤੱਕ ਸੰਸਦ ਮੈਂਬਰਾਂ-ਵਿਧਾਇਕਾਂ ਵਿਰੁੱਧ 4,697 ਅਪਰਾਧਿਕ ਮਾਮਲੇ ਦਰਜ ਸਨ, ਜਿਨ੍ਹਾਂ 'ਚੋਂ ਲਗਭਗ ਅੱਧੇ ਕੇਸਾਂ ਦਾ ਫ਼ੈਸਲਾ ਪਿਛਲੇ ਸਾਲ ਹੋ ਚੁੱਕਾ ਹੈ। ਵਿਜੇ ਹੰਸਾਰੀਆ ਨੇ ਐਨ.ਜੀ.ਓ. ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ.) ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਪਹਿਲੇ 2 ਪੜਾਵਾਂ 'ਚ ਕੁੱਲ 2,810 ਉਮੀਦਵਾਰਾਂ 'ਚੋਂ 501 ਉਮੀਦਵਾਰ ਭਾਵ 18 ਫ਼ੀਸਦੀ ਦਾਗ਼ੀ ਹਨ। ਇਨ੍ਹਾਂ 'ਚੋਂ 327 ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਦੇ ਦੋਸ਼ੀ ਸਾਬਤ ਹੋਣ 'ਤੇ ਉਨ੍ਹਾਂ ਨੂੰ 5 ਸਾਲ ਜਾਂ ਇਸ ਤੋਂ ਵੀ ਵੱਧ ਸਜ਼ਾ ਹੋ ਸਕਦੀ ਹੈ। ਹਲਫ਼ਨਾਮੇ ਅਨੁਸਾਰ ਯੂ.ਪੀ. ਦੀਆਂ ਐਮ.ਪੀ.-ਐਮ.ਐਲ.ਏ ਅਦਾਲਤਾਂ 'ਚ ਦਰਜ 1,300 ਕੇਸਾਂ 'ਚੋਂ, 766 ਦਾ ਪਿਛਲੇ ਸਾਲ ਨਿਪਟਾਰਾ ਹੋ ਗਿਆ ਸੀ। ਇਸੇ ਤਰ੍ਹਾਂ ਦਿੱਲੀ 'ਚ ਦਰਜ 105 ਕੇਸਾਂ 'ਚੋਂ 103, ਮਹਾਰਾਸ਼ਟਰ 'ਚ 476 'ਚੋਂ 232, ਪੱਛਮੀ ਬੰਗਾਲ 'ਚ 26 'ਚੋਂ 13, ਕਰਨਾਟਕ 'ਚ 226 'ਚੋਂ 150, ਕੇਰਲ 'ਚ 370 'ਚੋਂ 132 ਤੇ ਬਿਹਾਰ 'ਚ 525 'ਚੋਂ 171 ਕੇਸਾਂ 'ਚ ਫ਼ੈਸਲਾ ਹੋ ਚੁੱਕਾ ਹੈ।

# ਦਲਬਦਲੀਆਂ ਦੇ ਦੌਰ, ਬਗ਼ਾਵਤ ਦੇ ਭਾਂਬੜ, ਇਤਰਾਜ਼ ਤੇ ਰੋਸਿਆਂ ਤਕ ਸਿਮਟ ਗਈ ਪੰਜਾਬ ਦੀ ਸਿਆਸਤ

## *ਸੁਖਬੀਰ ਸਿੰਘ ਬਾਦਲ ਦੀਆਂ ਅਪੀਲਾਂ ਤੇ ਮੰਗੀਆਂ ਮਾਫ਼ੀਆਂ ਦਾ ਨਹੀਂ ਪਿਆ ਮੁਲ*



ਕੋਟਕਪੂਰਾ : ਲੋਕ ਸਭਾ ਚੋਣਾਂ 2024 ਦੇ ਮਹਾਂਸੰਗਰਾਮ ਮੌਕੇ ਪੰਜਾਬ ਤੋਂ ਦਲਬਦਲੀਆਂ ਦੇ ਰਿਕਾਰਡ ਟੁਟਦੇ ਪ੍ਰਤੀਤ ਹੋ ਰਹੇ ਹਨ। ਲਗਭਗ ਸਾਰੀਆਂ ਪਾਰਟੀਆਂ ਵਿਚ ਬਗ਼ਾਵਤ ਦੇ ਭਾਂਬੜ, ਇਤਰਾਜ਼, ਰੋਸੇ, ਅੰਦਰੂਨੀ ਲੜਾਈ ਵਰਗੀਆਂ ਖ਼ਬਰਾਂ ਆਮ ਵੋਟਰ ਨੂੰ ਨਿਰਾਸ਼ ਕਰ ਰਹੀਆਂ ਹਨ। ਜੇਕਰ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਦੂਜੀਆਂ ਪਾਰਟੀਆਂ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਕਾਂਗਰਸ, ਅਕਾਲੀ ਦਲ ਜਾਂ ਆਮ ਆਦਮੀ ਪਾਰਟੀ ਦੇ ਕਿਸੇ ਵੀ ਮੁਖੀ ਕੋਲ ਸਿਆਸੀ ਤੌਰ 'ਤੇ ਉਹ ਤਾਕਤ ਨਹੀਂ ਬਚੀ ਜਿਸ ਰਾਹੀਂ ਉਹ ਅਪਣੀ ਪਾਰਟੀ ਦੀ ਬਗ਼ਾਵਤ ਰੋਕ ਸਕਣ ਜਾਂ ਪਾਰਟੀ ਛੱਡਣ ਵਾਲਿਆਂ ਨੂੰ ਘੂਰ ਕੇ ਝਿੜਕ ਸਕਣ।

ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ ਦਾ ਇਤਰਾਜ਼ ਜਨਤਕ ਹੋਇਆ ਪਰ ਭਾਜਪਾ ਅੰਦਰ ਅੰਦਰੂਨੀ ਲੜਾਈ ਦੇ ਬਾਵਜੂਦ ਕਿਸੇ ਹੋਰ ਹਲਕੇ ਤੋਂ ਪੰਜਾਬ ਵਿਚ ਵਿਵਾਦ ਜਨਤਕ ਨਹੀਂ ਹੋ ਸਕਿਆ। ਆਮ ਆਦਮੀ ਪਾਰਟੀ ਵਿਚ ਵੀ ਕਾਫ਼ੀ ਹੱਦ ਤਕ ਅਨੁਸ਼ਾਸਨ ਕਾਇਮ ਹੈ ਪਰ ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੂਰਾਲ ਵਲੋਂ ਪਾਰਟੀ ਛੱਡਣ ਮੌਕੇ ਲਗਦਾ ਸੀ ਕਿ ਜਿਵੇਂ ਭਗਵੰਤ ਸਿੰਘ ਮਾਨ ਦਾ ਪ੍ਰਭਾਵ ਪਾਰਟੀ ਆਗੂ ਅਤੇ ਚੁਣੇ ਨੁਮਾਇੰਦੇ ਕਬੂਲ ਨਹੀਂ ਕਰ ਰਹੇ

ਪਰ ਉਸ ਤੋਂ ਬਾਅਦ ਸਾਰੀਆਂ 13 ਸੀਟਾਂ ਦੇ ਉਮੀਦਵਾਰਾਂ ਦਾ ਐਲਾਨ ਹੋਣ ਦੇ ਬਾਵਜੂਦ ਬਗ਼ਾਵਤ ਦੀ ਕੋਈ ਸੁਰ ਦੇਖਣ ਨੂੰ ਨਹੀਂ ਮਿਲੀ, ਭਾਵੇਂ ਕੁੰਵਰਵਿਜੈ ਪ੍ਰਤਾਪ ਸਿੰਘ ਦੀ ਵਖਰੀ ਸੁਰ ਦੇ ਸ਼ੋਸ਼ਲ ਮੀਡੀਏ ਉਪਰ ਚਰਚੇ ਹੋ ਰਹੇ ਹਨ। ਪੰਜਾਬ ਵਾਸੀਆਂ ਦੇ ਮੁੱਦੇ ਇਨ੍ਹਾਂ ਚੋਣਾਂ ਵਿਚ ਬਿਲਕੁਲ ਮਨਫ਼ੀ ਕਰ ਦਿਤੇ ਗਏ ਹਨ। ਕੋਈ ਵੀ ਪਾਰਟੀ ਇਸ ਦੋਸ਼ ਤੋਂ ਰਹਿਤ ਨਹੀਂ ਅਰਥਾਤ ਅਛੂਤੀ ਨਹੀਂ ਰਹਿ ਸਕੀ ਕਿ ਉਸ ਨੇ ਦੂਜੀ ਪਾਰਟੀ ਦੇ ਆਗੂ ਨੂੰ ਪੱਟ ਕੇ ਅਪਣੀ ਪਾਰਟੀ ਵਿਚ ਰਲਾਉਣ ਤੋਂ ਬਾਅਦ ਉਸ ਨੂੰ ਟਿਕਟ ਨਾ ਦਿਤੀ ਹੋਵੇ, ਅਰਥਾਤ ਦਲਬਦਲੂਆਂ 'ਤੇ ਟੇਕ ਰੱਖ ਕੇ ਅਪਣੇ ਵਫ਼ਾਦਾਰ ਆਗੂਆਂ ਅਤੇ ਮਿਹਨਤੀ ਵਰਕਰਾਂ ਦਾ ਹੱਕ ਮਾਰਨ ਦੀ ਕਿਸੇ ਵੀ ਪਾਰਟੀ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਵਾਰ ਵਾਰ ਮਾਫ਼ੀਆਂ ਮੰਗਣ, ਅਪੀਲਾਂ ਕਰਨ, ਪੰਥ ਦਾ ਵਾਸਤਾ ਪਾਉਣ, ਰੁੱਸਿਆਂ ਨੂੰ ਮਨਾਉਣ ਵਿਚ ਕਾਮਯਾਬ ਹੋਣ ਦੇ ਬਾਵਜੂਦ ਵੀ ਅਕਾਲੀ ਦਲ ਲਈ ਮੁਸ਼ਕਲਾਂ ਘਟਦੀਆਂ ਦਿਖਾਈ ਨਹੀਂ ਦੇ ਰਹੀਆਂ। ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਦਿੱਲੀ ਦੀਆਂ ਗੁਰਦਵਾਰਾ ਕਮੇਟੀਆਂ 'ਤੇ ਕਾਬਜ਼ ਹੋਣ ਦੇ ਨਾਲ ਨਾਲ ਰਾਜਸਥਾਨ ਅਤੇ ਯੂ.ਪੀ. ਦੇ ਤਰਾਈ ਇਲਾਕੇ ਵਿਚ ਅਕਾਲੀ ਦਲ ਦੇ ਉਮੀਦਵਾਰ ਖੜੇ ਕਰਨ ਦੇ ਦਮਗਜੇ ਮਾਰਨ ਵਾਲੀ ਪਾਰਟੀ ਅਕਾਲੀ ਦਲ ਨੂੰ ਹੁਣ ਅਪਣੇ ਘਰ ਅਰਥਾਤ ਪੰਜਾਬ ਵਿਚ ਵੀ ਹੋਂਦ ਬਚਾਉਣੀ ਮੁਸ਼ਕਲ ਜਾਪ ਰਹੀ ਹੈ।

ਲਗਭਗ 3 ਦਹਾਕਿਆਂ ਬਾਅਦ ਅਕਾਲੀ ਦਲ ਵਲੋਂ ਬਿਨਾ ਕਿਸੇ ਗਠਜੋੜ ਦੇ ਇਕੱਲਿਆਂ ਚੋਣ ਮੈਦਾਨ ਵਿਚ ਉਤਰਨਾ, ਪਾਰਟੀ ਦੀ ਅੰਦਰੂਨੀ ਬਗ਼ਾਵਤ ਨੂੰ ਰੋਕਣਾ, ਢੀਂਡਸਾ ਪ੍ਰਵਾਰ ਨੂੰ ਮਨਾਉਣਾ ਅਤੇ ਬਾਕੀ ਰਹਿੰਦੀਆਂ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰਨਾ ਸੁਖਬੀਰ ਸਿੰਘ ਬਾਦਲ ਲਈ ਕੋਈ ਸੌਖੀ ਗੱਲ ਨਹੀਂ ਜਾਪਦੀ।

ਲੋਕ ਸਭਾ ਹਲਕਾ ਪਟਿਆਲਾ ਦੀ ਭਾਜਪਾ ਅਤੇ ਕਾਂਗਰਸ ਦੀਆਂ ਟਿਕਟਾਂ ਕ੍ਰਮਵਾਰ ਮਹਾਰਾਣੀ ਪ੍ਰਨੀਤ ਕੌਰ ਅਤੇ ਡਾ. ਧਰਮਵੀਰ ਗਾਂਧੀ ਨੂੰ ਮਿਲਣ ਨੂੰ ਲੈ ਕੇ ਦੋਹਾਂ ਪਾਰਟੀਆਂ ਵਿਚ ਘਮਸਾਨ ਮਚਣਾ ਸੁਭਾਵਕ ਸੀ। ਆਮ ਲੋਕਾਂ ਦੀ ਤਰ੍ਹਾਂ ਮੀਡੀਆ ਵੀ ਇਸ ਤਮਾਸ਼ੇ ਵਿਚ ਬਗਲਗੀਰ ਹੋਇਆ ਪਿਆ ਹੈ ਪਰ ਘੱਗਰ ਵਲੋਂ ਹਰ ਸਾਲ ਮਚਾਈ ਜਾਂਦੀ ਤਬਾਹੀ ਦਾ ਇਸ ਹਲਕੇ ਵਿਚ ਕੋਈ ਆਗੂ ਜਾਂ ਮੀਡੀਏ ਦਾ ਕੋਈ ਹਿੱਸਾ ਜ਼ਿਕਰ ਤਕ ਕਰਨ ਦੀ ਜ਼ਰੂਰਤ ਹੀ ਨਹੀਂ ਸਮਝ ਰਿਹਾ। ਇਸੇ ਤਰ੍ਹਾਂ ਭਾਜਪਾ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੀ ਲੋਕ ਸਭਾ ਹਲਕਾ ਲੁਧਿਆਣਾ ਤੋਂ ਐਲਾਨੀ ਗਈ ਟਿਕਟ ਤੋਂ ਬਾਅਦ ਕਾਂਗਰਸ ਅਤੇ ਅਕਾਲੀ ਦਲ ਬਾਦਲ ਵਲੋਂ ਬੈਂਸ ਭਰਾਵਾਂ 'ਤੇ ਡੋਰੇ ਪਾਉਣ ਦੀਆਂ ਖ਼ਬਰਾਂ ਤਾਂ ਤਰ੍ਹਾਂ ਤਰ੍ਹਾਂ ਦੀਆਂ ਪੜਨ ਸੁਣਨ ਨੂੰ ਮਿਲ ਰਹੀਆਂ ਹਨ ਪਰ ਬੁੱਢੇ ਨਾਲੇ ਦਾ ਜ਼ਿਕਰ ਇਥੋਂ ਵੀ ਮਨਫ਼ੀ ਹੈ।

# ਭਾਜਪਾ ਨੇ ਸੂਰਤ ਲੋਕ ਸਭਾ ਸੀਟ ਨਿਰਵਿਰੋਧ ਜਿੱਤੀ

## *ਵਿਰੋਧੀ ਧਿਰਾਂ ਨੇ ਵਾਪਸ ਲਏ ਕਾਗ਼ਜ਼*



ਸੂਰਤ : ਭਾਜਪਾ ਉਮੀਦਵਾਰ ਮੁਕੇਸ਼ ਦਲਾਲ ਨੇ ਗੁਜਰਾਤ ਸਥਿਤ ਸੂਰਤ ਲੋਕ ਸਭਾ ਸੀਟ ਸਾਰੇ ਉਮੀਦਵਾਰਾਂ ਦੁਆਰਾ ਕਾਗਜ਼ ਵਾਪਸ ਲੈਣ ਦੇ ਬਾਅਦ ਨਿਰਵਿਰੋਧ ਜਿੱਤ ਲਈ। ਇਹ ਜਾਣਕਾਰੀ ਇਕ ਚੋਣ ਅਧਿਕਾਰੀ ਨੇ ਦਿੱਤੀ। ਇਹ ਉਪਲਬਧੀ ਚੱਲ ਰਹੀਆਂ ਲੋਕ ਸਭਾ ਚੋਣਾਂ ਦਰਮਿਆਨ ਭਾਜਪਾ ਦੀ ਪਹਿਲੀ ਜਿੱਤ ਦੀ ਪ੍ਰਤੀਕ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸੂਰਤ ਤੋਂ ਕਾਂਗਰਸੀ ਉਮੀਦਵਾਰ ਨਿਲੇਸ਼ ਕੰਭਾਨੀ ਦੇ ਕਾਗਜ਼ ਰੱਦ ਹੋ ਗਏ ਸਨ। ਜ਼ਿਲ੍ਹਾ ਕੁਲੈਕਟਰ ਕਮ ਚੋਣ ਅਧਿਕਾਰੀ ਸੌਰਭ ਪਾਰਧੀ ਨੇ ਦਲਾਲ ਨੂੰ ਚੋਣ ਸਰਟੀਫਿਕੇਟ ਸੌਂਪਦਿਆਂ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦਿਆਂ ਕਿਹਾ, ਮੈਂ ਐਲਾਨ ਕਰਦਾ ਹਾਂ ਕਿ ਭਾਜਪਾ ਵਲੋਂ ਉਮੀਦਵਾਰ ਮੁਕੇਸ਼ ਕੁਮਾਰ ਚੰਦਰਕਾਂਤ ਦਲਾਲ ਨੇ ਸੂਰਤ ਸੰਸਦ ਹਲਕੇ ਦੀ ਸੀਟ ਜਿੱਤ ਲਈ ਹੈ। ਗੁਜਰਾਤ 'ਚ ਸਾਰੀਆਂ 26 ਲੋਕ ਸਭਾ ਸੀਟਾਂ 'ਤੇ ਵੋਟਾਂ 7 ਮਈ ਨੂੰ ਪੈਣੀਆਂ ਹਨ, ਪਰ ਸੂਰਤ ਦਾ ਨਤੀਜਾ ਪਹਿਲਾਂ ਹੀ ਆ ਚੁੱਕਾ ਹੈ, ਹੁਣ 25 ਸੀਟਾਂ ਲਈ ਵੋਟਾਂ ਪੈਣਗੀਆਂ। ਸੂਰਤ ਦੇ ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਦਲਾਲ ਨੂੰ ਛੱਡ ਕੇ ਸੂਰਤ ਤੋਂ ਸਾਰੇ 8 ਉਮੀਦਵਾਰਾਂ 'ਚ 4 ਆਜ਼ਾਦ, 3 ਛੋਟੀਆਂ ਪਾਰਟੀਆਂ ਦੇ ਅਤੇ ਬਸਪਾ ਤੋਂ ਪਿਆਰੇ ਲਾਲ ਭਾਰਤੀ ਨੇ ਆਪਣਾ ਨਾਮਜ਼ਦਗੀ ਕਾਗਜ਼ ਆਖਰੀ ਦਿਨ ਵਾਪਸ ਲੈ ਲਿਆ।

# ਖੁੱਲ੍ਹੀ ਬਹਿਸ ਲਈ ਨਾ ਪੁੱਜੇ ਭਾਜਪਾ ਆਗੂ

## • ਕੁਰਸੀਆਂ ’ਤੇ ਭਾਜਪਾ ਆਗੂਆਂ ਦੀਆਂ ਤਸਵੀਰਾਂ ਲਾ ਕੇ 4 ਘੰਟੇ ਉਡੀਕਦੇ ਰਹੇ ਕਿਸਾਨ





ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਅੱਜ ਇਥੇ ਕਿਸਾਨ ਭਵਨ ਵਿੱਚ ਬਹਿਸ ਲਈ ਦਿੱਤੀ ਖੁੱਲ੍ਹੀ ਚੁਣੌਤੀ ਵਿੱਚ ਕੋਈ ਵੀ ਭਾਜਪਾ ਆਗੂ ਨਹੀਂ ਪਹੁੰਚਿਆ। ਕਿਸਾਨ ਆਗੂਆਂ ਨੇ ਖਾਲੀ ਕੁਰਸੀਆਂ ’ਤੇ ਨਰਿੰਦਰ ਮੋਦੀ, ਅਮਿਤ ਸ਼ਾਹ, ਜੇਪੀ ਨੱਢਾ, ਅਰਜੁਨ ਮੁੰਡਾ ਅਤੇ ਸੁਨੀਲ ਜਾਖੜ ਦੀਆਂ ਤਸਵੀਰਾਂ ਲਗਾ ਕੇ ਬਹਿਸ ਲਈ ਤੈਅ ਕੀਤੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਦੇ ਸਮੇਂ ਤੱਕ ਇੰਤਜ਼ਾਰ ਕੀਤਾ। ਕਿਸਾਨ ਆਗੂ ਸੁਰਜੀਤ ਸਿੰਘ ਫੂਲ, ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਰਾਏ, ਗੁਰ ਅਮਨੀਤ ਸਿੰਘ ਮਾਂਗਟ, ਅਭਿਮਨਿਊ ਕੋਹਾੜ ਅਤੇ ਸੁਖਜੀਤ ਸਿੰਘ ਖਹਿਰਾ ਨੇ ਭਾਜਪਾ ਆਗੂਆਂ ਦੇ ਨਾ ਆਉਣ ’ਤੇ ਆਪਣੇ ਸੰਘਰਸ਼ ਦੀ ਅਗਲੀ ਰਣਨੀਤੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਭਾਜਪਾ ਆਗੂਆਂ ਨਾਲ ਹਰ ਸਮੇਂ ਬਹਿਸ ਲਈ ਤਿਆਰ ਹੈ, ਭਾਜਪਾ ਆਪਣੀ ਮਰਜ਼ੀ ਦੀ ਥਾਂ ਤੇ ਸਮਾਂ ਤੈਅ ਕਰ ਦੇਵੇ, ਕਿਸਾਨ ਬਹਿਸ ਵਿੱਚ ਸ਼ਾਮਲ ਹੋਣ ਲਈ ਪਹੁੰਚ ਜਾਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ’ਤੇ ਸ਼ੰਭੂ ਤੇ ਖਨੌਰੀ ਵਿੱਚ ਚੱਲ ਰਹੇ ਅੰਦੋਲਨ ਨੂੰ ਲੈ ਕੇ ਸਵਾਲ ਚੁੱਕੇ ਜਾ ਰਹੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਅੰਦੋਲਨ ਦੇ 100 ਦਿਨ ਮੁਕੰਮਲ ਹੋਣ ’ਤੇ ਅੰਦੋਲਨ ਵਾਲੀ ਥਾਂ ’ਤੇ ਵੱਡੇ ਇਕੱਠ ਕੀਤੇ ਜਾਣਗੇ। ਇਸ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਕੇਂਦਰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਨਗੇ। ਇਸ ਤੋਂ ਇਲਾਵਾ 1 ਮਈ ਨੂੰ ਦੋਵਾਂ ਮੋਰਚਿਆਂ ’ਤੇ ਮਜ਼ਦੂਰ ਦਿਹਾੜਾ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਸ਼ੰਭੂ ਰੇਲਵੇ ਸਟੇਸ਼ਨ ’ਤੇ ਕੀਤਾ ਗਿਆ ਚੱਕਾ ਜਾਮ ਵੀ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਹਰਿਆਣਾ ਸਰਕਾਰ ਵੱਲੋਂ ਤਿੰਨ ਨੌਜਵਾਨ ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਹੈ, ਉਦੋਂ ਤੱਕ ਰੇਲ ਮਾਰਗ ’ਤੇ ਚੱਕਾ ਜਾਮ ਹੀ ਰਹੇਗਾ।

ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨਾਂ ਨਾਲ ਹਰ ਸਮੇਂ ਗੱਲਬਾਤ ਕਰਨ ਲਈ ਤਿਆਰ ਰਹਿਣ ਦਾ ਦਾਅਵਾ ਕੀਤਾ ਸੀ। ਉਸੇ ਸਦਕਾ ਕਿਸਾਨਾਂ ਵੱਲੋਂ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਖੁੱਲ੍ਹੀ ਬਹਿਸ ਰੱਖੀ ਗਈ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਆਗੂਆਂ ਦਾ ਖ਼ੁਦ ਹੀ ਕਿਸਾਨਾਂ ਨੂੰ ਬਹਿਸ ਲਈ ਵੰਗਾਰ ਕੇ ਖੁੱਲ੍ਹੀ ਚਰਚਾ ਵਿੱਚ ਨਾ ਆਉਣਾ ਇਹ ਸਾਬਿਤ ਕਰਦਾ ਹੈ ਕਿ ਭਾਜਪਾ ਸਰਕਾਰ ’ਚ ਕਿਸਾਨਾਂ ਮਜ਼ਦੂਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਦਾ ਮਾਦਾ ਨਹੀਂ ਹੈ। ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਮਜ਼ਦੂਰਾਂ ਖਿਲਾਫ਼ ਲਗਾਤਾਰ ਫੈਸਲੇ ਲਏ ਗਏ, ਜਿਸ ਕਰਕੇ ਅੱਜ ਚੋਣਾਂ ’ਚ ਭਾਜਪਾ ਆਗੂ ਸਵਾਲਾਂ ਤੋਂ ਲਗਾਤਾਰ ਭੱਜ ਰਹੇ ਹਨ। ਜਦੋਂ ਸ਼ਹਿਰਾਂ ਪਿੰਡਾਂ ’ਚ ਕਿਸਾਨ ਸਵਾਲ ਕਰਦੇ ਹਨ ਉਸ ਸਮੇਂ ਵੀ ਭਾਜਪਾ ਆਗੂ ਇਹ ਕਹਿ ਕੇ ਸਵਾਲਾਂ ਤੋਂ ਭੱਜਦੇ ਹਨ ਕਿ ਇਹ ਨੀਤੀ ਦੇ ਮਾਮਲੇ ਸਿਖਰਲੀ ਲੀਡਰਸ਼ਿਪ ਨਾਲ ਜੁੜੇ ਹੋਏ ਹਨ। ਅੱਜ ਜਦੋਂ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ਬਹਿਸ ਲਈ ਸੱਦਾ ਦਿੱਤਾ ਗਿਆ ਤਾਂ ਉਹ ਵੀ ਕਿਸਾਨਾਂ ਦੇ ਸਵਾਲਾਂ ਤੋਂ ਭੱਜਦੇ ਹੋਏ ਗੈਰਹਾਜ਼ਰ ਰਹੇ। ਲੋਕ ਸਭਾ ਚੋਣਾਂ ਦੌਰਾਨ ਕਿਸਾਨਾਂ ਵੱਲੋਂ ਪੰਜਾਬ ਭਰ ਵਿੱਚ ਭਾਜਪਾ ਆਗੂਆਂ ਨੂੰ ਘੇਰ ਕੇ ਸਵਾਲ ਪੁੱਛੇ ਜਾ ਰਹੇ ਹਨ। ਇਸ ਦੌਰਾਨ ਕਈ ਥਾਵਾਂ ’ਤੇ ਟਕਰਾਅ ਵਾਲੇ ਹਾਲਾਤ ਵੀ ਬਣ ਗਏ ਸਨ।

# ਅੰਮ੍ਰਿਤਪਾਲ ਸਿੰਘ ਖਾਲਸਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਲੜਨਗੇ ਚੋਣ

ਬਰਨਾਲਾ : ਲੋਕ ਸਭਾ ਚੋਣਾਂ ਦੇ ਵਿਚਾਲੇ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ ਕਿ ਵਾਰਿਸ ਪੰਜਾਬ ਦੇ ਜੱਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਤੌਰ ’ਤੇ ਚੋਣ ਲੜਨਗੇ। ਇਸ ਸੰਬੰਧੀ ਫੋਨ ‘ਤੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਵਕੀਲ ਅਤੇ ਸਾਬਕਾ ਐਮ.ਪੀ. ਰਾਜਦੇਵ ਸਿੰਘ ਖਾਲਸਾ ਨੇ ਦੱਸਿਆ ਕਿ ਉਹ ਭਾਈ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰਨ ਲਈ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਖੇ ਗਏ ਹਨ। ਮੁਲਾਕਾਤ ਦੇ ਦੌਰਾਨ ਉਨ੍ਹਾਂ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਲੋਕ ਸਭਾ ਚੋਣਾਂ ਲੜਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਨੇ ਉਨ੍ਹਾਂ ਦੀ ਬੇਨਤੀ ਸਵੀਕਾਰ ਕਰਦਿਆਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਲਈ ਹਾਮੀ ਭਰ ਦਿੱਤੀ ਹੈ। ਜਿਸ ਤੋਂ ਬਾਅਦ ਉਨ੍ਹਾਂ ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਾ ਲਗਭਗ ਤੈਅ ਹੋ ਗਿਆ ਹੈ। ਤੁਹਾਨੂੰ ਦੱਸ ਦਈਏ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਪੁਲਿਸ ਨੇ ਅਪ੍ਰੈਲ



2023 ‘ਚ ਮੋਗਾ ਜ਼ਿਲ੍ਹੇ ਦੇ ਰੋਡੇ ਪਿੰਡ ਤੋਂ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ‘ਤੇ ਐਨਐਸਏ ਲਗਾਇਆ ਗਿਆ ਸੀ, ਗ੍ਰਿਫਤਾਰ ਜਾਣ ਤੋਂ ਬਾਅਦ ਉਨ੍ਹਾਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ‘ਚ ਕੈਦ ਕੀਤਾ ਗਿਆ ਹੈ। ਉਨ੍ਹਾਂ ਨੂੰ ਜੇਲ੍ਹ ‘ਚ ਬੰਦ ਹੋਏ ਲਗਭਗ ਇੱਕ ਸਾਲ ਹੋ ਗਿਆ ਹੈ। ਪਰਿਵਾਰ ਦੀ ਮੰਗ ਹੈ ਕਿ ਉਸ ਨੂੰ ਡਿਬਰੂਗੜ੍ਹ ਜੇਲ੍ਹ ਦੀ ਬਜਾਏ ਪੰਜਾਬ ਦੀ ਜੇਲ੍ਹ ਵਿੱਚ ਸ਼ਿਫਟ ਕੀਤਾ ਜਾਵੇ।

# ਭਾਜਪਾ ਦੀ ਹਕੂਮਤ ਵਿੱਚ ਦੇਸ਼ ਤਾਨਾਸ਼ਾਹੀ ਵੱਲ ਵਧ ਰਿਹੈ: ਰਾਜਾ ਵੜਿੰਗ

ਹੁਸ਼ਿਆਰਪੁਰ : ਇੱਥੇ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਅਤੇ ਸਹਿਯੋਗੀ ਪਾਰਟੀਆਂ ਸੰਵਿਧਾਨ ਬਚਾਉਣ ਦੀ ਲੜਾਈ ਲੜ ਰਹੀਆਂ ਹਨ ਜਿਸ ਕਰਕੇ ਵੱਧ ਤੋਂ ਵੱਧ ਮੈਂਬਰਾਂ ਨੂੰ ਜਿਤਾ ਕੇ ਲੋਕ ਸਭਾ ’ਚ ਭੇਜਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਹਿੰਦੁਸਤਾਨ ਵਿੱਚ ਵੀ ਚੀਨ ਤੇ ਕੋਰੀਆ ਵਰਗੇ ਹਾਲਾਤ ਬਣ ਗਏ ਹਨ ਜਿੱਥੇ ਕਿਸੇ ਵਿਰੋਧੀ ਨੂੰ ਬੋਲਣ ਦੀ ਇਜਾਜ਼ਤ ਨਹੀਂ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਹੋਣ ਵਾਲੀਆਂ ਲੋਕ ਸਭਾ ਚੋਣਾਂ ਆਖਰੀ ਚੋਣਾਂ ਹੋਣ ਅਤੇ ਦੇਸ਼ ਵਿੱਚ ਮੁਕੰਮਲ ਕੌਰ ’ਤੇ ਡਿਕਟੇਟਰਸ਼ਿਪ ਲਾਗੂ ਹੋ ਜਾਵੇ। ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਸਰਕਾਰ ਡਾ. ਭੀਮ ਰਾਓ ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਨੂੰ ਖਤਮ ਕਰਨ ’ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਹੀ ਨਾ ਰਿਹਾ ਤਾਂ ਦੇਸ਼ ਨੂੰ ਬਚਾਉਣਾ ਔਖਾ ਹੋ ਜਾਵੇਗਾ। ਪਾਰਟੀ ਛੱਡ ਕੇ ਜਾਣ ਵਾਲੇ ਆਗੂਆਂ ਬਾਰੇ ਪੁੱਛਣ ’ਤੇ ਉਨ੍ਹਾਂ ਕਿਹਾ ਕਿ ਅਜਿਹੇ ਦਲ ਬਦਲੂਆਂ ਨੂੰ ਜਨਤਾ ਮੂੰਹ ਤੋੜਵਾਂ ਜਵਾਬ ਦੇਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ’ਚ ਅਜਿਹੇ ਆਗੂਆਂ ਨੂੰ ਬੁਰੀ ਤਰ੍ਹਾਂ ਹਾਰ ਮਿਲੇਗੀ। ਉਹ ਅੱਜ ਹੁਸ਼ਿਆਰਪੁਰ ਤੋਂ ਕਾਂਗਰਸ ਵੱਲੋਂ ਐਲਾਨੇ ਉਮੀਦਵਾਰ ਯਾਮਨੀ ਗੋਮਰ ਦੇ ਹੱਕ ’ਚ ਪੂਰੇ ਹਲਕੇ ਦੀ ਲੀਡਰਸ਼ਿਪ ਨੂੰ ਲਾਮਬੰਦ ਕਰਨ ਲਈ ਇੱਥੇ ਪੁੱਜੇ ਸਨ।



# ਮੌਜਾਂ ਹੀ ਮੌਜਾਂ: ਜਿਨ੍ਹਾਂ ਦੀ ਚੋਣਾਂ ’ਚ ਲੱਗੀ ‘ਲਾਟਰੀ’!

ਚੰਡੀਗੜ੍ਹ : ਲੋਕ ਸਭਾ ਚੋਣਾਂ ’ਚ ਵਿਰਲੇ ਹੀ ਹੁੰਦੇ ਹਨ ਜਿਨ੍ਹਾਂ ਦੇ ਹਿੱਸੇ ਪਾਰਲੀਮੈਂਟ ਦੀ ‘ਸਿੱਧੀ ਟਿਕਟ’ ਆਉਂਦੀ ਹੈ, ਅਜਿਹਾ ਉਮੀਦਵਾਰ ਨਾ ਸਿਰਫ਼ ਇਹ ਚੋਣਾਂ ਦੇ ਝੰਜਟ ਤੋਂ ਬਚਦੇ ਹਨ ਬਲਕਿ ਚੋਣਾਂ ਦੇ ਖ਼ਰਚੇ ਤੋਂ ਵੀ ਬਚ ਜਾਂਦੇ ਹਨ। ਅੱਜ ਦੇ ਦੌਰ ’ਚ ਸਿਆਸੀ ਧਿਰਾਂ ’ਚ ਰਾਜਸੀ ਲੜਾਈ ਦੁਸ਼ਮਣੀ ਵਾਂਗ ਹੋ ਗਈ ਹੈ। ਅਜਿਹੇ ’ਚ ਨਿਰਵਿਰੋਧ ਕੋਈ ਜਿੱਤੇਗਾ, ਸੋਚਣਾ ਮੁਸ਼ਕਲ ਹੈ। ਗੁਜਰਾਤ ਦੇ ਹਲਕਾ ਸੂਰਤ ਤੋਂ ਕੱਲ੍ਹ ਮੁਕੇਸ਼ ਦਲਾਲ ਮੌਜੂਦਾ ਲੋਕ ਸਭਾ ਚੋਣਾਂ ਦੇ ਪਹਿਲੇ ਉਮੀਦਵਾਰ ਹਨ ਜਿਹੜੇ ਬਿਨਾਂ ਮੁਕਾਬਲੇ ਹੀ ਸੰਸਦ ਮੈਂਬਰ ਬਣ ਗਏ ਹਨ। ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਰੱਦ ਹੋਏ ਹਨ ਅਤੇ ਬਾਕੀ ਉਮੀਦਵਾਰਾਂ ਨੇ ਕਾਗਜ਼ ਵਾਪਸ ਲੈ ਲਏ ਹਨ ਜਿਸ ਦੇ ਨਤੀਜੇ ਵਜੋਂ ਉਹ ਜੇਤੂ ਹੋ ਗਏ ਹਨ। ਵਿਰੋਧੀ ਧਿਰਾਂ ਨੇ ਇਸ ਮਾਮਲੇ ’ਤੇ ਤਨਜ਼ ਕੀਤੇ ਹਨ ਅਤੇ ਸ਼ੰਕੇ ਜ਼ਾਹਿਰ ਕੀਤੇ ਹਨ। ਪੰਜਾਬ ਵਿੱਚ ਸਥਾਨਕ ਚੋਣਾਂ ਵਿੱਚ ਵਿਰੋਧੀ ਉਮੀਦਵਾਰਾਂ ਦੇ ਕਾ.ਗਜ਼ ਰੱਦ ਕੀਤੇ ਜਾਣ ਦਾ ਸਿਲਸਿਲਾ ਕਾਫ਼ੀ ਸਿਖਰ ’ਤੇ ਹੁੰਦਾ ਹੈ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਵਿੱਚ ਅਜਿਹਾ ਘੱਟ ਵਾਪਰਦਾ ਹੈ। ਸੂਰਤ ਹਲਕੇ ਤੋਂ ਮੁਕੇਸ਼ ਦਲਾਲ ਦੇ ਨਿਰਵਿਰੋਧ ਚੁਣੇ ਜਾਣ ਮਗਰੋਂ ਸਿਆਸੀ ਤੌਖਲੇ ਵਧੇ ਹਨ ਕਿ ਕਿਤੇ ਸਮੁੱਚੇ ਦੇਸ਼ ਵਿੱਚ ਇਸ ਤਰ੍ਹਾਂ ਦਾ ‘ਗੁਜਰਾਤ ਮਾਡਲ’ ਲਾਗੂ ਨਾ ਹੋ ਜਾਵੇ। ਗੁਜਰਾਤ ਵਿੱਚ ਇਹ ਪਹਿਲਾ ਕੇਸ ਵੀ ਹੋ ਸਕਦਾ ਹੈ। ਸੂਬਿਆਂ ਵਿੱਚ ਪਹਿਲਾਂ ਇੱਕਾ ਦੁੱਕਾ ਅਜਿਹੇ ਕੇਸ ਸਾਹਮਣੇ ਆਉਂਦੇ ਸਨ ਜੋ ਬਿਨਾਂ ਮੁਕਾਬਲਾ ਚੁਣੇ ਜਾਂਦੇ ਸਨ।

ਸਿਆਸੀ ਵਿਸ਼ਲੇਸ਼ਕ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਕੇਂਦਰੀ ਹਕੂਮਤ ਨੇ ਹੁਣ ਤੱਕ ਤਾਂ ਵਿਰੋਧੀ ਆਗੂਆਂ ਖ਼ਿਲਾਫ਼ ਸੰਘੀ ਏਜੰਸੀਆਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੰਘੀ ਏਜੰਸੀਆਂ ਦੀ ਵਰਤੋਂ ਹੁਣ ਵਿਰੋਧੀ ਉਮੀਦਵਾਰਾਂ ਖ਼ ?ਲਾਫ਼ ਸ਼ੁਰੂ ਹੋ ਗਈ ਤਾਂ ਇਹ ਘਾਤਕ ਵਰਤਾਰਾ ਹੋਵੇਗਾ। ਆਖ਼ਰੀ ਵਾਰ ਸਾਲ 2012 ਵਿੱਚ ਕਨੌਜ ਦੀ ਜ਼ਿਮਨੀ ਚੋਣ ਵਿੱਚ ਡਿੰਪਲ ਯਾਦਵ ਬਿਨਾਂ ਮੁਕਾਬਲਾ ਚੁਣੇ ਗਏ ਸਨ। ਉਸ ਵੇਲੇ ਅਖਿਲੇਸ਼ ਯਾਦਵ ਦੇ ਮੁੱਖ ਮੰਤਰੀ ਬਣਨ ਮਗਰੋਂ ਇਹ ਸੀਟ ਖ਼ਾਲੀ ਹੋਈ ਸੀ। ਸ੍ਰੀ ਨਗਰ ਤੋਂ ਫ਼ਾਰੂਕ ਅਬਦੁੱਲਾ ਸਾਲ 1980 ਵਿੱਚ ਬਿਨਾਂ ਮੁਕਾਬਲਾ ਚੁਣੇ ਗਏ ਸਨ। ਚੋਣ ਨਤੀਜਿਆਂ ਤੋਂ ਪਹਿਲਾਂ ਹੀ ਇਹ



### ਕਾ.ਗਜ਼ ਜਬਰੀ ਰੱਦ ਕਰਨ ਦੀ ਰੀਤ ਨਹੀਂ

ਚੋਣ ਮੈਦਾਨ ਵਿੱਚ ਬਹੁਤੇ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਮਗਰੋਂ ਕਾ.ਗਜ਼ ਵਾਪਸ ਵੀ ਲੈ ਜਾਂਦੇ ਹਨ। ਬਹੁਤੇ ਉਮੀਦਵਾਰ ਕਿਸੇ ਦੀ ਹਮਾਇਤ ਵਿੱਚ ਕਾ.ਗਜ਼ ਵਾਪਸ ਲੈਂਦੇ ਹਨ। ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਜਬਰੀ ਕਿਸੇ ਵਿਰੋਧੀ ਉਮੀਦਵਾਰ ਦੇ ਕਾ.ਗਜ਼ ਰੱਦ ਕਰਨ ਦੀ ਘਟਨਾ ਕਦੇ ਸਾਹਮਣੇ ਨਹੀਂ ਆਈ ਹੈ ਅਤੇ ਨਾ ਹੀ ਕੋਈ ਚੋਣ ਅਧਿਕਾਰੀ ਏਡਾ ਖ਼ਤਰਾ ਮੁੱਲ ਲੈਂਦਾ ਹੈ। ਹਾਲਾਂਕਿ ਸਥਾਨਕ ਚੋਣਾਂ ਵਿੱਚ ਕਾ.ਗਜ਼ ਰੱਦ ਕਰਨ ਦਾ ਰੁਝਾਨ ਹਮੇਸ਼ਾ ਹੀ ਪੰਜਾਬ ਵਿਚ ਸਿਖਰ ’ਤੇ ਰਿਹਾ ਹੈ।

ਉਮੀਦਵਾਰ ਜਿੱਤ ਹਾਸਲ ਕਰ ਲੈਂਦੇ ਹਨ। ਵੇਰਵਿਆਂ ਅਨੁਸਾਰ ਦੇਸ਼ ਵਿੱਚ ਸਾਲ 1952 ਦੀਆਂ ਲੋਕ ਸਭਾ ਚੋਣਾਂ ਤੋਂ ਹੁਣ ਤੱਕ 35 ਅਜਿਹੇ ਉਮੀਦਵਾਰ ਹਨ ਜਿਹੜੇ ਨਿਰਵਿਰੋਧ ਚੁਣੇ ਗਏ। ਇਸੇ ਤਰ੍ਹਾਂ ਸੂਬਾਈ ਅਸੈਂਬਲੀਆਂ ਦੀ ਗੱਲ ਕਰੀਏ ਤਾਂ 298 ਉਮੀਦਵਾਰ ਬਿਨਾਂ ਮੁਕਾਬਲੇ ਵਿਧਾਇਕ ਬਣੇ ਹਨ। ਪੰਜਾਬ ਵਿੱਚ ਹੁਣ ਤੱਕ ਪੰਜ ਵਿਧਾਇਕ ਬਿਨਾਂ ਮੁਕਾਬਲਾ ਚੁਣੇ ਗਏ ਹਨ, ਜਿਨ੍ਹਾਂ ਵਿੱਚ ਸਾਲ 1992 ਵਿੱਚ ਸਮਾਣਾ ਹਲਕੇ ਤੋਂ ਕੈਪਟਨ ਅਮਰਿੰਦਰ ਸਿੰਘ ਨਿਰਵਿਰੋਧ ਚੁਣੇ ਗਏ ਸਨ। ਰਾਜਸਥਾਨ ਵਿੱਚ ਸਾਲ 1952 ਤੋਂ ਹੁਣ ਤੱਕ ਵਿਧਾਨ ਸਭਾ ਲਈ ਛੇ ਉਮੀਦਵਾਰ ਅਤੇ ਸਭ ਤੋਂ ਵੱਧ ਨਾਗਾਲੈਂਡ ਅਸੈਂਬਲੀ ਵਿੱਚ ਹੁਣ ਤੱਕ 77 ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ ਹਨ। ਹਰਿਆਣਾ ਵਿਧਾਨ ਸਭਾ ਲਈ ਕੋਈ ਨਿਰਵਿਰੋਧ ਉਮੀਦਵਾਰ ਨਹੀਂ ਜਿੱਤਿਆ। ਨੌਰਥ ਈਸਟ ਵਿੱਚ ਕਰੀਬ 100 ਵਿਧਾਇਕ ਬਿਨਾਂ ਮੁਕਾਬਲਾ ਚੁਣੇ ਗਏ ਹਨ। ਲੋਕ ਸਭਾ ਚੋਣਾਂ ਵਿੱਚ ਸਾਲ 1952 ਤੋਂ ਬਾਅਦ ਜ਼ਿਆਦਾ ਕਾਂਗਰਸੀ ਉਮੀਦਵਾਰ ਹੀ ਬਿਨਾਂ ਮੁਕਾਬਲੇ ਚੁਣੇ ਜਾਂਦੇ ਰਹੇ ਹਨ। ਸ੍ਰੀਨਗਰ ਤੋਂ ਸਾਲ 1989 ਵਿੱਚ ਮੁਹੰਮਦ ਸ਼ਫੀ ਭੱਟ ਬਿਨਾਂ ਮੁਕਾਬਲਾ ਚੁਣੇ ਗਏ ਸਨ। ਸਾਲ 1962 ਵਿੱਚ ਟੀਟੀ ਕ੍ਰਿਸ਼ਨਾਮਾਚਾਰੀ ਵੀ ਨਿਰਵਿਰੋਧ ਚੁਣੇ ਗਏ ਸਨ। ਕ੍ਰਿਸ਼ਨਾਮਾਚਾਰੀ ਸਾਲ 1956-58 ਅਤੇ 1964-66 ਵਿੱਚ ਭਾਰਤ ਦੇ ਵਿੱਤ ਮੰਤਰੀ ਰਹੇ ਸਨ। ਮਹਾਰਾਸ਼ਟਰ ਦੇ ਮੁੱਖ ਮੰਤਰੀ ਰਹੇ ਵਾਈਬੀ ਚਵਾਨ ਸਾਲ 1962 ਵਿੱਚ ਨਾਸਿਕ ਦੀ ਜ਼ਿਮਨੀ ਚੋਣ ਵਿੱਚ ਬਿਨਾਂ ਮੁਕਾਬਲੇ ਸੰਸਦ ਮੈਂਬਰ ਬਣੇ ਸਨ।

ਲੋਕ ਸਭਾ ਦੇ ਡਿਪਟੀ ਸਪੀਕਰ ਰਹੇ ਅਤੇ ਕੇਂਦਰੀ ਮੰਤਰੀ ਰਹੇ ਪੀਐੱਮ ਸਈਅਦ ਨੇ ਸਾਲ 1971 ਵਿੱਚ ਲੋਕ ਸਭਾ ਚੋਣ ਬਿਨਾਂ ਮੁਕਾਬਲਾ ਜਿੱਤੀ ਸੀ। ਉਹ 1967 ਤੋਂ 2004 ਤੱਕ ਬਿਨਾਂ ਕਿਸੇ ਹਾਰ ਤੋਂ ਲਕਸ਼ਦੀਪ ਤੋਂ ਲਗਾਤਾਰ ਚੋਣ ਜਿੱਤਦੇ ਰਹੇ ਹਨ। ਸੂਬਿਆਂ ਦੀਆਂ ਵਿਧਾਨ ਸਭਾ ਵਿੱਚ ਵੀ ਅਜਿਹਾ ਰੁਝਾਨ ਦੇਖਣ ਨੂੰ ਮਿਲਦਾ ਰਿਹਾ ਹੈ। ਆਂਧਰਾ ਪ੍ਰਦੇਸ਼ ਦੀ ਵਿਧਾਨ ਸਭਾ ਲਈ ਸਾਲ 1952 ਤੋਂ ਹੁਣ ਤੱਕ 34 ਵਿਧਾਇਕ ਬਿਨਾਂ ਮੁਕਾਬਲੇ ਤੋਂ ਆਏ ਸਨ ਤੇ ਯੂਪੀ ਵਿੱਚ ਛੇ ਉਮੀਦਵਾਰ ਹੁਣ ਤੱਕ ਚੁਣੇ ਗਏ ਹਨ।

# ਸਿੱਧੂ ਵੱਲੋਂ ਬੁੱਢਾ ਦਲ ਦੇ ਮੁਖੀ ਨਾਲ ਮੁਲਾਕਾਤ



ਤਲਵੰਡੀ ਸਾਬੋ : ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਦੇ ਹੱਕ ਵਿੱਚ ਚੋਣ ਪ੍ਰਚਾਰ ਚਲਾ ਰਹੇ ਉਨ੍ਹਾਂ ਦੇ ਪੁੱਤਰ ਅਤੇ ਨੌਜਵਾਨ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਦੇ ਮੁਖੀ ਸ਼੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ ਨਾਲ ਬੁੱਢਾ ਦਲ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਸਾਹਿਬ ਪੁੱਜ ਕੇ ਮੁਲਾਕਾਤ ਕੀਤੀ ਤੇ ਕਈ ਅਹਿਮ ਮਸਲਿਆਂ 'ਤੇ ਵਿਚਾਰਾਂ ਕੀਤੀਆਂ।

ਦੱਸਣਯੋਗ ਹੈ ਕਿ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬੁੱਢਾ ਦਲ ਹੈੱਡਕੁਆਟਰ ਹੋਣ ਕਾਰਨ ਇੱਥੇ ਨਿਹੰਗ ਸਿੰਘਾਂ ਦੀਆਂ ਸੈਂਕੜੇ ਵੋਟਾਂ ਹਨ ਜਿਸ ਕਰਕੇ ਖਾਸ ਕਰ ਚੋਣਾਂ ਸਮੇਂ ਸਿਆਸੀ ਆਗੂ ਬੁੱਢਾ ਦਲ ਮੁਖੀ ਬਾਬਾ ਬਲਬੀਰ ਸਿੰਘ ਨਾਲ ਅਕਸਰ ਮੁਲਾਕਾਤ ਕਰਦੇ ਦਿਖਾਈ ਦਿੰਦੇ ਹਨ। ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਾਰ ਬੁੱਢਾ ਦਲ ਵੱਲੋਂ ਵਿਸਾਖੀ ਜੋੜ ਮੇਲੇ ਮੌਕੇ ਕਰਵਾਏ ਧਾਰਮਿਕ ਸਮਾਗਮਾਂ 'ਚ ਸਿੱਧੂ ਪਰਿਵਾਰ ਸ਼ਮੂਲੀਅਤ ਨਹੀਂ ਕਰ ਸਕਿਆ ਸੀ, ਇਸ ਲਈ ਉਹ ਹੁਣ ਬਾਬਾ ਬਲਬੀਰ ਸਿੰਘ ਨੂੰ ਮਿਲਣ ਪੁੱਜੇ ਹਨ। ਬੁੱਢਾ ਦਲ ਮੁਖੀ ਨੇ ਗੁਰਬਾਜ਼ ਸਿੰਘ ਸਿੱਧੂ ਅਤੇ ਸਮੁੱਚੀ ਟੀਮ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ।

# ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨਾਲ ਛੇੜਛਾੜ ਦੀਆਂ ਘਟਨਾਵਾਂ ਰੋਕਣ ਲਈ ਸ਼ਖ਼ਤ ਕਾਨੂੰਨ ਬਣਾਉਣ : ਬਾਬਾ ਬਲਬੀਰ ਸਿੰਘ 96 ਕਰੋੜੀ

## *ਗਰਮੀ ਅਤੇ ਤੇਜ਼ ਹਵਾਵਾਂ ਦੇ ਕਾਰਨ ਸਰਕਟ ਸਾਟ ਤੋਂ ਬਚਨ ਦੇ ਯੋਗ ਪ੍ਰਬੰਧ ਕੀਤੇ ਜਾਣ*

ਅੰਮ੍ਰਿਤਸਰ : ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਚੀਮਾ ਪੋਤਾ ਦੇ ਗੁਰਦੁਆਰਾ ਸਾਹਿਬ ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਦੇ ਸਾਹਮਣੇ ਆਏ ਤਾਜ਼ਾ ਮਾਮਲੇ ਤੇ ਪ੍ਰਤੀਕਰਮ ਦਿੰਦਿਆਂ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (96 ਕ੍ਰੋੜੀ) ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਘਟਨਾ ਨੂੰ ਅਤਿ ਮੰਦਭਾਗਾ ਦੱਸਦਿਆਂ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾ ਦੇਣ ਲਈ ਸਰਕਾਰਾਂ ਤੋਂ ਸਖਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪਿਛਲੇ ਦਿਨੀਂ ਇੱਕ ਬੇਅਦਬੀ ਦੀ ਘਟਨਾ ਸਾਹਮਣੇ ਆਈ ਸੀ ਪਰ ਅੱਜ ਪਿੰਡ ਚੀਮਾ ਪੋਤਾ ਦੇ ਗੁਰਦੁਆਰਾ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਖੰਡਿਤ ਕੀਤੇ ਜਾਣ ਦੇ ਮਾਮਲੇ ਨੇ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਦਾ



ਹਿਰਦਾ ਵਲੂੰਧਰ ਕੇ ਰੱਖ ਦਿੱਤਾ ਹੈ ਉਨਾਂ ਕਿਹਾ ਕਿ ਬੇਅਦਬੀ ਘਟਨਾਵਾਂ ਨੂੰ ਰੋਕਣ ਲਈ ਸਰਕਾਰਾਂ ਨੂੰ ਸਖਤ ਕਾਨੂੰਨ ਬਣਾ ਕੇ ਅਜਿਹੇ ਕੇਸ ਫਾਸਟ ਟਰੈਕ ਅਦਾਲਤਾਂ ਚ ਚਲਾਉਣੇ ਚਾਹੀਦੇ ਹਨ ਤਾਂਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾ ਦੁਆਈ ਜਾ ਸਕੇ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਕਮੇਟੀਆਂ ਨੂੰ ਵੀ ਅਜਿਹੀਆਂ ਘਟਨਾਵਾਂ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਸੀ.ਸੀ.ਟੀ.ਵੀ ਕੈਮਰੇ ਹਰ ਗੁਰੂਘਰ ਚ ਲਾਉਣੇ ਚਾਹੀਦੇ ਹਨ ਜਿੱਥੇ ਅੱਜ ਤੱਕ ਨਹੀ ਲੱਗੇ। ਉਨ੍ਹਾਂ ਸਮੂਹ ਗੁਰਦੁਆਰਾ ਕਮੇਟੀਆਂ, ਪ੍ਰਬੰਧਕਾਂ, ਸੇਵਾਦਾਰਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਗਰਮੀ ਦਾ ਮੌਸਮ ਹੈ ਗਰਮੀ ਦਿਨੋ ਦਿਨ ਵੱਧ ਰਹੀ ਹੈ, ਤੇਜ਼ ਹਵਾਵਾਂ ਵੀ ਵਗ ਰਹੀਆਂ ਹਨ ਕੋਈ ਸਰਕਟ ਸਾਟ ਦਾ ਬਹਾਨਾ ਨਾ ਬਣੇ, ਪਹਿਲਾਂ ਹੀ ਸੁਚੇਤਤਾ ਨਾਲ ਗੁਰੂਘਰਾਂ ਵਿੱਚ ਲੱਗੇ ਜੋੜਾਂ ਨੂੰ ਉਚਿਤ ਤਰੀਕੇ ਨਾਲ ਠੀਕ ਰੱਖਿਆ ਜਾਵੇ। ਗੁਰੂਘਰਾਂ ਦੀ ਪਹਿਰੇਦਾਰੀ ਵੀ ਤਨਦੇਹੀ ਨਾਲ ਹੋਵੇ। ਕਿਤੇ ਵੀ ਗੁਰੂ ਮਹਾਰਾਜ ਦੇ ਸਰੂਪ ਪ੍ਰਤੀ ਤਾਰਾਂ ਸਾਟ ਹੋ ਜਾਣ ਦਾ ਬਹਾਨਾ ਨਾ ਬਣੇ।

# ਮੁੱਖ ਮੰਤਰੀ ਨੇ ਬੇਅਦਬੀ ਕਾਂਡ 'ਚ ਦਿਆਨਤਦਾਰੀ ਨਹੀਂ ਵਿਖਾਈ : ਕੁੰਵਰ ਵਿਜੇ ਪ੍ਰਤਾਪ ਸਿੰਘ

## *ਤਿੱਖੇ ਸ਼ਬਦਾਂ 'ਚ ਗਿਣਾਈਆਂ ਸਰਕਾਰ ਦੀਆਂ ਨਾਕਾਮੀਆਂ*

ਅੰਮ੍ਰਿਤਸਰ : ਪੰਜਾਬ ਦੇ ਸਭ ਤੋਂ ਵੱਡੇ ਚਰਚਿਤ ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਬੇਅਦਬੀ ਮਾਮਲੇ 'ਚ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਜੰਮ ਕੇ ਵਰ੍ਹਦਿਆਂ ਆਮ ਆਦਮੀ ਪਾਰਟੀ ਸਰਕਾਰੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਸਾਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਹੈ। ਇਹ ਚਿੱਠਾ ਵੀ ਉਸ ਸਮੇਂ ਦੌਰਾਨ ਖੋਲ੍ਹਿਆ ਜਦੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਦਿੱਲੀ ਵਿਖੇ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਮੀਟਿੰਗ ਕਰ ਰਹੇ ਸਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਦੇਣ ਦੇ ਸਵਾਲ 'ਤੇ ਕਿਹਾ ਹੈ ਕਿ 'ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ, ਇਸ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਦਿੱਤੇ ਗਏ ਬਿਆਨ ਕਿ "ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ।" ਨੂੰ ਪੜ੍ਹ ਕਿ ਮੈਂ ਹੈਰਾਨ ਨਹੀਂ ਹੋਇਆ, ਪਰ ਸ਼ਰਮਿੰਦਾ ਜ਼ਰੂਰ ਹੋਇਆ ਹਾਂ। ਆਪਣੇ ਸ਼ੋਸ਼ਲ ਮੀਡੀਆ ਪੇਜ 'ਤੇ ਟਿੱਪਣੀ ਕਰਦੇ ਹੋਏ ਵਿਧਾਇਕ ਨੇ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਤੁਸੀਂ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ ਹੈ। ਮੁੱਖ ਮੰਤਰੀ ਦੀ ਉੱਚ-ਕੁਰਸੀ 'ਤੇ ਬੈਠ ਕੇ ਅਜਿਹਾ ਬਿਆਨ ਦੇਣਾ ਚੰਗਾ ਨਹੀਂ ਲਗਦਾ। ਅੱਜ ਲੋਕ ਮੈਨੂੰ ਪੁੱਛ ਰਹੇ ਹਨ ਕਿ ਕੀ ਲੋੜ ਸੀ ਰਾਜਨੀਤੀ ਦੀ ਦਲਦਲ 'ਚ ਆਉਣ ਦੀ? ਉਨ੍ਹਾਂ ਕਿਹਾ ਕਿ ਮੈਨੂੰ ਨਿੱਜੀ ਤੌਰ 'ਤੇ ਕੋਈ ਲੋਭ-ਲਾਲਚ ਨਹੀਂ ਹੈ; ਨਾ ਹੀ ਕਿਸੇ ਅਹੁਦੇ ਦੀ ਇੱਛਾ। ਹਾਂ; ਕੇਜਰੀਵਾਲ ਨੇ ਬਰਗਾੜੀ ਤੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਯਕੀਨੀ ਬਣਾਉਣ ਦੀ ਗੱਲ ਕਰਕੇ ਮੈਨੂੰ ਰਾਜਨੀਤੀ 'ਚ ਲਿਆਂਦਾ ਸੀ; ਪਰ ਮੈਂ ਸਿਆਸਤ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਜੇ ਅੱਜ ਤੁਸੀਂ ਬੇਅਦਬੀ ਮਾਮਲੇ 'ਚ ਮੇਰੀ 'ਨਿੱਜੀ ਰਾਏ' ਕਹਿ ਰਹੇ ਹੋ ਤਾਂ ਮੇਰੀ 'ਨਿੱਜੀ ਰਾਏ' ਦਾ ਉਸ ਕੁਰਸੀ ਨਾਲ ਬਹੁਤ ਹੀ ਨੇੜਲਾ ਸੰਬੰਧ ਹੈ, ਜਿਸ 'ਤੇ ਤੁਸੀਂ ਬਿਰਾਜਮਾਨ ਹੋ। ਤੁਹਾਨੂੰ ਯਾਦ ਹੈ 2017 ਦੀਆਂ ਚੋਣਾਂ 'ਚ ਤੁਸੀਂ ਖੁਦ ਵੀ ਜਲਾਲਾਬਾਦ ਤੋਂ ਹਾਰ ਗਏ ਸੀ, ਪਰ ਤੁਹਾਡੇ ਨਾਲ 2022 'ਚ, ਇਹ ਮੇਰੀ 'ਨਿੱਜੀ ਰਾਏ' ਸੀ, ਇਹ ਬੇਅਦਬੀ ਦਾ ਮੁੱਦਾ ਸੀ ਤੇ ਮੈਂ ਵੀ ਸੀ। ਤੁਸੀਂ ਮੇਰੀ ਫੋਟੋ ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਚੌਕ-ਚੌਰਾਹੇ 'ਤੇ ਲਗਾਈ ਸੀ। ਤੁਸੀਂ ਖੁਦ ਜਿੱਤੇ ਤੇ ਪੰਜਾਬ ਦੀ ਜਨਤਾ ਨੇ ਤੁਹਾਨੂੰ 92 ਵਿਧਾਇਕ ਦਿੱਤੇ। ਜਿੱਥੋਂ ਤੱਕ ਇਨਸਾਫ਼ ਦਾ ਸਵਾਲ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਲੋਂ ਜ਼ਰੂਰ ਕੀਤਾ ਜਾਵੇਗਾ। ਇਸ ਮੁੱਦੇ 'ਤੇ ਤੁਹਾਡੀ ਪ੍ਰਾਪਤੀ ਅਜਿਹੀ ਹੈ ਕਿ ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਹੋ ਗਈ; ਮੁੱਖ ਦੋਸ਼ੀ ਨਹੀਂ ਫੜੇ ਗਏ; ਮੁੱਖ ਸਾਜ਼ਿਸ਼ਕਰਤਾ ਗ੍ਰਿਫਤਾਰ ਨਹੀਂ ਹੋਏ। ਹੁਣ ਫਰੀਦਕੋਟ ਦਾ ਕੋਈ ਵੀ ਗਵਾਹ ਚੰਡੀਗੜ੍ਹ ਨਹੀਂ ਜਾ ਸਕੇਗਾ; ਕਈ ਗਵਾਹ ਮੁੱਕਰ ਵੀ ਜਾਣਗੇ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਬਹਿਬਲ ਕਲਾਂ ਕਾਂਡ ਨੂੰ ਵੀ ਤੁਹਾਡੇ (ਭਗਵੰਤ ਮਾਨ ਦੇ) ਸਰਕਾਰੀ ਤੰਤਰ ਵਲੋਂ ਖਾਰਜ ਕੀਤਾ ਜਾ ਰਿਹਾ ਸੀ, ਇਸ ਲਈ ਮੈਨੂੰ ਕਾਲਾ ਕੋਟ ਪਾ ਕੇ ਪ੍ਰਾਈਵੇਟ ਵਕੀਲਾਂ ਨਾਲ ਲੜਨਾ ਪਿਆ। ਮੇਰੇ ਦੁਆਰਾ ਕੀਤੀ ਗਈ ਜਾਂਚ ਨੂੰ ਸਹੀ ਕਰਾਰ ਦਿੱਤਾ ਗਿਆ। 04.07.2022 ਦਾ ਹਾਈ ਕੋਰਟ ਦਾ ਹੁਕਮ ਵੇਖੋ, ਪਰ ਤੁਹਾਡੀ ਚਹੇਤੀ ਸਿੱਟ ਨੇ ਫਰੀਦਕੋਟ 'ਚ ਹੀ ਇਸ ਕੇਸ ਨੂੰ ਖ਼ਤਮ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖ ਹੀ ਚੁੱਕੇ ਹੋ; ਜਿੱਥੋਂ ਮੈਂ ਛੱਡਿਆ ਸੀ ਤਫ਼ਤੀਸ਼ ਨੂੰ; ਇਕ ਇੰਚ ਵੀ ਅੱਗੇ ਨਹੀਂ ਗਈ। ਸਗੋਂ ਗਵਾਹਾਂ ਨੂੰ ਜ਼ਰੂਰ ਮੁਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਤੁਹਾਡੇ ਸਰਕਾਰੀ ਤੰਤਰ ਨੇ ਮੋਰਚੇ ਵਾਲਿਆਂ ਨੂੰ ਮੇਰੇ ਖਿਲਾਫ ਕਾਨੂੰਨੀ ਦਾਅ-ਪੇਚ 'ਚ ਉਲਝਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੋਟਕਪੂਰਾ ਕੇਸ 'ਚ ਕੈਪਟਨ ਸਾਹਿਬ ਦੀ ਅਗਵਾਈ ਵਾਲੀ ਤੁਹਾਡੀ ਪਿਆਰੀ ਸਿਟ ਨੇ ਅਜਿਹੀ ਜਾਂਚ ਕੀਤੀ ਕਿ ਮੁੱਖ ਦੋਸ਼ੀਆਂ ਨੂੰ ਪਹਿਲੀ ਤਰੀਕ 'ਤੇ ਹੀ ਜ਼ਮਾਨਤ ਮਿਲ ਗਈ। ਇਹ ਸਿਟ ਕੁਝ ਨਵਾਂ ਨਹੀਂ ਕਰ ਸਕੀ; ਪਰ ਵੱਡੇ ਦੋਸ਼ੀਆਂ ਨੂੰ ਬਚਾਉਣ ਲਈ ਸਬੂਤਾਂ ਨੂੰ ਕਮਜ਼ੋਰ ਕਰ ਦਿੱਤਾ ਗਿਆ। ਤੁਸੀਂ ਪੰਜਾਬ ਨੂੰ ਇਨਸਾਫ਼ ਤੋਂ ਦੂਰ ਕਰ ਦਿੱਤਾ। ਦੋਸ਼ੀਆਂ ਦੇ ਮਾਹਿਰ ਵਕੀਲ ਸਰਕਾਰੀ ਵਕੀਲ ਬਣ ਕੇ ਮੈਨੂੰ ਤੇ ਮੇਰੇ ਨਿੱਜੀ ਵਕੀਲਾਂ ਨੂੰ ਮਾਤ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਇੱਥੋਂ ਤੱਕ ਕਿ ਦੋਸ਼ੀਆਂ ਦੇ ਪਰਿਵਾਰਕ ਮੈਂਬਰ ਵੀ ਸਰਕਾਰੀ ਵਕੀਲ ਵਜੋਂ ਉਨ੍ਹਾਂ ਦੀ ਪੈਰਵਾਈ ਕਰ ਰਹੇ ਹਨ। ਖ਼ੈਰ ਫਿਰ 'ਨਿੱਜੀ ਰਾਏ' ਦੇ ਤੁਹਾਡੇ ਬਿਆਨ ਵੱਲ ਆ ਰਿਹਾ ਹਾਂ; ਇਕ ਵਕਤ ਸੀ, ਮੇਰੀ 'ਨਿੱਜੀ ਰਾਏ' ਤੁਹਾਡੀ ਰਾਏ ਵੀ ਹੁੰਦੀ ਸੀ।



# 7 ਲੋਕ ਸਭਾ ਹਲਕਿਆਂ ਨੂੰ ਪ੍ਰਭਾਵਿਤ ਕਰੇਗੀ ਡੇਰਿਆਂ ਦੀ ਵੋਟ

## *ਡੇਰਾ ਸਿਰਸਾ, ਡੇਰਾ ਬਿਆਸ, ਨਾਮਧਾਰੀ ਸੰਪਰਦਾ ਤੇ ਨਿਰੰਕਾਰੀ ਮਿਸ਼ਨ ਦੇ ਵੋਟ ਬੈਂਕ 'ਤੇ ਜੋੜ-ਘਟਾਓ ਦਾ ਗਣਿਤ ਸ਼ੁਰੂ*

ਪਟਿਆਲਾ : ਪੰਜਾਬ ਦੇ ਮਾਲਵਾ ਖੇਤਰ ਨਾਲ ਸੰਬੰਧਿਤ 7 ਲੋਕ ਸਭਾ ਹਲਕਿਆਂ ਵਿਚ ਚੋਣ ਸਰਗਰਮੀਆਂ ਜ਼ੋਰ ਫੜ੍ਹ ਰਹੀਆਂ ਹਨ। ਮੁੱਖ ਸਿਆਸੀ ਧਿਰਾਂ ਵਲੋਂ ਸਮਾਜ ਨਾਲ ਸੰਬੰਧਿਤ ਵੱਖ-ਵੱਖ ਵਰਗਾਂ ਬਾਰੇ ਗਣਿਤ ਸਮੀਖਿਆ ਰਾਹੀਂ ਜੋੜ-ਘਟਾਓ ਲਗਾਏ ਜਾ ਰਹੇ ਹਨ। ਲੋਕ ਸਭਾ ਹਲਕਾ ਫ਼ਿਰੋਜ਼ਪੁਰ 'ਚ ਫ਼ਿਰੋਜ਼ਪੁਰ ਸ਼ਹਿਰ, ਫ਼ਿਰੋਜ਼ਪੁਰ ਦਿਹਾਤੀ, ਗੁਰੂਹਰਸਹਾਇ, ਜਲਾਲਾਬਾਦ, ਫ਼ਾਜ਼ਿਲਕਾ, ਅਬੋਹਰ, ਬੱਲੂਆਣਾ, ਮਲੋਟ ਤੇ ਸ੍ਰੀ ਮੁਕਤਸਰ ਸਾਹਿਬ ਵਿਧਾਨ ਸਭਾ ਹਲਕੇ ਸ਼ਾਮਿਲ ਹਨ। ਇਸ ਲੋਕ ਸਭਾ ਹਲਕੇ ਤੋਂ ਹੁਣ ਤੱਕ ਕੋਈ ਮਹਿਲਾ ਉਮੀਦਵਾਰ ਨਹੀਂ ਚੁਣੀ ਗਈ ਜਦਕਿ ਇੱਥੋਂ ਚੁਣੀਆਂ ਗਈਆਂ ਪ੍ਰਮੁੱਖ ਸ਼ਖ਼ਸੀਅਤਾਂ 'ਚੋਂ ਬਲਰਾਮ ਦਾਸ ਜਾਖੜ ਤੇ ਗੁਰਦਿਆਲ ਸਿੰਘ ਢਿੱਲੋਂ ਲੋਕ ਸਭਾ ਦੇ ਸਪੀਕਰ ਰਹਿ ਚੁੱਕੇ ਹਨ ਤੇ ਸੁਖਬੀਰ ਸਿੰਘ ਬਾਦਲ ਵੀ ਇਸੇ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਫ਼ਰੀਦਕੋਟ ਹਲਕੇ 'ਚ ਫ਼ਰੀਦਕੋਟ, ਨਿਹਾਲ ਸਿੰਘ ਵਾਲਾ, ਬਾਘਾ ਪੁਰਾਣਾ, ਮੋਗਾ, ਧਰਮਕੋਟ, ਗਿੱਦੜਬਾਹਾ, ਕੋਟਕਪੂਰਾ, ਜੈਤੋ ਤੇ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਆਉਂਦੇ ਹਨ। ਇਸ ਲੋਕ ਸਭਾ ਹਲਕੇ ਤੋਂ ਪ੍ਰਕਾਸ਼ ਸਿੰਘ ਬਾਦਲ 1977, 1996, 1998 ਚੁਣੇ ਗਏ ਤੇ 2004 'ਚ ਸੁਖਬੀਰ ਸਿੰਘ ਬਾਦਲ ਇਸ ਲੋਕ ਸਭਾ ਹਲਕੇ ਤੋਂ ਚੁਣੇ ਗਏ। ਇਸ ਹਲਕੇ ਤੋਂ ਹੁਣ ਤੱਕ ਦੋ ਮਹਿਲਾ ਸੰਸਦ ਮੈਂਬਰ ਚੁਣੇ ਗਏ ਹਨ। 1980 'ਚ ਗੁਰਬਿੰਦਰ ਕੌਰ ਬਰਾੜ ਤੇ 2009 'ਚ ਪਰਮਜੀਤ ਕੌਰ ਗੁਲਸ਼ਨ ਨੇ ਚੋਣ ਜਿੱਤੀ। ਲੋਕ ਸਭਾ ਹਲਕਾ ਬਠਿੰਡਾ 'ਚ ਲੰਬੀ, ਭੁੱਚੋ ਮੰਡੀ, ਬਠਿੰਡਾ ਸ਼ਹਿਰੀ, ਬਠਿੰਡਾ ਦਿਹਾਤੀ, ਤਲਵੰਡੀ ਸਾਬੋ, ਮੌੜ, ਮਾਨਸਾ, ਸਰਦੂਲਗੜ੍ਹ ਤੇ ਬੁਢਲਾਡਾ ਵਿਧਾਨ ਸਭਾ ਹਲਕੇ ਸ਼ਾਮਲ ਹਨ। ਇਸ ਹਲਕੇ ਤੋਂ 1959 'ਚ ਹੁਕਮ ਸਿੰਘ ਚੁਣੇ ਗਏ ਸਨ, ਜੋ ਲੋਕ ਸਭਾ ਦੇ ਸਪੀਕਰ ਰਹੇ ਹਨ। ਇਸੇ ਹਲਕੇ ਤੋਂ ਧੰਨਾ ਸਿੰਘ ਗੁਲਸ਼ਨ ਨੇ ਚੋਣ ਜਿੱਤੀ ਸੀ, ਜੋ ਕੇਂਦਰੀ ਸਿੱਖਿਆ ਤੇ ਲੋਕ ਭਲਾਈ ਰਾਜ ਮੰਤਰੀ ਬਣੇ। ਇਸ ਹਲਕੇ ਤੋਂ ਕਮਿਊਨਿਸਟ ਪਾਰਟੀ ਦੇ ਭਾਨ ਸਿੰਘ ਭੌਰਾ ਨੇ ਦੋ ਵਾਰ 1971 ਤੇ 1999 'ਚ ਚੋਣ ਜਿੱਤੀ। 2004 'ਚ ਚੋਣ ਜਿੱਤ ਕੇ ਜਿੱਥੇ ਧੰਨਾ ਸਿੰਘ ਗੁਲਸ਼ਨ ਕੇਂਦਰ 'ਚ ਮੰਤਰੀ ਬਣੇ ਉੱਥੇ 2009, 2014 ਤੇ 2019 'ਚ ਹਰਸਿਮਰਤ ਕੌਰ ਬਾਦਲ ਜੇਤੂ ਰਹੇ ਤੇ ਕੇਂਦਰੀ ਕੈਬਨਿਟ 'ਚ ਸ਼ਾਮਿਲ ਹੋਏ। ਲੋਕ ਸਭਾ ਹਲਕਾ ਸੰਗਰੂਰ 'ਚ 9 ਵਿਧਾਨ ਸਭਾ ਹਲਕੇ ਪੈਂਦੇ ਹਨ, ਜਿਨ੍ਹਾਂ 'ਚ ਸੰਗਰੂਰ, ਲਹਿਰਾਗਾਗਾ, ਦਿੜ੍ਹਬਾ, ਸੁਨਾਮ, ਭਦੌੜ, ਬਰਨਾਲਾ, ਮਹਿਲ ਕਲਾਂ, ਮਲੇਰਕੋਟਲਾ ਤੇ ਧੂਰੀ ਸ਼ਾਮਿਲ ਹਨ। ਇਸ ਹਲਕੇ ਤੋਂ ਹੁਣ ਤੱਕ ਕੇਵਲ ਇਕ ਔਰਤ ਉਮੀਦਵਾਰ ਹੀ ਜੇਤੂ ਰਹੇ ਹਨ। 1967 'ਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਬੀਬੀ ਨਿਰਲੇਪ ਕੌਰ ਨੇ ਜਿੱਤ ਹਾਸਲ ਕੀਤੀ ਸੀ। ਸੀ.ਪੀ.ਆਈ. ਦੇ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ 1971 'ਚ ਚੋਣ ਜਿੱਤੀ ਸੀ। 1977 'ਚ ਸੁਰਜੀਤ ਸਿੰਘ ਬਰਨਾਲਾ ਚੋਣ ਜਿੱਤ ਕੇ ਕੇਂਦਰੀ ਮੰਤਰੀ ਬਣੇ, 1983 'ਚ ਬਲਵੰਤ ਸਿੰਘ ਰਾਮੂਵਾਲੀਆ ਇਸ ਹਲਕੇ ਤੋਂ ਜੇਤੂ ਰਹੇ ਤੇ ਬਾਅਦ 'ਚ ਕੇਂਦਰੀ ਮੰਤਰੀ ਬਣੇ। 1989 'ਚ ਰਾਜਦੇਵ ਸਿੰਘ ਖ਼ਾਲਸਾ ਨੇ ਇਸ ਹਲਕੇ ਤੋਂ ਰਿਕਾਰਡਤੋੜ ਵੋਟਾਂ ਨਾਲ ਜਿੱਤ ਹਾਸਲ ਕੀਤੀ। 1996 'ਚ ਸੁਰਜੀਤ ਸਿੰਘ ਬਰਨਾਲਾ ਚੋਣ ਜਿੱਤੇ ਤੇ ਕੇਂਦਰੀ ਮੰਤਰੀ ਬਣੇ। 2004 'ਚ ਸੁਖਦੇਵ ਸਿੰਘ ਢੀਂਡਸਾ ਨੇ ਇਸ ਹਲਕੇ ਤੋਂ ਸਫਲਤਾ




ਹਾਸਲ ਕਰ ਕੇ ਕੇਂਦਰੀ ਵਜ਼ਾਰਤ 'ਚ ਸਥਾਨ ਹਾਸਲ ਕੀਤਾ ਹੈ। ਲੋਕ ਸਭਾ ਹਲਕਾ ਪਟਿਆਲਾ ਦੇ 9 ਹਲਕਿਆਂ ਪਟਿਆਲਾ, ਨਾਭਾ, ਪਟਿਆਲਾ ਦਿਹਾਤੀ, ਰਾਜਪੁਰਾ, ਘਨੌਰ, ਸਨੌਰ, ਸਮਾਣਾ ਤੇ ਸ਼ੁਤਰਾਣਾ 'ਚ ਚੋਣ ਸਰਗਰਮੀਆਂ ਨੇ ਜ਼ੋਰ ਫੜ ਲਿਆ ਹੈ। 1951 'ਚ ਹੁਕਮ ਸਿੰਘ ਨੇ ਇਸ ਹਲਕੇ ਤੋਂ ਚੋਣ ਲੜੀ, ਜੋ ਲੋਕ ਸਭਾ ਦੇ ਸਪੀਕਰ ਬਣੇ। 1967 'ਚ ਰਾਜ ਘਰਾਣੇ ਦੇ ਮਹਾਰਾਣੀ ਮਹਿੰਦਰ ਕੌਰ ਚੋਣ ਜਿੱਤੇ, 1977 'ਚ ਗੁਰਚਰਨ ਸਿੰਘ ਟੌਹੜਾ, 1980 'ਚ ਕੈਪਟਨ ਅਮਰਿੰਦਰ ਸਿੰਘ, 1984 'ਚ ਚਰਨਜੀਤ ਸਿੰਘ ਵਾਲੀਆ, 1991 'ਚ ਅਤਿੰਦਰਪਾਲ ਸਿੰਘ ਖ਼ਾਲਸਾ ਤੇ 1996 'ਚ ਪ੍ਰੇਮ ਸਿੰਘ ਚੰਦੂਮਾਜਰਾ ਇਸ ਹਲਕੇ ਤੋਂ ਲੋਕ ਸਭਾ ਮੈਂਬਰ ਬਣੇ। 2004 ਤੇ 2009 'ਚ ਸ੍ਰੀਮਤੀ ਪ੍ਰਨੀਤ ਕੌਰ ਤੇ 2014 'ਚ ਡਾ. ਧਰਮਵੀਰ ਗਾਂਧੀ ਜੇਤੂ ਰਹੇ। 2019 'ਚ ਮੁੜ ਸ੍ਰੀਮਤੀ ਪ੍ਰਨੀਤ ਕੌਰ ਇਸ ਹਲਕੇ ਤੋਂ ਚੁਣੇ ਗਏ। ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ 'ਚ ਵਿਧਾਨ ਸਭਾ ਦੇ ਫ਼ਤਹਿਗੜ੍ਹ ਸਾਹਿਬ, ਬੱਸੀ ਪਠਾਣਾਂ, ਅਮਲੋਹ, ਖੰਨਾ, ਸਮਰਾਲਾ, ਖਾਨੇਵਾਲ, ਪਾਇਲ, ਰਾਏਕੋਟ ਤੇ ਅਮਰਗੜ੍ਹ ਹਲਕੇ ਆਉਂਦੇ ਹਨ। 2009 'ਚ ਇਹ ਹਲਕਾ ਹੋਂਦ 'ਚ ਆਇਆ ਸੀ। ਮਾਲਵੇ ਦੇ ਇਨ੍ਹਾਂ ਸੱਤਾਂ ਹਲਕਿਆਂ ਡੇਰਾ ਸਿਰਸਾ, ਡੇਰਾ ਬਿਆਸ, ਨਿਰੰਕਾਰੀ ਮਿਸ਼ਨ ਤੇ ਨਾਮਧਾਰੀ ਪੰਥ ਦਾ ਚੰਗਾ ਪ੍ਰਭਾਵ ਮੰਨਿਆ ਜਾਂਦਾ ਹੈ। ਡੇਰਾ ਸਿਰਸਾ ਦੇ ਹਰ ਵਿਧਾਨ ਸਭਾ ਹਲਕੇ 'ਚ 5 ਤੋਂ 8 ਹਜ਼ਾਰ ਤੱਕ ਵੋਟ ਮੰਨੀ ਜਾਂਦੀ ਹੈ। ਹਰ ਲੋਕ ਸਭਾ ਹਲਕੇ 'ਚ 9 ਵਿਧਾਨ ਸਭਾ ਹਲਕੇ ਹਨ। ਇੰਜ ਡੇਰਾ ਸਿਰਸਾ ਦੀ ਹਰ ਲੋਕ ਸਭਾ ਹਲਕੇ 'ਚ 40 ਤੋਂ 50 ਹਜ਼ਾਰ ਵੋਟ ਮੰਨੀ ਜਾਂਦੀ ਹੈ। ਇਸ ਤੋਂ ਪਹਿਲਾਂ ਡੇਰੇ ਦੇ ਰਾਜਨੀਤਕ ਵਿੰਗ ਵਲੋਂ ਚੋਣਾਂ ਤੋਂ ਇਕ ਦਿਨ ਪਹਿਲਾਂ ਰਾਤੋ-ਰਾਤ ਆਪੋ-ਆਪਣੇ ਪੈਰੋਕਾਰਾਂ ਨੂੰ ਸੁਨੇਹੇ ਭੇਜ ਕੇ ਵਿਸ਼ੇਸ਼ ਪਾਰਟੀ ਜਾਂ ਵਿਸ਼ੇਸ਼ ਉਮੀਦਵਾਰ ਨੂੰ ਵੋਟ ਭੁਗਤਾਉਣ ਬਾਰੇ ਸੰਦੇਸ਼ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਹੁਣ ਸਥਿਤੀ ਬਦਲ ਚੁੱਕੀ ਹੈ। ਡੇਰੇ ਦਾ ਰਾਜਨੀਤਕ ਵਿੰਗ ਭੰਗ ਕਰ ਦਿੱਤਾ ਗਿਆ ਹੈ। ਡੇਰੇ ਦੀ ਵੋਟ ਹੁਣ ਕਿਸ ਨੂੰ ਭੁਗਤਾਈ ਜਾਵੇਗੀ ਜਾਂ ਨਿਰਪੱਖਤਾ ਰੱਖੀ ਜਾਏਗੀ, ਇਸ ਵੱਲ ਸਭ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਡੇਰਾ ਮੁਖੀ ਇਸ ਸਮੇਂ ਜੇਲ੍ਹ 'ਚ ਹੋਣ ਕਾਰਨ ਸਥਿਤੀ ਬੇਸ਼ੱਕ ਸਪੱਸ਼ਟ ਨਹੀਂ ਹੋ ਰਹੀ, ਪਰ ਸਿਆਸੀ ਹਲਕਿਆਂ ਅਨੁਸਾਰ ਇਕ ਵਿਸ਼ੇਸ਼ ਕਾਰਨ ਡੇਰੇ ਦੀ ਵੋਟ ਦਾ ਵੱਡਾ ਹਿੱਸਾ ਭਾਜਪਾ ਨੂੰ ਭੁਗਤਾਇਆ ਜਾ ਸਕਦਾ ਹੈ। ਪਾਰਟੀ ਅੰਦਰ ਇਸ ਗੱਲ 'ਤੇ ਕਾਫ਼ੀ ਮੰਥਨ ਹੋਇਆ ਹੈ ਕਿ ਜੇ ਪਿੰਡਾਂ 'ਚ ਕਿਸਾਨ ਜਥੇਬੰਦੀਆਂ ਦੀ ਵਿਰੋਧਤਾ ਕਾਰਨ ਚੋਣ ਪ੍ਰਚਾਰ ਖੁੱਲ੍ਹ ਕੇ ਨਹੀਂ ਹੋ ਰਿਹਾ ਤਾਂ ਡੇਰਾ ਪ੍ਰੇਮੀ ਇਸ ਪੈਣ ਵਾਲੇ ਖਪੇ ਨੂੰ ਪੂਰਨ 'ਚ ਸਹਾਈ ਹੋ ਸਕਦੇ ਹਨ। ਹੁਣ ਤੱਕ ਦੀਆਂ ਕਨਸੋਆਂ ਅਨੁਸਾਰ ਡੇਰਾ ਸਿਰਸਾ ਦੇ ਪ੍ਰੇਮੀ ਜ਼ਿਆਦਾਤਰ ਪੇਂਡੂ ਹਨ, ਇਸ ਲਈ ਉਹ ਖੁੱਲ੍ਹ ਕੇ ਚੱਲਣ ਦੀ ਥਾਂ ਖ਼ਾਮੋਸ਼ ਰਹਿ ਕੇ ਆਪਣਾ ਰਾਹ ਅਖ਼ਤਿਆਰ ਕਰਨਗੇ। ਅਕਾਲੀ ਦਲ (ਬ) ਤੇ ਅਕਾਲੀ ਦਲ (ਅ) ਦੇ ਉਮੀਦਵਾਰ ਤੇ ਆਗੂ ਇਸ ਡੇਰੇ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ। ਇਸੇ ਤਰ੍ਹਾਂ ਡੇਰਾ ਬਿਆਸ ਨੇ ਕਦੇ ਵੀ ਖੁੱਲ੍ਹੇ ਤੌਰ 'ਤੇ ਕਿਸੇ ਪਾਰਟੀ ਜਾਂ ਉਮੀਦਵਾਰ ਦਾ ਸਮਰਥਨ ਨਹੀਂ ਕੀਤਾ, ਪਰ ਇਸ ਵਾਰ ਭਾਜਪਾ ਇਸ ਡੇਰੇ ਦੀ ਵੋਟ ਪ੍ਰਤੀ ਵੱਧ ਉਤਸ਼ਾਹਿਤ ਨਜ਼ਰ ਆ ਰਹੀ ਹੈ। ਇਸ ਡੇਰੇ ਦਾ ਮਾਲਵਾ ਖੇਤਰ 'ਚ ਵਿਸ਼ੇਸ਼ ਪ੍ਰਭਾਵ ਮੰਨਿਆ ਜਾਂਦਾ ਹੈ। ਡੇਰਾ ਬਿਆਸ ਦੀ ਮਾਲਵੇ ਦੇ ਤਕਰੀਬਨ ਹਰ ਹਲਕੇ 'ਚ 20 ਤੋਂ 30 ਹਜ਼ਾਰ ਵੋਟ ਮੰਨੀ ਜਾਂਦੀ ਹੈ। ਨਾਮਧਾਰੀ ਦਰਬਾਰ ਤੇ ਨਿਰੰਕਾਰੀ ਮਿਸ਼ਨ ਦੇ ਪੈਰੋਕਾਰਾਂ ਦੀ ਗਿਣਤੀ ਵੀ ਅਣਗੌਲੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦੋਵਾਂ ਮਿਸ਼ਨਾਂ ਵਲੋਂ ਕਦੇ ਕਿਸੇ ਉਮੀਦਵਾਰ ਜਾਂ ਪਾਰਟੀ ਵਿਸ਼ੇਸ਼ ਲਈ ਹੁਣ ਤੱਕ ਕੋਈ ਸੰਦੇਸ਼ ਦੇਣ ਦੀ ਪਰੰਪਰਾ ਨਹੀਂ ਰਹੀ, ਪਰ ਇਸ ਵਾਰ ਵੱਖ-ਵੱਖ ਪਾਰਟੀਆਂ ਇਸ ਵੋਟ ਬੈਂਕ ਪ੍ਰਤੀ ਆਸਵੰਦ ਨਜ਼ਰ ਆ ਰਹੀਆਂ ਹਨ।

# ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

## ਹੋਲੇ ਮਹੱਲੇ ਉਪਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਇਲਾਹੀ ਅਨੰਦਪੁਰੀ ਜਾਹੋ-ਜਲਾਲ ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ

## ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆਂ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ








ਕੈਲੀਫੋਰਨੀਆ, (ਸਾਡੇ ਲੋਕ) : ਸੈਨਹੋਜ਼ੇ ਗੁਰਦੁਆਰਾ ਸਾਹਿਬ ’ਚ ਐਤਵਾਰ 21 ਅਪ੍ਰੈਲ 2024 ਨੂੰ ਹੋਲਾ ਮਹੱਲਾ ਮਨਾਇਆ ਗਿਆ। ਹੋਲੇ-ਮਹੱਲੇ ਮੌਕੇ ਗੁਰਦੁਆਰਾ ਸਾਹਿਬ ’ਚ ਹਜ਼ਾਰਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋਈਆਂ। ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਨ ਤੋਂ ਬਾਅਦ ਸੰਗਤਾਂ ਨੇ ਮੁੱਖ ਦੀਵਾਨ ਹਾਲ ’ਚ ਕੀਰਤਨ ਸਰਵਣ ਕੀਤਾ।

ਉਪ੍ਰੰਤ ਗੁਰੂਘਰ ਦੀ ਗਰਾਊਂਡ ’ਚ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਜਥਿਆਂ ਅਤੇ ਸਥਾਨਕ ਸੈਨਹੋਜ਼ੇ ਗੁਰੂਘਰ ਦੇ ਜਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ’ਚ ਦਰਬਾਰ ਸਾਹਿਬ ਦੇ ਹਾਲ ’ਚ ਪੂਰਾ ਦਿਨ ਕਥਾ ਕੀਰਤਨ ਦਾ ਪਰਵਾਹ ਚਲਦਾ ਰਿਹਾ। ਉਥੇ ਸੰਗਤ ਨੇ ਢਾਡੀ ਵਾਰਾਂ, ਗਤਕਾ, ਬਾਲੀਵਾਲ, ਰੱਸਾਕਸ਼ੀ, ਘੋੜ ਸਵਾਰੀ, ਦੌੜਾਂ ਅਤੇ ਹੋਰ ਕਈ ਖੇਡਾਂ ਦਾ ਵੀ ਖੂਬ ਆਨੰਦ ਲਿਆ। ਕਈ ਅਲੱਗ-ਅਲੱਗ ਪਰਿਵਾਰਾਂ ਅਤੇ ਸੰਗਠਨਾਂ ਵੱਲੋਂ ਲਗਾਏ ਗਏ ਸਵਾਦਿਸ਼ਟ ਲੰਗਰਾਂ ਦਾ ਆਨੰਦ ਲਿਆ। ਇਸ ਦੌਰਾਨ ਛੋਲੇ-ਭਟੂਰੇ, ਗਾਰਲਿਕ ਨਾਨ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਬਦਾਮ, ਆਈ ਕਰੀਮ, ਤਾਜ਼ੇ ਗੰਨੇ ਦੇ ਰਸ ਸਮੇਤ ਕਈ ਤਰ੍ਹਾਂ ਦੇ ਲੰਗਰ ਪਰੋਸੇ ਗਏ। ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਛੋਟੇ ਬੱਚਿਆਂ ’ਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਗੁਰਦੁਆਰਾ ਪ੍ਰਬੰਧਨ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਨੌਜਵਾਨਾਂ ਨੂੰ ਪੁਰਸਕਾਰ ਦਿੱਤੇ ਗਏ।

ਕੈਲੀਫੋਰਨੀਆ ਗਤਕਾ ਦਲ ਨਿਹੰਗ ਸਿੰਘ ਬਾਣੇ ’ਚ ਆਨੰਦਪੁਰ ਸਾਹਿਬ ਵਰਗਾ ਮਾਹੌਲ ਬਣਾਇਆ। ਖਾਲਸਾ ਸਕੂਲ ਦੇ ਕਾਰ ਸੇਵਕਾਂ ਨੇ ਬੱਚਿਆਂ ਦੇ ਲਈ ਖੇਡਾਂ ਦਾ ਪ੍ਰਬੰਧਕ ਕੀਤਾ ਸੀ। ਰੱਸਾਕਸ਼ੀ ਅਤੇ ਹੋਰ ਖੇਡਾਂ ’ਚ ਸਾਰੇ ਮੌਜੂਦ ਸਨ ਅਤੇ ਸਾਰਿਆਂ ਨੇ ਇਸ ਦਾ ਆਨੰਦ ਲਿਆ।।

ਸੰਗਤਾਂ ਦੇ ਲਈ ਕਈ ਸਟਾਲ ਵੀ ਖਿੱਚ ਦਾ ਕੇਂਦਰ ਰਹੇ, ਅਣਗਿਣਤ ਸਟਾਲ ਲਗਾਏ ਗਏ ਜੋ ਧਰਮ ਸਾਹਿਤ, ਵਪਾਰ ਅਤੇ ਸਮਾਜਿਕ ਉਦੇਸ਼ਾਂ ਦੀ




















# ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

## ਹੋਲੇ ਮਹੱਲੇ ਉਪਰ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਇਲਾਹੀ ਅਨੰਦਪੁਰੀ ਜਾਹੋ-ਜਲਾਲ ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ

## ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆਂ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ




ਜਾਣਕਾਰੀ ਦੇ ਰਹੇ ਸਨ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੇ ਵਲੰਟੀਅਰ ਟੀਮ, ਨਿੱਜੀ ਸੁਰੱਖਿਆ ਅਤੇ ਸੈਨਹੋਜ਼ੇ ਪੁਲਿਸ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਗਈ ਤਾਂ ਜੋ ਹੋਲੇ ਮਹੱਲੇ ਨੂੰ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇ। ਸਥਾਨਕ ਅਤੇ ਰਾਜ ਦੇ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਹੋਲੇ-ਮਹੱਲੇ ਦੀਆਂ ਵਧਾਈਆਂ ਦਿੱਤੀਆਂ।

ਸੈਨਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸੰਗਤ ਨੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ 'ਚ ਮਦਦ ਕੀਤੀ ਅਤੇ ਸੰਗਤਾਂ ਦਾ ਹੋਲੇ-ਮਹੱਲੇ ਮੌਕੇ ਪਹੁੰਚਣ ਲਈ ਧੰਨਵਾਦ ਕੀਤਾ।



















# ਅੱਜ ਦੁਨੀਆ ਦੀਆਂ ਗਲੀਆਂ ਵਿੱਚ ਹੜ੍ਹ ਵਗਦੇ ਸਰਦਾਰਾਂ ਦੇ

## ਸਿੱਖਾਂ ਦੇ ਦੂਜੇ ਘਰ ਕਨੇਡਾ ਸਰੀ ਵਿਖੇ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਉਪਰ ਕਰੀਬ 6 ਲੱਖ ਸੰਗਤਾਂ ਦਾ ਇਤਿਹਾਸਕ ਇਕੱਠ









ਸਰੀ/ਕਨੇਡਾ : ਸਰੀ ਵਿੱਚ ਵਿਸਾਖੀ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਵਿੱਚ ਇਸ ਵਾਰ ਛੇ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਕੇਸਰੀ ਰੰਗ 'ਚ ਰੰਗੇ ਹੋਣ ਦੇ ਅਹਿਸਾਸ ਨਾਲ ਸ਼ਹਿਰ ਦੀ ਫਿਜ਼ਾ ਵਿੱਚ ਗੁਰਬਾਣੀ ਦਾ ਰਸ ਘੁਲਦਾ ਰਿਹਾ। ਧਾਰਮਿਕ ਮਾਨਤਾਵਾਂ ਦੀ ਪਰਵਾਹ ਕੀਤੇ ਬਗੈਰ ਹੋਰ ਧਰਮਾਂ ਤੇ ਫ਼ਿਰਕਿਆਂ (ਗੋਰੇ, ਸਿਆਹ ਕਾਲੇ, ਚੀਨੇ, ਫਿਲਪੀਨੇ, ਹਿੰਦੂ ਤੇ ਮੁਸਲਿਮ) ਦੇ ਲੋਕਾਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਭਾਈਚਾਰਕ ਏਕਤਾ ਦਾ ਸਬੂਤ ਦਿੱਤਾ। ਕਈ ਰਾਜਸੀ ਆਗੂਆਂ ਨੇ ਵੀ ਹਾਜ਼ਰੀ ਭਰੀ ਤੇ ਇਸ ਪਵਿੱਤਰ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਸਵੇਰੇ 9 ਵਜੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਤੋਂ ਅਰਦਾਸ ਕਰਨ ਮਗਰੋਂ ਸ਼ੁਰੂ ਹੋਏ ਨਗਰ ਕੀਰਤਨ ਨੂੰ ਫ਼ੌਜੀ ਦਸਤੇ ਵੱਲੋਂ ਸਲਾਮੀ ਦਿੱਤੀ ਗਈ ਤੇ ਬੈਂਡ ਦੀਆਂ ਧੁਨਾਂ ਨਾਲ ਸਵਾਗਤ ਕੀਤਾ ਗਿਆ। ਮਨਮੋਹਕ ਢੰਗ ਨਾਲ ਸਜਾਏ ਗਏ ਵਾਹਨ (ਫਲੋਟ) ਵਿੱਚ ਬਿਰਾਜਮਾਨ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ, ਜਿਨ੍ਹਾਂ ਤੋਂ ਅੱਗੇ ਗਤਕਾ ਪਾਰਟੀਆਂ ਆਪਣੇ ਜੌਹਰ ਦਿਖਾ ਰਹੀਆਂ ਸੀ। ਇਹ ਨਗਰ ਕੀਰਤਨ ਸ਼ਾਮ ਪੰਜ ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਪੁਲਿਸ, ਸਿਹਤ ਵਿਭਾਗ, ਮਿਉਂਸਿਪੈਲਿਟੀ ਤੇ ਹੋਰ ਵਿਭਾਗਾਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਸੁਚੱਜੇ ਢੰਗ ਨਾਲ ਨਿਭਾਈਆਂ ਗਈਆਂ। ਇਸ ਦੌਰਾਨ 76 ਐਵੇਨਿਊ ਤੇ 128 ਸਟਰੀਟ ਨੂੰ ਜੋੜਦੇ ਐਨਵਿਲ ਵੇਅ 'ਤੇ ਕਿਸੇ ਮਸ਼ੀਨ ਦੇ ਬਿਜਲੀ ਤਾਰਾਂ 'ਚ ਟਕਰਾ ਜਾਣ ਕਾਰਨ ਪੈਦਾ ਹੋਏ ਖ਼ਤਰੇ ਤੋਂ ਬਚਾਅ ਲਈ ਨਗਰ ਕੀਰਤਨ ਨੂੰ ਥੋੜ੍ਹੀ ਦੇਰ ਲਈ ਰੋਕਿਆ ਗਿਆ। ਸਾਰੇ ਰਸਤੇ ਸ਼ਰਧਾਲੂਆਂ ਵੱਲੋਂ ਸਵਾਦੀ ਪਕਵਾਨਾਂ, ਫ਼ਲਾਂ ਤੇ ਤਾਜ਼ੇ ਰਸ ਦੇ ਲੰਗਰ ਲਾਏ ਗਏ ਸਨ। ਵਪਾਰਕ ਅਦਾਰਿਆਂ ਵੱਲੋਂ ਦੋਵੇਂ ਪਾਸਿਆਂ 'ਤੇ ਸਟੇਜਾਂ ਸਜਾਈਆਂ ਗਈਆਂ, ਜਿੱਥੋਂ ਗੁਰਬਾਣੀ ਦੇ ਰਸਭਿੰਨੇ ਪ੍ਰਵਾਹ ਦੇ ਨਾਲ-ਨਾਲ ਬੁਲਾਰਿਆਂ ਵੱਲੋਂ ਸੰਗਤਾਂ ਨੂੰ ਪਵਿੱਤਰ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਨਗਰ ਕੀਰਤਨ ਵਿੱਚ ਸ਼ਾਮਲ ਸੰਗਤ ਦੀ ਰਿਕਾਰਡ ਗਿਣਤੀ ਛੇ ਲੱਖ ਤੋਂ ਵੱਧ ਦੱਸੀ ਜਾ ਰਹੀ ਹੈ, ਪਰ ਰਾਇਲ ਕੈਨੇਡੀਅਨ ਮੌਂਟਿਡ ਪੁਲਿਸ ਵੱਲੋਂ ਸਾਢੇ ਪੰਜ ਲੱਖ ਸ਼ਰਧਾਲੂਆਂ ਦੀ ਪੁਸ਼ਟੀ ਕੀਤੀ ਗਈ ਹੈ।

ਇਸ ਦੌਰਾਨ ਅਮਰੀਕਾ ਤੇ ਕੈਨੇਡਾ ਦੇ ਦੂਜੇ ਸੂਬਿਆਂ ਤੋਂ ਲੋਕ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਪਹੁੰਚੇ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਕਈ ਸੂਬਿਆਂ ਵਿੱਚ ਅਪ੍ਰੈਲ ਮਹੀਨੇ ਨੂੰ 'ਖਾਲਸਾ ਹੈਰੀਟੇਜ ਮਹੀਨੇ' ਵਜੋਂ ਮਾਨਤਾ ਦਿੱਤੀ ਗਈ ਹੈ।









# ਸਾਰੀ ਜ਼ਿੰਦਗੀ ਕੌਮ ਅਤੇ ਕੌਮ ਦੀ ਅਜ਼ਾਦੀ ਲਈ ਲੜਨ ਵਾਲੇ ਕੌਮ ਦਾ ਵਾਹਿਦ ਆਗੂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਮੂਹ ਉਮੀਦਵਾਰਾਂ ਨੂੰ ਈਸਟ ਕੋਸਟ ਦੇ ਸਿੱਖ ਆਗੂਆਂ ਵਲੋਂ ਅਪੀਲ



ਜਿਉਣਾ ਅਣਖ ਨਾਲ ਮਰਨਾ ਸ਼ਾਨ ਨਾਲ
**ਸ੍ਰ. ਸਿਮਰਨਜੀਤ ਸਿੰਘ ਮਾਨ**
ਉਮੀਦਵਾਰ ਲੋਕ ਸਭਾ ਹਲਕਾ ਸੰਗਰੂਰ

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ) ਦੇ ਕੋਆਰਡੀਨੇਟਰ ਸ੍ਰ. ਹਿੰਮਤ ਸਿੰਘ ਵਲੋਂ ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਵਲੋਂ ਅੱਜ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡਹਿੱਲ ਵਿਖੇ ਟਰਾਈ ਸਟੇਟ ਦੀ ਸਮੂਹ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੀ ਹੋਈ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹੱਕ ਵਿੱਚ ਪੰਜਾਬ ਨਿਵਾਸੀਆਂ ਨੂੰ

# ਅਪੀਲ



**ਬੇਨਤੀ ਕਰਤਾ : ਸ੍ਰ. ਹਿੰਮਤ ਸਿੰਘ ਨਿਊਯਾਰਕ ਕੋਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ ਅਤੇ ਸਮੂਹ ਸਿੱਖ ਜਥੇਬੰਦੀਆਂ**

## ਗੁਰੂਆਂ ਸ਼ਹੀਦਾਂ ਅਤੇ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਗੁਰਦੁਆਰਾ ਸਾਹਿਬ ਟਰਲਕ ਕੈਲੀਫੋਰਨੀਆ ਵਿਖੇ ਪ੍ਰੋਗਰਾਮ 28 ਜਨਵਰੀ ਦਿਨ ਐਤਵਾਰ ਨੂੰ




ਟਰਲਕ/ਕੈਲੀਫੋਰਨੀਆਂ : ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ 'ਚ ਸ੍ਰੀ ਅਖੰਡਪਾਠ ਸਾਹਿਬ ਕਰਵਾਇਆ ਜਾ ਰਿਹਾ ਹੈ। ਅਖੰਡਪਾਠ ਸਾਹਿਬ ਦੀ ਅਰੰਭਤਾ 26 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸਵੇਰੇ 10.00 ਵਜੇ ਹੋਵੇਗੀ ਅਤੇ 28 ਅਪ੍ਰੈਲ ਦਿਨ ਐਤਵਾਰ ਨੂੰ 10.00 ਵਜੇ ਭੋਗ ਪਾਏ ਜਾਣਗੇ। ਉਪਰੰਤ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹਾਜ਼ਰੀਆਂ ਭਰਕੇ ਗੁਰੂਆਂ ਦੀਆਂ ਪ੍ਰਾਪਤ ਕਰੋ ਜੀ।

## ☬ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਵਾਸਤੇ ਕਣਕ ਭੇਜਣ ਦੀ ☬

# ਅਪੀਲ

ਗੁਰੂ ਪਿਆਰੀ ਸੰਗਤ ਜੀਓ,

ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਇਤਿਹਾਸਕ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਮਨੁੱਖਤਾ ਦਾ ਸਰਬਸਾਂਝਾ ਅਤੇ ਸਿੱਖ ਕੌਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਪਾਵਨ ਅਸਥਾਨ ਵਿਖੇ 'ਲੰਗਰ ਸ੍ਰੀ ਗੁਰੂ ਰਾਮਦਾਸ ਜੀ' ਵਿਚ ਲੱਖਾਂ ਸੰਗਤਾਂ ਪ੍ਰਸ਼ਾਦਾ ਛਕ ਕੇ ਨਿਹਾਲ ਹੁੰਦੀਆਂ ਹਨ।

ਮਨੁੱਖੀ ਏਕਤਾ ਤੇ ਬਰਾਬਰੀ ਦਾ ਪ੍ਰਤੀਕ ਇਹ ਪਵਿੱਤਰ ਗੁਰੂ ਕਾ ਲੰਗਰ ਸੰਗਤ ਵੱਲੋਂ ਭੇਜੀਆਂ ਰਸਦਾਂ ਤੇ ਮਾਇਆ ਨਾਲ ਹੀ ਚੱਲਦਾ ਹੈ। ਇਸ ਪ੍ਰਥਾਏ ਸਮੂਹ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਲਈ ਆਪਣੀ ਕਿਰਤ ਕਮਾਈ ਵਿੱਚੋਂ ਸਮਰੱਥਾ ਮੁਤਾਬਕ ਕਣਕ, ਹੋਰ ਰਸਦਾਂ ਅਤੇ ਮਾਇਆ ਭੇਜ ਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਨੋਟ: ਸ੍ਰੀ ਗੁਰੂ ਰਾਮਦਾਸ ਜੀ ਲੰਗਰ ਦੇ ਨਾਮ 'ਤੇ ਕਿਸੇ ਨੂੰ ਵੀ ਰਸਦਾਂ ਇਕੱਠੀਆਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਦਾਨੀ ਸੱਜਣ ਮਾਇਆ ਅਤੇ ਰਸਦਾਂ ਦੀ ਰਸੀਦ ਜ਼ਰੂਰ ਪ੍ਰਾਪਤ ਕਰਨ।**

ਗੁਰੂ ਪੰਥ ਦਾ ਦਾਸ, **ਐਡਵੋਕੇਟ ਹਰਜਿੰਦਰ ਸਿੰਘ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

# 29 ਅਪ੍ਰੈਲ 1986 : ਖਾਲਿਸਤਾਨ ਐਲਾਨਨਾਮਾ ਦਿਹਾੜੇ ਦਾ 39ਵਾਂ ਵਰ੍ਹਾ

## ਪੰਥਕ ਕਮੇਟੀ ਦੇ ਪੰਜ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਤੇ ਕੀਤਾ ਸੀ ਖਾਲਿਸਤਾਨ ਦਾ ਐਲਾਨਨਾਮਾ



- ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ
- ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ
- ਸ਼ਹੀਦ ਭਾਈ ਅਰੂੜ ਸਿੰਘ
- ਭਾਈ ਵੱਸਣ ਸਿੰਘ ਜੱਫਰਵਾਲ
- ਭਾਈ ਧੰਨਾ ਸਿੰਘ

**350,000 ਤੋਂ ਵੱਧ ਸਿੰਘ ਸਿੰਘਣੀਆਂ ਨੇ ਸ਼ਹਾਦਤਾਂ ਦਿੱਤੀਆਂ**



ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ



ਸ਼ਹੀਦ ਭਾਈ ਗੁਰਬਚਨ ਸਿੰਘ ਮਾਨੋਚਾਹਲ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ



ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ



ਸ਼ਹੀਦ ਜਥੇਦਾਰ ਅਰੂੜ ਸਿੰਘ



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ



ਸ਼ਹੀਦ ਭਾਈ ਹਰਪ੍ਰੀਤ ਸਿੰਘ ਨਿੱਝਰ



ਸ਼ਹੀਦ ਭਾਈ ਅਵਤਾਰ ਸਿੰਘ ਖੰਡਾ

**ਜਿਨ੍ਹਾਂ ਨੂੰ ਪਾਕਿਸਤਾਨ, ਕੈਨੇਡਾ ਅਤੇ ਯੂਕੇ ’ਚ ਸ਼ਹੀਦ ਕੀਤਾ ਗਿਆ। ਅੰਤਰ ਰਾਸ਼ਟਰੀ ਸ਼ਹਾਦਤਾਂ ਪਾਉਣ ਵਾਲੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਅਸੀਂ ਕੋਟਿਨ ਕੋਟਿਨ ਪ੍ਰਣਾਮ ਕਰਦੇ ਹਾਂ।**

**ਇਸ ਬਾਰੇ ‘ਸਾਡੇ ਲੋਕ’ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਸ੍. ਹਰਮਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਅਜ਼ਾਦੀ ਲਈ ਦੇਰ ਹੋ ਸਕਦੀ ਹੈ ਪਰ ਸਿੱਖਾਂ ਨੂੰ ਆਪਣੇ ਕਾਤਲਾਂ, ਬਲਾਤਕਾਰੀਆਂ ਤੋਂ ਅਲੱਗ ਹੋਣ ਲਈ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ 1986 ’ਚ ਸਰਕਾਰ ਦੇ ਦੁਮਝਲੇ ਮੁੱਖ ਮੰਤਰੀ ਬਰਨਾਲੇ ਨੇ ਖਾਲਿਸਤਾਨ ਐਲਾਨਨਾਮੇ ਤੋਂ ਬਾਅਦ ਸਿੱਖਾਂ ਤੇ ਜੁਲਮ ਕੀਤਾ ਅਤੇ ਉਸ ਸਮੇਂ ਦਰਬਾਰ ਸਾਹਿਬ ਨੂੰ ਸੀ.ਆਰ.ਪੀ. ਅਤੇ ਪੁਲਿਸ ਨੇ ਘੇਰਾ ਪਾ ਲਿਆ ਅਤੇ 29 ਅਪ੍ਰੈਲ ਦੀ ਸਾਰੀ ਰਾਤ ਗੋਲੀ ਚਲਾਉਂਦੇ ਰਹੇ ਕਿਉਂਕਿ ਅੰਦਰ ਸਾਰੀਆਂ ਸੰਗਤਾਂ ਨਿਕਾਰੀਆਂ ਸਤ ਕਿਸੇ ਕੋਲ ਹਥਿਆਰ ਨਹੀਂ ਸੀ। ਇਸ ਕਰਕੇ ਸੰਗਤਾਂ ਨੇ ਅਰਦਾਸ ਕੀਤੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੰਜ ਸਿੰਘਾਂ ਨੇ ਹੁਕਮ ਕੀਤਾ। ਕੀ ਸ਼ਹਾਦਤ ਪਾਉਣ ਦਾ ਕੋਈ ਫਾਇਦਾ ਨਹੀਂ। ਬਿਨਾਂ ਹਥਿਆਰ ਲੜਨਾ ਠੀਕ ਨਹੀਂ। ਇਸ ਲਈ ਫੈਸਲਾ ਕੀਤਾ ਗਿਆ ਕਿ ਗ੍ਰਿਫ਼ਤਾਰੀ ਦਿੱਤੀ ਜਾਵੇ ਅਤੇ ਅੰਦਰੋਂ ਅਲਾਊਂਸਮੈਂਟ ਤੋਂ ਬਾਅਦ ਮੰਗ ਕੀਤੀ ਗਈ ਕਿ ਗੱਲਬਾਤ ਕਰਨ ਨਾਲ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਨੂੰ ਭੇਜਿਆ ਜਾਵੇ। ਉਸ ਸਮੇਂ ਦੇ ਐਸ.ਐਸ.ਪੀ. ਸਰਬਜੋਤ ਸਿੰਘ ਵਿਰਕ ਅਤੇ DGP Julio ਰਿਬੇਰੋ ਜੋ ਸਰਕਾਰੀ ਅਪ੍ਰੇਸ਼ਨ ਦੀ ਅਗਵਾਈ ਕਰ ਰਹੇ ਸਨ, ਸਾਹਮਣੇ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਉਸ ਰਾਤ ਨੂੰ ਮਾਲਮੰਡੀ ਦੇ ਇੰਟਰੋਗੇਸ਼ਨ ਸੈਂਟਰ ਅੰਮ੍ਰਿਤਸਰ ਜਿਸ ਨੂੰ ਸਿੱਖਾਂ ਲਈ ਬੁਚੜਖਾਨਾ ਕਿਹਾ ਜਾਂਦਾ ਸੀ ਰੋਇਆ ਗਿਆ ਅਤੇ ਦੂਸਰੇ ਦਿਨ ਜ਼ਿਲ੍ਹਾ ਵਾਈਜ਼ ਜੇਲ੍ਹਾਂ ’ਚ ਭੇਜ ਦਿੱਤਾ ਗਿਆ। ਫੜੇ ਗਏ ਸਿੰਘਾਂ ਵਿਚ ਭਾਈ ਜਗਦੀਸ਼ ਸਿੰਘ ਭੋਲਾ ਅਤੇ ਭਾਈ ਵੱਸਣ ਸਿੰਘ ਸਖੀਰਾ ਨੂੰ ਸੰਗਰੂਰ ਜੇਲ੍ਹ ’ਚ ਸ਼ਹੀਦ ਕਰ ਦਿੱਤਾ ਗਿਆ ਅਤੇ ਨਾਭੇ ਜੇਲ੍ਹ ’ਚ 1 ਜਨਵਰੀ 1987 ਨੂੰ ਭਾਈ ਬਲਵਿੰਦਰ ਸਿੰਘ ਲੁਹਾਰਾ ਨੂੰ ਸ਼ਹੀਦ ਕਰ ਦਿੱਤਾ ਗਿਆ। ਫਿਰ ਭਾਈ ਰਾਮ ਸਿੰਘ ਦਾਊਂ ਕਲਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਅੰਦਰ ਸਿੰਘਾਂ ਨੇ ਭੁੱਖ ਹੜਤਾਲ ਰੱਖ ਦਿੱਤੀ। ਇਸੇ ਹੀ ਜੇਲ੍ਹ ’ਚ ਪੰਥ ਦੇ ਮਹਾਨ ਜਰਨੈਲ ਭਾਈ ਮਨਵੀਰ ਸਿੰਘ ਚਹੇੜੂ ਅਤੇ ਭਾਈ ਤਰਸੇਮ ਸਿੰਘ ਕੁਹਾੜ ਬੰਦ ਸਨ, ਜਿਨ੍ਹਾਂ ਨੂੰ ਜਾਲਮ ਹੁਕਮਰਾਨ ਨੇ ਵੀ ਸ਼ਹੀਦ ਕਰ ਦਿੱਤਾ। ਅੱਜ ਅਸੀਂ 1986 ਨੂੰ ਹੋਏ ਸਰਬੱਤ ਖਾਲਸਾ ਅਤੇ ਖਾਲਿਸਤਾਨ ਡੈਕਲਾਰੇਸ਼ਨ ਦੀ ਯਾਦ ਨੂੰ ਸਮਰਪਿਤ ਸਿਰਜਦ ਕਰ ਰਹੇ ਹਾਂ।**



ਸ. ਹਰਮਿੰਦਰ ਸਿੰਘ ਸਮਾਣਾ ਅਮਰੀਕਾ ਦੇ ਉਘੇ ਸਿੱਖ ਆਗੂ

**ੴ ਵਾਹਿਗੁਰੂ ਜੀ ਕੀ ਫਤਹਿ**
**ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ**
**ਪੰਥਕ ਪੰਜ ਮੈਂਬਰੀ ਕਮੇਟੀ**

1699 ਈ. ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਹੋਇਆ ਪੰਥ ਖਾਲਸਾ ਇਕ ਵਾਰ ਮੁੜ ਫੇਰ ‘ਧਰਿ ਤੇਜ ਕਰਾਰਾ’ ਗੁਰੂ ਜੀ ਦੇ ਬਖਸ਼ ਹੋਏ ‘ਰਾਜ ਕਰੇਗਾ ਖਾਲਸਾ’ ਦਾ 26 ਜਨਵਰੀ 1986 ਦੇ ‘ਸਰਬੱਤ ਖਾਲਸਾ’ ਦੁਆਰਾ ਸਾਜੀ ਹੋਈ ਪੰਜ ਮੈਂਬਰੀ ਪੰਥਕ ਕਮੇਟੀ ਰਾਹੀਂ, ‘ਖਾਲਿਸਤਾਨ’ ਦਾ ਸਿੱਖ ਸੰਗਤਾਂ ਦਾ ਸੁਪਨਾ ਸਕਾਰ ਕਰਦਾ ਹੈ।

ਅੱਜ ਦੇ ਸੁਭਾਗੇ ਦਿਹਾੜੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਾਰੀ ਦੁਨੀਆਂ ਅਤੇ ਸਾਰੇ ਮੁਲਕਾਂ ਦੀਆਂ ਸਰਕਾਰਾਂ/ਹਕੂਮਤਾਂ ਦੇ ਸਾਹਮਣੇ ਐਲਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਸੂਚਿਤ ਕਰਦਾ ਹੈ ਕਿ ਅੱਜ ਤੋਂ ਖਾਲਸਾ ਪੰਥ ਦਾ ਆਪਣਾ ਘਰ ‘ਖਾਲਿਤਸਾਨ’ ਹੋਵੇਗਾ, ਇਥੇ ਸਿੱਖਾਂ ਦੇ ਬੋਲਬਾਲੇ, ਝੰਡੇ, ਬੁੰਗੇ ਅਤੇ ਚੌਕੀਆਂ ਸਦਾ ਲਈ ਅਟੱਲ ਰਹਿਣਗੀਆਂ। ਇਥੇ ਸਰਬੱਤ ਦਾ ਭਲਾ ਮੰਗਣ ਵਾਲਿਆਂ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲਿਆਂ ਦਾ ਰਾਜ ਭਾਗ ਉਤੇ ਪੂਰਾ ਕੰਟਰੋਲ ਹੋਵੇਗਾ।

‘ਖਾਲਿਸਤਾਨ’ ਦਾ ਨਾਅਰਾ ਜੋ ਕਈ ਸਾਲਾਂ ਤੋਂ ਸਿੱਖ ਸੰਗਤਾਂ ਅਤੇ ਸਿੱਖ ਨੌਜਵਾਨਾਂ ਦੇ ਹਿਰਦਿਆਂ ਨੂੰ ਟੁੰਬਦਾ ਚਲਿਆ ਆ ਰਿਹਾ ਹੈ ਅਤੇ ਜਿਸ ਦੀ ਨੀਂਹ ਰੱਖਣ ਦਾ ਜ਼ਿਕਰ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ 3 ਜੂਨ 1984 ਨੂੰ ਸਾਹਿਬ ਸ੍ਰੀ ਦਰਬਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਉਪਰ ਭਾਰਤ ਦੀ ਹਿੰਦੂ ਸਰਕਾਰ ਵਲੋਂ ਫੌਜੀ ਹਮਲੇ ਆਰੰਭ ਸਮੇਂ ਕੀਤਾ ਸੀ। ਸਿੱਖ ਸੰਗਤਾਂ ਨੇ ਇਸ ਵਿਚਾਰ ਦੀ ਬੜੇ ਹਰਸ ਅਤੇ ਉਲਾਸ ਨਾਲ 13 ਅਪ੍ਰੈਲ 1984 ਨੂੰ ਸੱਦੇ ਗਏ ਸਰਬੱਤ ਖਾਲਸਾ ਦੇ ਸਮੇਂ ਪ੍ਰੌੜਤਾ ਕੀਤੀ ਸੀ। ਸਿੱਖ ਸੰਗਤਾਂ ਆਪਣੀ ਰੋਜ਼ ਦੀ ਅਰਦਾਸ ਸਮੇਂ ‘ਰਾਜ ਕਰੇਗਾ ਖਾਲਸਾ’ ਦਾ ਸੰਕਲਪ ਦੁਹਰਾਉਂਦੀਆਂ ਹਨ, ਪਰ ਅੱਜ ਗੁਰੂ ਦੀ ਅਪਾਰ ਕਿਰਪਾ ਦੁਆਰਾ ਉਹ ‘ਖਾਲਿਤਸਾਨ’ ਦਾ ਸੰਕਲਪ ਮੂਰਤੀਮਾਨ ਕੀਤਾ ਜਾ ਰਿਹਾ ਹੈ। ਦਮਦਮੀ ਟਕਸਾਲ ਵਲੋਂ ਸੱਦੇ ਗਏ ਸਰਬੱਤ ਖਾਲਸਾ ਸਮੇਂ ਸਥਾਪਤ ਕੀਤੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਅੱਜ ‘ਖਾਲਿਸਤਾਨ’ ਦਾ ਐਲਾਨ ਕਰਦੀ ਹੈ।

ਖਾਲਸਾ ਪੰਥ ਅਤੇ ਸਭ ਸਿੱਖ ਸੰਗਤਾਂ ਸਿੰਘਾਂ ਸਿੰਘਣੀਆਂ ਅਤੇ ਮਾਈ-ਭਾਈ ਨੂੰ ਖਾਲਸਾ ਜੀ ਦਾ ਇਹ ਆਦੇਸ਼ ਸੁਣਾਇਆ ਜਾਂਦਾ ਹੈ ਤਾਂ ਜੋ ਅਸੀਂ ਸਾਰੇ ਆਪਣੀ-ਆਪਣੀ ਥਾਂ ਅਤੇ ਆਪਣੀ-ਆਪਣੀ ਸਥਿਤੀ ਮੁਤਾਬਕ ਇਸ ਸ਼ੁਭ ਕਾਰਜ ਦੀ ਪੂਰਤੀ ਲਈ ਆਪਣਾ ਤਨ, ਮਨ, ਧਨ ਅਰਪੀ ਬਣ ਕੇ ਗੁਰ ਸਾਖੀ ਪਰਵਾਨ ਚੜ੍ਹ ਸਕੀਏ।

‘ਮਰਣੁ ਮੁਣਸਾ ਸੂਰਿਆ ਹਕ ਹੈ, ਜੋ ਹੋਇ ਮਰਣੁ ਪਰਵਾਣੋ’ ਦੇ ਕਥਨ ਅਨੁਸਾਰ ਹਰ ਕੁਰਬਾਨੀ ਤੇ ਘਾਲਣਾ ਲਈ ਤਿਆਰ-ਬਰ-ਤਿਆਰ ਰਹਿਣ ਦਾ ਇਕ ਬਿਗਲ ਅੱਜ ਪੰਜ ਮੈਂਬਰੀ ਪੰਥਕ ਕਮੇਟੀ ਸੰਗਤਾਂ ਨੂੰ ਦਿੰਦੀ ਹੈ।

ਖਾਲਸਾ ਪੰਥ ਦਾ ਮਨਸਾ ਪ੍ਰੇਮ ਅਤੇ ਪਿਆਰ ਨਾਲ ਗੁਰੂ ਜੀ ਦੀ ਮਿਹਰ ਨਾਲ ਕਾਰਜ ਸਿੱਧੀ ਕਰਨਾ ਹੈ। ਸਾਡਾ ‘ਨਾ ਕੋ ਵੈਰੀ ਨਹੀ ਬਿਗਾਨੇ ਸਗਲ ਸੰਗਿ ਹਮ ਕੋ ਬਣ ਆਈ’ ਦਾ ਪ੍ਰੋਗਰਾਮ ਹੈ। ਅਸੀਂ ਕੋਈ ਉਥਲ ਪੁੱਥਲ ਕਰਨ ਅਤੇ ਅਜਾਈਂ ਲਹੂ ਡੋਲ੍ਹਣ ਦੇ ਹੱਕ ਵਿਚ ਨਹੀਂ ਅਤੇ ਦੂਸਰਿਆਂ ਪਾਸੋਂ ਭੀ ਇਹੋ ਆਸ ਕਰਦੇ ਹਾਂ। ਭਾਰਤ ਦੀ ਹਿੰਦੂ ਬਹੁ-ਗਿਣਤੀ ਅਤੇ ਸਰਕਾਰ ਦੇ ਸਾਹਮਣੇ ਸਾਰੇ ਮਸਲੇ ਗੱਲਬਾਤ ਰਾਹੀਂ ਨਜਿੱਠਣ ਲਈ ਆਪਣਾ ਸੰਕਲਪ ਜਾਹਿਰ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਸਰਕਾਰ ਬ੍ਰਹਮਣਵਾਦ ਦੀ ਕੁਟਲ ਸਿੱਖ ਵਿਰੋਧੀ ਨੀਤੀ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਅਸਲੀਅਤ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰੇਗੀ ਅਤੇ ‘ਖਾਲਿਸਤਾਨ’ ਦੀ ਹੋਂਦ ਨੂੰ ਮਾਨਤਾ ਦੇਵੇਗੀ, ਇਹੋ ਹੀ ਭਾਰਤ ਦਾ ਅਸਲੀ ਸਤਿਆਗ੍ਰਹਿ ਹੋਵੇਗਾ।

**ਰਾਜਸੀ ਮਾਨਤਾ**

ਖਾਲਸਾ ਪੰਥ ਦੁਨੀਆਂ ਦੀਆਂ ਸਭ ਸਰਕਾਰਾਂ/ਹਕੂਮਤਾਂ ਪਾਸੋਂ ਖਾਸ ਕਰਕੇ ਅਮਰੀਕਾ (ਯੂ.ਐਸ.ਏ.) ਇੰਗਲੈਂਡ, ਪਾਕਿਸਤਾਨ, ਚੀਨ, ਕੈਨੇਡਾ, ਵੈਸਟ ਜਰਮਨੀ ਅਤੇ ਵਾਰਸਾ ਸੰਧੀ ਦੇਸ਼ਾਂ ਇਟਲੀ, ਫਰਾਂਸ, ਜਾਪਾਨ, ਸ੍ਰੀਲੰਕਾ, ਨੇਪਾਲ, ਬਰਮਾ, ਭੂਟਾਨ, ਬੰਗਲਾ ਦੇਸ਼, ਇਰਾਨ, ਇਰਾਕ, ਸਾਊਦੀ ਅਰਬ, ਇਜਰਾਈਲ, ਇਕਵਾਡੋਰ ਆਦਿ ਸਭ ਸਰਕਾਰਾਂ ਪਾਸੋਂ ਰਾਜਸੀ ਮਾਨਤਾ ਦੀ ਮੰਗ ਕਰਦੀ ਹੈ। ਯੂ.ਐਨ.ਓ. ਅਤੇ ਉਸ ਦੇ ਸਾਰੇ ਮੈਂਬਰ ਦੇਸਾਂ ਤੋਂ ਵੀ ਅਸੀਂ ਰਾਜਸੀ ਮਾਨਤਾ ਦੀ ਮੰਗ ਕਰਦੇ ਹਾਂ। ਯੂ.ਐਨ.ਓ. ਪਾਸ ਅਸੀਂ ‘ਖਾਲਿਤਸਾਨ’ ਸਬੰਧੀ ਸਿਆਸੀ, ਫੌਜੀ ਅਤੇ ਮਨੁੱਖੀ ਅਧਿਕਾਰਾਂ ਦੇ ਪੈਦਾ ਹੋਏ ਅਤੇ ਪੈਦਾ ਹੋਣ ਵਾਲੇ ਮਸਲਿਆਂ ਵਿਚ ਵੀ ਸਹਾਇਤਾ ਦੀ ਮੰਗ ਕਰਦੇ ਹਾਂ।




ਅਸੀਂ ਆਸ ਰੱਖਦੇ ਹਾਂ ‘ਖਾਕਿਸਤਾਨ’ ਦੀ ਨਵੀਂ ਬਣਨ ਵਾਲੀ ਸਰਕਾਰ ਛੇਤੀ ਤੋਂ ਛੇਤੀ ਹੋਂਦ ਵਿਚ ਆ ਜਾਵੇਗੀ ਪਰ ਇਹ ਰਾਜਸੀ ਮਾਨਤਾ ਦੀ ਮੰਗ ਪੰਥ ਆਪਣੀ ਇਸ ਸਰਕਾਰ ਵਲੋਂ ਹੀ ਮੰਗ ਰਿਹਾ ਹੈ ਤਾਂ ਜੋ ਮਾਨਤਾ ਦੀ ਦੇਰੀ ਕਾਰਨ ਪੈਦਾ ਹੋਣ ਵਾਲੇ ਮਸਲੇ ਖੜ੍ਹੇ ਹੋਣ ਤੋਂ ਪਹਿਲਾਂ ਹੀ ਰੋਕੇ ਜਾ ਸਕਣ। ਭਾਰਤ ਸਰਕਾਰ ਤੋਂ ਮਾਨਤਾ ਦੀ ਮੰਗ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ ਤਾਂ ਜੋ ਚੰਗੇ ਗੁਆਂਢੀਆਂ ਵਾਲਾ ਵਾਤਾਵਾਰਣ ਮੌਜੂਦ ਪੰਜਾਬ ਅਤੇ ਸਰਕਾਰ ਭਾਰਤ ਵਿਚ ਅਮਨ ਚੈਨ, ਭਾਈ ਭਰੇਪਣ ਅਤੇ ਸਹਿਨਸ਼ੀਲਤਾ ਨੂੰ ਉਭਾਰੇ ਅਤੇ ਅਜੋਕੇ ਸਮੇਂ ਦੀ ਕੁੜੱਤਣ ਸਮਾਪਤ ਕੀਤੀ ਜਾ ਸਕੇ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ‘ਖਾਲਿਸਤਾਨ’ ਦੇ ਹੋਂਦ ਵਿਚ ਆ ਜਾਣ ਨਾਲ ਸਾਰੀਅ ਲੋੜੀਂਦੀਆਂ ਰਾਜਸੀ, ਫੌਜੀ ਅਤੇ ਸਿਆਸੀ ਕਾਰਵਾਈਆਂ ਕਰੇ, ਜਿਸ ਤਰ੍ਹਾਂ ਕਿ ਫੌਜੀ ਕਬਜ਼ਾ ਖਤਮ ਕਰਨਾ ਅਤੇ ਸਾਰੇ ਜਾਹਰਾਨਾ ਫੌਜੀ ਅਤੇ ਨੀਮ ਫੌਜੀ ਦਸਤਿਆਂ ਨੂੰ ਕੱਢਣਾ। ਸਰਕਾਰੀ ਪ੍ਰਬੰਧਕ ਢਾਂਚੇ ਨੂੰ ‘ਖਾਲਿਤਸਾਨ’ ਆਦੇਸ਼ ਮੰਨਣ ਦੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ।

‘ਖਾਲਿਸਤਾਨ’ ਮੌਜੂਦਾ ਤਰਜ-ਏ-ਹਕੂਮਤ/ਪ੍ਰਬੰਧਕੀ ਬੰਨ੍ਹਣ ਵਿਚ ਫਿਲਹਾਲ ਕੋਈ ਵੱਡੀ ਤਬਦੀਲੀ ਨਹੀਂ ਕਰਨੀ ਚਾਹੁੰਦਾ ਤਾਂ ਜੋ ਰੋਜ਼ ਦੇ ਕੰਮਾਂ ਕਾਰਾਂ ਵਿਚ ਵਿਘਨ ਨਾ ਪਵੇ। ਸਿਰਫ਼ ਪੰਜਾਬ ਸਰਕਾਰ/ਭਾਰਤ ਸਰਕਾਰ ਦੀਆਂ ਮੋਹਰਾਂ ‘ਖਾਲਿਤਸਾਨ’ ਵਿਚ ਬਦਲ ਜਾਣਗੀਆਂ।

ਸਿੱਖ ਸੰਗਤਾਂ ਨੂੰ ਖਾਸ ਕਰਕੇ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਸਬਰ ਅਤੇ ਸਹਿਨਸ਼ੀਲਤਾ ਤੋਂ ਕੰਮ ਲੈਣ। ਸਰਕਾਰੀ ਕਰਮਚਾਰੀਆਂ ਅਤੇ ਸਿੱਖ ਫੌਜੀਆਂ ਅਤੇ ਹਰ ਤਰ੍ਹਾਂ ਦੇ ਸਰਕਾਰੀ/ਨੀਮ ਸਰਕਾਰੀ ਮੁਲਾਜ਼ਮਾਂ ਨੂੰ ਪੰਥ ਦੇ ਸਪਸ਼ਟ ਹੁਕਮਾਂ ਦੀ ਇੰਤਜ਼ਾਰ ਕਰਨੀ ਚਾਹੀਦੀ ਹੈ ਅਤੇ ਕਿਸੇ ਕਿਸਮ ਦੀ ਭੜਕਾਹਟ ਵਿਚ ਆਏ ਬਗੈਰ ਆਪਣੀ ਡਿਊਟੀ ਇਮਾਨਦਾਰੀ ਅਤੇ ਨਿਯਮ ਅਨੁਸਾਰ ਨਿਭਾਉਂਦੇ ਰਹਿਣ। ਇਹ ਅਦੇਸ਼ ਅਤਿ ਜ਼ਰੂਰੀ ਹੈ ਤਾਂ ਜੋ ਖਾਲਸੇ ਦੀ ਮਨਸ਼ਾ ਅਨੁਸਾਰ ਹਰ ਕਿਸਮ ਦੀ ਉਥਲ ਪੁਥਲ ਤੋਂ ਬਚਿਆ ਜਾ ਸਕੇ ਅਤੇ ਸਰਕਾਰੀ ਪ੍ਰਾਪਰਟੀ/ਸਾਧਨਾਂ ਦਾ ਕੋਈ ਨੁਕਸਾਨ ਨਾ ਹੋਵੇ।

‘ਖਲਿਸਤਾਨ’ ਦੀ ਸਰਕਾਰ ਗਠਨ ਕਰਨ ਦਾ ਕੰਮ ਖਾਲਿਸਤਾਨ ਦੇ ਨਿਸ਼ਚਿਤ ਕੀਤੇ ਗਏ ਪ੍ਰਧਾਨ ਮੰਤਰੀ/ਮੁਖੀ ਨੂੰ ਸੌਂਪ ਦਿੱਤਾ ਗਿਆ ਹੈ ਜਿਹੜਾ ਕਿ ਇਸ ਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਪੂਰਾ ਕਰਕੇ ਐਲਾਨ ਕਰ ਦੇਵੇਗਾ।

ਸਭ ਸਿੱਖ ਸਿਆਸੀ ਜਥੇਬੰਦੀਆਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ‘ਖਾਲਿਸਤਾਨ’ ਪ੍ਰਤੀ ਆਪਣੀ ਸਹਿਮਤੀ ਅਤੇ ਵਫਾਦਾਰੀ ਦਾ ਐਲਾਨ ਕਰਕੇ ‘ਖਾਲਿਸਤਾਨ’ ਨੂੰ ਕਾਮਯਾਬ ਬਣਾਉਣ ਵਿਚ ਆਪਣਾ ਪੂਰਾ ਪੂਰਾ ਸਹਿਯੋਗ ਦੇਣ। ਇਸ ਸਮੇਂ ਮਤਭੇਦ ਪਿਛੇ ਪਾ ਕੇ ਪੰਥਕ ਏਕੇ ਦਾ ਸਬੂਤ ਦੇਣਾ ਹਰ ਸਿੱਖ ਦਾ ਫਰਜ਼ ਹੈ

**ਸਮਾਜਿਕ ਢਾਚਾ**

‘ਖਾਲਿਤਸਾਨ’ ਗੁਰੂ ਆਸੇ ਅਨੁਸਾਰ ਆਪਣਾ ਸਮਾਜਿਕ ਢਾਂਚਾ “ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਉ ਮੈ ਸਾਰਾ॥” ਦੇ ਆਧਾਰ ’ਤੇ ਚਲਾਏ। ਮਨੁੱਖਤਾ ਅਤੇ ਪਛੜੇ ਹੋਏ ਪੇਂਡੂ ਸਮਾਜ ਨੂੰ ਵੇਚ ਖਾਣ, ਲੁੱਟ ਖਸੁੱਟ ਦੀ ਆਗਿਆ ਨਹੀਂ ਦੇਵੇਗਾ। ਖਾਲਸਾ ਮੁਨਾਫ਼ਾਖੋਰੀ, ਬਲੈਕ ਮਾਰਕੀਟ, ਮਿਲਾਵਟ ਅਤੇ ਅਜਿਹੇ ਹੋਰ ਸਮਜਿਕ ਤਰੁੱਟੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਨਾ ਹੀ ਲੋਕਾਂ ਨੂੰ ਮਨੋਵਿਗਿਆਨਕ ਢੰਗ ਨਾਲ ਬੌਣੇ ਬਣਾਉਣ ਦੀ ਆਗਿਆ ਦੇਵੇਗਾ।

# 29 ਅਪ੍ਰੈਲ 1986 : ਖਾਲਿਸਤਾਨ ਐਲਾਨਨਾਮਾ ਦਿਹਾੜੇ ਦਾ 39ਵਾਂ ਵਰ੍ਹਾ

## ਪੰਥਕ ਕਮੇਟੀ ਦੇ ਪੰਜ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਤੇ ਕੀਤਾ ਸੀ ਖਾਲਿਸਤਾਨ ਦਾ ਐਲਾਨਨਾਮਾ




ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ ਸ਼ਹੀਦ ਭਾਈ ਚਰਨਜੀਤ ਸਿੰਘ ਚੰਨੀ

ਮਨਮਰਜ਼ੀ ਨਾਲ ਲੋਕ ਰਾਇ ਘੜਣ ਦੀ ਅਖ਼ਬਾਰਾਂ, ਲਿਖਤਾਂ, ਵਿਦਿਆ ਅਤੇ ਪਰਚਾਰ ਦੇ ਦੂਸਰੇ ਸਾਧਨਾਂ ਰਾਹੀਂ ਕਿਸੇ ਇਕ ਫਿਰਕੇ ਜਾਂ ਟੋਲੇ ਨੂੰ ਆਪਣੀ ਕਾਰਜ ਸਿੱਧੀ ਲਈ ਆਗਿਆ ਨਹੀਂ ਦਿੱਤੀ ਜਾਵੇਗੀ।

ਰਾਜ ਦੇ ਉਤੇ ਧਰਮ ਦਾ ਪਹਿਰਾ ਸੰਵਿਧਾਨਕ ਢੰਗ ਨਾਲ ਪਰਪੱਕ ਕਰ ਦਿੱਤਾ ਜਾਵੇਗਾ ਅਤੇ ਸਿੱਖ ਧਰਮ 'ਖਾਲਿਸਤਾਨ' ਦਾ ਸਰਕਾਰੀ ਧਰਮ ਮੰਨਿਆ ਜਾਵੇਗਾ ਅਤੇ ਸਰਕਾਰ ਦਾ ਇਹ ਪਹਿਲਾ ਫਰਜ਼ ਹੋਵੇਗਾ ਕਿ 'ਖਾਲਿਸਤਾਨ' ਵਿਚ ਸਿੱਖੀ ਨੂੰ ਪ੍ਰਫੁੱਲਤ ਕੀਤਾ ਜਾਵੇ।

'ਖਾਲਿਸਤਾਨ' ਦੇ ਰਾਜਸੀ ਅਤੇ ਪ੍ਰਬੰਧਕ ਢਾਂਚੇ ਵਿਚ ਮੁੱਖ ਮਨੋਰਥ ਮਨੁੱਖਤਾ ਦਾ ਭਲਾ ਤੇ ਸਮਾਜ ਦੀ ਸੇਵਾ 'ਬਿਨ ਸੇਵਾ ਧ੍ਰਿਗ ਹਥ ਪੈਰੁ ਹੋਰੁ ਨਿਹਫਲ ਕਰਣੀ' ਮੁਤਾਬਿਕ ਢਾਲਿਆ ਜਾਵੇਗਾ। ਹਰ ਸਿੰਘ ਅਤੇ ਸਿੰਘਣੀਆਂ ਨੂੰ ਆਪਣੀ ਸਮਰੱਥਾ ਮੁਤਾਬਕ ਵੱਧਣ ਫੁੱਲਣ ਅਤੇ ਉਭਰਣ ਦਾ ਸਮਾਨ ਅਵਸਰ ਗਰੰਟੀ ਕੀਤਾ ਜਾਵੇਗਾ। ਵਿਦਿਆ ਦੀ ਘਾਟ ਅਤੇ ਸਮਾਜਿਕ ਪਛੜਾਪਨ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ। ਨਾ ਹੀ ਵਿਦਿਆ ਦੀ ਅਜਾਰੇਦਾਰੀ ਅਤੇ ਮਨਾਪਲੀ ਰਾਹੀਂ ਅਨਪੜ੍ਹਤਾ ਦੇ ਹੱਕ ਖੋਹਣ ਲਈ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੱਤੀ ਜਾਵੇਗੀ। ਜਿਸ ਤਰ੍ਹਾਂ ਕਿ ਅਮੀਰਾਂ ਅਤੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦੇ ਬੱਚੇ ਚੰਗੀ ਵਿਦਿਆ ਪ੍ਰਾਪਤ ਕਰਕੇ ਪੇਂਡੂ ਅਤੇ ਗਰੀਬ ਬੱਚਿਆਂ ਨੂੰ ਪਿਛਾਂਹ ਸੁੱਟ ਦਿੰਦੇ ਹਨ ਅਤੇ ਆਪਣੇ ਹੱਕ ਤੋਂ ਵੱਧ ਕੁਦਰਤ ਦੀਆਂ ਨਿਹਮਤਾ ਮਾਣਦੇ ਹਨ। ਜਦੋਂਕਿ ਪੇਂਡੂ ਅਤੇ ਗਰੀਬਾਂ ਦੇ ਬੱਚੇ ਅਨਪੜ੍ਹਤਾ ਗਰੀਬੀ, ਬੀਮਾਰੀ ਅਤੇ ਪਛੜੇਪੁਣੇ ਦੇ ਪੁਸਤ-ਦਰ-ਪੁਸਤ ਸ਼ਿਕਾਰ ਬਣੇ ਰਹਿੰਦੇ ਹਨ। 'ਖਾਲਿਤਸਾਨ' ਕੁਦਰਤੀ ਨਿਹਮਤਾ ਅਤੇ ਜ਼ਰੂਰੀ ਜ਼ਰੂਰਤਾਂ (Minimum Needs) ਦੀ ਵੰਡ ਮਨੁੱਖੀ ਆਧਾਰਾਂ 'ਤੇ ਕਰਨਾ ਚਾਹੇਗਾ। ਅਜਾਰੇਦਾਰੀ ਅਤੇ ਸਰਮਾਏਦਾਰੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚਣੀ ਉਤੇ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਇਸ ਦੇ ਉਲਟ ਹਰ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰੱਥਾ ਮੁਤਾਬਕ ਵਧਣ ਫੁੱਲਣ 'ਤੇ ਕੋਈ ਰੋਕ ਨਹੀਂ ਲਗਾਈ ਜਾਵੇਗੀ।

ਪ੍ਰਬੰਧਕੀ ਕੰਮਕਾਜ ਵਿਚ ਸਮਾਜ ਅਤੇ ਜਨਤਾ ਦੀ ਮਿਲਵਰਤਣ ਅਤੇ ਪੂਰੀ ਸਾਂਝੇਦਾਰੀ ਹੋਵੇਗੀ ਤਾਂ ਜੋ 'ਖਾਲਿਸਤਾਨ' ਵਿਚ ਵੀ ਕਲਰਕ ਬਾਦਸ਼ਾਹ ਪੈਦਾ ਨਾ ਹੋ ਸਕਣ। ਪਿੰਡਾਂ ਦੀ ਪੱਧਰ 'ਤੇ ਉਥੇ ਦੀ ਵੱਸੋਂ ਨੂੰ ਪੂਰੀ ਤਰ੍ਹਾਂ ਦੀਵਾਨੀ, ਫੌਜਦਾਰੀ, ਨਵ-ਉਸਾਰੀ ਅਤੇ ਨਿਆਂ ਅਨੁਸਾਰ ਕਰਨ ਵਿਚ ਭਾਈਚਾਲ ਬਣਾਇਆ ਜਾਵੇਗਾ ਤਾਂ ਜੋ ਝੂਠੇ ਗਵਾਹ ਅਤੇ ਪੁਲਿਸ ਮੁਖਬਰ (ਟਾਊਟ) ਸਚਾਈ ਨੂੰ ਛੁਪਾ ਕੇ ਅਨਿਆਂ ਨਾ ਕਰ ਸਕਣ। ਪਿੰਡਾਂ ਦੀ ਸ਼ਮੂਲੀਅਤ ਅਤੇ ਸਾਂਝੇਦਾਰੀ ਇਕ ਤੋਂ ਵੱਧ ਦੋ ਜਾਂ ਤਿੰਨ ਪੱਧਰ 'ਤੇ ਜਥੇਬੰਦ ਕੀਤੀ ਜਾਵੇਗੀ ਤਾਂ ਜੋ ਅਪੀਲ ਅਤੇ ਦਲੀਲ ਦਾ ਮੌਕਾ ਸਸਤਾ ਅਤੇ ਛੇਤੀ ਪ੍ਰਲਬਦ ਹੋ ਸਕੇ।

'ਖਾਲਿਸਤਾਨ' ਦੀ ਪਾਲਿਸੀ ਗੁਰੂ ਆਸੇ ਮੁਤਾਬਕ 'ਸਰਬੱਤ ਦਾ ਭਲਾ' ਮੰਗਣਾ ਸਭਿਆਚਾਰਕ ਜੀਵਨ ਨੂੰ ਉਤਸ਼ਾਹਿਤ ਕਰਨਾ ਅਤੇ ਮਨੁੱਖੀ ਏਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਬੜਾਵਾ ਦੇਣਾ ਹੋਵੇਗਾ। ਮਨੁੱਖਤਾ ਦੀਆਂ ਵੰਡਾਂ ਜਿਵੇਂ ਕਿ ਜਾਤ-ਪਾਤ, ਛੂਤ-ਛਾਤ, ਨੀਚ-ਊਚ, ਸ਼ਹਿਰੀ ਅਤੇ ਪੇਂਡੂ, ਕਾਲੇ ਅਤੇ ਗੋਰੇ ਆਦਿ ਬਨਾਉਟੀ ਵੰਡੀਆਂ ਨਹੀਂ ਪੈਣ ਦਿੱਤੀਆਂ ਜਾਣਗੀਆਂ। ਇਨ੍ਹਾਂ ਦਾ ਖਾਤਮਾ ਰਾਜਸੀ ਸ਼ਕਤੀ ਵਰਤ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਹਾਨੀਕਾਰਕ ਅਤੇ ਦੁਖਦਾਈ ਸਮਾਜਿਕ ਅਨ-ਬਰਾਬਰੀ ਵਾਲੀਆਂ ਕੁਰੀਤੀਆਂ ਸਿੰਘ ਅਤੇ ਸਿੰਘਣੀਆਂ ਦੇ ਹੱਕਾਂ ਵਿਚ ਫਰਕ ਅਤੇ ਅਨਬਰਾਬਰੀ ਵੀ ਰਾਜਸੀ ਸਕਤੀ ਦੀ ਵਰਤੋਂ ਦੁਆਰਾ ਖਤਮ ਕੀਤੀ ਜਾਵੇਗੀ।

**'ਖਾਲਿਸਤਾਨ' ਆਪਣੇ ਗੁਆਂਢੀਆਂ ਨਾਲ ਖੁਸ਼ਗਵਾਰ ਸੰਬੰਧ ਬਣਾਉਣ ਨੂੰ ਪਹਿਲ ਦੇਵੇਗਾ।**

**'ਖਾਲਿਸਤਨ ਕਮਾਂਡੋ ਫੋਰਸ' ਜਿਸ ਦੇ ਕਮਾਂਡਰ-ਇਨ-ਚੀਫ਼ ਜਨਰਲ ਹਰੀ ਸਿੰਘ ਹਨ। ਇਹ ਫੋਰਸ 'ਖਾਲਿਤਸਾਨ' ਦੀ ਆਉਣ ਵਾਲੀ ਡਿਫੈਂਸ ਆਰਗੇਨਾਈਜੇਸ਼ਨ ਦਾ ਬਿੰਦੂ (ਨਿਊਕਲਿਸ) ਦਾ ਕੰਮ ਕਰੇਗੀ।**

ਹਿੰਦੁਸਤਾਨ (ਭਾਰਤ) ਵਿਚ ਪੰਜਾਬ ਤੇ ਬਾਹਰ ਰਹਿਣ ਵਾਲੇ ਸਿੱਖਾਂ ਨੂੰ 'ਖਾਲਿਸਤਾਨ' ਵਿਚ ਆ ਕੇ ਵੱਸਣ ਦਾ ਸੱਦਾ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਨਵੰਬਰ 1984 ਵਾਲੇ ਘੱਲੂਘਾਰੇ ਵਾਂਗ ਕਿਸੇ ਹੋਰ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਪੈਸੇ ਦੇ ਪੁੱਤਰ ਅਤੇ ਵਿਕੇ ਹੋਏ ਕੇਸਾਧਾਰੀ ਹਿੰਦੂਆਂ ਨੂੰ ਖਾਲਸਾ ਪੰਥ ਦੇ ਰਾਹ ਵਿਚ ਰੁਕਾਵਟ ਨਾ ਆਉਣ ਦਾ ਆਦੇਸ਼ ਦਿੱਤਾ ਜਾਂਦਾ ਹੈ।

ਪਹਿਲੀ ਫਰਵਰੀ 1981 ਚੰਡੀਗੜ੍ਹ ਵਿਖੇ ਦਿੱਲੀ ਦੇ ਸ਼ਾਹੀ ਇਮਾਮ ਸਈਅਦ ਮੁਹੱਮਦ ਅਬਦੁੱਲ ਬੁਖਾਰੀ ਨੇ 'ਖਾਲਿਸਤਾਨ ਕਿਉਂ ਨਹੀਂ' ਦੇ ਛੇਵੇਂ ਸੈਮੀਨਾਰ ਦੇ ਸਦਾਕਤੀ ਭਾਸ਼ਣ ਵਿਚ 13 ਅਪ੍ਰੈਲ 1978 ਦੇ ਅੰਮ੍ਰਿਤਸਰ ਵਿਖੇ ਹੋਏ ਖੂਨੀ ਨਿਰੰਕਾਰੀ ਸਾਕੇ ਦਾ ਜ਼ਿਕਰ ਕਰਦਿਆਂ ਹੋਇਆਂ ਆਖਿਆ ਸੀ ਕਿ ਅਜ਼ਾਦ ਭਾਰਤ ਵਿਚ ਮੁਸਲਮਾਨਾਂ ਦਾ ਕਤਲੇਆਮ ਤਾਂ ਹੁੰਦਾ ਹੀ ਸੀ ਪਰ ਹੁਣ ਸਿੱਖਾਂ ਦਾ ਕਤਲੇਆਮ ਜਾਰੀ ਹੋ ਗਿਆ ਹੈ। ਸ਼ਾਹੀ ਇਮਾਮ ਦਾ ਇਹ ਕਥਨ ਇਕ ਪੇਸ਼ੀਨਗਈ ਬਣ ਗਿਆ। ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੇ ਕਤਲ ਭਾਰਤ/ਪੰਜਾਬ ਸਰਕਾਰ ਨੇ ਆਰੰਭ ਦਿੱਤੇ ਹਨ। ਨੌਜਵਾਨਾਂ ਨੂੰ ਬੇਕਸੂਰਿਆਂ ਅਤੇ ਬਗੈਰ ਗ੍ਰਿਫ਼ਤਾਰ ਕਰਕੇ ਕਚਹਿਰੀ ਵਿਚ ਪੇਸ਼ ਕੀਤਿਆਂ ਕਤਲ ਕਰ ਕੇ ਝੂਠੇ ਪੁਲਿਸ ਮੁਕਾਬਲਿਆਂ ਦੀ ਲੜੀ ਸ਼ੁਰੂ ਕਰ ਦਿੱਤੀ ਗਈ ਹੈ।





ਭਾਈ ਵਸਨ ਸਿੰਘ ਸਖੀਰਾ ਸੰਗਰੂਰ ਜੇਲ੍ਹ | ਸ਼ਹੀਦ ਭਾਈ ਜਗਦੀਸ਼ ਸਿੰਘ ਭੋਲਾ ਸੰਗਰੂਰ ਜੇਲ੍ਹ | ਸ਼ਹੀਦ ਭਾਈ ਰਾਮ ਸਿੰਘ ਨਾਭਾ ਜੇਲ੍ਹ

ਰਾਜਸਥਾਨ ਦੀ ਪੁਲਿਸ ਦੇ ਮੁਖੀ ਨੇ ਇਹੋ ਜਿਹੀਆਂ 400 ਲਾਸ਼ਾਂ ਰਾਜਸਥਾਨ ਨਹਿਰ ਵਿਚੋਂ ਕੱਢਣ ਦੀ ਸ਼ਿਕਾਇਤ ਕੀਤੀ। ਇਸ ਤੋਂ ਬਾਅਦ ਜੂਨ 1984 ਵਿਚ ਹਿੰਦ ਸਰਕਾਰ ਨੇ ਫੌਜੀ ਕਾਰਵਾਈ ਕਰਕੇ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਵਿੱਤਰ ਪੁਰਬ ਦਿਹਾੜੇ 'ਤੇ ਇਕੱਠੀਆਂ ਹੋਈਆਂ ਸੰਗਤਾਂ ਨੂੰ ਕਰਫਿਊ ਨਾਲ ਡੱਕ ਕੇ ਉਨ੍ਹਾਂ ਦਾ ਕਤਲੇਆਮ ਕੀਤਾ। ਇਸ ਤੋਂ ਉਪਰੰਤ ਪੰਜਾਬ ਦੇ ਸਾਰੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਫੌਜੀ ਘੇਰੇ ਪਾ ਕੇ ਅਤੇ ਫੌਜੀ ਤਾਕਤ ਦੀ ਵਰਤੋਂ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ। ਪੰਜਾਬ ਦੇ ਬਾਰਾਂ ਹਜ਼ਾਰ ਤੋਂ ਵੱਧ ਪਿੰਡਾਂ ਵਿਚ ਇਸੇ ਤਰ੍ਹਾਂ ਕਰਫਿਊ ਲਗਾ ਕੇ ਅੰਮ੍ਰਿਤਧਾਰੀ ਸਿੰਘਾਂ ਨੂੰ ਭਾਲ ਭਾਲ ਕੇ ਸ਼ਹੀਦ ਕੀਤਾ। ਅੰਮ੍ਰਿਤਧਾਰੀ ਸਿੰਘਾਂ ਦਾ ਕਤਲੇਆਮ ਤੋਂ ਪਹਿਲਾਂ ਹਿੰਦੂ ਫੌਜੀ ਅਫ਼ਸਰਾਂ ਅਤੇ ਸਿਪਾਹੀਆਂ ਨੂੰ ਮਾਨਸਿਕ ਅਤੇ ਜਜ਼ਬਾਤੀ ਪੱਖੋਂ ਸਿੱਖਾਂ ਦੇ ਬੀਜ ਨਾਸ ਲਈ ਤਿਆਰ ਕਰਨ ਦਾ ਕੰਮ ਫੌਜ ਦੀ ਸਰਕਾਰੀ ਪੱਤ੍ਰਿਕਾ 'ਬਾਤਚੀਤ' ਰਾਹੀਂ ਤਿਆਰ ਕੀਤਾ ਗਿਆ। 'ਬਾਤਚੀਤ' ਵਿਚ ਇਹ ਸਾਫ਼ ਲਿਖਿਆ ਹੋਇਆ ਸੀ ਕਿ ਅੰਮ੍ਰਿਤਧਾਰੀ ਸਿੱਖਾਂ ਦੀ ਕੀ ਨਿਸ਼ਾਨੀ ਹੈ। ਭਾਵੇਂ ਉਹ ਵੇਖਣ ਨੂੰ ਸ਼ਰੀਫ਼ ਅਤੇ ਭਲੇ ਲਗਦੇ ਹੋਣ ਪਰ ਦਰਅਸਲ ਉਹ ਕਾਤਲ, ਦੇਸ ਵਿਰੋਧੀ ਅਤੇ ਅੱਤਵਾਦੀ ਹੁੰਦੇ ਹਨ। ਇਸ ਲਈ ਹਰ ਇਕ ਫੌਜੀ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਜੇ ਕਿਤੇ ਵੀ ਉਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖ ਦਿਸ ਜਾਵੇ ਤਾਂ ਉਸ ਦਾ ਖੁਰਾ ਖੋਜ ਆਪਣੇ ਉਚ ਅਧਿਕਾਰੀਆਂ ਕੋਲ ਰਹਿਣ। ਇਹੋ ਜਿਹੀ ਕਾਰਵਾਈ ਦੁਨੀਆਂ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਫੌਜ ਨੇ ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨਾਲ ਨਹੀਂ ਕੀਤੀ।

ਇਸ ਤੋਂ ਉਪਰੰਤ ਜਦੋਂ ਇੰਦਰਾ ਨੂੰ ਮਾਰੀਆਂ 'ਬੇਅੰਤ ਗੋਲੀਆਂ' ਤਾਂ ਭਾਰਤ ਦੀ ਹਿੰਦੂ ਸਰਕਾਰ ਨਵੇਂ ਆਉਣ ਵਾਲੇ ਪ੍ਰਧਾਨ ਮੰਤਰੀ ਅਤੇ ਉਸ ਦੇ ਸਿਆਸੀ ਅਤੇ ਸਰਕਾਰੀ ਸਹਿਯੋਗੀਆਂ ਦੀ ਮਿਲੀਭੁਗਤ ਨਾਲ ਦਿੱਲੀ ਅਤੇ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਵਿਚ ਸਿੱਖਾਂ ਦਾ ਯੋਜਨਾਬੱਧ ਕਤਲੇਆਮ ਹੋਇਆ ਜਿਹੜਾ ਕਿ ਕਈ ਦਿਨ ਚਲਦਾ ਰਿਹਾ। ਇਸ ਕਤਲੇਆਮ ਨੇ ਨਾਦਰਸ਼ਾਹ ਦੇ ਦਿੱਲੀ ਵਿਚ ਕੀਤੇ ਹੋਏ ਕਤਲੇਆਮ ਨੂੰ ਕੋਹਾਂ ਪਿਛੇ ਛੱਡ ਦਿੱਤਾ।

ਪੰਜਾਬ ਦੀ ਬਰਨਾਲਾ ਸਰਕਾਰ ਦੀ ਗਠਨ ਕੀਤੀ ਹੋਈ ਕਮੇਟੀ ਦੇ ਪ੍ਰਧਾਨ ਭਾਈ ਅਜੀਤ ਸਿੰਘ ਬੈਂਸ, ਸਾਬਕਾ ਜੱਜ ਪੰਜਾਬ ਅਤੇ ਹਰਿਆਣਾ ਹਈਕੋਰਟ, ਚੰਡੀਗੜ੍ਹ, ਆਪਣੀ ਰਿਪੋਰਟ ਵਿਚ 200 ਝੂਠੇ ਕਥਿਤ ਪੁਲਿਸ ਮੁਕਾਬਲਿਆਂ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦਿਆਂ ਹੈਰਾਨੀ ਪ੍ਰਗਟ ਕੀਤੀ ਹੈ ਕਿ ਇਨ੍ਹਾਂ ਸਾਰੇ ਪੁਲਿਸ ਮੁਕਾਬਲਿਆਂ ਵਿਚ ਕੋਈ ਪੁਲਿਸ ਦਾ ਜਵਾਨ ਜਾਂ ਅਫ਼ਸਰ ਜ਼ਖ਼ਮੀ ਨਹੀਂ ਹੋਇਆ ਦੱਸਿਆ ਗਿਆ ਅਤੇ ਨਾ ਹੀ ਕੋਈ ਕਤਲ ਦਾ ਕੇਸ ਪੁਲਿਸ ਵਿਰੁੱਧ ਦਰਜ ਕੀਤਾ ਗਿਆ ਹੈ। ਕਿਉਂ ਜੋ ਹਿੰਦੁਸਤਾਨ ਵਿਚ ਸਰਕਾਰ ਦੇ ਕੰਮਾਂ ਵਿਚ 'ਕੂੜ ਫਿਰਹਿ ਪ੍ਰਧਾਨ ਵੇ ਲਾਲੋ' ਦਾ ਇਹ ਰਾਜ ਹੈ। ਇਹੋ ਹੀ ਸਹੀ ਅਰਥ ਹੈ ਬ੍ਰਾਹਮਣੀ ਅਸੂਲਾਂ ਦਾ ਕਿ ਪਰਚਾਰ ਕਰਨਾ "ਸਤਿਆ ਮੇਵ ਜਯਤੇ' ਅਤੇ ਬੋਲਣਾ ਕੋਰਾ ਸਫੈਦ ਝੂਠ।

ਸਿੱਖ ਧਰਮ ਦਾ ਖੁਰਾ ਖੋਜ ਮਿਟਾਉਣਾ ਬ੍ਰਾਹਮਣਵਾਦ ਦਾ ਅਟੱਲ ਨਿਸ਼ਾਨਾ ਹੈ ਕਿਉਂ ਜੋ ਸਿੱਖ ਧਰਮ ਬ੍ਰਾਹਮਣਵਾਦ ਦੀ ਜਾਤ ਪਾਤ ਅਤੇ ਬਿਪਰਨ ਕੀ ਰੀਤ ਦੀ ਪ੍ਰਣਾਲੀ ਦਾ ਵਿਰੋਧੀ ਹੈ ਜਿਸ ਤਰ੍ਹਾਂ ਸ਼ੰਕਰਾ ਅਚਾਰੀਆ ਨੇ ਫੌਜੀ ਸ਼ਕਤੀ ਦੀ ਵਰਤੋਂ ਕਰਕੇ ਅਤੇ ਲੱਖਾਂ ਬੋਧੀ ਭਿਖਸ਼ੂਆਂ ਨੂੰ ਮੌਤ ਦੇ ਘਾਟ ਉਤਾਰ ਕੇ ਬੋਧੀਆਂ ਦੇ ਮੰਦਰ ਅਤੇ ਦੂਸਰੇ ਧਾਰਮਿਕ ਚਿੰਨ੍ਹ ਢਹਿ-ਢੇਰੀ ਕਰ ਦਿੱਤੇ। ਬੁੱਧ ਧਰਮ ਜਿਹੜਾ ਕਿ ਹਿੰਦੁਸਤਾਨ ਵਿਚ ਪੈਦਾ ਹੋ ਕੇ ਦੂਰ ਦੁਰਾਡੇ ਚੀਨ ਜਾਪਾਨ, ਮਲਾਇਆ, ਬਰਮਾ ਆਦਿ ਦੇਸਾਂ ਵਿਚ ਫੈਲਿਆ ਉਹਦਾ ਆਪਣੀ ਜਨਮ ਭੂਮੀ ਵਿਚੋਂ ਨਾਮ ਨਿਸ਼ਾਨ ਹੀ ਮਿਟਾ ਦਿੱਤਾ ਗਿਆ। ਇਹ ਹੈ ਅਸਲੀ ਅਰਥ ਬ੍ਰਾਹਮਣਵਾਦ ਦੇ ਅਪਣਾਏ ਹੋਏ 'ਅਹਿੰਸਾ ਪਰਮੋ-ਧਰਮ' ਦੇ ਅਸੂਲ ਦਾ।

ਅੱਜ ਕੱਲ੍ਹ ਦੀ ਭਾਰਤ ਸਰਕਾਰ ਸ਼ੰਕਰਾ ਅਚਾਰੀਆ ਦੀ ਪਾਲਿਸੀ 'ਤੇ ਦ੍ਰਿੜ੍ਹਤਾ ਨਾਲ ਚੱਲਦਿਆਂ ਹੋਇਆਂ ਸਭ ਸਿਆਸੀ, ਸਭਿਆਚਾਰਕ, ਆਰਥਿਕ, ਪ੍ਰਬੰਧਕੀ ਆਦਿ ਫੌਜੀ ਸਾਧਨ ਵਰਤ ਕੇ ਸਿੱਖੀ ਅਤੇ ਸਿੱਖਾਂ ਦਾ ਭਾਰਤ ਵਿਚੋਂ ਖੁਰਾ ਖੋਜ ਮਿਟਾਉਣ 'ਤੇ ਤੁਲੀ ਹੋਈ ਹੈ। ਇਹੋ ਹੀ ਸਹੀ ਅਰਥ ਹਨ ਬ੍ਰਾਹਮਣਵਾਦ ਦੇ ਸਹਿਣਸ਼ੀਲ ਹੋਣ ਦੇ ਝੂਠੇ ਦਾਅਵਿਆਂ ਦੇ। ਆਜ਼ਾਦ ਭਾਰਤ ਵਿਚ ਘੱਟ ਗਿਣਤੀ ਮਜ਼ਬਾ/ਧਰਮਾਂ ਉਤੇ ਪਾਬੰਦੀਆਂ ਲਾਉਣ ਦਾ ਕਾਰਜ ਦੀ ਲੋਕ ਸਭਾ ਵਿਚ ਹਿੰਦੂਆਂ ਦੇ ਧਰਮ ਤਬਦੀਲ ਕਰਨ ਉਤੇ ਪਾਬੰਦੀ ਲਾਉਣ ਦੀ ਮੰਗ ਉਠਦੀ ਰਹੀ ਹੈ। ਹਾਈਕੋਰਟ ਵਿਚ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਕੁਰਾਨ ਸ਼ਰੀਫ਼ 'ਤੇ ਪਾਬੰਦੀ ਦੀ ਮੰਗ ਖੜ੍ਹੀ ਹੋਈ।

ਸਿੱਖਾਂ ਦੇ ਸਰਬਨਾਸ, ਸਿੱਖਾਂ ਦੇ ਧਾਰਮਿਕ ਨਿਸ਼ਾਨਾਂ ਨੂੰ ਫੌਜੀ ਵਰਤੋਂ ਨਾਲ ਢਹਿ ਢੇਰੀ ਕਰਨਾ, ਸਿੱਖਾਂ ਦਾ ਪ੍ਰਚਾਰ ਕਰਨ ਵਾਲੇ ਕੀਰਤਨੀ ਜਥਿਆਂ ਨੂੰ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਜੇਲ੍ਹਾਂ ਵਿਚ ਛੱਕਣਾ ਅਤੇ ਪਿੰਡ ਪਿੰਡ ਵਿਚ ਸਿੱਖ ਗ੍ਰੰਥੀਆਂ ਨੂੰ ਡਰਾਉਣਾ, ਝੂਠੇ ਕੇਸਾਂ ਅਤੇ ਬਗੈਰ ਕੇਸ ਦਰਜ ਕੀਤਿਆਂ ਥਾਣੇ ਅਤੇ ਜੇਲ੍ਹਾਂ ਵਿਚ ਡੱਕੀ ਰੱਖਣਾ ਸਪੱਸ਼ਟ ਸਬੂਤ ਹੈ। ਭਾਰਤ ਸਰਕਾਰ ਦੀ ਸਿੱਖਾਂ ਪ੍ਰਤੀ ਅਤਿਅੰਤ ਦੁਸ਼ਮਣੀ ਦੀ ਭਾਵਨਾ ਦਾ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਸਿੱਖ ਪ੍ਰਚਾਰ ਦੀ ਮਿਹਨਤ ਸਦਕਾ ਪੈਦਾ ਕੀਤੇ ਹੋਏ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਕਿਵੇਂ ਸਰਕਾਰੀ ਫੌਜੀ ਬਾਤਚੀਤ ਐਲਾਨਾਂ ਰਾਹੀਂ ਸਰਬਨਾਸ ਦਾ ਨਿਸ਼ਾਨਾ ਬਣਾਏ ਗਏ ਹਨ ਅਤੇ ਬਣਾਏ ਜਾ ਰਹੇ ਹਨ।

ਸਰਕਾਰ ਆਪਣੇ ਸਿੱਖ ਵਿਰੋਧੀ ਇਰਾਦਿਆਂ ਅਤੇ ਕੁਕਰਮਾਂ ਉਤੇ ਝੂਠ ਦੇ ਪ੍ਰਚਾਰ ਰਾਹੀਂ ਸਿੱਖਾਂ ਨੂੰ ਅੱਤਿਵਾਦੀ, ਕਾਤਲ ਅਤੇ ਦੇਸ਼-ਧਰੋਹੀਆਂ ਦਾ ਨਾਂਅ ਦੇ ਕੇ ਮਨੁੱਖੀ ਹੱਕਾਂ ਤੋਂ ਵਾਂਝਿਆਂ ਕਰ ਚੁੱਕੀ ਹੈ ਤੇ ਆਪਣੀ ਰਾਜਸੀ ਸ਼ਕਤੀ ਦੀ ਵਰਤੋਂ ਕਰਕੇ ਬਾਕੀ ਸਾਰੀ ਦੁਨੀਆਂ ਦੀਆਂ ਸਰਕਾਰਾਂ/ਹਕੂਮਤਾਂ ਨੂੰ ਇਸ ਪੱਖਂ ਹਨ੍ਹੇਰੇ ਵਿਚ ਰੱਖਣ ਲਈ ਕਾਮਯਾਬ ਰਹੀ ਹੈ। ਇਸ ਮੰਤਵ ਦੀ ਪੂਰਤੀ ਲਈ ਸੈਂਸਰਸ਼ਿਪ ਪੰਜਾਬ ਵਿਚ ਵਿਦੇਸ਼ੀ ਪੱਤਰਕਾਰਾਂ ਅਤੇ ਅਖ਼ਬਾਰ ਨਵੀਸਾਂ ਦੇ ਦਾਖਲੇ 'ਤੇ ਪਾਬੰਦੀ 1984 ਤੋਂ ਲਗਾਤਾਰ ਚੱਲੀ ਆ ਰਹੀ ਹੈ। ਜੇ ਕਿਸੇ ਸੰਸਥਾ ਜਾਂ ਵਿਅਕਤੀ ਨੇ ਸਿੱਖਾਂ ਦੇ ਕਤਲਾਂ ਜਾਂ ਬੀਜ਼ਨਾਸ ਦੀ ਕੋਈ ਖ਼ਬਰ ਦਿੱਤੀ ਤਾਂ ਉਸ 'ਤੇ ਸਰਕਾਰ ਦਾ ਪ੍ਰਕੋਪ ਬਿਜਲੀ ਵਾਂਗ ਢਹਿ ਪਿਆ।

ਸਰਕਾਰ ਦੇ ਇਸ ਭੈੜੀ ਪ੍ਰਚਾਰ ਸਦਕਾ ਮਜ਼ਲੂਮ ਸਿੱਖਾਂ ਦਾ ਯੂ.ਐਸ.ਏ., ਇੰਗਲੈਂਡ, ਵੈਸਟ ਜਰਮਨੀ ਅਤੇ ਕੈਨੇਡਾ ਵਰਗੇ ਮਨੁੱਖੀ ਅਧਿਕਾਰਾਂ ਦਾ ਸਮਰਥਕ ਦੇਸਾਂ ਵਿਚ ਵੀ ਸਿੰਘਾਂ ਦਾ ਕਾਫ਼ੀਆ ਤੰਗ ਹੋਣ ਲੱਗਾ। ਬ੍ਰਾਹਮਣਵਾਦ ਦੀ ਕਠਪੁਤਲੀ (ਪਰੋਕਸੀ) ਗੌਰਮਿੰਟ ਆਫ਼ ਇੰਡੀਆ ਸੱਚ ਮੁੱਚ ਸਿੱਖ ਪਾਸੋਂ 'ਦਮ ਘੁਟ ਕੇ ਮਰ ਜਾਉ ਯਹੀ ਮਰਜ਼ੀ ਮੇਰੇ ਸਈਯਾਦ ਕੀ ਹੈ' ਸਰਕਾਰ ਸਾਡੇ ਮਰਨ ਦੀ ਆਸ ਲਾਈ ਬੈਠੀ ਹੈ। ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਸਿੱਖਾਂ ਨੂੰ ਸਿੱਖ ਗੁਰੂਆਂ ਨੇ ਮਰਦਾਂ ਵਾਂਗ ਮਰਨਾ ਛਾਤੀ ਤਾਣ ਕੇ ਤੁਰਨਾ ਅਤੇ ਸ਼ੇਰਾਂ ਵਾਂਗ ਆਪਣਾ ਬੋਲਬਾਲਾ ਕਰਨਾ ਸਿਖਾਇਆ ਹੈ। ਇਹ ਸੰਖੇਪ ਜਿਹਾ ਵਰਨਣ ਹੈ। ਭਾਰਤ ਸਰਕਾਰ ਵਲੋਂ ਸਿੱਖਾਂ ਵਿਰੁੱਧ ਬਗੈਰ ਐਲਾਨ ਕੀਤੇ (ਟੋਟਲਵਾਰ) ਸਰਬਨਾਸ਼ ਦੀ ਲੜਾਈ ਛੇੜਨ ਦਾ। ਇਹ ਲੜਾਈ ਜੂਨ 1984 ਦੇ 'ਅਪ੍ਰੇਸ਼ਨ ਨੀਲਾ ਤਾਰਾ' ਅਤੇ 'ਅਪ੍ਰੇਸ਼ਨ ਵੁੱਡ ਰੋਜ਼' ਨਾਲ ਅਰੰਭ ਹੋਈ ਤੇ ਹੁਣ ਤੱਕ ਦਰ ਪਰ ਦਰ ਜਾਰੀ ਰੱਖੀ ਜਾ ਰਹੀ ਹੈ। ਪਿਛੇ ਜਿਹੇ ਬੰਗਲਾਦੇਸ਼ ਸਰਕਾਰ ਨੇ ਸਿੱਖ ਭਾਰਤੀ ਸ਼ਹਿਰੀਆਂ ਦਾ ਆਪਣੇ ਮੁਲਕ ਵਿਚ ਦਾਖਲਾ ਬੰਦ ਕਰ ਦਿੱਤਾ ਪਰ ਜਦੋਂ ਇਹ ਮਾਮਲਾ ਭਾਰਤ ਦੀ ਲੋਕ ਸਭਾ ਵਿਚ ਉਠਾਇਆ ਗਿਆ ਤਾਂ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਅਤਿਅੰਤ ਬੇਸ਼ਰਮੀ ਨਾਲ ਇਸ ਨੂੰ ਬੰਗਲਾਦੇਸ ਦਾ ਆਪਣਾ ਨਿੱਜੀ ਮਾਮਲਾ ਦੱਸਿਆ। ਇਸ ਤੋਂ ਵੱਡੀ ਸਿਆਸੀ ਫਿਰਕੂਪੁਣੇ ਦੀ ਕੁੜੱਤਣ ਦੀ ਦੁਨੀਆਂ ਵਿਚ ਕਿਤੇ ਮਿਸਾਲ ਨਹੀਂ ਮਿਲ ਸਕਦੀ। ਭਾਰਤ ਸਰਕਾਰ ਦੀਆਂ ਸਾਰੀਆਂ ਸਿਆਸੀ ਜਥੇਬੰਦੀਆਂ ਭਾਰਤੀ ਜਨਤਾ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ.ਐਮ., ਸਾਰੇ ਦੇ ਸਾਰਿਆਂ ਨੇ ਇਕ ਅਵਾਜ਼ ਹੋ ਕੇ ਸਿੱਖਾਂ ਦੇ ਵਿਰੁੱਧ ਨਾਮਬੰਦ ਹੋ ਗਏ ਅਤੇ ਸਿੱਖ ਦੇ ਕਤਲੇਆਮ ਅਤੇ ਬੀਜ ਨਾਸ ਉਤੇ ਹਾਅ ਦਾ ਨਾਅਰਾ ਲਾ ਮਾਰਿਆ। ਇਹ ਘਿਨਾਉਣਾ ਦ੍ਰਿਸ਼ ਹੈ ਸਿੱਖਾਂ ਵਿਰੁੱਧ ਲੜੀ ਜਾ ਰਹੀ ਗੈਰ ਐਲਾਨੀਆ (ਟੋਟਲਵਾਰ) ਦਾ। ਪ੍ਰਸਿੱਧ ਅਖਾਣ ਦੇ ਮੁਤਾਬਿਕ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅੱਜ ਫੇਰ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ" ਅਤੇ ਚੇਤੇ ਹਿੰਦੋਸਤਾਨੀ ਪੂਰਬੀ ਦੱਖਣੀ ਜੀ। ਇਸ ਕਠਨ ਸਥਿਤੀ ਵਿਚੋਂ ਅੱਜ ਅਸੀਂ ਖਾਲਿਸਤਾਨ' ਦਾ ਐਲਾਨ ਕਰਕੇ ਬਗੈਰ ਭਾਰਤ ਵਿਰੁੱਧ ਜਵਾਬੀ ਕਾਰਵਾਈ ਵਜੋਂ ਟੋਟਲਵਾਰ ਦਾ ਐਲਾਨ ਕਰਨ ਤੋਂ ਸੰਕੋਚ ਕੀਤਾ ਹੈ ਤਾਂ ਜੋ ਦੁਨੀਆਂ ਦੀ ਕਚਹਿਰੀ ਵਿਚ ਸਾਡੇ ਉਤੇ ਜਲਦਬਾਜ਼ੀ ਦਾ ਇਲਜ਼ਾਮ ਨਾ ਲੱਗ ਸਕੇ।

ਜੇ ਭਾਰਤ ਸਰਕਾਰ ਆਪਣੀ ਜਾਹਰਾਨਾ ਕਾਰਵਾਈ ਤੋਂ ਬਾਜ ਨਾ ਆਈ ਤਾਂ 26 ਜਨਵਰੀ 1986 ਦੇ ਸਰਬੱਤ ਖਾਲਸਾ ਵਲੋਂ ਸਥਾਪਿਤ ਕੀਤੀ ਪੰਜ ਮੈਂਬਰੀ ਪੰਥਕ ਕਮੇਟੀ ਇਨਸਾਫ਼ਪਸੰਦ ਅਤੇ ਮਨੁੱਖੀ ਅਧਿਕਾਰਾਂ ਦੇ ਸਮੱਰਥਕ ਦੇਸਾਂ ਪਾਸੋਂ ਸਭ ਕਿਸਮ ਦੀ ਲੋੜੀਂਦੀ ਮਦਦ ਸਪਲਾਈ ਸਹਾਰਾ ਅਤੇ ਹਮਦਰਦੀ ਦੀ ਮੰਗ ਕਰੇਗੀ। ਯੂ.ਐਨ.ਓ. ਪਾਸੋਂ ਵੀ ਅਸੀਂ ਇਸੇ ਕਿਸਮ ਦੀ ਮਦਦ ਦੀ ਮੰਗ ਕਰਦੇ ਹਾਂ। ਜਿਨ੍ਹਾਂ ਗੁਆਂਢੀ ਦੇਸ਼ਾਂ ਨੇ ਸਾਡੀ ਬਿਖੜੀ ਘੜੀ ਵਿਚ ਹਾਅ ਦਾ ਨਾਅਰਾ ਮਾਰਨ ਦਾ ਯਤਨ ਕੀਤਾ ਹੈ, ਅਸੀਂ ਉਨ੍ਹਾਂ ਦਾ ਅਹਿਸਾਸ ਨਹੀਂ ਭੁਲਾਵਾਂਗੇ। ਵਿਦੇਸਾਂ ਵਿਚ ਰਹਿੰਦੇ ਹੋਏ ਸਿੰਘ ਸਿੰਘਣੀਆਂ ਦੇ ਵੀ ਅਸੀਂ ਬੜੇ ਸ਼ੁਕਰ ਗੁਜ਼ਾਰ ਹਾਂ ਕਿਉਂਕਿ ਉਹ ਸਾਡੇ ਦੁੱਖ ਵਿਚ ਸਾਡੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਏ। ਜੇ ਵਿਦੇਸਾਂ ਵਿਚ ਰਹਿੰਦੇ ਸਿੱਖਾਂ ਨੂੰ ਮਨਜ਼ੂਰ ਹੋਵੇ ਤਾਂ ਅਸੀਂ ਉਨ੍ਹਾਂ ਨੂੰ ਖਾਲਿਸਤਾਨ ਦੇ ਸ਼ਹਿਰੀ ਬਣਾਉਣ ਲਈ ਤਿਆਰ ਹੋਵਾਂਗੇ।

ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਸਿੰਘਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਿੱਖਾਂ ਦੇ ਘਰਾਂ ਵਿਚੋਂ ਹਥਿਆਰ ਅਤੇ ਹੋਰ ਕਿਸੇ ਕਿਸਮ ਦਾ ਸਮਾਨ ਨਾ ਲੁੱਟਣ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਰਹੇ ਸਿੰਘਾਂ ਸਿੰਘਣੀਆਂ ਦੀ ਹਰ ਪ੍ਰਕਾਰ ਨਾਲ ਸਹਾਇਤਾ ਅਤੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ ਕਿਉਂਕਿ ਸਿੰਘਾਂ ਨੇ ਕਿਲ੍ਹੇ ਸੰਗਤ ਹੀ ਹੈ।

**ਗੁਰੂ ਪੰਥ ਦੇ ਦਾਸ**
**ਗੁਰਬਚਨ ਸਿੰਘ ਮਾਨੋਚਾਹਲ, ਗੁਰਦੇਵ ਸਿੰਘ ਉਸਮਾਨਵਾਲਾ,**
**ਧੰਨਾ ਸਿੰਘ, ਅਰੂੜ ਸਿੰਘ, ਵੱਸਣ ਸਿੰਘ, ਜਫਰਵਾਲ**
**ਪੰਥਕ ਮੈਂਬਰੀ ਕਮੇਟੀ**


ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ
ਪੰਥਕ ਪੰਜ ਮੈਂਬਰੀ ਕਮੇਟੀ

29 ਅਪ੍ਰੈਲ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ ਖਾਲਿਸਤਾਨ ਐਲਾਨਨਾਮਾ ਦੇ ਦਸਤਖਤਾਂ ਸਮੇਤ ਅਸਲੀ ਦਸਤਾਵੇਜ਼ ਦੀ ਕਾਪੀ।








# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਢਾਲਣ ਦੀ ਲੋੜ



ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 5 ਵੈਸਾਖ ਸੰਮਤ 1678, ਚੰਦ ਦੇ ਹਿਸਾਬ ਨਾਲ ਵੈਸਾਖ ਸੁਦੀ 5, 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ, ਜਿਥੇ ਅੱਜ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ, ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਨੇ 9 ਸਾਲ ਦੇ ਕਰੀਬ ਸਮਾਂ ਅੰਮ੍ਰਿਤਸਰ ਵਿਖੇ ਗੁਜ਼ਾਰਿਆ ਅਤੇ ਫਿਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚਲੇ ਗਏ।

ਅਠਵੇਂ ਪਤਾਸ਼ਾਹ ਗੁਰੂ ਹਰਿਕ੍ਰਿਸਨ ਸਾਹਿਬ ਜੀ ਦਿੱਲੀ ਵਿਖੇ 3 ਵੈਸਾਖ (ਚੇਤਰ ਸੁਦੀ 14) ਸੰਮਤ 1721 (ਮੁਤਾਬਕ 30 ਮਾਰਚ, ਸੰਨ 1664) ਨੂੰ ਜੋਤੀ ਜੋਤ ਸਮਾਉਣ ਲੱਗਿਆਂ ਸੰਗਤ ਨੂੰ ਹਦਾਇਤ ਕਰ ਗਏ ਕਿ 'ਬਾਬਾ ਵਸੇ ਗ੍ਰਾਮ ਬਕਾਲੇ'। ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਕਿਹਾ ਗਿਆ ਸੀ। ਉਸ ਸਮੇਂ ਤੱਕ ਗੁਰੂ ਸਾਹਿਬਾਨ ਪ੍ਰਤੀ ਬਾਬਾ ਲਫਜ਼ ਆਮ ਵਰਤਿਆ ਜਾਣ ਲੱਗਾ ਪਿਆ ਸੀ। (ਹਵਾਲਾ ਪ੍ਰੋ. ਸਾਹਿਬ ਸਾਹਿਬ ਸਿੰਘ ਲਿਖਤ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ') ਭਾਈ ਗੁਰਦਾਸ ਜੀ ਵੱਲੋਂ ਵੀ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਸਾਹਿਬ ਮਾਹਰਾਜ ਲਈ ਸ਼ਬਦ ਬਾਬਾ ਵਰਤਿਆ ਗਿਆ ਸੀ। ਬੇਸ਼ੱਕ ਅੱਜ ਕੁੱਝ ਲੋਕ ਇਤਰਾਜ਼ ਕਰ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਿਰਫ 'ਬਾਬਾ ਨਾਨਕ' ਸੰਬੋਧਨ ਕਰਕੇ ਗੁਰੂ ਸਾਹਿਬਾਨ ਦੇ ਸਤਿਕਾਰ ਨੂੰ ਠੇਸ ਪਹੁੰਚਾ ਰਹੇ ਹਨ, ਜੋ ਕਿ ਨਿਰਮੂਲ ਹੈ।

ਭਾਈ ਮੱਖਣ ਸ਼ਾਹ ਲੁਭਾਣਾ ਵੱਲੋਂ ਲੱਗੀਆਂ 22 ਨਕਲੀ ਮੰਜੀਆਂ ਵਿਚੋਂ ਆਪਣੇ ਸੱਚੇ ਪ੍ਰੀਤਮ ਨੂੰ ਲੱਭਣਾ ਅਤੇ 'ਗੁਰੂ ਲਾਧੋ ਰੇ' ਦਾ ਨਾਅਰਾ ਮਾਰਨ ਵਾਲੀ ਸਾਖੀ ਤੋਂ ਸਾਰਾ ਸਿੱਖ ਜਗਤ ਵਾਕਿਫ ਹੈ, ਉਹ ਗੱਲ ਵੱਖਰੀ ਹੈ ਕਿ ਅੱਜ ਦਾ ਸਿੱਖ ਸ਼ਰਧਾਲੂ ਪ੍ਰਤੱਖ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਵੇਖ ਕੇ ਵੀ ਕੋਲ ਡੱਠੀ ਇੱਕ ਨਕਲੀ ਮੰਜੀ 'ਤੇ ਰੱਖੇ ਬਚਿੱਤਰ ਨਾਟਕ ਨੂੰ ਵੀ ਬਰਾਬਰ ਮਾਨਤਾ ਦੇਈ ਜਾਣ ਤੇ ਚੁੱਪ ਕਰਕੇ ਬੈਠਾ ਮੈਨੂੰ ਕੀ?"ਵਾਲੀ ਵਿਚਾਰਧਾਰਾ ਦਾ ਧਾਰਨੀ ਬਣ ਗਿਆ ਹੈ ਅਤੇ ਪ੍ਰਤੱਖ ਗੁਰੂ ਹੁੰਦਾ ਹੋਇਆ ਵੀ ਦੁੱਚਿਤੀ ਵਿੱਚ ਫਸਿਆ ਪਿਆ ਹੈ। ਖੈਰ! ਆਪਣੇ ਵਿਸ਼ੇ ਵੱਲ ਆਈਏ।

ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਅਤੇ ਇਕ ਨਵੀਂ ਨਿਰੋਈ ਜੀਵਨ ਜਾਂਚ ਜਿਸ ਦਾ ਮੁੱਢ ਬਾਬਾ ਨਾਨਕ ਜੀ ਰੱਖ ਕੇ ਗਏ ਸਨ, ਨੂੰ ਅੱਗੇ ਵਧਾਉਣ ਲਈ ਲੰਮੇ-ਲੰਮੇ ਪ੍ਰਚਾਰਕ ਦੌਰੇ ਕੀਤੇ। ਆਪ ਜੀ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਮਾਤਾ ਨਾਨਕੀ ਜੀ ਦੇ ਨਾਮ ਤੇ 'ਚੱਕ ਨਾਨਕੀ' ਨਾਮੀ ਨਗਰ ਵਸਾਇਆ ਜਿਸ ਨੂੰ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਨ੍ਹਾਂ ਦਿਨਾਂ ਵਿੱਚ ਸਮੇਂ ਦੇ ਹਾਕਮ ਔਰੰਗਜ਼ੇਬ ਵੱਲੋਂ ਹਿੰਦੂ ਜਨਤਾ ਉੱਤੇ ਬੇ-ਹਿਸਾਬ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਕੋਝੇ ਹਥਕੰਡੇ ਵਰਤੇ ਜਾ ਰਹੇ ਸਨ ਅਤੇ ਤਲਵਾਰ ਦੀ ਖੁੱਲ੍ਹ ਕੇ ਵਰਤੋਂ ਆਰੰਭ ਕਰ ਦਿੱਤੀ ਹੋਈ ਸੀ। ਜਿਸ ਕਰਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਵਫਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਆ ਫਰਿਆਦੀ ਹੋਇਆ। ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰੱਖਿਆ ਦੀ ਮੰਗ ਕੀਤੀ ਗਈ ਤਾਂ ਸਤਿਗੁਰੂ ਜੀ ਨੇ ਜੋ ਸ਼ਰਨ ਆਵੈ ਤਿਸ ਕੰਠ ਲਾਵੈ ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਬਾਂਹ ਫੜੀ ਅਤੇ ਦਿੱਲੀ ਦਰਬਾਰ ਦੇ ਵਿਰੋਧ ਵਿੱਚ ਟੱਕਰ ਲੈਣ ਦਾ ਫੈਸਲਾ ਕੀਤਾ। ਆਪ ਨੇ ਐਲਾਨ ਕੀਤਾ ਕਿ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ 'ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਉ'।

ਗ੍ਰਿਫਤਾਰੀ ਮੌਕੇ ਗੁਰੂ ਜੀ ਨਾਲ ਤਿੰਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਸਨ। ਇਸ ਮੌਕੇ ਆਪ ਜੀ ਨੂੰ ਮੁਸਲਮਾਨ ਬਣਨ ਲਈ ਕਈ ਤਰ੍ਹਾਂ ਦੇ ਲਾਲਚ ਤੋਂ ਇਲਾਵਾ ਡਰਾਇਆ ਧਮਕਾਇਆ ਗਿਆ ਅਤੇ ਕਤਲ ਤੱਕ ਕਰਨ ਦਾ ਹੁਕਮ ਦਿੱਤਾ ਗਿਆ ਕਿ ਸ਼ਾਇਦ ਮੌਤ ਦੇ ਡਰਾਵੇ ਨਾਲ ਗੁਰੂ ਜੀ ਇਸਲਾਮ ਕਬੂਲ ਕਰ ਲੈਣ। ਜੈਸਾ ਕਿ ਸੈਰੁਲ ਮਤਾਖ਼ਰੀਨ ਦਾ ਲਿਖਾਰੀ ਲਿਖਦਾ ਹੈ ਕਿ ਬਾਅਦ ਚੰਦ ਰੋਜ਼ ਹੁਕਮਿ ਦੀਗ ਦਰ ਬਾਰਾਏ ਤੇਗ਼ ਬਹਾਦਰ ਰਸੀਦ ਕਿ "ਰਾ ਕੁਸ਼ਤਹ ਵਜੂਦਸ਼ ਰਾ ਚੰਦ ਹਿੱਸਾ ਨਮੂਦਹ ਅਤਰਾਫ਼ੇ ਸ਼ਹਿਰ ਬਿਆਵੇਜ਼ੰਦ" ਭਾਵ- ਗੁਰੂ ਤੇਗ ਬਹਾਦਰ ਨੂੰ ਕਤਲ ਕੀਤਾ ਜਾਵੇ, ਉਸ ਦੇ ਜਿਸਮ ਦੇ ਟੋਟੇ ਕਰਕੇ ਸ਼ਹਿਰ ਦੇ ਸਭਨੀ ਪਾਸੀਂ ਲਟਕਾ ਦਿੱਤੇ ਜਾਣ। ਇਸ ਤਰ੍ਹਾਂ ਦੇ ਡਾਰਵਿਆਂ ਦੇ ਨਾਲ ਆਪ ਜੀ ਦੀਆਂ ਅੱਖਾਂ ਸਾਹਵੇਂ ਆਪ ਜੀ ਦੇ ਅੰਨਿਨ ਸਿੱਖ ਸ਼ਰਧਾਲੂ ਭਾਈ ਮਤੀ ਦਾਸ ਜੀ ਨੂੰ ਜਿਊਂਦੇ ਜੀਅ ਆਰਿਆਂ ਨਾਲ ਚੀਰ ਕੇ ਦੋਫਾੜ ਕਰ ਦਿੱਤਾ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕਿ ਜਿਉਂਦਾ ਸਾੜਿਆ ਗਿਆ ਅਤੇ

**ਇਕਵਾਕ ਸਿੰਘ ਪੱਟੀ**

ਭਾਈ ਦਇਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਉਨ੍ਹਾਂ ਜ਼ਾਲਮਾਂ ਦੇ ਇਹ ਡਰਾਵੇ ਸਾਹਿਬ ਗੁਰੂ ਤੇਗ ਬਹਾਦੁਰ ਜੀ ਦੇ ਨਿਸਚੇ ਨੂੰ ਨਾ ਡੋਗ ਸਕੇ ਅਤੇ ਅੰਤ 11 ਨਵੰਬਰ ਸੰਨ 1675, ਵੀਰਵਾਰ ਦੇਸੀ ਸੰਮਤ 1732 ਮੱਘਰ ਮਹੀਨੇ ਦੀ 11 ਤਰੀਕ ਨੂੰ ਚਾਂਦਨੀ ਚੌਕ ਵਿਖੇ ਨੌਵੇਂ ਪਤਸ਼ਾਹ ਸਤਿਗੁਰੂ ਜੀ ਨੂੰ ਤਲਵਾਰ ਨਾਲ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸ਼ਸ਼ੋਭਿਤ ਹੈ।

ਇਸ ਸ਼ਹੀਦੀ ਨੂੰ ਵੇਖ ਕੇ ਲੋਕਾਂ ਵਿੱਚ ਹਾਹਕਾਰ ਮੱਚ ਗਈ ਅਤੇ ਇਸੇ ਭਗਦੜ ਦੌਰਾਨ ਭਾਈ ਜੈਤਾ ਜੀ ਨੇ ਹਿੰਮਤ ਕਰਕੇ ਗੁਰੂ ਸਾਹਿਬ ਦਾ ਸੀਸ ਚੁੱਕ ਦਿੱਲੀ ਤੋਂ 200 ਮੀਲ ਦੀ ਵਿੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਇਆ ਅਤੇ ਦੂਜੇ ਪਾਸੇ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਉਦਾ ਜੀ ਨੇ ਸਲਾਹ ਕਰਕੇ ਸਮੇਂ ਨੂੰ ਸੰਭਾਲਦਿਆਂ ਗੁਰੂ ਜੀ ਦਾ ਧੜ ਮੁਗਲਾਂ ਦੇ ਘੇਰੇ ਵਿੱਚੋਂ ਚੁੱਕ ਲਿਆਂਦਾ ਅਤੇ ਤਿੰਨ ਮੀਲ ਦੀ ਵਿੱਥ 'ਤੇ ਰਕਾਬ ਗੰਜ ਵਿਖੇ ਭਾਈ ਲੱਖੀ ਨੇ ਆਪਣੇ ਘਰ ਵਿੱਚ ਗੁਰੂ ਜੀ ਦਾ ਧੜ ਰੱਖ ਸਮੇਤ ਸਾਰੇ ਸਾਮਾਨ ਦੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਆਪਣਾ ਸੱਚਾ ਸੁੱਚਾ ਫਰਜ਼ ਪੂਰਾ ਕਰ ਦਿੱਤਾ। ਉਸ ਸਥਾਨ ਤੇ ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਸੁਸ਼ੋਭਿਤ ਹੈ। ਭਾਈ ਜੈਤਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗਲ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਮਾਣ ਦਿੱਤਾ ਅਤੇ 1699 ਦੀ ਵਿਸਾਖੀ ਨੂੰ ਖਾਲਸਾ ਸਜਾਉਣ ਵਕਤ ਜੈਤਾ ਜੀ ਨੂੰ ਜੀਵਣ ਸਿੰਘ ਅਤੇ ਭਾਈ ਉਦਾ ਜੀ ਨੂੰ 'ਉਦੈ ਸਿੰਘ ਬਣਾ ਦਿੱਤਾ। ਜਿਥੇ ਗੁਰੂ ਜੀ ਦੇ ਸੀਸ ਦਾ ਸਤਿਕਾਰ ਹੋਇਆ, ਉਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।

**ਸਿੱਖਿਆਵਾਂ :**

ਆਪ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਲ 59 ਸ਼ਬਦ ਅਤੇ 57 ਸਲੋਕ ਹਨ। ਆਪ ਜੀ ਨੇ ਜੈਜਾਵੰਤ ਰਾਗ ਵਿੱਚ ਆਪਣੀ ਬਾਣੀ ਉਚਾਰੀ। ਆਪ ਜੀ ਨੇ ਮਨੁੱਖਤਾ ਨੂੰ ਸਰਬਸਾਂਝਾ ਉਪਦੇਸ਼ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਹੋਰ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਕਿ ਇਹ ਰਚਨਾ ਪ੍ਰਮਾਤਮਾ ਦੀ ਬਣਾਈ ਹੋਈ ਹੈ ਅਤੇ ਅਕਾਲ ਪੁਰਖ ਆ ਪਇਸ ਕਾਇਨਾਤ ਵਿੱਚ ਵੱਸ ਰਿਹਾ ਹੈ :

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥
(ਧਨਾਸਾਰੀ ਮਹਲਾ 9, ਪੰਨਾ 684)

ਜਨ ਨਾਨਕ ਸਭ ਹੀ ਮੈ
ਪੂਰਨ ਏਕ ਪੁਰਖ ਭਗਵਾਨੋ ॥
(ਰਾਗ ਬਸੰਤ ਹਿੰਡੋਲ ਮਹਲਾ 9, ਪੰਨਾ 1186)

ਮਨੁੱਖਾ ਜੀਵਣ ਦਾ ਮਨੋਰਥ ਸਮਝਾਉਂਦਿਆਂ ਮਨੁੱਖ ਨੂੰ ਦੱਸਿਆ ਕਿ,

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ
ਪਾਇਓ ਬਿਰਥਾ ਕਾਹਿ ਗਵਾਵਉ ॥
(ਗਉੜੀ ਮਹਲਾ 9, ਪੰਨਾ 219)

ਗੁਨ ਗੋਬਿੰਦ ਗਾਇਓ ਨਹੀ
ਜਨਮੁ ਅਕਾਰਥ ਕੀਨੁ ॥
(ਸਲੋਕ ਮਹਲਾ 9, ਸਲੋਕ 1, ਪੰਨਾ 1426)

ਇਸ ਜਗਤ ਦੀ ਅਸਥਿਰਤਾ ਬਾਰੇ ਆਪ ਜੀ ਨੇ ਪਾਵਨ ਗੁਰਬਾਣੀ ਅੰਦਰ ਫੁਰਮਾਨ ਕੀਤਾ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥
(ਸਲੋਕ 49, ਪੰਨਾ 1429)

ਆਪ ਜੀ ਨੇ ਪਾਵਣ ਬਾਣੀ ਵਿੱਚ ਦੱਸਿਆ ਕਿ ਮਨੁੱਖ ਸੁੱਖਾਂ ਦੀ ਪ੍ਰਾਪਤੀ ਅਤੇ ਲਾਲਸਾ ਵਿੱਚ ਹੋਰ ਵੀ ਜ਼ਿਆਦਾ ਦੁਖ ਭੋਗਦਾ ਹੈ, ਸੰਸਾਰ ਵਿੱਚ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ :

ਜਤਨ ਬਹੁਤ ਸੁਖ ਕੇ ਕੀਏ
ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ
ਹਰਿ ਭਾਵੈ ਸੋ ਹੋਇ ॥ (ਸਲੋਕ 39, ਪੰਨਾ 1428)

ਆਪ ਜੀ ਨੇ ਫੁਰਮਿਆ ਕੇ ਮਨੁੱਖ ਦਿਨ ਰਾਤ ਮਾਇਆ ਪਿੱਛੇ ਭੱਜਿਆ ਫਿਰਦਾ ਹੈ, ਪਰ ਫਿਰ ਵੀ ਇਸ ਦੇ ਮਨ ਦੀ ਮੈਲ ਦੂਰ ਨਹੀਂ ਹੁੰਦੀ:

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ (ਟੋਡੀ ਮਹਲਾ 9, ਪੰਨਾ 718)

ਬੇਸ਼ੱਕ ਅੱਜ ਕੱਲ੍ਹ ਦੇ ਅਖੌਤੀ ਬਾਬੇ ਆਪਣੇ ਨਾਲ ਗੰਨਮੈਨ, ਆਕਸੀਜਨਾਂ, ਜੈਡ ਸੁਰੱਖਿਆ ਨਾਲ ਨਾਲ ਲਈ ਫਿਰਦੇ ਹਨ ਅਤੇ ਦੂਜੇ ਪਾਸੇ ਆਪਣੇ ਰੱਬ ਹੋਣ ਦਾ ਦਾਅਵਾ ਵੀ ਕਰਦੇ ਹਨ ਪਰ ਸਗਿਤੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਪਸ਼ਟ ਕਰ ਦਿੱਤਾ ਕਿ ਮਾਇਆ ਵਿੱਚ ਖੱਚਤ ਜੀਵ ਨੂੰ ਹੀ ਮੌਤ ਦਾ ਡਰ ਹੁੰਦਾ ਹੈ ਤੇ ਇਸ ਡਰ ਤੋਂ ਛੁਟਕਾਰਾ ਸਿਰਫ ਅਕਾਲਪੁਰਖ ਨਾਲ ਪਿਆਰ ਪਾਉਣ ਉਪਰੰਤ ਹੀ ਮਿਲ ਸਕਦਾ ਹੈ ਅਤੇ ਜੋ ਨਾਮ ਸਿਮਰਨ ਨਹੀਂ ਕਰਦੇ ਉਹੀ ਜਨਮ ਮਰਨ ਦੇ ਗੇੜ ਵਿੱਚ ਫਸੇ ਰਹਿੰਦੇ ਹਨ :

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥ (ਸਲੋਕ 31, ਪੰਨਾ 1428)

ਅਖੌਤੀ ਤੀਰਥਾਂ ਬਾਰੇ ਸਪਸ਼ਟ ਕਰਦਿਆਂ ਆਪ ਜੀ ਨੇ ਫੁਰਮਾਇਆ:

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀਂ ਆਵੈ ॥
ਜੋਗ ਜਗ ਨਿਹਫਲ ਤਿਹ
ਮਾਨਉ ਜੋ ਪ੍ਰਭ ਜਸੁ ਬਿਸਰਾਵੈ॥
(ਬਿਲਾਵਲੁ ਮਹਲਾ 9, ਪੰਨਾ 830)

ਇਸ ਤਰ੍ਹਾਂ ਸਾਨੂੰ ਸਤਿਗੁਰੂ ਜੀ ਦੀ ਪਾਵਨ ਬਾਣੀ ਤੋਂ ਹਰ ਤਰ੍ਹਾਂ ਦੀ ਜੀਵਣ ਸਬੰਧੀ ਸੇਧ ਮਿਲਦੀ ਹੈ ਜੋ ਉਨ੍ਹਾਂ ਦੀ ਬਾਣੀ ਨੂੰ ਸਹਿਜ ਨਾਲ ਪੜ੍ਹਿਆਂ ਹੀ ਪਤਾ ਲੱਗ ਸਕਦਾ ਹੈ। ਸੋ ਆਉ! ਉਨ੍ਹਾਂ ਦੀ ਸ਼ਹਾਦਤ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਣ ਵਿੱਚ ਢਾਲੀਏ ਅਤੇ ਗੁਰ ਉਪਦੇਸ਼ਾਂ ਮੁਤਾਬਕ ਜੀਵਣ ਜੀਉਣ ਦਾ ਵੱਲ ਸਿੱਖੀਏ।



# ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ



ਪੰਜਵੇਂ ਪਾਤਸ਼ਾਹਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 1 ਸਤੰਬਰ 1581, ਭਾਦੋਂ ਸੁਦੀ 3, 1638 ਨੂੰ ਗੁਰਗੱਦੀ ਮਿਲਣ ਉਪਰੰਤ ਆਪ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ। ਪ੍ਰਿਥੀ ਚੰਦ ਨੇ ਬਾਬਾ ਬੁੱਢਾ ਜੀ ਅਤੇ ਪਿਤਾ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੋਲ ਕੁਬੋਲ ਕਹੇ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮਝਾਉਣ ਤੇ ਵੀ ਪ੍ਰਿਥੀ ਚੰਦ ਨਹੀ ਸਮਝਿਆ। ਪ੍ਰਿਥੀ ਚੰਦ ਗੁਰੂ ਘਰ ਦੇ ਨਿੰਦਕਾਂ ਦੀ ਚੁੱਕਣਾ ਵਿੱਚ ਆ ਕੇ ਆਪੇ ਤੋਂ ਬਾਹਰ ਹੋ ਗਿਆ। ਛਲ ਕਪਟ ਨਾਲ ਇਕੱਠੀ ਕੀਤੀ ਹੋਈ ਮਾਇਆ ਦਾ ਹੰਕਾਰ ਸਿਰ ਚੜ੍ਹ ਕੇ ਬੋਲ ਰਿਹਾ ਸੀ।

ਗੁਰੂ ਰਾਮਦਾਸ ਜੀ ਨੇ ਕਿਹਾ ਕਿ 'ਤੂੰ ਮੀਣਾ ਹੈ, ਸਾਡੇ ਸਿੱਖ ਤੇਰੇ ਨਾਲ ਸਾਂਝ ਨਹੀ ਰੱਖਣਗੇ। ਸਾਡੀਆਂ ਨਜ਼ਰਾਂ ਤੋਂ ਦੂਰ ਹੋ ਜਾ।'

ਗੁਰੂ ਰਾਮਦਾਸ ਜੀ ਦੇ 1/09/1581 ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੇ ਸਰੋਵਰਾਂ ਅਤੇ ਸ੍ਰੀ ਹਰਿਮੰਦਰ ਸਾਹਬ ਦੀ ਸੇਵਾ ਕਰਾਈ। ਜਿਸਦੀ ਨੀਂਹ ਸਾਂਈ ਮੀਆਂ ਮੀਰ ਜੀ ਨੇ ਆਪਣੇ ਕਰ ਕਮਲਾਂ ਨਾਲ 14 ਜਨਵਰੀ 1588 ਈ: ਵਿੱਚ ਰੱਖੀ। ਗੁਰੂ ਰਾਮਦਾਸ ਜੀ ਹੁਕਮ ਕਰ ਗਏ ਸਨ ਕਿ ਸਰੋਵਰ ਦੇ ਚੌਵੀਂ ਪਾਸੀਂ ਪੌੜੀਆਂ ਬਣਾ ਕੇ ਵਿਚਕਾਰ ਹਰਿਮੰਦਰ ਉਸਾਰਨਾ ਹੈ।

**ਚਹੁ ਦਿਸ ਤੇ ਸੋਧਾਨਿ ਬਨਾਵਹੁ।।**
**ਹਰਿਮੰਦਰ ਸੁੰਦਰ ਉਸਰਾਵਹੁ।।**
**ਤਾਲ ਬਿਖੈ ਸੋਭਾ ਹੋਇ ਐਸਾ।।**
**ਹਰਿ ਧਿਆਨ ਥਿਤ ਨਿਭ ਮਹਿ ਜੈਸੇ।।**

ਪ੍ਰਿਥੀ ਚੰਦ ਵੱਲੋਂ ਸੰਗਤ ਦੁਆਰਾ ਭੇਜੀ ਜਾਂਦੀ ਸਾਰੀ ਭੇਟਾ ਰਸਤੇ ਵਿੱਚ ਹੀ ਕਾਬੂ ਕਰ ਲਈ ਜਾਂਦੀ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਵੇਲੇ ਵੀ ਪ੍ਰਿਥੀ ਚੰਦ ਹੀ ਸਾਰੀ ਭੇਟਾ ਦਾ ਹਿਸਾਬ ਰੱਖਦਾ ਸੀ। ਸੰਗਤ ਅਨਜਾਣ ਸੀ ਇਸ ਲਈ ਇਸ ਦੇ ਬਹਿਕਾਵੇ ਵਿੱਚ ਆ ਕੇ ਸਾਰੀ ਭੇਟਾ ਇਸ ਦੇ ਹਵਾਲੇ ਕਰ ਜਾਂਦੀ ਸੀ। ਪੂਰੀ ਭੇਟਾ ਗੁਰੂ ਜੀ ਕੋਲ ਨਾ ਪਹੁੰਚਣ ਕਰਕੇ ਗੁਰੂ ਘਰ ਦੇ ਲੰਗਰ ਦੀ ਹਾਲਤ ਬੜੀ ਪਤਲੀ ਹੋ ਗਈ। ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੇ ਆਗਰੇ ਪ੍ਰਚਾਰ ਲਈ ਭੇਜਿਆ ਸੀ।

ਜਦੋਂ ਉਹਨਾਂ ਨੂੰ ਗੁਰੂ ਰਾਮਦਾਸ ਜੀ ਦੇ ਸੱਚਖੰਡ ਬਿਰਾਜਣ ਦੀ ਖਬਰ ਮਿਲੀ ਤਾਂ ਆਪ ਦੇ ਸ੍ਰੀ ਅੰਮ੍ਰਿਤਸਰ ਪਹੁੰਚਣ ਤੇ ਜਦ ਦੋ ਛੋਲਿਆਂ ਦੇ ਪ੍ਰਸ਼ਾਦੇ ਮਿਲੇ ਤਾਂ ਭਾਈ ਗੁਰਦਾਸ ਜੀ ਨੂੰ ਮਾਤਾ ਭਾਨੀ ਨੂੰ ਪੁੱਛਣ ਤੇ ਪਤਾ ਲੱਗਾ ਕਿ ਇਹ ਸਭ ਪ੍ਰਿਥੀ ਚੰਦ ਕਰਕੇ ਹੋ ਰਿਹਾ ਹੈ ਤਾਂ ਭਾਈ ਗੁਰਦਾਸ ਜੀ ਨੇ ਆਪ ਸਾਰੀ ਕਮਾਂਡ ਸੰਭਾਲੀ ਤਾਂ ਪ੍ਰਿਥੀ ਚੰਦ ਨੂੰ ਮੂੰਹ ਦੀ ਖਾਣੀ ਪਈ। ਗੁਰਦੁਆਰਾ ਸੰਤੋਖਸਰ ਅਤੇ ਅੰਮ੍ਰਿਤਸਰ ਦੇ ਸਰੋਵਰਾਂ ਦੀ ਖੁਦਾਈ ਸੰਗਤਾਂ ਦੇ ਉੱਦਮ ਸਦਕਾ ਤੇ ਹੋਰ ਬਾਉਲੀਆਂ, ਹਸਪਤਾਲ ਅਤੇ ਖੂਹ ਬਣਵਾਏ।

ਆਪ ਨੇ ਸੰਤੋਖਸਰ ਦੀ ਸੇਵਾ 1586 ਈ: ਵਿੱਚ, ਤਰਨ ਤਾਰਨ ਨਗਰ ਅਤੇ ਤਲਾਬ ਦੀ ਸੇਵਾ 1590 ਈ: ਵਿੱਚ, ਕਰਤਾਰਪੁਰ ਜਲੰਧਰ ਦੀ ਸੇਵਾ 1594 ਈ: ਵਿੱਚ, ਛੇਹਰਟਾ ਸਾਹਿਬ ਅੰਮ੍ਰਿਤਸਰ ਦੀ ਸੇਵਾ 1595 ਈ: ਵਿੱਚ, ਬਾਉਲੀ ਸਾਹਬ ਲਾਹੌਰ ਦੀ ਸੇਵਾ 1599 ਵਿੱਚ, ਗੁ: ਰਾਮਸਰ ਅੰਮ੍ਰਿਤਸਰ ਦੀ ਸੇਵਾ 1602 ਈ: ਵਿੱਚ ਕਰਵਾਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਦੇ ਅੰਦਰ ਦੀ ਵਪਾਰਕ ਕਲਾ ਨੂੰ ਵੀ ਉਤਸ਼ਾਹਿਤ ਕੀਤਾ ਤੇ ਵੱਖ-ਵੱਖ ਦੇਸ਼ਾਂ ਵਿੱਚ ਵਪਾਰ ਕਰਨ ਲਈ ਭੇਜਿਆਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੁਰ ਕੀ ਬਾਣੀ ਇਕੱਤਰ ਕਰਨ ਵਿੱਚ ਵੀ ਦੂਰ ਦ੍ਰਿਸ਼ਟੀ ਤੋਂ ਕੰਮ ਲਿਆ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਸਮੁੱਚੀ ਮਾਨਵਤਾ ਦਾ ਸਰਬ ਸਾਂਝਾ ਗ੍ਰੰਥ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੀ ਮਹਾਨ ਸੰਪਾਦਨਾ ਦਾ ਕਾਰਜ ਸ੍ਰੀ ਅੰਮ੍ਰਿਤਸਰ ਸਾਹਬ ਵਿਖੇ ਸ੍ਰੀ ਰਾਮਸਰ ਸਾਹਬ ਦੇ ਸਥਾਨ ਤੇ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਕੀ ਗੁਰੂ ਸਹਿਬਾਨਾਂ ਦੀ ਬਾਣੀ ਦੇ ਨਾਲ ਭਗਤਾਂ, ਭੱਟਾਂ, ਮਹਾਨ ਗੁਰਸਿੱਖਾਂ ਅਤੇ ਮਹਾਂਪੁਰਸ਼ਾ ਦੀ ਬਾਣੀ ਨੂੰ ਪੋਥੀ ਸਾਹਬ ਦੇ ਰੂਪ ਵਿੱਚ ਸੰਮਤ 1661 ਵਿੱਚ ਸੰਪੂਰਨ ਕੀਤਾ ਤੇ ਭਾਦਰੋਂ ਸੁਦੀ 1 ਸੰਮਤ 1661 ਨੂੰ ਨਗਰ ਕੀਰਤਨ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਪੁੱਜ ਕੇ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਸ੍ਰੀ ਹਰਿਮੰਦਰ ਸਾਹਬ ਜੀ ਦੇ ਪਹਿਲੇ ਹੈੱਡ ਗ੍ਰੰਥੀ ਬਣੇ।

ਗੁਰੂ ਘਰ ਦੇ ਵਿਰੋਧੀਆਂ ਨੇ ਰਲ ਕੇ ਗੁਰੂ ਜੀ ਨੂੰ ਹਾਨੀ ਪਹੁੰਚਾਉਣ ਵਿਰੁੱਧ ਕਈ ਸਾਜ਼ਿਸ਼ਾਂ ਰਚੀਆਂ, ਪਰ ਸਭ ਫੇਲ ਹੋ ਗਈਆਂ। ਗੁਰੂ ਘਰ ਦੇ ਵਿਰੋਧੀਆਂ ਵਿੱਚ ਸਭ ਤੋਂ ਪਹਿਲਾਂ ਪ੍ਰਿਥੀ ਚੰਦ, ਸੁਲਹੀ ਖਾਂ, ਬੀਰਬਲ, ਚੰਦੂ ਤੇ ਜਹਾਂਗੀਰ ਬਾਦਸ਼ਾਹ ਦੇ ਨਾਂਅ ਸਭ ਤੋਂ ਉੱਪਰ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਨੀ ਪਹੁੰਚਾਉਣ ਤੋਂ ਪਹਿਲਾਂ ਹੀ ਸੁਲਹੀ ਖਾਂ ਤੇ ਬੀਰਬਲ ਵਰਗੇ ਅੱਲਾ ਨੂੰ ਪਿਆਰੇ ਹੋ ਗਏ ਤੇ ਗੁਰੂ ਘਰ ਦੀ ਸਦਾ ਚੜ੍ਹਦੀ ਕਲਾ ਰਹੀ। ਅਕਬਰ ਦੀ ਮੌਤ ਤੋਂ ਬਾਅਦ ਜਦ ਜਹਾਂਗੀਰ ਗੱਦੀ ਤੇ ਬੈਠਾ ਤਾਂ ਪ੍ਰਿਥੀ ਚੰਦ ਤੇ ਛੱਜੂ, ਚੰਦੂ ਬ੍ਰਹਮਣ ਰਾਹੀਂ ਜਹਾਂਗੀਰ ਦੇ ਕੰਨ ਭਰਦੇ ਰਹੇ। ਕੰਨਾਂ ਦਾ ਕੱਚਾ ਜਹਾਂਗੀਰ ਸਿੱਖਾਂ ਦੀ ਚੜ੍ਹਤ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ। ਚੰਦੂ ਬ੍ਰਾਹਮਣ ਸ੍ਰੀ ਗੁਰੂ ਹਰਿਗੋਬਿੰਦ ਸਾਹਬ ਜੀ ਦੇ ਮੋੜੇ ਹੋਏ ਰਿਸ਼ਤੇ ਤੋਂ ਖਾਰ ਖਾਂਦਾ ਸੀ ਤੇ ਬਦਲਾ ਲੈਣਾ ਚਾਹੁੰਦਾ ਸੀ। ਜਹਾਂਗੀਰ ਨੂੰ ਵੀ ਬਹਾਨਾ ਮਿਲ ਗਿਆ ਕਿਉਂਕਿ ਸਰਕਾਰ ਦੇ ਬਾਗੀ ਖੁਸਰੋ ਦੀ ਮਦਦ ਕਰਨ ਦਾ ਇਲਜ਼ਾਮ ਲਾ ਕੇ ਗੁਰੂ ਜੀ ਨੂੰ ਜਹਾਂਗੀਰ ਬਾਦਸ਼ਾਹ ਨੇ ਦੋਸ਼ੀ ਮੰਨਿਆ ਤੇ ਲਾਹੌਰ ਬੁਲਾਇਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿੱਚ ਬਹੁਤ ਤਸੀਹੇ ਦਿੱਤੇ ਗਏ। ਤੱਤੀ ਤਵੀ ਤੇ ਬਿਠਾਇਆ ਗਿਆ, ਸਿਰ ਵਿੱਚ ਤੱਤੀ ਰੇਤ ਪਾਈ ਗਈ, ਉੱਬਲਦੀਆਂ ਦੇਗਾਂ ਵਿੱਚ ਬਿਠਾਇਆ ਗਿਆ। ਅੰਤ 1606 ਨੂੰ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਆਪ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਲੀਨ ਹੋ ਗਏ।



ਗੁਹਾਟੀ ਵਿੱਚ ਇੱਕ ਮਾਂ ਤੋਤਾ ਇੱਕ ਦਰੱਖਤ ਦੇ ਖੋਖਲੇ ਵਿੱਚ ਆਪਣੇ ਚੂਚਿਆਂ ਨੂੰ ਚਾਰਦਾ ਹੈ।

## ਬਾਬਾ ਨਾਨਕ ਦੇ ਘਰ ਚਾਵਾਂ ਤੇ ਖੁਸ਼ੀਆਂ ਨਾਲ ਨੱਚਦੇ ਗਏ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਮਨਾਉਣ ਸਿੱਖ ਸ਼ਰਧਾਲੂ

ਲਹੌਰ : ਪਾਕਿਸਤਾਨ ਵਿੱਚ ਸ਼ਨੀਵਾਰ ਨੂੰ ਵਿਸਾਖੀ ਮੌਕੇ ਪਾਕਿਸਤਾਨ ਜਾਣ ਲਈ ਅਟਾਰੀ ਬਾਰਡਰ ਲਈ ਬੱਸ ਵਿੱਚ ਸਵਾਰ ਹੋ ਕੇ ਬਾਬਾ ਨਾਨਕ ਦੇ ਘਰ ਚਾਵਾਂ ਤੇ ਖੁਸ਼ੀਆਂ ਨਾਲ ਨੱਚਦੇ ਗਏ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਮਨਾਉਣ। ਇਥੇ ਇਹ ਜ਼ਿਕਰਯੋਗ ਹੈ ਕਿ ਜਥੇ ਅੰਮ੍ਰਿਤਸਰ ਪੰਜਾਬ ਤੋਂ ਪਾਕਿਸਤਾਨ ਪੰਜਾਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਿੱਖ ਜਾਂਦੇ ਹਨ ਜਿਥੇ ਗੁਰਧਾਮਾਂ ਦੇ ਦਰਸ਼ਨ ਕਰਦੇ ਹਨ ਉਥੇ ਆਪਣੇ ਪੰਜਾਬ ਜੋ ਭਾਰਤ ਦੀ ਅਜ਼ਾਦੀ ਵੇਲੇ ਨਹਿਰੂ ਗਾਂਧੀ ਅਤੇ ਜਿਨਾਹ ਕਾਰਨ ਹਮੇਸ਼ਾ ਲਈ ਟੁਟ ਗਿਆ ਸੀ ਉਸਦੇ ਦਰਸ਼ਨ ਕਰਦੇ ਹਨ, ਪਾਕਿਸਤਾਨ ਦੇ ਲੋਕਾਂ ਨੇ ਪਿਆਰ ਮੁਹੱਬਤ ਨਾਲ ਸਿੱਖਾਂ ਦਾ ਸਵਾਗਤ ਕੀਤਾ।







# ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਨੂੰ ਪਾਰ ਕਰਨ ਵਾਲੇ ਭਾਰਤੀਆਂ ਦੀ ਚਿੰਤਾਜਨਕ ਗਿਣਤੀ







ਨਿਊਯਾਰਕ (ਸਾਡੇ ਲੋਕ/ਰਾਜ ਗੋਗਨਾ)— ਸੰਨ 2023 ਵਿੱਚ 30,010 ਭਾਰਤੀ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਸਨ, ਜਿਨ੍ਹਾਂ ਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਸਮੇਂ ਦੇ ਨਾਲ ਪਰਵਾਸ ਦਾ ਇਹ ਰੁਝਾਨ ਕਾਫੀ ਵਧਿਆ ਹੈ।ਮਹਾਂਮਾਰੀ ਦੇ ਸਮੇਂ ਦੌਰਾਨ ਇਹ ਸੰਖਿਆ 2225 ਦੇ ਕਰੀਬ ਸੀ। ਯੂਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੀ ਰਿਪੋਰਟ ਦੇ ਅਨੁਸਾਰ ਇਸ ਵਿੱਤੀ ਸਾਲ ’ਚ 16,622 ਹੋਰ ਲੋਕ ਹੋਰ ਦਾਖਲ ਹੋਏ ਹਨ। ਭਾਰਤ ਸੰਯੁਕਤ ਰਾਜ ਅਮਰੀਕਾ ਵਿੱਚ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਵਾਲਾ ਇਹ ਤੀਜਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ।ਇਸ ਦੇਸ਼ ਵਿੱਚ ਫਿਕਸਰਾਂ ਦੀ ਇੱਕ ਵੱਡੀ ਰਕਮ ਹੈ ਜੋ ਪਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਦੇ ਨਾਲ ਅਮਰੀਕਾ ਲਿਜਾਣ ਲਈ ਮੋਟੀ ਰਕਮ ਲੈਂਦੇ ਹਨ। ਇਸ ਤੋਂ ਇਲਾਵਾ, ਦਾਖਲੇ ਦੀਆਂ ਬੰਦਰਗਾਹਾਂ ’ਤੇ 28,380 ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਸਾਹਮਣਾ ਹੋਇਆ, ਹੈ ਜਿਵੇਂ ਕਿ ਹਵਾਈ ਜਹਾਜ਼ ਰਾਹੀਂ ਪਹੁੰਚਣ ਵਾਲੇ ਲੋਕਾਂ ਦਾ, ਪਰਵਾਸੀ ਭਾਰਤੀ ਅਮਰੀਕਾ ਚ’ ਵੱਸਦੇ ਅਟਾਰਨੀ ਚਿਰਾਗ ਪਟੇਲ ਨੇ ਕਿਹਾ ਕਿ ਚੋਣਾਂ ਨੇੜੇ ਆਉਣ ਕਾਰਨ ਇਹ ਲਹਿਰ ਵੱਡੀ ਗਿਣਤੀ ਲੈ ਸਕਦੀ ਹੈ।ਭਾਰਤੀ ਦੂਤਘਰ ਨੇ ਇਮੀਗ੍ਰੇਸ਼ਨ ਦੇ ਇਸ ਕੇਸ ਵਿਰੁੱਧ ਲੜਨ ਲਈ ਅਮਰੀਕੀ ਸਰਕਾਰ ਨਾਲ ਸਹਿਯੋਗ ਕਰਨ ਲਈ ਵੀ ਸਹਿਮਤੀ ਦਿੱਤੀ ਹੈ।ਮੁੱਖ ਤੌਰ ’ਤੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਲੋਕ ਮੌਕਿਆਂ ਦੀ ਚਮਕ ਕਾਰਨ ਪਹਿਲੀ ਦੁਨੀਆ ਦੇ ਦੇਸ਼ ਤੱਕ ਪਹੁੰਚਣ ਲਈ (ਅਮਰੀਕਾ) ਲਈ ਇਹ ਸਾਰੇ ਗੈਰ-ਕਾਨੂੰਨੀ ਤਰੀਕੇ ਅਪਨਾਉਂਦੇ ਹਨ।ਅਤੇ ਆਪਣੀ ਬਿਹਤਰ ਜ਼ਿੰਦਗੀ ਅਤੇ ਬਿਹਤਰ ਕਰੀਅਰ ਦਾ ਪਹਿਲੂ ਉਨ੍ਹਾਂ ਨੂੰ ਇੰਨਾ ਪਾਗਲ ਬਣਾ ਦਿੰਦਾ ਹੈ ਕਿ ਉਹ ਖਾਸ ਤੌਰ ’ਤੇ ਮੱਧ ਵਰਗ ਪਰਿਵਾਰਾਂ ਦੇ ਲੋਕਾਂ ਲਈ ਅਮਰੀਕਾ ਆਉਣ ਦਾ ਗੈਰਕਾਨੂੰਨੀ ਢੰਗ ਨਾਲ ਇਹ ਮਾਰਗ ਚੁਣਦੇ ਹਨ।

## ਅਮਰੀਕਾ ’ਚ ਆਤਮ ਹੱਤਿਆ ਦੀ ਰੋਕਥਾਮ ਲਈ ਵ੍ਹਾਈਟ ਹਾਊਸ ਦੀ ਰਾਸ਼ਟਰੀ ਰਣਨੀਤੀ ਜਿਸ ਦੀ ਅਗਵਾਈ ਦੋ ਭਾਰਤੀ-ਅਮਰੀਕਨ ਕਰਨਗੇ





ਵਾਸ਼ਿੰਗਟਨ/ਡੀ ਸੀ, (ਰਾਜ ਗੋਗਨਾ)- ਵ੍ਹਾਈਟ ਹਾਊਸ ਹੁਣ ਆਤਮ ਹੱਤਿਆ ਦੀ ਰੋਕਥਾਮ ਲਈ ਆਪਣੀ ਨਵੀਂ ਰਾਸ਼ਟਰੀ ਰਣਨੀਤੀ ਦਾ ਪਰਦਾਫਾਸ਼ ਕਰੇਗਾ, ਜਿਸ ਵਿੱਚ ਦੋ ਭਾਰਤੀ -ਅਮਰੀਕੀਆਂ ਨੀਰਾ ਟੰਡਨ ਅਤੇ ਡਾ. ਵਿਵੇਕ ਮੂਰਤੀ-ਮੁੱਖ ਸ਼ਖਸੀਅਤਾਂ ਵਜੋਂ ਸ਼ਾਮਲ ਹਨ। ਡਾ: ਵਿਵੇਕ ਮੂਰਤੀ ਸੰਯੁਕਤ ਰਾਜ ਦੇ ਸਰਜਨ ਜਨਰਲ ਹਨ, ਜਦੋਂ ਕਿ ਟੰਡਨ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੂੰ ਘਰੇਲੂ ਨੀਤੀ ਬਾਰੇ ਸਲਾਹ ਦਿੰਦੇ ਹਨ।ਅੱਜ ਬਾਅਦ ਵਿੱਚ, ਵ੍ਹਾਈਟ ਹਾਊਸ ਦੇ ਇੱਕ ਸਮਾਗਮ ਵਿੱਚ, ਆਤਮ ਹੱਤਿਆ ਰੋਕਥਾਮ ਲਈ 2024 ਦੀ ਰਾਸ਼ਟਰੀ ਰਣਨੀਤੀ ਪੇਸ਼ ਕੀਤੀ ਜਾਵੇਗੀ। ਇਹ ਰਣਨੀਤੀ ਓਪੀਔਡ ਮਹਾਮਾਰੀ ਨੂੰ ਖਤਮ ਕਰਨ ਅਤੇ ਮਾਨਸਿਕ ਸਿਹਤ ਨੂੰ ਸੁਧਾਰਨ ਦੇ ਰਾਸ਼ਟਰਪਤੀ ਬਿਡੇਨ ਦੇ ਏਕਤਾ ਏਜੰਡੇ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। ਟੰਡਨ ਨੇ ਕਿਹਾ, ‘ਪੀੜਤ ਨੂੰ ਘਟਾਉਣ ਅਤੇ ਖ਼ੁਦਕੁਸ਼ੀ ਨੂੰ ਰੋਕਣ ਲਈ ਅਸੀਂ ਸਭ ਕੁਝ ਕਰਨਾ ਰਾਸ਼ਟਰਪਤੀ ਬਿਡੇਨ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ, ਅਤੇ ਅਮਰੀਕੀ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਸੁਧਾਰ ਕਰਨਾ ਇਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਟੰਡਨ ਨੇ ਕਿਹਾ। ਓਪੀਓਡ ਮਹਾਂਮਾਰੀ ਅਤੇ ਦੇਸ਼ ਦੇ ਮਾਨਸਿਕ ਸਿਹਤ ਸੰਕਟਾਂ ਦਾ ਮੁਕਾਬਲਾ ਕਰਨ ਲਈ, ਬਿਡੇਨ-ਹੈਰਿਸ ਪ੍ਰਸ਼ਾਸਨ ਨੇ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਇਸ ਤੋਂ ਇਲਾਵਾ, ਉਹ ਅੱਜ ਖ਼ੁਦਕੁਸ਼ੀ ਨੂੰ ਰੋਕਣ ਲਈ ਇੱਕ ਨਵੀਂ ਫੈਡਰਲ ਐਕਸ਼ਨ ਪਲਾਨ ਅਤੇ ਰਾਸ਼ਟਰੀ ਰਣਨੀਤੀ ਦੇ ਉਦਘਾਟਨ ਦਾ ਐਲਾਨ ਕਰਕੇ ਬੇਹੱਦ ਖ਼ੁਸ਼ ਸੀ ਖ਼ੁਦਕੁਸ਼ੀਆਂ ਦੀ ਮਹਾਂਮਾਰੀ ਜਨਤਕ ਸਿਹਤ ਦੇ ਖੇਤਰ ਵਿੱਚ ਇੱਕ ਵੱਡੀ ਚਿੰਤਾ ਹੈ। 2022 ਵਿੱਚ, ਅਮਰੀਕਾ ਵਿੱਚ ਖ਼ੁਦਕੁਸ਼ੀਆਂ ਦੀ ਗਿਣਤੀ 49,000 ਨੂੰ ਪਾਰ ਕਰ ਗਈ ਸੀ। ਵ੍ਹਾਈਟ ਹਾਊਸ ਦੀ ਇੱਕ ਸੂਚਨਾ ਸ਼ੀਟ ਵਿੱਚ ਕਿਹਾ ਗਿਆ ਹੈ ਕਿ ਇਹ ਹਰ ਗਿਆਰਾਂ ਮਿੰਟਾਂ ਵਿੱਚ ਇੱਕ ਮੌਤ ਦੇ ਬਰਾਬਰ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਵੱਧ ਰਹੀ ਖ਼ੁਦਕੁਸ਼ੀ ਦਰ ਦਾ ਅਸਰ ਭਾਰਤੀ ਅਮਰੀਕੀਆਂ ਲਈ ਵੀ ਹੈ। ਹਾਲਾਂਕਿ ਕੋਈ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਘੱਟ ਸੇਵਾ ਵਾਲੇ ਅਤੇ ਜੋਖਮ ਵਾਲੇ ਭਾਈਚਾਰਿਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਨਗੇ ਅਤੇ ਸਮਾਗਮ ਦੌਰਾਨ ਨਵੀਂ ਯੋਜਨਾ ਪੇਸ਼ ਕਰਨਗੇ। ਰਣਨੀਤੀ ਪਾੜੇ ਨੂੰ ਭਰਨ ਲਈ ਖਾਸ ਸਿਫ਼ਾਰਸ਼ਾਂ ਦਿੰਦੀ ਹੈ। ਇਹ ਯੋਜਨਾ ਪਹਿਲੀ-ਪਹਿਲੀ ਫੈਡਰਲ ਐਕਸ਼ਨ ਪਲਾਨ ਦੇ ਨਾਲ ਹੋਵੇਗੀ, ਜੋ ਕਿ, ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਦੇ ਅਨੁਸਾਰ, 200 ਤੋਂ ਵੱਧ ਵੱਖਰੀਆਂ ਪਹਿਲਕਦਮੀਆਂ ਦੀ ਸੂਚੀ ਹੈ ਜੋ ਪੂਰੇ ਪ੍ਰਸ਼ਾਸਨ ਵਿੱਚ ਸੰਘੀ ਭਾਈਵਾਲ ਅਗਲੇ ਤਿੰਨ ਸਾਲਾਂ ਵਿੱਚ ਲਾਂਚ ਕਰਨਗੇ ਅਤੇ ਮੁਲਾਂਕਣ ਕਰਨਗੇ। ਪ੍ਰਭਾਵਸ਼ਾਲੀ ਕਮਿਊਨਿਟੀ-ਆਧਾਰਿਤ ਖ਼ੁਦਕੁਸ਼ੀ ਰੋਕਥਾਮ ਪ੍ਰੋਗਰਾਮਾਂ ਦਾ ਮੁਲਾਂਕਣ ਕਰਨ, ਕਲੀਨਿਕਲ ਸੈਟਿੰਗਾਂ ਵਿੱਚ ਇੱਕੋ ਸਮੇਂ ਦਵਾਈਆਂ ਦੀ ਵਰਤੋਂ ਅਤੇ ਖ਼ੁਦਕੁਸ਼ੀ ਦੇ ਜੋਖਮ ਦੇ ਇਲਾਜ ਦੇ ਤਰੀਕੇ ਲੱਭਣ ਲਈ ਯਤਨ ਕੀਤੇ ਜਾਣਗੇ, ਇੱਕ ਮੋਬਾਈਲ ਸੰਕਟ ਲੋਕੇਟਰ ਨੂੰ ਫੰਡ ਦੇਣ ਲਈ 988 ਸੰਕਟ ਕੇਂਦਰ ਵਰਤ ਸਕਦੇ ਹਨ, ਅਤੇ ਖ਼ੁਦਕੁਸ਼ੀ ਤੋਂ ਬਚੇ ਲੋਕਾਂ ਨੂੰ ਵਧੇਰੇ ਸਹਾਇਤਾ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣਗੇ। ਜਾਂ ਕਿਸੇ ਨੂੰ ਇਸ ਦੁਨੀਆ ਤੋ ਗੁਆ ਦਿੱਤਾ ਜਿਸਨੂੰ ਉਹ ਪਿਆਰ ਕਰਦੇ ਸਨ। ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਘੋਸ਼ਣਾ ਕੀਤੀ ਕਿ ਦੇਸ਼ ਦੀ ਖ਼ੁਦਕੁਸ਼ੀ ਰੋਕਥਾਮ ਰਣਨੀਤੀ ਵਿੱਚ ਹੁਣ ਇੱਕ ਥੰਮ ਸ਼ਾਮਲ ਹੋਵੇਗਾ ਜੋ ਇਕੁਇਟੀ ਨੂੰ ਤਰਜੀਹ ਦਿੰਦਾ ਹੈ। ਇਹ ਦੇਖਭਾਲ ਦੀ ਪੂਰੀ ਨਿਰੰਤਰਤਾ ਵਿੱਚ ਕੁਝ ਆਬਾਦੀਆਂ ’ਤੇ ਖ਼ੁਦਕੁਸ਼ੀ ਦੇ ਅਸਪਸ਼ਟ ਪ੍ਰਭਾਵ ਨੂੰ ਸੰਬੋਧਿਤ ਕਰਨ ਲਈ ਜ਼ਰੂਰੀ ਹੈ। ਜੇਵੀਅਰ ਬੇਸੇਰਾ, ਯੂਐਸਏ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ ਦੇ ਅਨੁਸਾਰ, ਖ਼ੁਦਕੁਸ਼ੀ ਇੱਕ ਬਹੁਪੱਖੀ ਜਨਤਕ ਸਿਹਤ ਮੁੱਦਾ ਹੈ ਜੋ ਸਾਰੇ ਦੇਸ਼ਾਂ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਅਮਰੀਕਨਾਂ ਦੀ ਸਿਹਤ ਅਤੇ ਤੰਦਰੁਸਤੀ ਬਿਡੇਨ-ਹੈਰਿਸ ਪ੍ਰਸ਼ਾਸਨ ਲਈ ਨਿਰੰਤਰ ਤਰਜੀਹ ਰਹੀ ਹੈ। ਇਸ ਰਣਨੀਤੀ ਅਤੇ ਸੰਘੀ ਕਾਰਜ ਯੋਜਨਾ ਵਿੱਚ ਦਰਸਾਏ ਗਏ ਬੇਮਿਸਾਲ ਅੰਤਰ-ਏਜੰਸੀ ਤਾਲਮੇਲ ਦੇ ਨਾਲ, ਅਸੀਂ ਤੁਹਾਡੇ ਲਈ ਇੱਥੇ ਹਾਂ।

## ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਆਪਣੇ ਤੀਜੇ ਪੁਲਾੜ ਮਿਸ਼ਨ ਦੇ ਲਈ ਤਿਆਰ ਹੋਈ





ਵਾਸ਼ਿੰਗਟਨ, (ਸਾਡੇ ਲੋਕ/ਰਾਜ ਗੋਗਨਾ)-ਭਾਰਤੀ ਮੂਲ ਦੀ ਸੁਨੀਤਾ ਵਿਲੀਅਮਸ ਇੱਕ ਵਾਰ ਫਿਰ ਪੁਲਾੜ ਵਿੱਚ ਜਾਣ ਲਈ ਤਿਆਰ ਹੋਈ ਹੈ। ਉਹ ਤੀਜੀ ਵਾਰ ਦਾਖ਼ਲ ਹੋਵੇਗੀ।ਨਾਸਾ ਨੇ ਇਹ ਐਲਾਨ ਕੀਤਾ ਹੈ। ਇਸ ਵਾਰ ਇਕ ਹੋਰ ਪੁਲਾੜ ਯਾਤਰੀ ਬੁਚ ਵਿਲਮੋਰ ਵੀ ਉਸ ਦੇ ਨਾਲ ਜਾਣਗੇ। ਇਸ ਮੌਕੇ ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਇੱਕ ਹਫ਼ਤਾ ਬਿਤਾਉਣਗੇ। ਬੋਇੰਗ ਦਾ ਸਟਾਰਲਾਈਨਰ ਪੁਲਾੜ ਵਿੱਚ ਜਾਵੇਗਾ। ਨਾਸਾ ਦੇ ਵਪਾਰਕ ਪ੍ਰੋਗਰਾਮ ਦੇ ਹਿੱਸੇ ਵਜੋਂ ਸਟਾਰਲਾਈਨਰ ਪੁਲਾੜ ਯਾਨ ’ਤੇ ਸਵਾਰ ਇਹ ਪਹਿਲਾ ਮਨੁੱਖੀ ਮਿਸ਼ਨ ਹੈ। ਇਸ ਦੇ ਹਿੱਸੇ ਵਜੋਂ, ਸਟਾਰਲਾਈਨਰ ਦੀਆਂ ਸਮਰੱਥਾਵਾਂ ਦੀ ਜਾਂਚ ਕੀਤੀ ਜਾਵੇਗੀ। ਜੇਕਰ ਮਿਸ਼ਨ ਸਫਲ ਹੋ ਜਾਂਦਾ ਹੈ, ਤਾਂ ਨਾਸਾ ਸਪੇਸ ਸਟੇਸ਼ਨ ਲਈ ਚਾਲਕ ਦਲ ਦੇ ਮਿਸ਼ਨਾਂ ਲਈ ਸਟਾਰਲਾਈਨਰ ਨੂੰ ਪ੍ਰਮਾਣਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਸ਼ਡਿਊਲ ਮੁਤਾਬਕ ਇਹ ਲਾਂਚਿੰਗ 6 ਮਈ ਨੂੰ ਹੋਵੇਗੀ। ਸੁਨੀਤਾ ਵਿਲੀਅਮਜ਼ ਕਲਪਨਾ ਚਾਵਲਾ ਤੋਂ ਬਾਅਦ ਪੁਲਾੜ ਵਿੱਚ ਜਾਣ ਵਾਲੀ ਭਾਰਤੀ ਮੂਲ ਦੀ ਦੂਜੀ ਔਰਤ ਬਣ ਗਈ ਹੈ। ਸੁਨੀਤਾ ਦਾ ਪਹਿਲਾ ਟੂਰ ਦਸੰਬਰ 2006 ਤੋਂ ਜੂਨ 2007 ਤੱਕ ਸੀ। ਫਿਰ ਉਸਨੇ ਇੱਕ ਮਹਿਲਾ ਪੁਲਾੜ ਯਾਤਰੀ ਦੇ ਰੂਪ ਵਿੱਚ ਇੱਕ ਰਿਕਾਰਡ ਬਣਾਇਆ ਸੀ। ਜਿਸ ਨੇ 29 ਘੰਟੇ ਅਤੇ 17 ਮਿੰਟ ਲਈ ਚਾਰ ਵਾਰ ਸਪੇਸਵਾਕ ਕੀਤਾ। ਬਾਅਦ ਵਿੱਚ 2012 ਵਿੱਚ, ਉਸ ਨੇ ਚਾਰ ਮਹੀਨਿਆਂ ਲਈ ਆਈਐਸਐਸ ਵਿੱਚ ਖੋਜ ਕੀਤੀ। ਅਮਰੀਕੀ ਪੁਲਾੜ ਏਜੰਸੀ ਨੇ ਇਕ ਬਿਆਨ ਵਿਚ ਕਿਹਾ. ਨਾਸਾ ਨੇ ਵੀਰਵਾਰ, 25 ਅਪ੍ਰੈਲ ਨੂੰ ਕਿਹਾ ਕਿ ਏਜੰਸੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਬੋਇੰਗ ਚਾਲਕ ਦਲ ਦੀ ਉਡਾਣ ਦੇ ਟੈਸਟ ਦੀ ਤਿਆਰੀ ਕਰ ਰਹੀ ਹੈ। ਮਿਸ਼ਨ ਦਾ ਟੀਚਾ ਰਾਤ 10:34 ਵਜੇ ਲਾਂਚ ਕੀਤਾ ਜਾਵੇਗਾ। ਲਾਂਚਿੰਗ 6 ਮਈ ਨੂੰ ਫਲੋਰੀਡਾ ਵਿੱਚ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਦੇ ਨੇੜੇ ਸਪੇਸ ਲਾਂਚ ਕੰਪਲੈਕਸ-41 ਤੋਂ ਹੋਵੇਗੀ। ਨਾਸਾ ਦੇ ਪੁਲਾੜ ਯਾਤਰੀ ਬੁਚ ਵਿਲਮੋਰ ਅਤੇ ਸੁਨੀਤਾ ਵਿਲੀਅਮਸ ਇੱਕ ਹਫ਼ਤੇ ਲਈ ਪੁਲਾੜ ਵਿੱਚ ਰਹਿਣਗੇ।

## ਗੁਲਾਮ ਨਬੀ ਆਜ਼ਾਦ ਨੇ ਡੀਪੀਏਪੀ ਉਮੀਦਵਾਰ ਸਲੀਮ ਪਰੇ ਦੇ ਸਮਰਥਨ ਵਿੱਚ ਰੋਡ ਸ਼ੋਅ ਕੀਤਾ







ਅਨੰਤਨਾਗ : ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ (ਡੀਪੀਏਪੀ) ਦੇ ਚੇਅਰਮੈਨ ਗੁਲਾਮ ਨਬੀ ਆਜ਼ਾਦ ਨੇ ਮਲਪੋਰਾ-ਮੀਰ ਬਾਜ਼ਾਰ ਵਿੱਚ ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਲਈ ਪਾਰਟੀ ਅਨੰਤਨਾਗ-ਰਾਜੌਰੀ ਦੇ ਉਮੀਦਵਾਰ ਸਲੀਮ ਪਰੇ ਦੇ ਸਮਰਥਨ ਵਿੱਚ ਰੋਡ ਸ਼ੋਅ ਕਰਦੇ ਹੋਏ ਸਮਰਥਕਾਂ ਨੂੰ ਸੰਬੋਧਨ ਕੀਤਾ।

# ਬਲਾਕ ਪ੍ਰਾਇਮਰੀ ਸਿੱਖਿਆ ਮਾਹਿਲਪੁਰ ਬਲਾਕ 1 ਵਿਚ ਕੁਲ 59 ਸਕੂਲਾਂ ਵਿਚੋਂ 26 ਸਕੂਲ

## *ਸਿੰਗਲ ਟੀਚਰ, 03 ਸਕੂਲ ਟੀਚਰ ਲੈਸ, 02 ਸਕੂਲਾਂ ਨੂੰ ਲੱਗਾ ਤਾਲਾ, ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ ਦੁਆਰਾ ਕੀਤਾ ਖੁਲਾਸਾ*

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਰਾਇਟ ਟੂ ਐਜੂਕੇਸ਼ਨ ਐਕਟ 2009 ਅਤੇ ਮੂਲ ਸੰਵਿਧਾਨਕ ਅਧਿਕਾਰਾਂ ਦੀ ਧਾਰਾ 15 ਦੇਸ਼ ਅੰਦਰ ਹਰ ਤਰ੍ਹਾਂ ਦੀਆਂ ਵਿਤਕਰੇ ਭਰੀਆਂ ਭਾਵਨਾਵਾਂ ਦਾ ਵਿਰੋਧੀ ਹੈ।ਪਰ ਦੁਖਦਾਈ ਇਹ ਹੈ ਕਿ ਸਰਕਾਰਾਂ ਦੀਆਂ ਸਵਾਰਥੀ ਸੋਚਾਂ ਮੁਢੱਲੀ ਸਿੱਖਿਆ ਦੀਆਂ ਜੜ੍ਹਾਂ ਵਿਚ ਭੇਦਭਾਵ ਦੀ ਜ਼ਹਿਰ ਦਾ ਤੇਲ ਦੇ ਕੇ ਮੁਫ਼ਤ ਅਤੇ ਲਾਜਮੀ ਸਿੱਖਿਆ ਦੇ ਅਧਾਰ ਨੂੰ ਖਤਮ ਕਰ ਰਹੀਆਂ ਹਨ



ਅਤੇ ਮੂਲ ਅਧਿਕਾਰਾਂ ਦੀ ਰਖਿਆ ਕਰਨ ਵਾਲੇ ਪੂਰੀ ਤਰ੍ਹਾਂ ਅਵੇਸਲੇਪਨ ਦਾ ਸ਼ਿਕਾਰ ਹੋ ਰਹੇ ਹਨ। ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ 2005 ਦੇ ਤਹਿਤ ਮਾਹਿਲਪੁਰ ਬਲਾਕ 1 ਦੇ ਦਫਤਰ ਤੋਂ ਪ੍ਰਾਪਤ ਸੁਚਨਾ ਦਾ ਖੁਲਾਸਾ ਕਰਦਿਆਂ ਦਸਿਆ ਕਿ ਬਲਾਕ 1 ਦੇ ਕੁਲ 59 ਸਕੂਲਾਂ ਵਿਚ 3458 ਬੱਚਿਆਂ ਨੂੰ ਪੜ੍ਹਾਉਣ ਲਈ 26 ਸਕੂਲ ਸਿੰਗਲ ਟੀਚਰ ਹਨ, 02 ਸਕੂਲ ਬਲਾਕ ਵਿਚ ਬੰਦ ਹੋ ਚੁੱਕੇ ਹਨ ਜਿਨ੍ਹਾਂ ਵਿਚ (ਭਾਰਤਪੁਰ ਰਾਜਪੂਤਾਂ ਅਤੇ ਕੋਠੀ) ਆਦਿ ਹਨ ਅਤੇ 07 ਸਕੂਲ ਬਿਨ੍ਹਾਂ ਅਧਿਆਪਕਾਂ ਤੋਂ (ਟੀਚਰ ਲੈਸ ਹਨ)। ਧੀਮਾਨ ਨੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰਾਲੇ ਦਾ ਸ਼ਰਮਨਾਕ ਕਾਰਾ ਦਸਿਆ ਕਿ ਸਕੂਲਾਂ ਵਿਚ ਡਰੈਸ ਸਾਰੀਆਂ ਕੁੜੀਆਂ ਨੂੰ, ਐਸ ਸੀ ਮੁੰਡਿਆਂ, ਬੀ ਪੀ ਐਲ ਮੁੰਡੇ, ਬੁੱਕਸ ਸਾਰੇ ਵਿਦਿਆਰਥੀਆਂ ਨੂੰ ਦਿਤੀਆਂ ਜਾਂਦੀਆਂ ਹਨ ਅਤੇ ਜਨਰਲ ਕੈਟਾਗਰੀ ਦੇ ਮੁੰਡਿਆਂ ਦੀ ਵਾਰੀ ਡਰੈਸ ਦਾ ਫੰਡ ਹੀ ਅਲੋਪ ਹੋ ਜਾਂਦਾ ਹੈ ਭਾਵ ਉਨ੍ਹਾਂ ਨੂੰ ਕੋਈ ਡਰੈਸ ਨਹੀਂ ਦਿਤੀ ਜਾਂਦੀ। ਦੇਸ਼ ਵਿਚ ਸਰਕਾਰ ਪ੍ਰਾਇਮਰੀ ਸਿੱਖਿਆ ਤੰਤਰ ਇਸੇ ਕਰਕੇ ਸਰਕਾਰਾਂ ਭੇਦਭਾਵ ਕਰਕੇ ਰੱਖ ਦੀਆਂ ਹਨ। ਜਨਰਲ ਕੈਟਾਗਰੀ ਦੇ ਬੱਚਿਆਂ ਨੂੰ ਡ ਰੈਸ ਨਾ ਦੇਣਾ ਇਕ ਕੋਝਾ ਮਜਾਕ ਹੈ। ਸਭ ਤੋਂ ਦੁਖਦਾਈ ਇਹ ਹੈ ਕਿ ਦੇਸ਼ ਵਿਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਵੀ ਚੁੱਪ ਹਨ ਤੇ ਪੰਜਾਬ ਵਿਧਾਨ ਸਭਾ ਅੰਦਰ ਵੀ ਮਜੂਦਾ 92 ਵਧਾਇਕ ਵੀ ਚੁੱਪੀ ਸਾਧ ਕੇ ਬੈਠੇ ਹਨ। ਪੰਜਾਬ ਅੰਦਰ ਸਕੂਲ ਆਫ ਐਮੀਨੰਸ ਅਤੇ ਸਮਾਰਟ ਸਕੂਲ ਬਨਾਉਣ ਵਾਲਿਆਂ ਨੂੰ ਸਕੂਲਾਂ ਵਿਚ ਭੇਦ ਪਾਵ ਕਿਉਂ ਨਜਰ ਨਹੀਂ ਆ ਰਿਹਾ। ਧੀਮਾਨ ਨੇ ਦਸਿਆ ਕਿ

ਸੈਂਟਰ ਹੈਡ ਟੀਚਰਾਂ ਦੀਆਂ ਕੁਲ 08, ਐਚ ਟੀ ਦੀਆਂ 19 ਅਤੇ ਈ ਟੀ ਟੀ ਯੀਚਰਾਂ ਦੀਆਂ 129 ਅਸਾਮੀਆਂ ਮੰਜੂਰ ਹਨ ਤੇ ਉਨ੍ਹਾਂ ਵਿਚੋਂ ਸੀ ਐਚ ਟੀ ਦੀਆਂ 4 ਭਰੀਆਂ ਹਨ, ਸੀ ਐਚ ਟੀ ਦੀਆਂ 14 ਅਤੇ ਈ ਟੀ ਟੀ ਦੀਆਂ 60 ਭਰੀਆਂ ਹੋਈਆਂ ਹਨ ਅਤੇ ਸੀ ਐਚ ਟੀ ਦੀਆਂ 04 ਖਾਲੀ ਹਨ, ਐਚ ਟੀ ਦੀਆਂ 05 ਖਾਲੀ ਹਨ ਅਤੇ ਈ ਟੀ ਟੀ ਦੀਆਂ ਕੁਲ 70 ਅਸਾਮੀਆਂ ਖਾਲੀ ਰੱਖ ਕੇ ਪੰਜਾਬ ਸਰਕਾਰ ਦਾ ਫਲੈਕਸਾਂ ਵਾਲਾ ਸਿੱਖਿਆ ਤੰਤਰ ਨਿਰਦੋਸ਼ ਬੱਚਿਆਂ ਦਾ ਭਾਰੀ ਨੁਕਸਾਨ ਕਰ ਰਹੀ ਹੈ।

ਧੀਮਾਨ ਨੇ ਅੱਗੇ ਦੱਸਿਆ ਕਿ ਪ੍ਰਾਇਮਰੀ ਸਿੱਖਿਆ ਖੇਤਰ ਪੂਰੀ ਤਰ੍ਹਾਂ ਫਲੈਕਸਾਂ ਦੇ ਝੂੱਠੇ ਪ੍ਰਚਾਰ ਅਤੇ ਸਕੂਲਾਂ ਦੀਆਂ ਕੰਧਾ ਉਪਰ ਫੋਟੋਆਂ ਬਨਾਉਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਸਕੂਲਾਂ ਵਿਚ ਭਾਵੇਂ ਐਲਕੇਜੀ, ਯੂਕੇਜੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਪਰ ਇਨ੍ਹਾਂ ਛੋਟੇ ਬੱਚਿਆਂ ਨੁੰ ਸਿੱਖਿਆ ਦੇਣ ਲਈ ਸ਼ਾਇਦ ਹੀ ਕੋਈ ਮਨੋਵਿਗਿਆਨਕ ਦਾ ਗਿਆਨ ਰਖਣ ਵਾਲਾ ਸਿੱਖਿਆ ਅਧਿਆਪਕ ਵੇਖਣ ਨੂੰ ਮਿਲੇਗਾ, ਜਿਹੜਾਂ ਕਿ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਯੋਗ ਹੋਵੇ। ਇਨ੍ਹਾਂ ਬੱਚਿਆਂ ਨਹੀ ਸਪੈਸ਼ਲ ਸਿੱਖਿਅਤ ਟੀਚਰਾਂ ਦੀ ਲੋੜ ਹੁੰਦੀ ਹੈ। ਉਨ੍ਹਾਂ ਦਸਿਆ ਕਿ ਅਨਸੁਚਿਤ ਜਾਤੀ ਲੜਕੀਆਂ ਦਾ ਹਾਜਰੀ ਵਜ਼ੀਫਾ 500 ਰੁ: ਪ੍ਰਤੀ ਬੱਚਾ ਸਲਾਨਾ, ਪਛੱੜੀ ਸ਼ੇਣੀ ਲੜਕੀਆਂ ਦਾ ਵਜੀਫਾ 500: ਪ੍ਰਤੀ ਵਿਦਿਆਰਥੀ, ਮਲੀਨ ਕਿੱਤਾ ਵਜੀਫਾ 1800 ਰੁ:ਪ੍ਰਤੀ ਬੱਚਾ ਸੈਂਟਰ ਸਪਾਰਸ ਸਕੀਮ ਤਹਿਤ, ਘੱਟ ਗਿਣਤੀ ਵਜੀਫਾ

1000 ਰੁ: ਪ੍ਰਤੀ ਬੱਚਾ ਸੈਂਟਰ ਸਪਾਂਸਰ ਸਕੀਮ ਤਹਿਤ ਅਤੇ ਵਰਦੀਆਂ ਸਾਰੇ ਬੱਚਿਆਂ ਨੂੰ ਮੁਹਈਆ ਕਰਵਾਈਆਂ ਜਾਂਦੀਆਂ ਹਨ। ਧੀਮਾਨ ਸਰਕਾਰ ਤੋਂ ਮੰਗ ਕੀਤੀ ਕਿ ਮੁਢੱਲੀ ਸਿੱਖਿਆ ਦੇ ਖੇਤਰ ਵਿਚੋਂ ਸਾਰੀ ਤਰ੍ਹਾਂ ਦੇ ਬੱਚਿਆਂ ਨਾਲ ਭੇਦ ਭਾਵ ਹਰ ਹਾਲਤ ਵਿਚ ਖਤਮ ਹੋਣੇ ਚਾਹੀਦੇ ਹਨ ਤੇ ਇਹ ਸਵਾਲ ਦਾ ਜਵਾਬ ਚੋਣਾ ਲੜ ਰਹੇ ਉਮੀਦਵਾਰਾਂ ਨੂੰ ਵੀ ਦੇਣਾ ਪਵੇਗਾ। ਦੇਸ਼ ਦੀ ਅਜ਼ਾਦੀ ਦੇ ਲੰਬੇ ਸਫਰ ਦੇ ਬਾਅਦ ਵੀ ਭੇਦਭਾਵ ਨੂੰ ਖਤਮ ਕਰਨ ਦੀ ਥਾਂ ਅਨਾਉਣਾ ਸਰਕਾਰੀ ਖੋਖਲੇਪਨ ਦਾ ਵੱਡਾ ਸਬੂਤ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੁਕ ਹੋਣ ਤੇ ਵਿਤਕਰੇ ਖਤਮ ਕਰਨ ਲਈ ਅਵਾਜ ਬੁਲੰਦ ਕਰਨ ਲਈ ਅੱਗੇ ਆਉਣ। ਧੀਮਾਨ ਨੇ ਕਿਹਾ ਕਿ ਉਹ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਜਨ ਹਿੱਤ ਪਟੀਸ਼ਨ ਪਾ ਕੇ ਲੋਕਾਂ ਨੁੰ ਵਿਤਕਰੇ ਰਹਿਤ ਸਿੱਖਿਆ ਦਾ ਢਾਂਚਾ ਲੈ ਕੇ ਦੇਣਗੇ।

# ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਖਰੀਦ ਏਜੰਸੀਆਂ ਨੂੰ ਖਰੀਦੀ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੇ ਆਦੇਸ਼

ਨਵਾਂਸ਼ਹਿਰ, (ਦਲਜੀਤ ਅਜਨੋਹਾ) : ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹੇ ਦੀਆਂ ਨਵਾਂਸ਼ਹਿਰ ਅਤੇ ਰਾਹੋਂ ਸਥਿਤ ਅਨਾਜ ਮੰਡੀਆਂ ਵਿੱਚ ਚੱਲ ਰਹੀ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਖਰੀਦੀ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਸਮੂਹ ਅਧਿਕਾਰੀ ਲਗਾਤਾਰ ਅਨਾਜ ਮੰਡੀਆਂ ਦਾ ਦੌਰਾ ਕਰਨ ਅਤੇ ਹਰੇਕ ਪ੍ਰਬੰਧ ਨੂੰ ਨਿਰਧਾਰਿਤ ਸਮੇਂ ਅੰਦਰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਕੁੱਲ 94172 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਉਨ੍ਹਾਂ ਦੱਸਿਆ ਕਿ ਅੱਜ ਮਿਤੀ 24 ਅਪ੍ਰੈਲ ਨੂੰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 20684 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਜਿਸ ਦੀ ਖਰੀਦ ਵੱਖ-ਵੱਖ ਖਰੀਦ ਏਜਸੀਆਂ ਵੱਲੋਂ ਕੀਤੀ ਗਈ ਹੈ। ਉਨ੍ਹਾਂ ਮਾਰਕਫੈਡ, ਪਨਗ੍ਰੇਨ, ਵੇਅਰ ਹਾਊਸ, ਪਨਸਪ ਆਦਿ ਸਰਕਾਰੀ ਖਰੀਦ ਏਜੰਸੀਆਂ ਦੇ



ਨੁਮਾਇੰਦਿਆਂ ਨੂੰ ਕਿਸਾਨਾਂ ਤੋਂ ਖਰੀਦੀ ਜਾ ਚੁੱਕੀ ਫਸਲ ਦੀ ਸਮੇਂ ਸਿਰ ਲਿਫਟਿੰਗ ਕਰਾਉਣ ਦੀ ਹਦਾਇਤ ਕੀਤੀ ਤਾਂ ਜੋ ਮੰਡੀਆਂ ਵਿੱਚ ਕਣਕ ਦੇ ਅੰਬਾਰ ਨਾ ਲੱਗਣ। ਉਨ੍ਹਾਂ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਬਰਸਾਤੀ ਮੌਸਮ ਦੇ ਮੱਦੇਨਜ਼ਰ ਲੋੜ ਅਨੁਸਾਰ ਤਰਪਾਲਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਆਖਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੰਡੀਆਂ ਵਿੱਚ ਟਰਾਂਸਪੋਰਟੇਸ਼ਨ ਅਤੇ ਮਜ਼ਦੂਰਾਂ ਸਬੰਧੀ ਹੁਣ ਕੋਈ ਸਮੱਸਿਆ ਨਹੀਂ ਹੈ ਇਸ ਲਈ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਨਿਰਵਿਘਨ ਅਤੇ ਸਰਕਾਰ ਵੱਲੋਂ ਨਿਰਧਾਰਿਤ ਸੀਮਾ ਸਾਰਨੀ ਅਨੁਸਾਰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਤੇ ਐਸ.ਡੀ.ਐਮ. ਨਵਾਂਸ਼ਹਿਰ ਅਕਸ਼ਿਤਾ ਗੁਪਤਾ, ਸਬੰਧਤ ਵਿਭਾਗ ਦੇ ਅਧਿਕਾਰੀ ਅਤੇ ਕਿਸਾਨ ਵੀ ਮੌਜੂਦ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰਾਂ ਨਾਲ ਮੀਟਿੰਗ

## ਸੜਕ ਹਾਦਸਿਆਂ 'ਚ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਜਲਦ ਤੋਂ ਜਲਦ ਡਿਪੈਂਡੈਂਟ ਸਰਟੀਫਿਕੇਟ ਜਾਰੀ ਕਰਨ ਦੀ ਕੀਤੀ ਹਦਾਇਤ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਨੇ ਅੱਜ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ. ਐਸ. ਪੀ ਸੁਰੇਂਦਰ ਲਾਂਬਾ ਵੀ ਮੌਜੂਦ ਸਨ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਇਸ ਦੌਰਾਨ ਨਾਲਸਾ ਨਾਲ ਸਬੰਧਤ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਕਾਨੂੰਨੀ ਸੇਵਾਵਾਂ ਦੀ ਸਮੀਖਿਆ ਕੀਤੀ ਅਤੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਦਾ ਜ਼ਿਲ੍ਹਾ ਵਾਸੀਆਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦ ਹੈ।

ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਕਿ ਸੜਕ ਦੁਰਘਟਨਾਵਾਂ ਵਿਚ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਜਾਰੀ ਹੋਣ ਵਾਲੇ ਡਿਪੈਂਡੈਂਟ ਸਰਟੀਫਿਕੇਟ ਜਲਦ ਤੋਂ ਜਲਦ ਜਾਰੀ ਕੀਤੇ ਜਾਣ, ਤਾਂ ਜੋ 'ਕੰਪਨਸੇਸ਼ਨ ਟੂ ਵਿਕਟਮ' ਤਹਿਤ ਮ੍ਰਿਤਕ ਦੇ ਆਸ਼ਰਿਤਾਂ ਨੂੰ ਮਿਲਣ ਵਾਲਾ ਦੋ ਲੱਖ ਰੁਪਏ ਦਾ ਮੁਆਵਜ਼ਾ ਸਮੇਂ ਸਿਰ ਮਿਲ ਸਕੇ। ਉਨ੍ਹਾਂ ਪੁਲਿਸ ਨੂੰ ਕਿਹਾ



ਕਿ ਦੁਰਘਟਨਾ ਦੇ ਕਿਸੇ ਮਾਮਲੇ ਵਿਚ ਜੇਕਰ ਜ਼ਿਲ੍ਹੇ ਦੀ ਕਿਸੇ ਅਦਾਲਤ ਵਿਚ ਸਜ਼ਾ ਹੁੰਦੀ ਹੈ, ਤਾਂ 40 ਫੀਸਦੀ ਤੋਂ ਵੱਧ ਜ਼ਖਮੀ ਦੇ ਮਾਮਲੇ ਵਿਚ ਪੀੜਤ ਵਿਅਕਤੀ ਨੂੰ ਮੁਆਵਜ਼ਾ ਦੇਣ ਦਾ ਪ੍ਰਾਵਧਾਨ ਹੁੰਦਾ ਹੈ। ਇਸ ਲਈ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਅਦਾਲਤ ਨੂੰ ਕਹਿ ਕੇ ਉਸ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਭੇਜਿਆ ਜਾਵੇ, ਤਾਂ ਜੋ ਪੀੜਤ ਵਿਅਕਤੀ ਨੂੰ 'ਕੰਪਨਸੇਸ਼ਨ ਟੂ ਵਿਕਟਮ' ਤਹਿਤ ਮੁਆਵਜ਼ਾ ਦਿਵਾਇਆ ਜਾ ਸਕੇ।

ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿ 11 ਮਈ ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਰਾਸ਼ਟਰੀ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਕੇਸ ਲਗਾ ਕੇ ਇਸ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਇਸ ਨਾਲ ਸਮੇਂ ਅਤੇ ਧਨ ਦੋਵਾਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੁੰਦੀ ਹੈ।

ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸ਼ੀਮਾਰ, ਸਿਵਲ ਜੱਜ (ਸੀਨੀਅਰ ਡਵੀਜ਼ਨ) ਰੁਪਿੰਦਰ ਸਿੰਘ, ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਐਡਵੋਕੇਟ ਰਣਜੀਤ ਕੁਮਾਰ, ਜ਼ਿਲ੍ਹਾ ਅਟਾਰਟੀ ਵਰਿੰਦਰ ਕੁਮਾਰ, ਐਸ. ਪੀ ਮਨੋਜ ਕੁਮਾਰ, ਸਹਾਇਕ ਜੇਲ੍ਹ ਸੁਪਰਡੈਂਟ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ, ਆਗਿਆਪਾਲ ਸਿੰਘ ਸਾਹਨੀ ਅਤੇ ਕਿਰਨਪ੍ਰੀਤ ਕੌਰ ਧਾਮੀ ਵੀ ਮੌਜੂਦ ਸਨ।

# ਸੰਗਰੂਰ ਦੇ ਸਰੀ ਕੈਨੇਡਾ 'ਚ ਰਹਿੰਦੇ ਪੰਜਾਬੀ ਨੌਜਵਾਨ ਦੀ ਹੱਤਿਆ

ਸਰੀ, (ਸਾਡੇ ਲੋਕ/ਰਾਜ ਗੋਗਨਾ) : ਬੀਤੇ ਦਿਨ ਸਰੀ ਦੇ ਇਕ ਪੰਜਾਬੀ ਨੋਜਵਾਨ ਕੁਲਵਿੰਦਰ ਸਿੰਘ ਸੋਹੀ (27) ਦੀ ਲੰਘੇ ਮੰਗਲਵਾਰ ਦੀ ਰਾਤ ਨੂੰ ਵ੍ਹਾਈਟ ਰੌਕ ਵਾਟਰਫਰੰਟ 'ਤੇ ਕਿਸੇ ਅਣਪਛਾਤੇ ਵਿਅਕਤੀ ਨੇ ਚਾਕੂ ਮਾਰ ਕੇ ਉਸ ਦੀ ਹੱਤਿਆ ਕਰ ਦੇਣ ਦੇ ਬਾਰੇ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਵ੍ਹਾਈਟ ਰੌਕ, ਬੀਸੀ ਕੈਨੇਡਾ ਦੀ ਪੁਲਿਸ ਦਾ ਕਹਿਣਾ ਹੈ ਕਿ ਮੰਗਲਵਾਰ ਦੀ ਰਾਤ ਨੂੰ ਇੱਕ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਸ਼ਹਿਰ ਦੇ ਵਾਟਰਫਰੰਟ ਖੇਤਰ ਵਿੱਚ ਗਸ਼ਤ ਵਧਾ ਰਹੇ ਹਨ, ਪੁਲਿਸ ਦਾ ਕਹਿਣਾ ਹੈ ਕਿ ਉਸ ਖੇਤਰ ਦੇ ਵਿੱਚ ਇੱਕ ਬੈਂਚ 'ਤੇ ਬੈਠੇ ਇੱਕ ਹੋਰ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖਮੀ ਕਰਨ ਤੋਂ ਦੋ ਦਿਨ ਬਾਅਦ ਕੁਲਵਿੰਦਰ ਸਿੰਘ ਸੋਹੀ ਦੀ ਹੱਤਿਆ ਕਰ ਦਿੱਤੀ ਗਈ। ਪਰਿਵਾਰਕ ਮੈਂਬਰਾਂ



ਨੇ ਘਾਤਕ ਚਾਕੂ ਨਾਲ ਮਾਰੇ ਗਏ ਵਿਅਕਤੀ ਦੀ ਪਛਾਣ ਸਰੀ ਦੇ 27 ਸਾਲਾ ਕੁਲਵਿੰਦਰ ਸੋਹੀ ਵਜੋਂ ਕੀਤੀ ਹੈ। ਵ੍ਹਾਈਟ ਰੌਕ ਆਰਸੀਐਮਪੀ ਦਾ ਕਹਿਣਾ ਹੈ ਕਿ ਉਸ ਨੂੰ ਵ੍ਹਾਈਟ ਰੌਕ ਪੀਅਰ ਦੇ ਪੂਰਬ ਵੱਲ ਕੁਝ ਬਲਾਕਾਂ, ਮਰੀਨ ਡਰਾਈਵ ਦੇ 15400 ਬਲਾਕ ਵਿੱਚ ਰਾਤ 9:30 ਵਜੇ ਦੇ ਆਸ-ਪਾਸ ਚਾਕੂ ਦੇ ਜ਼ਖ਼ਮਾਂ ਤੋਂ ਪੀੜਤ ਵਿਅਕਤੀ ਦੀ ਰਿਪੋਰਟ ਮਿਲੀ ਸੀ।ਸਟਾਫ ਸਾਰਜੈਂਟ ਰੌਬ ਡਿਕਸਨ ਨੇ ਕਿਹਾ ਕਿ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਡਿਕਸਨ ਨੇ ਕਿਹਾ ਕਿ ਜਦੋਂ ਅਧਿਕਾਰੀ ਰਿਪੋਰਟ ਦੇ ਕੁਝ ਮਿੰਟਾਂ ਦੇ ਅੰਦਰ ਮੌਕੇ 'ਤੇ ਪਹੁੰਚੇ, ਉਹ ਸ਼ੱਕੀ ਨੂੰ ਨਹੀਂ ਲੱਭ ਸਕੇ। ਮ੍ਰਿਤਕ ਵਰਕ ਪਰਮਿਟ ਤੇ ਕੈਨੇਡਾ 'ਚ 2018 ਵਿੱਚ ਕੈਨੇਡਾ ਆਇਆ ਸੀ ਅਤੇ ਕੁਝ ਸਮੇਂ ਪਹਿਲੇ ਹੀ ਉਹ ਪੱਕਾ ਹੋਇਆ ਸੀ। ਮ੍ਰਿਤਕ ਕੁਲਵਿੰਦਰ ਸਿੰਘ ਸੋਹੀ ਕੈਨੇਡਾ ਵਿੱਚ ਪੈਲੰਬਰ ਦਾ ਕੰਮ ਕਰਦਾ ਸੀ। ਮ੍ਰਿਤਕ ਦਾ ਪੰਜਾਬ ਤੋ ਪਿਛੋਕੜ ਜ਼ਿਲ੍ਹਾ ਸੰਗਰੂਰ ਦੇ ਪਿੰਡ ਤੋਲੇਵਾਲ ਦੇ ਨਾਲ ਸੀ।

# ਤਾਮਿਲ ਨਾਇਡੂ ਦੇ ਇੱਕ ਕਿਸਾਨ ਨੇ ਕੇਂਦਰ ਸਰਕਾਰ ਵਿਰੁੱਧ ਖੋਪੜੀਆਂ ਫੜ ਕੇ ਕੀਤਾ ਪ੍ਰਦਰਸ਼ਨ



ਨਵੀਂ ਦਿੱਲੀ: ਨਵੀਂ ਦਿੱਲੀ ਦੇ ਜੰਤਰ-ਮੰਤਰ ’ਤੇ ਤਾਮਿਲਨਾਡੂ ਦੇ ਲਗਭਗ 200 ਕਿਸਾਨਾਂ ਨੇ ਕੇਂਦਰ ਸਰਕਾਰ ਦੁਆਰਾ ਫਸਲਾਂ ਦੇ ਭਾਅ ਨੂੰ ਸੰਭਾਲਣ ਅਤੇ ਨਦੀਆਂ ਨੂੰ ਆਪਸ ਵਿੱਚ ਜੋੜਨ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ। ਕਿਸਾਨ ਖੁਦਕੁਸ਼ੀਆਂ ਦੇ ਪ੍ਰਤੀਕ, ਖੋਪੜੀਆਂ ਅਤੇ ਹੱਡੀਆਂ ਲੈ ਕੇ, ਉਨ੍ਹਾਂ ਨੇ ਖੇਤੀਬਾੜੀ ਆਮਦਨ ਦੁੱਗਣੀ ਕਰਨ ਅਤੇ ਫਸਲਾਂ ਦੇ ਰੁਕੇ ਭਾਅ ਦੇ ਨਾ ਪੂਰੇ ਹੋਣ ਦੇ ਵਾਅਦਿਆਂ ਦੀ ਆਲੋਚਨਾ ਕੀਤੀ। ਵਾਰਾਣਸੀ ਵਿੱਚ ਪੀਐਮ ਮੋਦੀ ਖ਼ਿਲਾਫ਼ ਚੋਣ ਲੜਨ ਦੀ ਧਮਕੀ ਦਿੰਦਿਆਂ ਉਨ੍ਹਾਂ ਦੀਆਂ ਸ਼ਿਕਾਇਤਾਂ ਵੱਲ ਧਿਆਨ ਦੇਣ ਦੀ ਮੰਗ ਕੀਤੀ।

# ਪਠਾਨਕੋਟ ਵਿਚ ਧਮਾਕਾ, ਮੌਕੇ ਉਤੇ ਪਹੁੰਚੀ ਪੁਲਿਸ ਜਾਂਚ ਵਿਚ ਜੁਟੀ



ਪਠਾਨਕੋਟ ਦੇ ਆਰਮੀ ਸਟੇਸ਼ਨ ਨੇੜੇ ਨਹਿਰ ਦੇ ਕੰਢੇ ਵੀਰਵਾਰ ਸਵੇਰੇ ਧਮਾਕਾ ਹੋਇਆ ਹੈ। ਇਸ ਧਮਾਕੇ ਦੀ ਆਵਾਜ਼ ਦੋ ਕਿਲੋਮੀਟਰ ਤੱਕ ਸੁਣਾਈ ਦਿੱਤੀ, ਜਿਸ ਨਾਲ ਲੋਕਾਂ ‘ਚ ਦਹਿਸ਼ਤ ਦਾ ਮਾਹੌਲ ਬਣ ਗਿਆ।

ਸੂਚਨਾ ਮਿਲਦੇ ਹੀ ਡੀਐਸਪੀ ਸਿਟੀ ਸੁਮੇਰ ਸਿੰਘ ਮਾਨ ਭਾਰੀ ਪੁਲਿਸ ਫੋਰਸ ਨਾਲ ਮੌਕੇ ’ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੂੰ ਮੌਕੇ ਤੋਂ ਕਿਸੇ ਚੀਜ਼ ਦੇ ਟੁਕੜੇ ਵੀ ਮਿਲੇ ਹਨ। ਜਿਸ ਥਾਂ ‘ਤੇ ਧਮਾਕਾ ਹੋਇਆ, ਉਹ ਆਰਮੀ ਸਟੇਸ਼ਨ ਤੋਂ ਕਰੀਬ 30 ਮੀਟਰ ਦੂਰ ਹੈ। ਜਿਸ ਥਾਂ ‘ਤੇ ਧਮਾਕਾ ਹੋਇਆ, ਉਹ ਆਰਮੀ ਸਟੇਸ਼ਨ ਤੋਂ ਕਰੀਬ 30 ਮੀਟਰ ਦੂਰ ਹੈ। ਇੱਥੇ ਰੇਹੜੀ ਚਾਲਕ ਬੈਠਦੇ ਹਨ। ਆਸ-ਪਾਸ ਦੇ ਲੋਕਾਂ ਮੁਤਾਬਕ ਇਹ ਆਵਾਜ਼ ਬੰਬ ਧਮਾਕੇ ਵਰਗੀ ਸੀ।

# ਕਿਸਾਨ ਮਜ਼ਦੂਰ ਮੋਰਚਾ ਅਤੇ ਸਾਂਝਾ ਕਿਸਾਨ ਮੋਰਚਾ ਦੇ ਮੈਂਬਰਾਂ ਨੇ ਕਿਸਾਨ ਆਗੂਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕੀਤਾ ਰੋਸ ਪ੍ਰਦਰਸ਼ਨ





ਪਟਿਆਲਾ : ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਜਾਰੀ ‘ਕਿਸਾਨ ਅੰਦੋਲਨ-2’ ਦੇ ਤਹਿਤ ਕਿਸਾਨਾਂ ਦਾ ਸ਼ੰਭੂ ਬਾਰਡਰ ’ਤੇ ਧਰਨਾ ਅੱਜ 70ਵੇਂ ਦਿਨ ’ਚ ਦਾਖ਼ਲ ਹੋ ਗਿਆ ਹੈ। ਇਸੇ ਤਰ੍ਹਾਂ ਹਰਿਆਣਾ ਪੁਲੀਸ ਵੱਲੋਂ ਜੇਲ੍ਹ ’ਚ ਡੱਕੇ ਤਿੰਨ ਕਿਸਾਨਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਕਿਸਾਨਾਂ ਵੱਲੋਂ ਸ਼ੰਭੂ ਰੇਲਵੇ ਸਟੇਸ਼ਨ ’ਤੇ ਸੱਤ ਦਿਨ ਤੋਂ ਲਾਇਆ ਧਰਨਾ ਵੀ ਜਾਰੀ ਰਿਹਾ। ਹੁਣ ਹਰਿਆਣਾ ਸਰਕਾਰ ਵੱਲੋਂ ਤੀਜੀ ਵਾਰ ਦਿੱਤੇ ਗਏ ਭਰੋਸੇ ਦੌਰਾਨ ਤਿੰਨੋਂ ਕਿਸਾਨਾਂ ਨੂੰ ਪੂਰੀ ਕਾਨੂੰਨੀ ਪ੍ਰਕਿਰਿਆ ਦੇ ਤਹਿਤ 27 ਅਪਰੈਲ ਤੱਕ ਰਿਹਾਅ ਕਰਵਾਉਣ ਅੰਬਾਲਾ, ਦਾ ਵਾਅਦਾ ਵੀ ਕੀਤਾ ਗਿਆ ਹੈ। ਕਿਸਾਨਾਂ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਜੇਕਰ ਇਸ ਵਾਰ ਵੀ ਰਿਹਾਈ ਯਕੀਨੀ ਨਾ ਬਣਾਈ ਗਈ ਤਾਂ ਉਹ 28 ਅਪਰੈਲ ਨੂੰ ਸ਼ੰਭੂ ਤੋਂ ਇਲਾਵਾ ਕੁਝ ਹੋਰ ਥਾਵਾਂ ’ਤੇ ਵੀ ਰੇਲਵੇ ਆਵਾਜਾਈ ਠੱਪ ਕਰਨਗੇ।

ਉਨ੍ਹਾਂ ਨੇ ਕੌਮੀ ਮਾਰਗਾਂ ’ਤੇ ਆਵਜਾਈ ਠੱਪ ਕਰਨ ਦਾ ਵੀ ਐਲਾਨ ਕੀਤਾ ਹੋਇਆ ਹੈ। ਇਸੇ ਦੌਰਾਨ ਅੱਜ ਵੀ ਸ਼ੰਭੂ ਰੇਲਵੇ ਟਰੈਕ ਵਾਲੇ ਧਰਨੇ ਦੌਰਾਨ ਰੋਜ਼ਾਨਾ ਦੀ ਤਰ੍ਹਾਂ ਹੀ ਸਟੇਜ ਲਾ ਕੇ ਤਕਰੀਰਾਂ ਕੀਤੀਆਂ ਗਈਆਂ। ਇਸੇ ਦੌਰਾਨ ਕਿਸਾਨ ਤੇ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਮਨਜੀਤ ਘੁਮਾਣਾ ਅਤੇ ਕਿਸਾਨ ਯੂਨੀਅਨ ਆਜ਼ਾਦ ਦੇ ਸੂਬਾਈ ਆਗੂ ਮਨਜੀਤ ਨਿਆਲ ਦਾ ਕਹਿਣਾ ਸੀ ਕਿ ਭਾਵੇਂ ਹਰਿਆਣਾ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ ਤਹਿਤ ਉਹ 27 ਤੱਕ ਰਿਹਾਈ ਦੀ ਉਡੀਕ ਕਰਨਗੇ ਪਰ ਜੇਕਰ ਅਜਿਹਾ ਨਾ ਹੋਇਆ ਤਾਂ 28 ਤਾਰੀਖ ਨੂੰ ਅਗਲਾ ਐਕਸ਼ਨ ਹੋਵੇਗਾ। ਧਰਨੇ ਕਾਰਨ 17 ਅਪਰੈਲ ਤੋਂ ਅੱਜ ਸਵੇਰੇ ਸਾਢੇ 5 ਵਜੇ ਤੱਕ ਪੰਜਾਬ ਅਤੇ ਜੰਮੂ-ਕਸ਼ਮੀਰ ਜਾਣ ਵਾਲੀਆਂ ਕੁੱਲ 1028 ਗੱਡੀਆਂ ਪ੍ਰਭਾਵਿਤ ਹੋ ਚੁੱਕੀਆਂ ਹਨ। ਕੁੱਲ 925 ਗੱਡੀਆਂ ਰੱਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 186 ਮੇਲ ਐਕਸਪ੍ਰੈੱਸ ਅਤੇ 231 ਸਵਾਰੀ ਗੱਡੀਆਂ ਹਨ। ਬਾਕੀ ਗੱਡੀਆਂ ਦੇ ਰੂਟ ਬਦਲੇ ਗਏ ਹਨ। 103 ਮਾਲ ਗੱਡੀਆਂ ਵੀ ਰੂਟ ਬਦਲ ਕੇ ਚਲਾਈਆਂ ਜਾ ਰਹੀਆਂ ਹਨ। ਅੰਬਾਲਾ ਰੇਲਵੇ ਡਿਵੀਜ਼ਨ ਦੇ ਸੀਨੀਅਰ ਡੀਸੀਐੱਮ ਨਵੀਨ ਕੁਮਾਰ ਨੇ ਦੱਸਿਆ ਕਿ ਹੁਣ ਤੱਕ 186 ਮੇਲ ਐਕਸਪ੍ਰੈੱਸ ਅਤੇ 231 ਸਵਾਰੀ ਗੱਡੀਆਂ ਰੱਦ ਹੋਈਆਂ ਹਨ। 416 ਐਕਸਪ੍ਰੈੱਸ ਗੱਡੀਆਂ ਅਤੇ ਇਕ ਸਵਾਰੀ ਗੱਡੀ ਦਾ ਰੂਟ ਬਦਲਿਆ ਗਿਆ ਹੈ। ਕੁੱਲ ਮਿਲਾ ਕੇ 103 ਮਾਲ ਗੱਡੀਆਂ ਪ੍ਰਭਾਵਿਤ ਹੋਈਆਂ ਹਨ। ਨਵੀਨ ਕੁਮਾਰ ਨੇ ਦੱਸਿਆ ਕਿ ਇੱਕੋ ਰੂਟ ’ਤੇ ਲੋਡ ਵੱਧ ਜਾਣ ਕਰ ਕੇ ਗੱਡੀਆਂ 2 ਤੋਂ 4 ਘੰਟੇ ਦੇਰੀ ਨਾਲ ਚੱਲ ਰਹੀਆਂ ਹਨ। ਡੀਸੀਐੱਮ ਨੇ ਦੱਸਿਆ ਕਿ ਮੁਸਾਫ਼ਰਾਂ ਦੀ ਸਹੂਲਤ ਲਈ ਜ਼ਿਆਦਾਤਰ ਗੱਡੀਆਂ ਚੰਡੀਗੜ੍ਹ-ਸਾਹਨੇਵਾਲ ਰੂਟ ਅਤੇ ਧੂਰੀ-ਜਾਖ਼ਲ ਹਿਸਾਰ ਸੈਕਸ਼ਨ ਤੋਂ ਡਾਈਵਰਟ ਕੀਤੀਆਂ ਜਾ ਰਹੀਆਂ ਹਨ। ਦੋਵੇਂ ਸੈਕਸ਼ਨ ਸਿੰਗਲ ਲਾਈਨ ਹਨ, ਇਸ ਲਈ ਗੱਡੀਆਂ ਚਲਾਉਣ ਵਿੱਚ ਕੁਝ ਸੀਮਾਵਾਂ ਹਨ।

# ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦਾ ਤਿੰਨ ਦਿਨਾਂ ਖੇਡ ਮੇਲਾ ਸੰਪੰਨ

## ਦਰਸ਼ਨ ਹਾਊਸ ਨੇ ਜਿੱਤੀ ਓਵਰ ਆਲ ਟਰਾਫੀ, ਕ੍ਰਿਪਾਲ ਹਾਊਸ ਰਿਹਾ ਦੂਜੇ ਨੰਬਰ ਤੇ















ਐਮ ਐਸ ਕੇ ਡੇ ਬੋਰਡਿੰਗ ਸਕੂਲ ਵਿਖੇ ਆਯੋਜਿਤ ਇਨਾਮ ਵੰਡ ਸਮਾਰੋਹ ਦੀਆਂ ਵੱਖ ਵੱਖ ਝਲਕੀਆਂ

ਟਾਂਡਾ ਉੜਮੜ, (ਰਵਿੰਦਰ ਸਿੰਘ ਟਾਂਡਾ) ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦੀਆਂ ਤਿੰਨ ਦਿਨਾਂ ਖੇਡਾਂ ਦੇ ਅੰਤਿਮ ਦਿਨ ਖਿਡਾਰੀਆਂ ਦੇ ਦਿਲ ਖਿਚਣੇ ਮੁਕਾਬਲੇ ਹੋਏ ਜਿਸ ਦੌਰਾਨ ਓਵਰ ਆਲ ਟਰਾਫੀ ਤੇ ਦਰਸ਼ਨ ਹਾਊਸ ਨੇ ਕਬਜ਼ਾ ਕਰਕੇ ਆਪਣੀ ਖੇਡ ਦਾ ਲੋਹਾ ਮਨਵਾਇਆ ਜਦੋਂ ਕਿ ਦੂਸਰਾ ਨੰਬਰ ਕਿਰਪਾਲ ਹਾਊਸ ਨੇ ਪ੍ਰਾਪਤ ਕੀਤਾ। ਇਹਨਾਂ ਤਿੰਨ ਦਿਨਾਂ ਖੇਡ ਮੇਲੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਇਨਡੋਰ ਖੇਡਾਂ ਵਿੱਚ ਸ਼ਤਰੰਜ, ਟੇਬਲ ਟੈਨਿਸ, ਕੈਰਮ ਬੋਰਡ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਅਤੇ ਦੂਜੇ ਪਾਸੇ ਕਬੱਡੀ, ਖੋ ਖੋ, ਵਾਲੀਬਾਲ, ਬੈਡਮਿੰਟਨ ਅਤੇ ਬਾਸਕਟ ਬਾਲ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ । ਖੇਡਾਂ ਦੇ ਅੰਤਿਮ ਦਿਨ ਅਯੋਜਿਤ ਸਨਮਾਨ ਸਮਾਰੋਹ ਵਿੱਚ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਅਤੇ ਬੇਟ ਖੇਤਰ ਦੇ ਪ੍ਰਧਾਨ ਰਜਿੰਦਰ ਸਿੰਘ ਮਾਰਸ਼ਲ ਨੇ ਜੇਤੂ ਰਹੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ ਉਹਨਾਂ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਹਮੇਸ਼ਾ ਖੇਡਾਂ ਨਾਲ ਜੁੜੇ ਰਹਿਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਸ ਨਾਲ ਜਿੱਥੇ ਸਰੀਰਕ ਤੰਦਰੁਸਤੀ ਮਿਲਦੀ ਹੈ ਉਥੇ ਦਿਮਾਗੀ ਤੌਰ ਤੇ ਵੀ ਅਸੀਂ ਚੁਸਤ ਦਰੁਸਤ ਰਹਿੰਦੇ ਹਾਂ । ਉਹਨਾਂ ਅਧਿਆਪਕਾਂਵਾਂ ਨੂੰ ਵੀ ਆਪਣੇ ਜੀਵਨ ਵਿੱਚ ਰੋਜਾਨਾ ਕਸਰਤ ਕਰਦੇ ਰਹਿਣ ਦੀ ਸਲਾਹ ਦਿੱਤੀ ਤਾਂ ਜੋ ਉਹ ਦਿਨ ਭਰ ਦੇ ਕੰਮਾਂ ਨੂੰ ਆਸਾਨੀ ਨਾਲ ਕਰ ਸਕਣ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਸਕੂਲ ਦੀਆਂ ਖੇਡ ਪ੍ਰਾਪਤੀਆਂ ਦੀ ਚਰਚਾ ਕਰਦੇ ਹੋਏ ਦੱਸਿਆ ਕਿ ਉਹਨਾਂ ਦੇ ਸਕੂਲ ਦੇ ਵਿਦਿਆਰਥੀ ਬਲਾਕ ਜ਼ਿਲਾਂ ਅਤੇ ਰਾਜ ਪੱਧਰ ਤੇ ਜੇਤੂ ਰਹਿ ਕੇ ਸਨਮਾਨ ਹਾਸਲ ਕਰ ਚੁੱਕੇ ਹਨ। ਉਹਨਾਂ ਦੱਸਿਆ ਕਿ ਇਸ ਵਾਰ ਨੈਸ਼ਨਲ ਕਿੱਕ ਬਾਕਸਿੰਗ ਵਿੱਚ ਉਹਨਾਂ ਦੀ ਸਕੂਲ ਵਿਦਿਆਰਥਨ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਂ ਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਸਕੂਲ ਖੇਡਾਂ ਲਈ ਵਿਦਿਆਰਥੀਆਂ ਨੂੰ ਹਮੇਸ਼ਾ ਢੁਕਵਾਂ ਸਮਾਂ ਦੇਣਗੇ ਤਾਂ ਜੋ ਭਵਿੱਖ ਵਿੱਚ ਵੀ ਇਹ ਖਿਡਾਰੀ ਹੋਰ ਬੁਲੰਦੀਆਂ ਨੂੰ ਛੂ ਸਕਣ। ਇਸ ਮੌਕੇ ਸਕੂਲ ਸਟਾਫ ਵਿੱਚ ਕੋਚ ਕਸ਼ਿਸ਼ ਗਿੱਲ, ਮਨਮੋਹਨ ਸਿੰਘ, ਲਖਬੀਰ ਸਿੰਘ, ਅਮਨਦੀਪ ਸਿੰਘ, ਨਰਿੰਦਰ ਕੌਰ, ਗੁਰਸਰਨ ਕੌਰ, ਰਜਨੀ ਬਾਲਾ, ਪ੍ਰਭਜੋਤ ਕੌਰ, ਰਜਿੰਦਰ ਕੌਰ, ਆਗਿਆ ਕੌਰ, ਮਨਦੀਪ ਕੌਰ ਦੇ ਨਾਂ ਵਰਨਣ ਯੋਗ ਹਨ। ਮੰਚ ਦਾ ਸੰਚਾਲਨ ਮੈਡਮ ਬਵਿਤਾ ਸ਼ਰਮਾ ਨੇ ਬਾਖੂਬੀ ਨਿਭਾਇਆ।

# ਪੰਥ ਰਤਨ ਗਿਆਨੀ ਦਿੱਤ ਸਿੰਘ

ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ, ਸਿੱਖ ਕੌਮ ਦੇ ਮਹਾਨ ਵਿਦਵਾਨ, ਉੱਚ-ਕੋਟੀ ਦੇ ਕਵੀ, ਲਗਭਗ 71 ਕਿਤਾਬਾਂ ਦੇ ਲੇਖਕ, ਉੱਤਮ ਵਿਆਖਿਆਕਾਰ ਅਤੇ ਪ੍ਰਚਾਰਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖ਼ਾਲਸਾ ਅਖ਼ਬਾਰ ਦੇ ਬਾਨੀ ਅਤੇ ਸੰਪਾਦਕ, ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਅਤੇ ਲਾਹੌਰ ਦੇ ਮੋਢੀ, ਖ਼ਾਲਸਾ ਦੀਵਾਨ ਲਾਹੌਰ, ਖ਼ਾਲਸਾ ਕਾਲਜ ਦੇ ਮੋਢੀ ਅਤੇ ਪੰਥ ਰਤਨ ਗਿਆਨੀ ਦਿੱਤ ਸਿੰਘ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ, ਫ਼ਤਹਿਗੜ੍ਹ ਸਾਹਿਬ ਵਿਖੇ ਬਾਬਾ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਰਾਮ ਕੌਰ ਦੀ ਕੁਖੋਂ ਹੋਇਆ। ਆਪ ਜੀ ਦੇ ਬਚਪਨ ਦਾ ਨਾਂਅ 'ਦਿੱਤਾ ਰਾਮ' ਸੀ। ਸੰਨ 1880 ਵਿਚ ਸਿੱਖ ਪਰੰਪਰਾ ਅਨੁਸਾਰ ਆਪ ਜੀ ਦਾ ਅਨੰਦ ਕਾਰਜ ਬੀਬੀ ਬਿਸ਼ਨ ਦੇਈ (ਮਗਰੋਂ ਬਿਸ਼ਨ ਕੌਰ) ਨਾਲ ਹੋਇਆ ਅਤੇ ਆਪ ਜੀ ਦਾ ਇਕ ਬੇਟਾ ਬਲਦੇਵ ਸਿੰਘ ਅਤੇ ਇਕ ਬੇਟੀ ਵਿਦਿਆਵੰਤੀ ਕੌਰ ਨੇ ਜਨਮ ਲਿਆ।

ਅੱਜ ਵੀ ਆਪ ਜੀ ਦੀ ਗਿਣਤੀ ਸਿੱਖ ਕੌਮ ਦੇ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਵਿਦਵਾਨਾਂ 'ਚ ਹੁੰਦੀ ਹੈ, ਜਿਸ ਦਾ ਕਾਰਨ ਇਹ ਸੀ ਕਿ ਆਪ ਜੀ ਨੇ ਗੁਰੂ ਬਾਣੀ ਦਾ ਓਟ ਆਸਰਾ ਲੈ ਕੇ, ਸੱਚ ਦੇ ਗਿਆਨ ਦਾ ਐਸਾ ਚਾਨਣ ਕੀਤਾ ਕਿ ਲੋਕਾਈ ਨੇ ਆਪ ਹੀ ਅਗਿਆਨਤਾ, ਅੰਧ-ਵਿਸ਼ਵਾਸਾਂ, ਕਰਮਕਾਂਡਾਂ ਰੂਪੀ ਹਨੇਰੇ ਨੂੰ ਤਿਲਾਂਜਲੀ ਦੇਣੀ ਸ਼ੁਰੂ ਕਰ ਦਿੱਤੀ। ਆਪ ਜੀ ਨੇ ਕਰਮਕਾਂਡਾਂ ਵਿਰੁੱਧ ਲੋਕਾਈ ਨੂੰ ਡਟਵੇਂ ਰੂਪ 'ਚ ਲਾਮਬੰਦ ਕੀਤਾ ਅਤੇ ਗੁਰਮੁਖੀ ਅਖ਼ਬਾਰ, ਖ਼ਾਲਸਾ ਅਖਬਾਰ ਰਾਹੀਂ ਲੇਖ/ਸੰਪਾਦਕੀਆਂ ਲਿਖ ਕੇ ਅਤੇ ਥਾਂ-ਪੁਰ-ਥਾਂ ਜਾ ਕੇ ਭਾਸ਼ਣਾਂ ਰਾਹੀਂ ਲੋਕਾਂ 'ਚ ਜਾਗਰੂਕਤਾ ਪੈਦਾ ਕੀਤੀ। ਭਾਵੇਂ ਕਿ ਆਪ ਜੀ ਨੂੰ ਸਮੇਂ ਦੀਆਂ ਪ੍ਰਚੱਲਿਤ ਸੰਪਰਦਾਵਾਂ/ਸੰਸਥਾਵਾਂ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ, ਪਰ ਆਪ ਨੇ ਸੱਚ ਦਾ ਸਾਥ ਨਾ ਛੱਡਿਆ ਅਤੇ ਹੋਰ ਵੀ ਉਤਸ਼ਾਹ, ਦਲੇਰੀ ਅਤੇ ਨਿਡਰਤਾ ਦੇ ਨਾਲ ਸੱਚ ਲਿਖਣਾ ਅਤੇ ਬੋਲਣਾ ਜਾਰੀ ਰੱਖਿਆ। ਇੱਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਬਰਾਬਰ ਗੱਦੀ ਲਾ ਕੇ ਬੈਠਣ ਵਾਲੇ ਬਾਬਾ ਖੇਮ ਸਿੰਘ ਦੀ ਗੱਦੀ ਚੁੱਕ ਕੇ ਬਾਹਰ ਸੜਕ 'ਤੇ ਸੁੱਟ ਦਿੱਤੀ। ਤਿੰਨ ਵਾਰ ਆਪ ਜੀ ਨੇ ਆਰੀਆ ਸਮਾਜ ਦੇ ਮੋਢੀ ਸਾਧੂ ਦਇਆ ਨੰਦ ਨੂੰ ਧਰਮ ਬਹਿਸਾਂ 'ਚੋਂ ਹਰਾਇਆ।

ਜਿਸ ਢੰਗ ਨਾਲ ਆਪ ਜੀ ਨੇ ਦਿਸ਼ਾਹੀਣ ਹੋ ਚੁੱਕੀ ਕੌਮ 'ਚ ਨਵੀਂ ਰੂਹ ਫ਼ੂਕੀ। ਥਾਂ ਪੁਰ ਥਾਂ ਜਾ ਕੇ ਸਿੱਖੀ ਸਿਧਾਂਤਾਂ ਦੇ ਝੰਡੇ ਗੱਡੇ, ਜਾਤ-ਪਾਤ, ਵਹਿਮਾਂ-ਭਰਮਾਂ, ਨਕਲੀ ਪੀਰਾਂ, ਸਾਧਾਂ, ਡੇਰਿਆਂ ਦਾ ਪਰਦਾ ਫਾਸ਼ ਕਰਕੇ ਲੋਕਾਈ ਨੂੰ ਹਲੂਣਿਆ। ਕੌਮ ਨੂੰ ਵਿੱਦਿਆਵਾਨ ਬਣਾਉਣ ਲਈ ਵਿਦਿਅਕ ਅਦਾਰੇ ਕਾਇਮ ਕੀਤੇ ਗਏ, ਸਿੰਘ ਸਭਾ ਲਹਿਰ ਰਾਹੀਂ, ਖ਼ਾਲਸਾ ਅਖ਼ਬਾਰ ਰਾਹੀਂ, ਪ੍ਰੋ. ਗੁਰਮੁੱਖ ਸਿੰਘ ਦੇ ਸਹਿਯੋਗ ਸਦਕਾ ਆਪ ਜੀ ਇੰਗਲੈਂਡ ਦੀਆਂ ਅਖਬਾਰਾਂ 'ਚ ਛਪੀਆਂ ਖ਼ਬਰਾਂ ਨੂੰ ਝੂਠਲਾ ਦਿੱਤਾ (ਜਿਸ 'ਚ ਕਿਹਾ ਗਿਆ ਸੀ ਕਿ ਆਉਂਦੇ 25 ਸਾਲਾਂ 'ਚ ਸਿੱਖੀ ਖਤਮ ਹੋ ਜਾਵੇਗੀ) ਅਤੇ ਸਿੱਖੀ ਦੇ ਬਾਗ ਨੂੰ ਮੁੜ ਬਾਬੇ ਨਾਨਕ ਦੀ ਬਾਣੀ ਰੂਪੀ ਅੰਮ੍ਰਿਤ (ਵਿਚਾਰਧਾਰਾ ਦੇ ਪ੍ਰਚਾਰ ਸਦਕਾ) ਮੁੜ ਹਰਿਆ ਭਰਿਆ ਕਰ ਦਿੱਤਾ।



**ਇਕਵਾਲ ਸਿੰਘ ਪੱਟੀ**

'ਗੁੱਗਾ ਗਪੌੜਾ ਸੁਲਤਾਨ ਪੁਆੜਾ', 'ਨਕਲੀ ਸਿੱਖ ਪ੍ਰਬੋਧ', ਖ਼ਾਲਸਾ ਅਖ਼ਬਾਰ ਰਾਹੀਂ ਲਿਖੀਆਂ ਸੰਪਾਦਕੀਆਂ ਅਤੇ ਗੁਰਮਤਿ ਲੇਖਾਂ ਸਦਕਾ ਕੌਮ 'ਚ ਜਾਗ੍ਰਤੀ ਆਈ। ਭਾਈ ਦਿੱਤ ਸਿੰਘ ਗਿਆਨੀ ਕੌਮ ਦੇ ਕੋਹਿਨੂਰ ਹੀਰੇ ਸਨ। ਅੱਜ ਵੀ ਜਦ ਉਨ੍ਹਾਂ ਦੀਆਂ ਲਿਖਤਾਂ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਉਸ ਸਮੇਂ ਕੌਮ 'ਚ ਕਿਸ ਪੱਧਰ 'ਤੇ ਅੰਧ-ਵਿਸ਼ਵਾਸ, ਕਰਮਕਾਂਡ, ਬ੍ਰਾਹਮਣਵਾਦ ਭਾਰੂ ਹੋ ਚੁੱਕਿਆ ਸੀ, ਪਰ ਉਦੋਂ ਹੈਰਾਨੀ ਹੋਰ ਵੀ ਵਧ ਜਾਂਦੀ ਹੈ, ਜਦ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਦਿਆਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਹ ਗੱਲ ਕੋਈ 100 ਸਾਲ ਪੁਰਾਣੀ ਨਹੀਂ ਇਹ ਤਾਂ ਅੱਜ ਦਾ ਵਾਕਿਆ ਹੈ। ਬਤੌਰ ਸਬੂਤ ਪਾਠਕ ਭਾਈ ਦਿੱਤ ਸਿੰਘ ਦੀ ਕੋਈ ਵੀ ਪੁਰਾਣੀ ਲਿਖਤ ਅੱਜ ਪੜ੍ਹ ਕੇ ਵੇਖ ਲੈਣ ਤਾਂ ਪਤਾ ਲੱਗ ਜਾਵੇਗਾ ਕਿ ਸਾਡੀ ਕੌਮ ਦੀ ਹਾਲਤ ਕਿੰਨੀ ਬੌਣੀ ਹੋ ਚੁੱਕੀ ਹੈ।

ਅੰਮ੍ਰਿਤ ਛਕਣ ਤੋਂ ਬਾਅਦ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਉਨ੍ਹਾਂ ਸਿੱਖਾਂ ਬਾਰੇ ਜੋ ਅੱਜ ਵੀ ਜਾਤ-ਪਾਤ 'ਚ ਫਸੇ ਪਏ ਹਨ, ਬਾਰੇ ਆਪ ਜੀ ਨੇ ਵਿਅੰਗ ਕੱਸਦਿਆਂ ਕਿਹਾ:

**ਕੌਣ ਸਿੱਖ ਹੁੰਦੇ ਹੋ ਭਾਈ?**
**ਮੈਂ ਅਰੋੜਾ ਇਹ ਹੈ ਨਾਈ।**
**ਤੇਰੀ ਸਿੰਘਾ ਕੀ ਹੈ ਜਾਤਿ?**
**ਨਾਈਂ, ਛੀਬਾ, ਬੰਸੀ ਭਰਾਤ।**

ਅੱਜ ਵੀ ਪਿੰਡਾਂ 'ਚ ਥਾਂ ਪੁਰ ਥਾਂ ਛੱਤੀ ਪ੍ਰਕਾਰ ਦੇ ਪੀਰਾਂ ਦੀਆਂ ਕਬਰਾਂ, ਮੜ੍ਹੀਆਂ-ਮਸਾਣਾ ਜਿਨ੍ਹਾਂ ਦਾ ਕੋਈ ਇਤਿਹਾਸ ਵੀ ਨਹੀਂ ਪਤਾ (ਇਤਿਹਾਸ ਤਾਂ ਹੈ ਹੀ ਨਹੀਂ) ਦੀ ਪੂਜਾ ਹੋ ਰਹੀ ਹੈ। ਆਪ ਜੀ ਦੀ ਪੁਸਤਕ 'ਗੁੱਗਾ ਗਪੌੜਾ-ਸੁਲਤਾਨ ਪੁਆੜਾ' 'ਚ ਕਾਵਿ ਬੰਦ ਯਾਦ ਆ ਰਿਹਾ ਹੈ, ਜੋ ਅੱਜ ਤੋਂ 100 ਸਾਲ ਦੇ ਵੱਧ ਸਮੇਂ ਤੋਂ ਪਹਿਲਾਂ ਲਿਖਿਆ ਹੋ ਕੇ ਵੀ ਅੱਜ ਦੇ ਸਮਾਜ ਦੀ ਹਾਲਤ ਬਿਆਨ ਕਰਦਾ ਹੈ:

**ਦੇਖੋ ਮੂਰਖ ਦੇਸ਼ ਆਸਾਡਾ,**
**ਕਿਕੁਰ ਡੁਬਦਾ ਜਾਂਦਾ।**
**ਸੱਪਾਂ, ਕੁੱਤਿਆਂ, ਬਿੱਲੀਆਂ,**
**ਕਾਵਾਂ, ਆਪਣੇ ਪੀਰ ਬਣਾਂਦਾ।**

ਗੱਲ ਕੀ ਮਨੁੱਖਤਾ ਨੂੰ ਧਰਮ ਦੇ ਨਾਂਅ ਉੱਤੇ ਕੀਤੇ ਜਾ ਰਹੇ ਅਖੌਤੀ ਕਰਮਕਾਂਡਾ ਵਿਰੁੱਧ ਡੱਟ ਕੇ ਸੁਚੇਤ ਕੀਤਾ ਅਤੇ ਸੱਚ ਦੇ ਰਸਤੇ ਦਾ ਮਾਰਗ ਦਰਸ਼ਨ ਕਰਵਾਇਆ। ਪਰ ਕਿਤੇ ਨਾ ਕਿਤੇ ਅਸੀਂ ਅੱਜ ਵੀ ਧਰਮ ਦੇ ਨਾਂਅ ਅੰਨ੍ਹੀ ਸ਼ਰਧਾ ਅਧੀਨ ਹੋ ਰਹੀ ਮਾਨਸਿਕ, ਆਰਥਿਕ ਲੁੱਟ ਦਾ ਹਿੱਸਾ ਬਣੇ ਹੋਏ ਹਾਂ। ਆਪ ਜੀ ਨੇ ਬਹੁਤ ਥੋੜ੍ਹੇ ਸਮੇਂ 'ਚ (21 ਅਪ੍ਰੈਲ 1852- 6 ਸਤੰਬਰ 1901) ਹੀ ਕੌਮ ਨੂੰ ਇਕ ਨਵੀਂ ਸੇਧ ਦਿੱਤੀ ਸੀ। ਇਹੀ ਕਾਰਨ ਹੈ ਕਿ ਅੱਜ ਗਿਆਨੀ ਦਿੱਤ ਸਿੰਘ ਦੇ ਨਾਂਅ ਪੁਰ ਸੈਂਕੜੇ ਸੰਸਥਾਵਾਂ, ਰਸਾਲੇ, ਲਾਇਬ੍ਰੇਰੀਆਂ ਜਾਂ ਹੋਰ ਅਦਾਰੇ ਕਾਇਮ ਹਨ, ਜੋ ਉਨ੍ਹਾਂ ਵਲੋਂ ਸ਼ੁਰੂ ਕੀਤੇ ਗਏ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਯਤਨਸ਼ੀਲ ਹਨ। ਇਸ ਦੇ ਨਾਲ ਹੀ ਅੱਜ ਲੋੜ ਹੈ ਕਿ ਪ੍ਰਚਾਰਕ/ਵਿਦਵਾਨ ਲੋਕਾਈ ਨੂੰ ਸੱਚ ਦਾ ਰਸਤਾ ਦ੍ਰਿੜ੍ਹ ਕਰਵਾਉਣ ਲਈ ਕਮਰਕੱਸੇ ਕਰਨ ਅਤੇ ਨਰੋਆ, ਸਿਹਤਮੰਦ ਅਤੇ ਸੋਹਣਾ ਸਮਾਜ ਸਿਰਜਣ 'ਚ ਆਪਣੀ ਭੂਮਿਕਾ ਨਿਭਾਉਣ।

# ਅਰਬੀ, ਫ਼ਾਰਸੀ ਦੀ ਪੜ੍ਹਾਈ ਤੋਂ ਬਿਨਾਂ ਹੋ ਰਿਹਾ ਧਾਰਮਿਕ ਤੇ ਇਤਿਹਾਸਕ ਨੁਕਸਾਨ

ਮੇਰੇ ਦੋਸਤ ਰਿਟਾ. ਕਰਨਲ ਬਲਰਾਜ ਸਿੰਘ ਘੁੰਮਣ ਕਹਿੰਦੇ ਨੇ ਕਿ ਮਰਦਾਨੇ ਦੇ ਨਾਂਅ ਦਾ ਮਤਲਬ ਹੈ 'ਮਰ ਦਾ ਨਾ' ਮਤਲਬ ਜਿਸ ਨੂੰ ਮੌਤ ਨਾ ਆਏ। ਉਨ੍ਹਾਂ ਕਿਹਾ ਕਿ ਮਰਦਾਨੇ ਦਾ ਇਹ ਨਾਂਅ ਗੁਰੂ ਸਾਹਿਬ ਨੇ ਖ਼ੁਦ ਰੱਖਿਆ ਸੀ। ਮੈਂ ਥੋੜ੍ਹਾ ਹੈਰਾਨ ਹੋਇਆ ਕਿ ਕਿਸੇ ਜ਼ਮਾਨੇ 'ਚ ਤਾਕਤਵਰ ਮੁਲਕ ਦੂਜੇ ਮੁਲਕਾਂ 'ਤੇ ਕਬਜ਼ਾ ਕਰ ਲੈਂਦੇ ਸਨ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦਾ ਕੰਮ ਹੁੰਦਾ ਸੀ ਕਿ ਉੱਥੋਂ ਦੀ ਮੁਕਾਮੀ ਭਾਸ਼ਾ ਨੂੰ ਖ਼ਤਮ ਕਰ ਕੇ ਤੇ ਖ਼ੁਦ ਆਪਣੀ ਭਾਸ਼ਾ ਲੋਕਾਂ 'ਤੇ ਥੋਪ ਦਿੱਤੀ ਜਾਵੇ। ਅਸੀਂ ਗੋਰਿਆਂ ਦੇ ਕਬਜ਼ੇ 'ਚ ਰਹੇ ਹਾਂ, ਇਸ ਲਈ ਸਾਡੀ ਭਾਸ਼ਾ ਅੰਗਰੇਜ਼ੀ ਬਣ ਗਈ। ਜਦੋਂ ਸਰਕਾਰੀ ਨੌਕਰੀ ਅੰਗਰੇਜ਼ੀ ਭਾਸ਼ਾ ਸਿੱਖ ਕੇ ਹੀ ਮਿਲਣੀ ਹੈ ਤਾਂ ਉਸ ਨੂੰ ਤਾਂ ਸਿੱਖਣਾ ਹੀ ਪਏਗਾ। ਦੁਨੀਆ ਦੇ ਕੁਝ ਮੁਲਕਾਂ 'ਤੇ ਫ਼ਰਾਂਸੀਸੀਆਂ ਨੇ, ਕੁਝ 'ਤੇ ਸਪੇਨ ਨੇ ਅਤੇ ਕੁਝ ਮੁਲਕਾਂ 'ਤੇ ਇਟਲੀ ਨੇ ਕਬਜ਼ਾ ਕਰ ਲਿਆ। ਲਾਤੀਨੀ ਅਮਰੀਕਾ ਉੱਤੇ ਸਪੈਨਿਸ਼ ਨੇ ਕਬਜ਼ਾ ਕੀਤਾ ਸੀ ਤਾਂ ਉੱਥੇ ਸਪੈਨਿਸ਼ ਬੋਲੀ ਜਾਂਦੀ ਹੈ। ਮਰਾਕਸ਼ 'ਤੇ ਇਟਲੀ ਨੇ ਕਬਜ਼ਾ ਕੀਤਾ ਸੀ ਤਾਂ ਇੱਥੇ ਅੱਜ-ਕੱਲ੍ਹ ਇਤਾਲਵੀ ਬੋਲੀ ਜਾਂਦੀ ਹੈ। ਅਲਜ਼ਾਇਰ 'ਤੇ ਫ਼ਰਾਂਸੀਸੀਆਂ ਨੇ ਕਬਜ਼ਾ ਕੀਤਾ ਤਾਂ ਇੱਥੇ ਫ਼ਰਾਂਸੀਸੀ ਬੋਲੀ ਜਾਂਦੀ ਹੈ। ਰੂਸੀ ਵੀ ਇਹੀ ਕੰਮ ਕਰਦੇ ਸਨ, ਉਨ੍ਹਾਂ ਨੇ ਵੀ ਜਿਨ੍ਹਾਂ ਮੁਲਕਾਂ 'ਤੇ ਕਬਜ਼ਾ ਕੀਤਾ, ਉੱਥੇ ਰੂਸੀ ਜ਼ੁਬਾਨ ਲਾਗੂ ਕਰ ਦਿੱਤੀ। ਉਨ੍ਹਾਂ ਦਾ ਤਰੀਕਾ ਇਹ ਸੀ ਕਿ ਪਹਿਲਾਂ ਉਹ ਉੱਥੇ ਲੋਕਾਂ ਦੀ ਆਪਣੀ ਜ਼ੁਬਾਨ ਨੂੰ 'ਰਸ਼ੀਅਨ ਅਲਫ਼ਾਬੈਟ' 'ਚ ਸਿਖਾਉਂਦੇ ਸਨ। ਜਦੋਂ ਮੁਕਾਮੀ ਲੋਕ 'ਰਸ਼ੀਅਨ ਅਲਫ਼ਾਬੈਟ' ਸਿੱਖ ਲੈਂਦੇ ਸਨ ਫਿਰ ਉਹ ਸਿੱਧੀ-ਸਿੱਧੀ ਰਸ਼ੀਅਨ ਜ਼ੁਬਾਨ ਹੀ ਉੱਥੇ ਲਾਗੂ ਕਰ ਦਿੰਦੇ। ਸਕੂਲ ਅਤੇ ਕਾਲਜਾਂ 'ਚ ਸਾਰੇ ਵਿਸ਼ੇ ਰਸ਼ੀਅਨ ਜ਼ੁਬਾਨ 'ਚ ਪੜ੍ਹਾਉਣੇ ਸ਼ੁਰੂ ਕਰ ਦਿੰਦੇ। ਇਸ ਤਰ੍ਹਾਂ ਲੋਕਾਂ ਦੀ ਭਾਸ਼ਾ ਖ਼ਤਮ ਹੋਣ ਦੇ ਨਾਲ ਉਨ੍ਹਾਂ ਦਾ ਸੰਬੰਧ ਆਪਣੇ ਪੁਰਾਣੇ ਇਤਿਹਾਸ ਨਾਲ ਖ਼ਤਮ ਹੋ ਜਾਂਦਾ ਸੀ; ਕਿਉਂਕਿ ਉਨ੍ਹਾਂ ਦਾ ਪੁਰਾਣਾ ਇਤਿਹਾਸ ਉਨ੍ਹਾਂ ਦੀ ਮੁਕਾਮੀ ਜ਼ੁਬਾਨ 'ਚ ਲਿਖਿਆ ਹੁੰਦਾ ਸੀ। ਤੁਰਕੀ 'ਚ ਵੀ ਇਹੀ ਹੋਇਆ। ਤੁਰਕੀ 'ਚ ਉਨ੍ਹਾਂ ਦੀ ਆਪਣੀ ਜ਼ੁਬਾਨ ਰੋਮਨ ਇੰਗਲਿਸ਼ ਲਿਖੀ ਗਈ ਹੈ ਅਤੇ ਉੱਥੇ ਪੜ੍ਹਾਈ ਵੀ ਜਾਂਦੀ ਹੈ। ਸੈਂਟਰਲ ਏਸ਼ੀਆ ਦੇ ਮੁਲਕ ਕਜ਼ਾਕਿਸਤਾਨ, ਉਜ਼ਬੇਕਿਸਤਾਨ, ਤਾਜ਼ਿਕਸਤਾਨ, ਅਜ਼ਰਬਾਈਜ਼ਾਨ ਤੇ ਤੁਰਕਮਾਨਿਸਤਾਨ ਦੀ ਅਸਲ ਜ਼ੁਬਾਨ ਤੁਰਕੀ ਜਾਂ ਫ਼ਾਰਸੀ ਸੀ।



**ਫ਼ਾਰਸੀ ਵਿਚ ਲਿਖੇ ਜ਼ਫਰਨਾਮੇ ਦੇ ਕੁਝ ਪੰਨੇ।**

ਭਾਸ਼ਾ ਦੀ ਇਸ ਤਬਦੀਲੀ ਦਾ ਫ਼ਾਇਦਾ ਕਬਜ਼ਾ ਕਰਨ ਵਾਲੇ ਮੁਲਕਾਂ ਨੂੰ ਹੀ ਹੁੰਦਾ ਸੀ। ਉਹ ਇਸ ਤਰ੍ਹਾਂ ਕਿ ਉਹ ਮੁਲਕ ਦਾ ਇਤਿਹਾਸ ਆਪਣੀ ਜ਼ੁਬਾਨ 'ਚ ਨਵਾਂ ਤੇ ਆਪਣੀ ਮਰਜ਼ੀ ਦਾ ਲਿਖਦੇ ਸਨ। ਮੁਕਾਮੀ ਲੋਕ ਆਪਣੀ ਜ਼ੁਬਾਨ ਭੁੱਲ ਜਾਂਦੇ ਸਨ ਤੇ ਉਨ੍ਹਾਂ ਨੂੰ ਨਵਾਂ ਲਿਖਿਆ ਹੋਇਆ ਇਤਿਹਾਸ ਆਪਣੇ ਮੁਲਕ ਉੱਤੇ ਕਬਜ਼ਾ ਕੀਤੇ ਮੁਲਕ ਦੀ ਜ਼ੁਬਾਨ 'ਚ ਪੜ੍ਹਣਾ ਪੈਂਦਾ ਸੀ। ਮੁਕਾਮੀ ਲੋਕਾਂ ਨੂੰ ਉਹੀ ਸਿਖਾਇਆ ਜਾਂਦਾ ਸੀ, ਜੋ ਕਬਜ਼ਾ ਕਰਨ ਵਾਲੇ ਮੁਲਕ ਦੇ ਮਤਲਬ ਦਾ ਹੁੰਦਾ ਸੀ। ਅੱਜ-ਕੱਲ੍ਹ ਭਾਰਤ 'ਚ ਵੀ ਇਤਿਹਾਸ ਨੂੰ ਨਵੇਂ ਸਿਰੇ ਤੋਂ ਲਿਖਣ ਦੀ ਗੱਲ ਹੋ ਰਹੀ ਹੈ। ਰੱਬ ਖ਼ੈਰ ਕਰੇ। ਮੇਰੀ ਸਮਝ ਇਹ ਹੈ ਕਿ ਜਿਸ ਗੁਰੂ ਦੇ ਸਿੱਖ ਨੂੰ ਫ਼ਾਰਸੀ ਤੇ ਅਰਬੀ ਦੀ ਥੋੜ੍ਹੀ ਬਹੁਤ ਵੀ ਸਮਝ ਨਹੀਂ, ਉਹ ਸਿੱਖ ਧਰਮ ਨੂੰ ਉਸ ਦੀ ਰੂਹ ਦੇ ਮੁਤਾਬਿਕ ਸਮਝ ਹੀ ਨਹੀਂ ਸਕਦਾ। ਗੁਰੂ ਗ੍ਰੰਥ ਸਾਹਿਬ ਤੇ ਸਿੱਖਾਂ ਦੀ ਬਾਕੀ ਧਾਰਮਿਕ ਗ੍ਰੰਥਾਂ 'ਚ ਅਰਬੀ ਤੇ ਫ਼ਾਰਸੀ ਦੇ ਬਹੁਤ ਜ਼ਿਆਦਾ ਸ਼ਬਦ ਵਰਤੇ ਗਏ ਹਨ। ਅਰਬੀ ਤੇ ਫ਼ਾਰਸੀ ਜ਼ੁਬਾਨ ਨਾਲ ਥੋੜ੍ਹੀ ਬਹੁਤ ਵਾਕ਼ਫ਼ੀਅਤ ਨਾ ਹੋਣ ਕਾਰਨ ਸਿੱਖ ਧਰਮ ਇਸ ਨੂੰ ਸਹੀ ਤਰ੍ਹਾਂ ਸਮਝ ਨਹੀਂ ਸਕਦੇ। ਮੈਂ ਆਪਣੇ ਬਹੁਤ ਸਾਰੇ ਸਿੱਖ ਦੋਸਤਾਂ ਨੂੰ ਜਦੋਂ ਇਹ ਪੁੱਛਦਾ ਹਾਂ ਕਿ 'ਰਹਿਰਾਸ' ਦਾ ਮਤਲਬ ਕੀ ਹੈ ਅਤੇ ਉਹ ਮੇਰੇ ਮੂੰਹ ਵੱਲ ਤਕਦੇ ਨੇ ਤੇ ਕਹਿੰਦੇ ਨੇ ਅਸੀਂ ਤਾਂ ਬਸ ਪੜ੍ਹੀ ਜਾਂਦੇ ਹਾਂ, ਮਤਲਬ ਦਾ ਤਾਂ ਨਹੀਂ ਪਤਾ। ਸਾਡੇ ਮੁਲਕਾਂ 'ਚ ਮੌਲਵੀ, ਪੰਡਤ ਤੇ ਗ੍ਰੰਥੀ ਉਹੀ ਬਣਦੇ ਨੇ, ਜੋ ਸਕੂਲ ਕਾਲਜ 'ਚ ਜਾਂ ਤਾਂ ਪੜ੍ਹ ਨਹੀਂ ਸਕਦੇ ਜਾਂ ਫੇਲ੍ਹ ਹੋ ਜਾਂਦੇ ਨੇ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਉਹ ਬਾਕੀ ਲੋਕਾਂ ਤਕ ਵੀ ਉਨੀਂ ਹੀ ਗੱਲ ਪਹੁੰਚਾਉਂਦੇ ਹਨ ਜਿੰਨਾ ਕਿ ਉਨ੍ਹਾਂ ਨੂੰ ਸਮਝ ਹੁੰਦੀ ਹੈ। ਇਹ ਹਮੇਸ਼ਾ ਸਹੀ ਨਹੀਂ ਹੁੰਦੀ। ਚਲੋ, ਵਾਪਸ ਪਰਤ ਚੱਲਦੇ ਹਾਂ, ਕਰਨਲ ਬਲਰਾਜ ਸਿੰਘ ਘੁੰਮਣ ਦੇ ਮਤਲਬ 'ਮਰ ਦਾ ਨਾ' ਵੱਲ। ਮਰਦ ਫ਼ਾਰਸੀ ਜ਼ੁਬਾਨ 'ਚ ਪੁਰਸ਼ ਨੂੰ ਕਹਿੰਦੇ ਨੇ ਤੇ ਜ਼ਨਾਨੀ ਨੂੰ ਮਹਿਲਾ ਆਖਦੇ ਹਾਂ, ਜਨ੍ਹਾ ਲਫ਼ਜ਼ ਵੀ ਜਨਾਨੀ ਤੋਂ ਹੀ ਨਿਕਲਿਆ ਹੈ। ਮਰਦ ਤੋਂ ਮਰਦਾਨਾ ਇਸ ਤਰ੍ਹਾਂ ਹੀ ਹੈ, ਜਿਵੇਂ ਸੁਖਵਿੰਦਰ ਤੋਂ ਸੁੱਖਾ ਅਤੇ ਪਰਮਿੰਦਰ ਤੋਂ ਪੰਮਾ। ਅਸਲ 'ਚ ਪੰਜਾਬ 'ਚ ਪੁੱਤਰਾਂ ਦਾ ਨਾਂਅ ਉਹੀ ਰੱਖਿਆ ਜਾਂਦਾ ਹੈ, ਜਿਸ 'ਚ ਬਹਾਦਰੀ ਤੇ ਦਲੇਰੀ ਹੋਵੇ, ਜਿਵੇਂ ਸ਼ੇਰ, ਦਲੇਰ, ਬਹਾਦਰ, ਸਰਦਾਰ। ਕਦੀ ਤੁਸੀਂ ਵੇਖਿਆ ਹੈ ਕਿ ਕਿਸੇ ਨੇ ਆਪਣੇ ਪੁੱਤਰ ਦਾ ਨਾਂਅ ਬੁਜ਼ਦਿਲ ਜਾਂ ਬੇਵਕੂਫ਼ ਰੱਖਿਆ ਹੋਵੇ। ਮਰਦਾਨਾ ਤੋਂ ਮੁਰਾਦ ਵੀ ਇਸੇ ਤਰ੍ਹਾਂ ਹੀ ਤਕੜਾ ਤੇ ਦਲੇਰ ਮਰਦ ਹੀ ਹੈ। ਦਲੇਰ ਔਰਤ ਹੋਵੇ ਤਾਂ ਉਸ ਨੂੰ ਵੀ ਮਰਦਾਨੀ ਕਹਿ ਦਿੰਦੇ ਨੇ। ਮੈਂ ਤੁਹਾਨੂੰ ਇਸ ਦੀਆਂ ਕੁਝ ਉਦਾਹਰਨਾਂ ਦੇ ਕੇ ਸਮਝਾ ਸਕਦਾ ਹਾਂ। ਪਾਕਿਸਤਾਨ ਦੇ ਸੂਬੇ ਖ਼ੈਬਰ ਪਖ਼ਤੂਨਵਾ 'ਚ ਇਕ ਜ਼ਿਲ੍ਹਾ ਹੈ, ਜੋ ਇਕ ਸ਼ਹਿਰ ਦੇ ਨਾਂਅ ਤੋਂ ਹੈ। ਉਸ ਸ਼ਹਿਰ ਦਾ ਨਾਂਅ ਹੀ ਸਿੱਧਾ-ਸਿੱਧਾ ਮਰਦਾਨ ਹੈ ਅਤੇ ਇਹ ਮਰਦਾਨ ਨਾਂਅ ਉੱਥੋਂ ਦੇ ਇਕ ਬਹੁਤ ਮਸ਼ਹੂਰ ਸੂਫ਼ੀ ਬਜ਼ੁਰਗ ਸਨ ਮਰਦਾਨ ਸ਼ਾਹ, ਉਨ੍ਹਾਂ ਦੇ ਨਾਂਅ ਉੱਤੇ ਰੱਖਿਆ ਗਿਆ। ਮਰਦਾਨ ਦਾ ਮਤਲਬ ਤਗੜਾ ਤੇ ਦਲੇਰ ਮਰਦ ਅਤੇ ਮਰਦਾਨਾ ਦਾ ਮਤਲਬ ਉਹ ਬੰਦਾ ਜਿਸ 'ਚ ਤਕੜੇ ਤੇ ਦਲੇਰ ਮਰਦ ਦੀਆਂ ਨਿਸ਼ਾਨੀਆਂ ਜਾਂ ਖ਼ੂਬੀਆਂ ਹੋਣ। ਪਾਕਿਸਤਾਨ ਦੇ ਸੂਬਾ ਸਿੰਧ 'ਚ ਪੀਰਾਂ ਦੀ ਇਕ ਬਹੁਤ ਮਸ਼ਹੂਰ ਗੱਦੀ ਹੈ, ਜਿਸ ਨੂੰ 'ਪੀਰ ਪਗਾੜਾ' ਕਹਿੰਦੇ ਨੇ। ਉਹ ਬੜੇ ਮਸ਼ਹੂਰ ਲੋਕ ਨੇ ਜਿਨ੍ਹਾਂ ਦੇ ਮੁਰੀਦ ਸਿੰਧ ਤੋਂ ਇਲਾਵਾ ਭਾਰਤੀ ਸੂਬੇ ਰਾਜਸਥਾਨ 'ਚ ਵੀ ਪਾਏ ਜਾਂਦੇ ਹਨ। ਇਸ ਗੱਦੀ ਦੇ ਵੱਡੇ ਪੀਰਾਂ ਦਾ ਨਾਂਅ ਪੀਰ ਮਰਦਾਨ ਸ਼ਾਹ ਹੀ ਸੀ। ਇਸ ਪੀਰ ਮਰਦਾਨ ਸ਼ਾਹ ਨੂੰ ਅੰਗਰੇਜ਼ਾਂ ਨੇ ਫ਼ਾਂਸੀ ਦੇ ਕੇ ਮਾਰ ਦਿੱਤਾ ਸੀ; ਕਿਉਂਕਿ ਉਨ੍ਹਾਂ ਦੀ ਇਕ ਛੋਟੀ ਜਿਹੀ ਫ਼ੌਜ ਸੀ, ਜਿਸ ਨੂੰ 'ਹੁਰ' ਕਿਹਾ ਜਾਂਦਾ ਸੀ, ਹੁਰ ਮੂਵਮੈਂਟ ਹੁਣ ਵੀ ਹੈ। ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਆਜ਼ਾਦੀ ਦੀ ਗੱਲ ਕਰਦੇ ਸਨ। ਇਸ ਵਾਸਤੇ ਇਨ੍ਹਾਂ ਨੂੰ ਫ਼ਾਂਸੀ ਦੇ ਦਿੱਤੀ ਗਈ। ਇਨ੍ਹਾਂ ਦੇ ਪੁੱਤਰ ਸਿਬਕਤੁੱਲਾ ਨੂੰ ਅੰਗਰੇਜ਼ ਉਸੇ ਤਰ੍ਹਾਂ ਹੀ ਆਪਣੇ ਨਾਲ ਲੈ ਗਏ, ਜਿਵੇਂ ਮਹਾਰਾਜਾ ਦਲੀਪ ਸਿੰਘ ਨੂੰ ਲੈ ਗਏ ਸਨ ਤਾਂ ਜੋ ਉਸ ਨੂੰ ਆਪਣੇ ਰੰਗ 'ਚ ਰੰਗਿਆ ਜਾ ਸਕੇ। ਪੁਰਾਣੀ ਗੱਲ ਤੇ ਛੱਡੋ, ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਦੇ ਪਿਛਲੇ ਮੁੱਖ ਮੰਤਰੀ ਅਲੀ ਮਰਦਾਨ ਖ਼ਾਨ ਸਨ। 1657 ਈ. ਵਿਚ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਇਕ ਫ਼ੌਜੀ ਕਮਾਂਡਰ ਅਲੀ ਮਰਦਾਨ ਖਾਨ ਸੀ ਜੋ ਕਿ ਕੁਰਦਿਸਤਾਨ ਦਾ ਰਹਿਣ ਵਾਲਾ ਸੀ। ਭਾਰਤ 'ਚ ਅਲਾਉਦੀਨ ਖ਼ਿਲਜੀ ਦੇ ਦੌਰ 'ਚ ਬੰਗਾਲ ਦਾ ਇਕ ਗਵਰਨਰ ਅਲੀ ਮਰਦਾਨ ਖ਼ਿਲਜੀ ਵੀ ਰਿਹਾ। ਫ਼ਾਰਸੀ 'ਚ ਇਕ ਕਹਾਵਤ ਹੈ 'ਸ਼ਾਹੇ ਮਰਦਾਂ, ਸ਼ੇਰੇ ਯਜ਼ਦਾਂ'। ਸ਼ਾਹ ਯਾਨੀ ਵੱਡਾ ਤੇ ਯਸਦਾ ਯਾਨੀ ਖ਼ੁਦਾ। ਯਸਦ ਇਰਾਨ ਦੇ ਪੁਰਾਣੇ ਧਰਮ ਜ਼ਰਤਸ਼ਤ ਵਿਚ ਰੱਬ ਦਾ ਨਾਂਅ ਸੀ। ਇਸ ਦਾ ਮਤਲਬ ਤਕੜਾ ਮਰਦ ਰੱਬ ਦਾ ਸ਼ੇਰ ਹੁੰਦਾ ਹੈ। ਇਕ ਫ਼ਾਰਸੀ ਦੀ ਹੋਰ ਕਹਾਵਤ ਹੈ 'ਹਿੰਮਤੇ ਮਰਦਾ ਤੇ ਮਦਦੇ ਖ਼ੁਦਾ' ਭਾਵ ਉਹ ਮਰਦ ਜਿਹੜਾ ਹਿੰਮਤ ਕਰੇ, ਰੱਬ ਉਸ ਦੀ ਮਦਦ ਕਰਦਾ ਹੈ। ਮੈਂ ਆਪਣੇ ਸਿੱਖ ਦੋਸਤਾਂ ਨਾਲ ਗੱਲ ਕਰਦੇ ਹੋਏ ਇਹ ਵੇਖਦਾ ਹਾਂ ਕਿ ਫ਼ਾਰਸੀ ਤੇ ਅਰਬੀ ਨਾ ਜਾਣਨ ਦੀ ਵਜ ?ਹਾ ਨਾਲ ਉਹ ਆਪਣੇ ਧਾਰਮਿਕ ਗ੍ਰੰਥਾਂ 'ਚ ਲਿਖੇ ਹੋਏ ਪਾ ਕਲਾਮ ਨੂੰ ਸਹੀ ਤਰ੍ਹਾਂ ਪੜ੍ਹ ਤੇ ਸਮਝ ਨਹੀਂ ਸਕਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਿਖਿਆ 'ਜ਼ਫ਼ਰਨਾਮਾ' ਸਾਰਾ ਦਾ ਸਾਰਾ ਫ਼ਾਰਸੀ 'ਚ ਹੈ ਤੇ ਸਾਰੇ ਗੁਰੂ ਅਰਬੀ ਤੇ ਫ਼ਾਰਸੀ ਸਿੱਖਣ ਵਾਸਤੇ ਉਸਤਾਦ ਰੱਖਦੇ ਸਨ। ਖ਼ੁਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸਤਾਦ ਵੀ ਮੌਲਵੀ ਕੁਤਬਦੀਨ ਤੇ ਸਯੱਦ ਹਸਨ ਸਨ। ਉਹ ਉਨ੍ਹਾਂ ਨੂੰ ਅਰਬੀ ਫ਼ਾਰਸੀ ਮਦਰਸੇ ਵਿਚ ਪੜ੍ਹਾਉਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਫ਼ਾਰਸੀ ਤੇ ਅਰਬੀ ਦੇ ਉਸਤਾਦ ਪੀਰ ਮੁਹੰਮਦ ਜੀ ਸਨ। ਸਿੱਖ ਕੌਮ ਦੇ ਇਤਿਹਾਸ ਦਾ ਇਕ ਬਹੁਤ ਵੱਡਾ ਹਿੱਸਾ ਫ਼ਾਰਸੀ ਜਾਂ ਸ਼ਾਹਮੁਖੀ 'ਚ ਲਿਖਿਆ ਹੋਇਆ ਹੈ। 1965 ਈ. ਤੱਕ ਚੜ੍ਹਦੇ ਪੰਜਾਬ 'ਚ ਮਾਲ ਵਿਭਾਗ (ਰੈਵੇਨਿਊ) ਤੇ ਪੁਲਿਸ ਦਾ ਰਿਕਾਰਡ ਸਾਰਾ ਹੀ ਸ਼ਾਹਮੁਖੀ 'ਚ ਸੀ। ਮੈਂ ਖ਼ੁਦ ਵੀ ਵੇਖਿਆ ਹੈ। ਸ਼ਾਹਮੁਖੀ ਖ਼ਤਮ ਕਰਨ ਦੀ ਵਜ ?ਹਾ ਨਾਲ ਚੜ੍ਹਦੇ ਪੰਜਾਬ ਦੀ ਨਵੀਂ ਪੀੜ੍ਹੀ ਆਪਣਾ ਬਹੁਤ ਲਿਖਿਆ ਹੋਇਆ ਇਤਿਹਾਸ ਗਵਾ ਚੁੱਕੀ ਹੈ। ਅਸੀਂ ਪੰਜਾਬੀ ਤਾਂ ਅੰਨ੍ਹੇ ਹਾਂ। ਅਸੀਂ ਕੰਨ ਰਾਹੀਂ ਇਕ-ਦੂਜੇ ਦੀ ਗੱਲ ਸਮਝ ਸਕਦੇ ਹਾਂ। ਅੱਖੀਂ ਵੇਖ ਕੇ ਲਹਿੰਦੇ ਪੰਜਾਬ ਦਾ ਪੰਜਾਬੀ ਗੁਰਮੁਖੀ ਨਹੀਂ ਪੜ੍ਹ ਸਕਦਾ ਤੇ ਚੜ੍ਹਦੇ ਪੰਜਾਬ ਦਾ ਪੰਜਾਬੀ ਸ਼ਾਹਮੁਖੀ ਨਹੀਂ ਪੜ੍ਹ ਸਕਦਾ। ਇਹ ਪੰਜਾਬ ਦਾ ਸਾਂਝਾ ਨੁਕਸਾਨ ਹੈ।

**ਡਾ. ਗੁਲਾਮ ਮੁਸਤਫ਼ਾ ਡੋਗਰਾ**
**ਅਨੁ. : ਜੁਗਿੰਦਰ ਸਿੰਘ ਭੱਟੀ**

# ਚੋਣ ਸੁਧਾਰਾਂ ਤੋਂ ਇਨਕਾਰ ਦਾ ਰੁਝਾਨ



ਅਮਰੀਕਾ ਦੇ ਮਸ਼ਹੂਰ ਲੇਖਕ ਅਤੇ ਅਭਿਨੇਤਾ ਰਾਡਨੀ ਡੇਂਜਰਫੀਲਡ ਨੇ ਇਕ ਸਮੇਂ ਕਿਹਾ ਸੀ, "20 ਸਾਲ ਦੀ ਉਮਰ ਵਿਚ ਵਿਅਕਤੀ ਜੁਝਾਰੂ ਅਤੇ ਆਸ਼ਾਵਾਨ ਹੁੰਦਾ ਹੈ। ਉਹ ਦੁਨੀਆ ਬਦਲਣੀ ਚਾਹੁੰਦਾ ਹੈ। ਸੱਤਰ ਸਾਲ ਦਾ ਹੋਣ 'ਤੇ ਉਹ ਬਦਲਣਾ ਤਾਂ ਚਾਹੁੰਦਾ ਹੈ ਪਰ ਜਾਣ ਜਾਂਦਾ ਹੈ ਕਿ ਬਦਲ ਨਹੀਂ ਸਕਦਾ।" ਭਾਰਤ 'ਤੇ ਇਹ ਕਥਨ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਭਾਰਤੀ ਗਣਤੰਤਰ ਦੀ ਉਮਰ ਜਿਵੇਂ-ਜਿਵੇਂ ਵਧ ਰਹੀ ਹੈ, ਸੁਧਾਰ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਚੋਣ ਸੁਧਾਰਾਂ 'ਤੇ ਅੱਗੇ ਵਧਣ ਦੀ ਜਗ੍ਹਾ ਪਿੱਛੇ ਹਟਣ ਦੀਆਂ ਗੱਲਾਂ ਹੋਣ ਲੱਗੀਆਂ ਹਨ।

ਬਿਹਤਰ ਨੁਮਾਇੰਦਗੀ ਲਈ ਅਨੁਪਾਤਕ ਪ੍ਰਤੀਨਿਧਤਾ 'ਤੇ ਵਿਚਾਰ ਦੀ ਗੱਲ ਤਾਂ ਛੱਡ ਦਿਉ, ਵਧਦੀ ਚੋਣ ਹਿੰਸਾ, ਧਾਂਦਲੀ ਅਤੇ ਚੋਣਾਂ ਦੀ ਵਧਦੀ ਦੁਹਰਾਈ ਨੂੰ ਦੇਖਦੇ ਹੋਏ ਜਿਨ੍ਹਾਂ ਈਵੀਐਮਜ਼ ਦਾ ਵਿਕਾਸ ਕੀਤਾ ਗਿਆ, ਉਨ੍ਹਾਂ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ ਵਿਚ ਹੈ। ਮਸ਼ੀਨਾਂ ਨਾਲੋਂ ਪਰਚੀਆਂ ਰਾਹੀਂ ਵੋਟਾਂ ਪੁਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਚੋਣਾਂ ਨੂੰ ਲੈ ਕੇ ਸਭ ਤੋਂ ਵੱਡੀ ਸਮੱਸਿਆ ਪ੍ਰਚਾਰ 'ਤੇ ਖ਼ਰਚ ਕਰਨ ਅਤੇ ਉਸ ਦੇ ਲਈ ਜ਼ਰੂਰੀ ਚੰਦੇ ਦੀ ਹੈ ਜਿਸ ਦੇ ਹੱਲ ਲਈ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਮੰਥਨ ਹੁੰਦਾ ਆ ਰਿਹਾ ਹੈ। ਗਾਂਧੀ ਜੀ ਨੇ ਕਦੇ ਕਿਹਾ ਸੀ ਕਿ ਭਾਰਤ ਵਰਗੇ ਗ਼ਰੀਬ ਦੇਸ਼ ਵਿਚ ਜੇ ਉਮੀਦਵਾਰ ਆਪਣੀਆਂ ਚੋਣਾਂ ਵਿਚ 60 ਹਜ਼ਾਰ ਤੋਂ ਇਕ ਲੱਖ ਰੁਪਏ ਖ਼ਰਚ ਕਰਨਗੇ ਤਾਂ ਕੈਸਾ ਘੋਰ ਅਨਿਆਂ ਹੋਵੇਗਾ? ਗਾਂਧੀ ਜੀ ਦੀ ਚਿੰਤਾ ਉਨ੍ਹਾਂ ਦੇ ਨਾਲ ਚਲੀ ਗਈ। ਉਨ੍ਹਾਂ ਤੋਂ ਬਾਅਦ ਜਨਤਕ ਜੀਵਨ ਵਿਚ ਫੈਲਦੇ ਭ੍ਰਿਸ਼ਟਾਚਾਰ ਤੋਂ ਚਿੰਤਤ ਹੋ ਕੇ ਲਾਲ ਬਹਾਦਰ ਸ਼ਾਸਤਰੀ ਨੇ ਗਾਂਧੀਵਾਦੀ ਕੇ. ਸੰਥਾਨਮ ਦੀ ਪ੍ਰਧਾਨਗੀ ਵਿਚ ਇਕ ਕਮੇਟੀ ਬਣਾਈ ਜਿਸ ਨੇ ਆਪਣੀ ਰਿਪੋਰਟ ਵਿਚ ਇਹ ਸੁਝਾਅ ਵੀ ਦਿੱਤਾ ਕਿ ਸਾਰੀਆਂ ਪਾਰਟੀਆਂ ਨੂੰ ਹਰ ਸਰੋਤ ਤੋਂ ਮਿਲੇ ਚੰਦੇ ਅਤੇ ਉਸ ਦੇ ਖ਼ਰਚੇ ਦਾ ਪੂਰਾ ਹਿਸਾਬ ਰੱਖਣਾ ਅਤੇ ਉਸ ਦਾ ਬਿਓਰਾ ਆਡਿਟ ਦੇ ਨਾਲ ਹਰ ਸਾਲ ਦੇਣਾ ਚਾਹੀਦਾ ਹੈ। ਚੋਣ ਬਾਂਡਾਂ 'ਤੇ ਵਿਵਾਦ ਦੇ ਪਿਛੋਕੜ ਵਿਚ ਸੰਥਾਨਮ ਕਮੇਟੀ ਦੀ ਉਹ ਸਿਫ਼ਾਰਸ਼ ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ। ਚੋਣ ਪ੍ਰਚਾਰ 'ਤੇ ਹੋਣ ਵਾਲਾ ਔਸਤ ਖ਼ਰਚਾ ਵਿਧਾਨ ਸਭਾ ਲਈ 20 ਕਰੋੜ ਅਤੇ ਸੰਸਦੀ ਚੋਣਾਂ ਲਈ 50 ਕਰੋੜ ਤੱਕ ਜਾ ਪੁੱਜਾ ਹੈ। ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਲਈ 40 ਲੱਖ ਤੇ ਲੋਕ ਸਭਾ ਚੋਣਾਂ ਲਈ 95 ਲੱਖ ਦੀ ਜ਼ਿਆਦਾ ਤੋਂ ਜ਼ਿਆਦਾ ਹੱਦ ਤੈਅ ਕੀਤੀ ਹੈ ਜੋ ਹਾਸੋਹੀਣੇ ਰੂਪ ਨਾਲ ਘੱਟ ਹੈ। ਦੁਨੀਆ ਜਾਣਦੀ ਹੈ ਕਿ ਚੋਣਾਂ ਵਿਚ ਚੋਣ ਕਮਿਸ਼ਨ ਵੱਲੋਂ ਮਿੱਥੀ ਗਈ ਰਕਮ ਤੋਂ ਕਿਧਰੇ ਵੱਧ ਖ਼ਰਚਾ ਹੁੰਦਾ ਹੈ ਜਿਸ ਦਾ ਹਿਸਾਬ ਕਿਤਾਬ ਨਾ ਰੱਖਿਆ ਜਾਂਦਾ ਹੈ ਅਤੇ ਨਾ ਹੀ ਦਿੱਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਬਾਹੂਬਲ ਤੋਂ ਵੀ ਕਿਤੇ ਵੱਧ ਧਨ ਦਾ ਬਲ ਚੱਲਦਾ ਹੈ।

ਜ਼ਾਬਤੇ ਦੀਆਂ ਧੱਜੀਆਂ ਉਡਣਾ ਆਮ ਵਰਤਾਰਾ ਹੈ। ਇਸ ਤੋਂ ਚੋਣ ਕਮਿਸ਼ਨ ਵੀ ਜਾਣੂ ਹੈ ਪਰ ਉਹ ਪ੍ਰਚਾਰ ਖ਼ਰਚੇ ਦੀ ਹੱਦ ਸਿਆਸੀ ਪਾਰਟੀਆਂ ਦੀ ਸਲਾਹ ਨਾਲ ਹੀ ਨਿਰਧਾਰਤ ਕਰਦਾ ਹੈ। ਪਾਰਟੀਆਂ ਚਾਹੁਣ ਤਾਂ ਇਸ ਨੂੰ ਵਧਾ ਕੇ ਹਕੀਕੀ ਖ਼ਰਚੇ ਦੇ ਨੇੜੇ ਲਿਆ ਸਕਦੀਆਂ ਹਨ ਪਰ ਉਹ ਅਜਿਹਾ ਨਹੀਂ ਕਰਦੀਆਂ। ਅਜਿਹਾ ਕਰਨ ਤੋਂ ਹਰ ਸਿਆਸੀ ਜਮਾਤ ਸੰਕੋਚ ਕਰਦੀ ਹੈ। ਉਹ ਨਾ ਤਾਂ ਪ੍ਰਚਾਰ ਖ਼ਰਚੇ ਦਾ ਪੂਰਾ ਹਿਸਾਬ ਦੇਣਾ ਚਾਹੁੰਦੀਆਂ ਹਨ ਅਤੇ ਨਾ ਆਪਣੇ ਚੰਦੇ ਦੇ ਸਾਰੇ ਸੋਮਿਆਂ ਦਾ। ਪ੍ਰਚਾਰ ਦਾ ਜ਼ਿਆਦਾਤਰ ਖ਼ਰਚਾ ਨਕਦ ਹੁੰਦਾ ਹੈ ਜੋ ਆਮ ਤੌਰ 'ਤੇ ਕਾਲਾ ਪੈਸਾ ਹੁੰਦਾ ਹੈ। ਚੋਣ ਨਿਗਰਾਨਾਂ ਦਾ ਮੰਨਣਾ ਹੈ ਕਿ ਭਾਰਤ ਦੀਆਂ ਆਮ ਚੋਣਾਂ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਨਾਲੋਂ ਵੀ ਵੱਧ ਖ਼ਰਚੀਲੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਦਾ ਖ਼ਰਚਾ ਇਕ ਲੱਖ ਕਰੋੜ ਰੁਪਏ ਤੋਂ ਵੀ ਉੱਪਰ ਚਲਾ ਗਿਆ ਹੈ। ਭਾਰਤ ਵਿਚ ਆਮ ਚੋਣ ਵਿਗਿਆਪਨਾਂ, ਜਲਸਿਆਂ-ਜਲੂਸਾਂ ਅਤੇ ਪੋਸਟਰਬਾਜ਼ੀ ਦੀ ਦੌੜ ਤੋਂ ਇਲਾਵਾ ਵੋਟਾਂ ਖ਼ਰੀਦਣ ਲਈ ਵੰਡੇ ਜਾਣ ਵਾਲੇ ਤੋਹਫ਼ਿਆਂ ਅਤੇ ਨਕਦੀ ਦੀ ਵਜ੍ਹਾ ਕਾਰਨ ਖ਼ਰਚੀਲੀਆਂ ਹੋ ਰਹੀਆਂ ਹਨ। ਲੋਕ ਪੈਸਾ ਲੈ ਕੇ ਵੋਟ ਭਾਵੇਂ ਆਪਣੀ ਮਰਜ਼ੀ ਨਾਲ ਦਿੰਦੇ ਹੋਣ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੂੰ ਮਿਲਣ ਵਾਲਾ ਪੈਸਾ ਪਾਰਟੀਆਂ ਨੂੰ ਠੇਕਿਆਂ ਅਤੇ ਨਿਯਮਾਂ ਵਿਚ ਮਿਲਣ ਵਾਲੀਆਂ ਰਿਆਇਤਾਂ ਦੀ ਉਮੀਦ ਨਾਲ ਦਿੱਤਾ ਜਾਂਦਾ ਹੈ। ਸਾਫ਼ ਹੈ ਕਿ ਵੋਟਾਂ ਲਈ ਮਿਲਣ ਵਾਲਾ ਮਾਮੂਲੀ ਪੈਸਾ ਵੋਟਰ ਨੂੰ ਬਹੁਤ ਮਹਿੰਗਾ ਪੈਂਦਾ ਹੈ। ਉਹ ਜਨਤਕ ਭ੍ਰਿਸ਼ਟਾਚਾਰ ਦੀ ਜੜ੍ਹ ਹੈ।

ਇੰਦਰਾ ਗਾਂਧੀ ਸਰਕਾਰ ਰਾਜਨੀਤਕ ਪਾਰਟੀਆਂ ਅਤੇ ਨੇਤਾਵਾਂ ਨੂੰ ਵਿਦੇਸ਼ੀ ਜਾਸੂਸੀ ਸੰਸਥਾਵਾਂ ਅਤੇ ਦੂਤਘਰਾਂ ਤੋਂ ਮਿਲਣ ਵਾਲੇ ਚੰਦੇ ਨੂੰ ਲੈ ਕੇ ਇੰਨੀ ਚਿੰਤਤ ਹੋਈ ਸੀ ਕਿ ਕੇਂਦਰੀ ਗੁਪਤਚਰ ਵਿਭਾਗ ਤੋਂ ਜਾਂਚ ਕਰਵਾ ਲਈ ਸੀ। ਜਾਂਚ ਦੀ ਰਿਪੋਰਟ ਦਬਾ ਦਿੱਤੀ ਗਈ ਕਿਉਂਕਿ ਕੁਝ ਕਾਂਗਰਸੀ ਨੇਤਾਵਾਂ ਨੇ ਸੋਵੀਅਤ ਸੰਘ ਤੋਂ ਚੰਦਾ ਲਿਆ ਸੀ। ਉਸ ਤੋਂ ਬਾਅਦ ਪਿਛਲੀ ਸਦੀ ਦੇ ਨੌਵੇਂ ਦਹਾਕੇ ਵਿਚ ਉਨ੍ਹਾਂ ਦੀ ਹੀ ਸਰਕਾਰ 'ਤੇ ਅਨਾਜ, ਤੇਲ ਅਤੇ ਰੱਖਿਆ ਸੌਦਿਆਂ ਜ਼ਰੀਏ ਚੰਦਾ ਉਗਰਾਹੁਣ ਦੇ ਦੋਸ਼ ਲੱਗੇ। ਇਸੇ ਪਿਛੋਕੜ ਵਿਚ ਲੋਕਤੰਤਰੀ ਸੁਧਾਰ ਸੰਘ ਨਾਂ ਦੀ ਸੰਸਥਾ ਨੇ ਚੋਣ ਬਾਂਡ ਦਾ ਸੁਝਾਅ ਦਿੱਤਾ ਜਿਸ 'ਤੇ ਸਾਲਾਂਬੱਧੀ ਵਿਚਾਰ-ਚਰਚਾ ਕਰਨ ਤੋਂ ਬਾਅਦ 2017 ਵਿਚ ਕਾਨੂੰਨ ਬਣਿਆ। ਲੋਕਤੰਤਰੀ ਸੁਧਾਰ ਸੰਘ ਨੇ ਕਾਨੂੰਨ ਦਾ ਖਰੜਾ ਦੇਖਦੇ ਹੀ ਉਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਨੂੰ ਖਰੜੇ ਦੀਆਂ ਇਨ੍ਹਾਂ ਚਾਰ ਵਿਵਸਥਾਵਾਂ 'ਤੇ ਇਤਰਾਜ਼ ਸੀ ਕਿ ਬਾਂਡ ਖ਼ਰੀਦਣ ਵਾਲਿਆਂ ਦੇ ਨਾਂ ਗੁਪਤ ਰੱਖੇ ਗਏ। ਦਾਨ ਦੀ ਹੱਦ ਹਟਾ ਦਿੱਤੀ ਗਈ। ਕੰਪਨੀਆਂ ਟਰੱਸਟ ਬਣਾ ਕੇ ਬਾਂਡ ਖ਼ਰੀਦ ਸਕਦੀਆਂ ਸਨ ਅਤੇ ਬਾਂਡ 'ਤੇ ਨਾਮ ਨਾ ਹੋਣ ਦੀ ਵਜ੍ਹਾ ਨਾਲ ਉਸ ਦਾ ਵਟਾਂਦਰਾ ਵੀ ਹੋ ਸਕਦਾ ਸੀ। ਇਨ੍ਹਾਂ ਚਾਰ ਦੋਸ਼ਾਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਬਾਂਡ ਵਾਲੇ ਕਾਨੂੰਨ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇ ਦਿੱਤਾ। ਆਖ਼ਰ ਇਸ ਫ਼ੈਸਲੇ ਤੋਂ ਬਾਅਦ ਰੌਲਾ ਪਾਉਣ ਵਾਲੀ ਵਿਰੋਧੀ ਧਿਰ ਤੇ ਮੀਡੀਆ ਨੇ ਉਸ ਸਮੇਂ ਆਵਾਜ਼ ਕਿਉਂ ਨਹੀਂ ਚੁੱਕੀ ਜਦ ਉਕਤ ਕਾਨੂੰਨ ਸੰਸਦ ਵਿਚ ਪੇਸ਼ ਕੀਤਾ ਗਿਆ ਸੀ?

ਲਗਪਗ ਛੇ ਸਾਲ ਚੱਲੀ ਚੋਣ ਬਾਂਡ ਯੋਜਨਾ ਦਾ ਇਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਗੁਪਤਤਾ ਅਤੇ ਹੱਦ ਰਹਿਤ ਦਾਨ ਵਰਗੀਆਂ ਵਿਵਸਥਾਵਾਂ ਹੁੰਦੇ ਹੋਏ ਵੀ ਚੋਣ ਬਾਂਡਾਂ ਤੋਂ ਮਿਲਿਆ ਲਗਪਗ 16.5 ਹਜ਼ਾਰ ਕਰੋੜ ਰੁਪਏ ਦਾ ਚੰਦਾ ਆਮ ਚੋਣਾਂ ਵਿਚ ਖ਼ਰਚ ਹੋਣ ਵਾਲੇ ਇਕ ਲੱਖ ਕਰੋੜ ਦਾ ਛੇਵਾਂ ਹਿੱਸਾ ਵੀ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਚੋਣ ਬਾਂਡਾਂ ਦੇ ਬਾਵਜੂਦ ਚੰਦੇ ਦੀ ਵੱਡੀ ਰਕਮ ਨਕਦ ਜਾਂ ਹੋਰ ਮਾਧਿਅਮਾਂ ਤੋਂ ਆਉਂਦੀ ਰਹੀ। ਦਾਨ ਵਾਲੇ ਕਾਰਪੋਰੇਟ, ਵਿਦੇਸ਼ੀ, ਅਪਰਾਧੀ ਕੋਈ ਵੀ ਹੋ ਸਕਦੇ ਹਨ। ਪਾਰਟੀਆਂ ਨੂੰ ਸਿਰਫ਼ 20 ਹਜ਼ਾਰ ਤੋਂ ਵੱਧ ਚੰਦਾ ਦੇਣ ਵਾਲਿਆਂ ਦਾ ਰਿਕਾਰਡ ਰੱਖਣਾ ਅਤੇ ਹਰ ਸਾਲ ਟੈਕਸ ਰਿਟਰਨ ਭਰਨੀ ਹੁੰਦੀ ਹੈ। ਚੰਦਾ ਦੇਣ ਵਾਲੇ ਨੂੰ ਤਾਂ ਟੈਕਸ ਛੋਟ ਮਿਲਦੀ ਹੈ ਪਰ ਪਾਰਟੀਆਂ ਨੂੰ ਚੰਦੇ 'ਤੇ ਕੋਈ ਟੈਕਸ ਨਹੀਂ ਦੇਣਾ ਪੈਂਦਾ। ਪਾਰਟੀਆਂ ਹਰ ਸਾਲ ਟੈਕਸ ਰਿਟਰਨ ਭਰਨ ਤੋਂ ਵੀ ਨਾਂਹ-ਨੁੱਕਰ ਕਰਦੀਆਂ ਹਨ ਜਿਸ ਨੂੰ ਲੈ ਕੇ ਵਿਵਾਦ ਹੁੰਦੇ ਹਨ। ਭਾਰਤ ਵਿਚ ਰਾਜਨੀਤਕ ਚੰਦੇ ਨੂੰ ਪਾਰਦਰਸ਼ੀ ਬਣਾਉਣਾ ਆਸਾਨ ਨਹੀਂ ਹੈ। ਕਾਰਪੋਰੇਟ ਚੰਦਾ ਬੰਦ ਕਰ ਕੇ ਸਿਆਸੀ ਪਾਰਟੀਆਂ ਨੂੰ ਸਰਕਾਰੀ ਪੈਸੇ ਨਾਲ ਚਲਾਉਣ ਦੀਆਂ ਗੱਲਾਂ ਵਿਵਹਾਰਕ ਨਹੀਂ ਹਨ ਕਿਉਂਕਿ ਰਾਜਨੀਤਕ ਕੁੜੱਤਣ ਅਤੇ ਬੇਭਰੋਸਗੀ ਨੂੰ ਦੇਖਦੇ ਹੋਏ ਸਰਕਾਰੀ ਪੈਸੇ ਦੇ ਬਟਵਾਰੇ 'ਤੇ ਵਿਵਾਦ ਹੋਵੇਗਾ।

ਸਰਕਾਰ ਗ੍ਰਾਂਟ ਮਿਲਣ 'ਤੇ ਵੀ ਪਾਰਟੀਆਂ ਜੇ ਆਪਣੇ ਪ੍ਰਚਾਰ ਵਿਚ ਕਾਲਾ ਪੈਸਾ ਖਪਾਉਣਗੀਆਂ ਤਾਂ ਉਸ ਨੂੰ ਕਿਵੇਂ ਰੋਕੋਗੇ? ਪਾਰਟੀਆਂ ਨੂੰ ਉਨ੍ਹਾਂ ਦੇ ਜਨ-ਸਮਰਥਨ ਦੇ ਆਧਾਰ 'ਤੇ ਕੁਝ ਸਰਕਾਰੀ ਗ੍ਰਾਂਟ ਦੇਣ ਅਤੇ ਬਦਲੇ ਵਿਚ ਨਕਦ ਲੈਣ-ਦੇਣ 'ਤੇ ਪਾਬੰਦੀ ਲਗਾਉਣ ਅਤੇ ਪਾਰਦਰਸ਼ਿਤਾ ਦੇ ਨਿਯਮ ਸਖ਼ਤੀ ਨਾਲ ਲਾਗੂ ਕਰਨ ਨਾਲ ਕੁਝ ਫ਼ਰਕ ਪੈ ਸਕਦਾ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਵੱਲੋਂ 25 ਜਨਵਰੀ 2017 ਨੂੰ ਜਾਰੀ ਇਕ ਰਿਪੋਰਟ 'ਚ ਆਖਿਆ ਗਿਆ ਸੀ ਕਿ ਸਾਲ 2004-2005 ਤੋਂ ਲੈ ਕੇ 2014-2015 ਤੱਕ ਦੇ 10 ਸਾਲਾਂ ਦੌਰਾਨ ਸਾਰੀਆਂ ਰਾਸ਼ਟਰੀ ਤੇ ਖੇਤਰੀ ਪਾਰਟੀਆਂ ਦੀ ਆਮਦਨ 11,367 ਕਰੋੜ ਰੁਪਏ ਸੀ। ਦਾਨੀ ਸੱਜਣਾਂ ਤੋਂ ਉਨ੍ਹਾਂ ਦੀ ਕੁੱਲ ਆਮਦਨ 1,835 ਕਰੋੜ ਰੁਪਏ ਭਾਵ 16 ਫ਼ੀਸਦੀ ਸੀ। ਉਨ੍ਹਾਂ ਦੀ ਕੁੱਲ ਆਮਦਨ ਦਾ 69 ਫ਼ੀਸਦੀ ਹਿੱਸਾ ਭਾਵ 7,833 ਕਰੋੜ ਰੁਪਏ ਅਜਿਹੇ ਵਿਅਕਤੀਆਂ ਜਾਂ ਸੰਸਥਾਨਾਂ ਤੋਂ ਆਇਆ ਸੀ ਜਿਨ੍ਹਾਂ ਨੇ 20-20 ਹਜ਼ਾਰ ਰੁਪਏ ਤੋਂ ਘੱਟ ਰਕਮਾਂ ਦਾਨ ਕੀਤੀਆਂ ਸਨ ਪਰ ਇਹ ਰਕਮਾਂ ਦਾਨ ਕਿਸ ਨੇ ਕੀਤੀਆਂ ਸਨ-ਇਸ ਦੇ ਕੋਈ ਵੇਰਵੇ ਉਪਲਬਧ ਨਹੀਂ ਸਨ। ਜ਼ਿਆਦਾਤਰ ਪੱਛਮੀ ਲੋਕਤੰਤਰਾਂ ਵਿਚ ਇਸੇ ਤਰ੍ਹਾਂ ਦੀ ਮਿਸ਼ਰਤ ਵਿਵਸਥਾ ਹੈ। ਕੋਈ ਰਾਜਨੀਤਕ ਸੁਧਾਰ ਜਨਤਾ ਦੀ ਸਹਿਮਤੀ ਅਤੇ ਸਹਿਯੋਗ ਤੋਂ ਬਿਨਾਂ ਨਹੀਂ ਹੋ ਸਕਦਾ। ਜਾਰਜ ਬਰਨਾਰਡ ਸ਼ਾਅ ਨੇ ਠੀਕ ਹੀ ਕਿਹਾ ਹੈ-ਲੋਕਤੰਤਰ ਉਹ ਸਾਧਨ ਹੈ ਜੋ ਯਕੀਨੀ ਬਣਾਉਂਦਾ ਹੈ ਕਿ ਸਾਨੂੰ ਉਸ ਤੋਂ ਬਿਹਤਰ ਸ਼ਾਸਕ ਨਾ ਮਿਲਣ ਜਿਸ ਦੇ ਅਸੀਂ ਲਾਇਕ ਹਾਂ।

**-ਸ਼ਿਵਕਾਂਤ ਸ਼ਰਮਾ**

# ਸਿਆਸਤ ਦਾ ਅਪਰਾਧੀਕਰਨ ਅਤੇ ਨਿਆਂਪਾਲਿਕਾ

ਸਾਡੇ ਦੇਸ਼ ਵਿਚ ਦਹਾਕਿਆਂ ਤੋਂ ਸਿਆਸਤ ਦੇ ਅਪਰਾਧੀਕਰਨ ਦੀ ਅਲਾਮਤ ਚਲੀ ਆ ਰਹੀ ਹੈ। ਇਸ ਸਬੰਧ ਵਿਚ ਐੱਨਐੱਨ ਵੋਹਰਾ ਕਮੇਟੀ ਨੇ ਅਕਤੂਬਰ 1993 ਵਿਚ ਆਪਣੀ ਰਿਪੋਰਟ ਪੇਸ਼ ਕਰਦਿਆਂ ਆਖਿਆ ਸੀ- "ਸੂਹੀਆ, ਜਾਂਚ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸਾਡੀਆਂ ਵੱਖੋ-ਵੱਖਰੀਆਂ ਏਜੰਸੀਆਂ ਦੇ ਵਿਆਪਕ ਤਜਰਬੇ ਦੇ ਆਧਾਰ 'ਤੇ ਇਹ ਜ਼ਾਹਿਰ ਹੁੰਦਾ ਹੈ ਕਿ ਅਪਰਾਧ ਸਿੰਡੀਕੇਟ ਅਤੇ ਮਾਫ਼ੀਆ ਸੰਗਠਨਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਅੰਦਰ ਆਪਣੇ ਪੈਰ ਜਮਾ ਲਏ ਹਨ। ਇਨ੍ਹਾਂ ਅਪਰਾਧਿਕ ਗਰੋਹਾਂ ਨੇ ਕਾਫ਼ੀ ਜ਼ਿਆਦਾ ਧਨ-ਦੌਲਤ ਅਤੇ ਬਾਹੂ ਬਲ ਇਕੱਤਰ ਕਰ ਕੇ ਸਰਕਾਰੀ ਅਹਿਲਕਾਰਾਂ, ਸਿਆਸੀ ਆਗੂਆਂ ਆਦਿ ਨਾਲ ਸਬੰਧ ਵੀ ਕਾਇਮ ਕਰ ਲਏ ਹਨ ਜਿਸ ਕਰ ਕੇ ਉਹ ਮਨਮਰਜ਼ੀ ਨਾਲ ਕਾਰਵਾਈਆਂ ਕਰਨ ਦੇ ਯੋਗ ਹੋ ਗਏ ਹਨ (ਜਿਵੇਂ ਹਾਲ ਹੀ ਵਿਚ ਮੈਮਨ ਭਰਾਵਾਂ ਅਤੇ ਦਾਊਦ ਇਬਰਾਹੀਮ ਦੀਆਂ ਸਰਗਰਮੀਆਂ ਤੋਂ ਜ਼ਾਹਿਰ ਹੁੰਦਾ ਹੈ)।

ਇਸ ਪ੍ਰਸੰਗ ਵਿਚ 2024 ਦੀਆਂ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਚੋਣ ਮੈਦਾਨ ਵਿਚ ਨਿੱਤਰੇ ਉਮੀਦਵਾਰਾਂ ਬਾਬਤ ਹਾਲ ਹੀ ਵਿਚ ਜਾਰੀ ਕੀਤੀ ਜਾਣਕਾਰੀ ਨੂੰ ਬਾਰੀਕੀ ਨਾਲ ਵਾਚਣ ਦੀ ਲੋੜ ਹੈ। ਹੁਣ ਤੱਕ ਉਪਲਬਧ ਹੋਈ ਜਾਣਕਾਰੀ ਤੋਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਜਿਨ੍ਹਾਂ 1618 ਉਮੀਦਵਾਰਾਂ ਦੇ ਹਲਫ਼ਨਾਮਿਆਂ ਦੀ ਘੋਖ ਪੜਤਾਲ ਕੀਤੀ ਗਈ ਹੈ, ਉਨ੍ਹਾਂ ਵਿੱਚੋਂ 252 (15.57 ਫ਼ੀਸਦ) ਨੇ ਖ਼ੁਲਾਸਾ ਕੀਤਾ ਹੈ ਕਿ ਉਨ੍ਹਾਂ ਖਿਲਾਫ਼ ਫ਼ੌਜਦਾਰੀ ਕੇਸ ਚੱਲ ਰਹੇ ਹਨ। ਇਨ੍ਹਾਂ ਵੇਰਵਿਆਂ ਨੂੰ ਤੁਲਨਾ ਲਈ ਦੋ ਢੰਗਾਂ ਨਾਲ ਘੋਖੇ ਜਾਣ ਦੀ ਲੋੜ ਹੈ।

ਪਹਿਲਾ ਇਹ ਕਿ ਇਨ੍ਹਾਂ ਵੇਰਵਿਆਂ ਨੂੰ ਪਿਛਲੀਆਂ ਚੋਣਾਂ ਨਾਲ ਮਿਲਾ ਕੇ ਦੇਖਿਆ ਜਾਵੇ ਅਤੇ ਦੂਜਾ ਇਹ ਦੇਖਿਆ ਜਾਵੇ ਕਿ ਜੇ ਇਹ ਉਮੀਦਵਾਰ ਚੁਣੇ ਜਾਂਦੇ ਹਨ ਤਾਂ ਇਹ ਕਿਹੋ ਜਿਹੇ ਸੰਸਦ ਮੈਂਬਰ ਸਿੱਧ ਹੋਣਗੇ। 2004, 2009, 2014 ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਦੀ ਫ਼ੀਸਦ 12 ਤੋਂ 19 ਫ਼ੀਸਦ ਬਣਦੀ ਸੀ। ਇਸ ਕੋਣ ਤੋਂ ਇਹ ਤੱਥ ਕਿ ਚਲੰਤ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ ਹੀ ਇਸ ਕਿਸਮ ਦੇ 15.57 ਫ਼ੀਸਦ ਉਮੀਦਵਾਰਾਂ ਦੇ ਚੋਣ ਮੈਦਾਨ ਵਿਚ ਨਿੱਤਰ ਚੁੱਕੇ ਹਨ ਤਾਂ ਪਤਾ ਲੱਗਦਾ ਹੈ ਕਿ ਇਹ ਰੁਝਾਨ ਜਿਉਂ ਦਾ ਤਿਉਂ ਚੱਲ ਰਿਹਾ ਹੈ।

ਇਹ ਅੰਕੜਾ 2014 ਵਿਚ 17 ਫ਼ੀਸਦ ਅਤੇ 2019 ਵਿਚ 19 ਫ਼ੀਸਦ ਦੇ ਨੇੜੇ-ਤੇੜੇ ਹੀ ਹੈ ਜਿਸ ਤੋਂ ਇਹ ਜਾਣਕਾਰੀ ਹਾਸਿਲ ਹੁੰਦੀ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਸੰਖਿਆ ਵਿਚ ਕੋਈ ਗਿਣਨਯੋਗ ਕਮੀ ਨਹੀਂ ਆ ਰਹੀ। ਵੱਡੀ ਗੱਲ ਤਾਂ ਇਹ ਹੈ ਕਿ ਇਹ ਅਜੇ ਚੋਣਾਂ ਦਾ ਪਹਿਲਾ ਗੇੜ ਹੀ ਹੈ; ਬਾਕੀ ਦੇ ਗੇੜਾਂ ਤੋਂ ਬਾਅਦ ਕੁੱਲ ਮਿਲਾ ਕੇ ਇਹ ਫ਼ੀਸਦ ਕਾਫ਼ੀ ਉਪਰ ਜਾ ਸਕਦੀ ਹੈ।

ਦੂਜੀ ਤੁਲਨਾ ਅਪਰਾਧਿਕ ਕੇਸਾਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ ਦੇ ਸੰਸਦ ਮੈਂਬਰਾਂ ਦੇ ਚੁਣੇ ਜਾਣ ਨਾਲ ਹੈ। ਅਪਰਾਧਿਕ ਕੇਸਾਂ ਵਾਲੇ ਚੁਣੇ ਜਾਣ ਵਾਲੇ ਸੰਸਦ ਮੈਂਬਰਾਂ ਦੀ ਫ਼ੀਸਦ ਇਸ ਤਰ੍ਹਾਂ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ ਨਾਲੋਂ ਜ਼ਿਆਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਦਾਗੀ ਸੰਸਦ ਮੈਂਬਰਾਂ ਦੀ ਸੰਖਿਆ ਯਕੀਨਨ 15.57 ਫ਼ੀਸਦ ਨਾਲੋਂ ਜ਼ਿਆਦਾ ਹੈ। ਮੇਰਾ ਇਹ ਨਿਸ਼ਚਾ ਨਿਹਾਇਤ ਹੀ ਅੰਕੜਿਆਂ 'ਤੇ ਆਧਾਰਤ ਹੈ, ਤੇ ਯਕੀਨਨ ਮੈਨੂੰ ਇਹ ਉਮੀਦ ਨਹੀਂ ਹੈ ਕਿ ਅਪਰਾਧਿਕ ਕੇਸਾਂ ਵਾਲੇ ਸੰਸਦ ਮੈਂਬਰਾਂ ਦੀ ਸੰਖਿਆ 43 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਹੈ।

ਹੁਣ ਗੱਲ ਕਰਦੇ ਹਾਂ ਕਿ ਅਜਿਹਾ ਕਿਉਂ ਵਾਪਰਦਾ ਹੈ। ਇਸ ਲਈ ਵੱਖ-ਵੱਖ ਸਿਆਸੀ ਪਾਰਟੀਆਂ ਦਾ ਗ਼ੈਰ-ਜ਼ਿੰਮੇਵਾਰਾਨਾ ਵਿਹਾਰ ਕਸੂਰਵਾਰ ਹੈ। ਸਿਆਸੀ ਪਾਰਟੀਆਂ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਇਸ ਬਿਨਾਅ 'ਤੇ ਟਿਕਟ ਦਿੰਦੀਆਂ ਹਨ ਕਿ ਉਹ ਚੁਣੇ ਜਾਣ ਦੇ ਯੋਗ ਉਮੀਦਵਾਰ ਹੁੰਦੇ ਹਨ; ਤੇ ਜਦੋਂ ਕੋਈ ਇਕ ਪਾਰਟੀ ਅਜਿਹਾ ਕਰਦੀ ਹੈ ਤਾਂ ਇਸ ਦੀ ਦੇਖਾ-ਦੇਖੀ ਦੂਜੀਆਂ ਵੀ ਇਸੇ ਰਾਹ ਚੱਲ ਪੈਂਦੀਆਂ ਹਨ। ਇਹ ਮਾਮਲਾ ਸੁਪਰੀਮ ਕੋਰਟ ਦੀ ਸੁਣਵਾਈ ਅਧੀਨ ਪਿਆ ਹੈ। ਕੁਝ ਕੇਸਾਂ ਵਿਚ ਅਦਾਲਤ ਨੇ ਬਹੁਤ ਹੀ ਹਾਂਦਰੂ ਰੁਖ਼ ਅਪਣਾਇਆ ਹੈ ਤੇ ਆਖਿਆ ਕਿ ਜੇ ਕੋਈ ਪਾਰਟੀ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਨੂੰ ਟਿਕਟ ਦਿੰਦੀ ਹੈ ਤਾਂ ਉਸ ਨੂੰ ਇਸ ਦੇ ਕਾਰਨ ਦੱਸਣੇ ਪੈਣਗੇ ਅਤੇ ਇਹ ਵੀ ਬਿਆਨ ਕਰਨਾ ਪਵੇਗਾ ਕਿ ਉਹ ਸਾਫ਼ ਸੁਥਰਾ ਉਮੀਦਵਾਰ ਲੱਭਣ ਵਿਚ ਕਾਮਯਾਬ ਕਿਉਂ ਨਹੀਂ ਹੋਈ। ਸਿਆਸੀ ਪਾਰਟੀਆਂ ਨੂੰ ਇਸ਼ਤਿਹਾਰ ਪ੍ਰਕਾਸ਼ਿਤ ਕਰ ਕੇ ਇਨ੍ਹਾਂ ਕਾਰਨਾਂ ਦਾ ਜਨਤਕ ਖ਼ੁਲਾਸਾ ਕਰਨਾ ਪਵੇਗਾ। ਪਾਰਟੀਆਂ ਨੇ ਇਨ੍ਹਾਂ ਆਦੇਸ਼ਾਂ ਦੀ ਪੂਰਤੀ ਲਈ ਮਹਿਜ਼ ਰਸਮ ਪੂਰਤੀ ਕੀਤੀ ਹੈ; ਇਸ ਫ਼ੈਸਲੇ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਦਿੱਤਾ ਗਿਆ ਹੈ।

ਜਨਤਕ ਹਿੱਤ ਨਾਲ ਜੁੜੇ ਲੋਕਾਂ ਨੂੰ ਇਕ ਵਾਰ ਫਿਰ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ ਤੇ ਉਨ੍ਹਾਂ ਅਪੀਲ ਕੀਤੀ ਸੀ ਕਿ ਪਾਰਟੀਆਂ ਇਨ੍ਹਾਂ ਆਦੇਸ਼ਾਂ ਨੂੰ ਤਨਦੇਹੀ ਨਾਲ ਲਾਗੂ ਨਹੀਂ ਕਰ ਰਹੀਆਂ। ਅਦਾਲਤ ਨੇ ਇਸ ਕਾਨੂੰਨ ਦੀਆਂ ਮੱਦਾਂ ਦੀ ਪਾਲਣਾ ਨਾ ਕਰਨ ਬਦਲੇ ਕੁਝ ਪਾਰਟੀਆਂ ਨੂੰ ਭਾਰੀ ਜੁਰਮਾਨੇ ਵੀ ਕੀਤੇ। ਹਾਲਾਂਕਿ ਇਸ ਨਾਲ ਵੀ ਸਿਆਸੀ ਪਾਰਟੀਆਂ 'ਤੇ ਕੋਈ ਖ਼ਾਸ ਅਸਰ ਨਾ ਪਿਆ ਅਤੇ ਉਹ ਪਹਿਲਾਂ ਵਾਂਗ ਹੀ ਅਪਰਾਧਿਕ ਮਾਮਲਿਆਂ ਨਾਲ ਜੁੜੇ ਲੋਕਾਂ ਨੂੰ ਟਿਕਟਾਂ ਦਿੰਦੀਆਂ ਰਹੀਆਂ। ਮੁਲਕ ਦੀ ਸੁਪਰੀਮ ਕੋਰਟ ਨੂੰ ਇਹ ਅਪੀਲਾਂ ਕੀਤੀਆਂ ਗਈਆਂ ਕਿ ਅਜਿਹੇ ਅਪਰਾਧਿਕ ਮਾਮਲਿਆਂ ਜਿਨ੍ਹਾਂ ਵਿਚ ਦੋ ਸਾਲ ਜਾਂ ਇਸ ਤੋਂ ਜ਼ਿਆਦਾ ਸਜ਼ਾ ਮਿਲ ਸਕਦੀ ਹੈ, ਜਿਨ੍ਹਾਂ ਲੋਕਾਂ ਖਿਲਾਫ਼ ਚੋਣਾਂ ਦੀ ਤਾਰੀਕ ਤੋਂ ਛੇ ਮਹੀਨੇ ਪਹਿਲਾਂ ਕੇਸ ਦਾਇਰ ਕੀਤੇ ਗਏ ਹੋਣ, ਤੇ ਜਿਨ੍ਹਾਂ ਖਿਲਾਫ਼ ਅਦਾਲਤ ਵੱਲੋਂ ਦੋਸ਼ ਪੱਤਰ ਦਾਖ਼ਲ ਕਰ ਲਏ ਗਏ ਹੋਣ, ਉਨ੍ਹਾਂ ਨੂੰ ਚੋਣ ਲੜਨ ਦੀ ਆਗਿਆ ਨਾ ਦਿੱਤੀ ਜਾਵੇ। ਉਂਝ, ਅਦਾਲਤ ਨੇ ਇਹ ਗੱਲ ਇਸ ਬਿਨਾਅ 'ਤੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਸ ਦਾ ਮਤਲਬ ਕਾਨੂੰਨ ਬਣਾਉਣਾ ਹੋਵੇਗਾ ਜੋ ਨਿਆਂਪਾਲਿਕਾ ਦਾ ਕੰਮ ਨਹੀਂ ਹੈ। ਅਦਾਲਤ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਗਈ ਕਿ ਜਦੋਂ ਕਾਨੂੰਨ ਵਿਚ ਕੋਈ ਖੱਪਾ ਜਾਂ ਖ਼ਾਮੀ ਹੋਵੇ ਅਤੇ ਵਿਧਾਨਪਾਲਿਕਾ ਕੋਲ ਇਸ ਦੀ ਭਰਪਾਈ ਕਰਨ ਦਾ ਸਮਾਂ ਜਾਂ ਰੁਚੀ ਨਾ ਹੋਵੇ ਤਾਂ ਇਹ ਕੰਮ ਕਰਨਾ ਨਿਆਂਪਾਲਿਕਾ ਦਾ ਜ਼ਿੰਮਾ ਬਣ ਜਾਂਦਾ ਹੈ। ਅਦਾਲਤ ਨੇ ਏਡੀਆਰ ਵੱਲੋਂ ਦਾਇਰ ਕੇਸਾਂ ਵਿਚ ਦੋ ਵਾਰ ਇਸ ਖੱਪੇ ਦੀ ਭਰਪਾਈ ਕੀਤੀ ਸੀ: ਇਕ ਵਾਰ 2002 ਵਿਚ ਅਤੇ ਦੂਜੀ ਵਾਰ ਹਾਲ ਹੀ ਵਿਚ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੇ ਕੇਸ ਵਿਚ। ਸਿਆਸਤ ਦੇ ਅਪਰਾਧੀਕਰਨ ਦੀ ਅਲਾਮਤ ਤੋਂ ਉਦੋਂ ਤੱਕ ਨਿਜਾਤ ਨਹੀਂ ਮਿਲੇਗੀ ਜਦੋਂ ਤੱਕ ਸੁਪਰੀਮ ਕੋਰਟ ਵਲੋਂ ਫ਼ੈਸਲਾ ਨਹੀਂ ਕੀਤਾ ਜਾਂਦਾ ਜਾਂ ਸਾਡੇ ਲੋਕਾਂ ਵਲੋਂ ਵਿਆਪਕ ਜਨਤਕ ਕਾਰਵਾਈ ਜ਼ਰੀਏ ਇਸ ਦੇ ਖ਼ਾਤਮੇ ਦਾ ਫੈਸਲਾ ਨਹੀਂ ਕੀਤਾ ਜਾਂਦਾ।

**ਜਗਦੀਪ ਐੱਸ ਛੋਕਰ**

# ਸਰਕਾਰ ਕਿਸਾਨਾਂ ਦੀਆਂ ਵਾਜਿਬ ਮੰਗਾਂ ਮੰਨ ਕੇ ਧਰਨੇ ਖਤਮ ਕਰਵਾਏ



ਭਗਵਾਨ ਦਾਸ ਗੁਪਤਾ

ਦਿੱਲੀ ਦੀਆਂ ਸਰਹੱਦਾਂ ’ਤੇ ਸਾਲ 2020-21 ’ਚ ਇਕ ਸਾਲ ਧਰਨੇ ਲਗਾਉਣ ਅਤੇ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕਰਨ ਤੋਂ ਬਾਅਦ ਕਿਸਾਨ ਹੁਣ 10 ਫਰਵਰੀ ਤੋਂ ਪੰਜਾਬ, ਹਰਿਆਣਾ ਦੇ ਸ਼ੰਭੂ ਬਾਰਡਰ ਟੋਲ ਪਲਾਜ਼ਾ ’ਤੇ ਸੜਕ ਦੇ ਇਕ ਪਾਸੇ ਆਪਣੀਆਂ ਮੰਗਾਂ ਮਨਵਾਉਣ ਲਈ ਧਰਨਾ ਲਗਾਈ ਬੈਠੇ ਹਨ, ਜਦੋਂ ਕਿ ਇਸ ਨੂੰ ਬਹਾਨਾ ਬਣਾ ਕੇ ਹਰਿਆਣੇ ਨੇ ਆਪਣੇ ਵਾਲੇ ਪਾਸੇ ਤੋਂ ਰੋਕਾਂ ਖੜ੍ਹੀਆਂ ਕਰਕੇ ਸੜਕ ਰੋਕੀ ਹੋਈ ਹੈ। ਇਸ ਕਾਰਨ ਪੰਜਾਬ ਤੋਂ ਦਿੱਲੀ ਜਾਣ ਵਾਲੇ ਮੁੱਖ ਮਾਰਗ ’ਤੇ ਆਵਾਜਾਈ ’ਤੇ ਰੋਕ ਲੱਗੀ ਹੋਈ ਹੈ ਅਤੇ ਟਰੱਕ, ਕਾਰਾਂ ਤੇ ਗੱਡੀਆਂ ਨੂੰ ਪਿੰਡਾਂ ’ਚੋਂ ਦੀ ਲੰਮੇ ਰਸਤੇ ਜਾਂ ਪਟਿਆਲਾ- ਬਠਿੰਡਾ ਲਈ ਵਾਹਨਾਂ ਨੂੰ ਜ਼ੀਰਕਪੁਰ ਹੋ ਕੇ ਜਾਣਾ ਪੈਂਦਾ ਹੈ। ਇਸ ਨਾਲ ਸਮਾਂ ਵੀ ਜ਼ਿਆਦਾ ਲਗਦਾ ਹੈ ਅਤੇ ਖ਼ਰਚਾ ਵੀ ਜ਼ਿਆਦਾ ਹੁੰਦਾ ਹੈ। ਕਿਸਾਨਾਂ ਦੀ ਮੁੱਖ ਮੰਗ ਹੈ ਕਿ ਫ਼ਸਲਾਂ ਦੀ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ਅਤੇ ਇਹ ਉਨ੍ਹਾਂ ਦਾ ਕਾਨੂੰਨੀ ਹੱਕ ਬਣੇ। ਇਸ ਤੋਂ ਇਲਾਵਾ ਐੱਮ.ਐੱਸ.ਪੀ. ਪ੍ਰੋ. ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਅਨੁਸਾਰ ਸੀ-2+50 ਪ੍ਰਤੀਸ਼ਤ ਮੁਨਾਫ਼ਾ ਲਗਾ ਕੇ ਮੁਕੱਰਰ ਕੀਤੀ ਜਾਵੇ। ਇਸ ਫਾਰਮੂਲੇ ਦੇ ਖਰਚਿਆਂ ’ਚ ਕਿਸਾਨਾਂ ਵਲੋਂ ਕੀਤਾ ਗਿਆ ਸਾਰਾ ਖਰਚਾ, ਟੱਬਰ ਵਲੋਂ ਕੀਤੀ ਗਈ ਲੇਬਰ ਹੀ ਨਹੀਂ, ਉਨ੍ਹਾਂ ਦੀ ਆਪਣੀ ਹੀ ਜ਼ਮੀਨ ਦਾ ਕਿਰਾਇਆ ਅਤੇ ਉਸ ’ਤੇ ਲੱਗੀ ਲਾਗਤ ਤੇ ਸੂਦ ਆਦਿ ਸਭ ਕੁਝ ਸ਼ਾਮਿਲ ਕੀਤਾ ਜਾਵੇ। ਜੋ ਹੁਣ ਫ਼ਸਲਾਂ ਦੀ ਐੱਮ.ਐੱਸ.ਪੀ. ਮੁਕੱਰਰ ਕੀਤੀ ਜਾਂਦੀ ਹੈ, ਉਸ ’ਚ ਖਰਚਾ ਏ-2+ਐੱਫ਼.ਐੱਲ. ਭਾਵ ਕਿਸਾਨਾਂ ਵਲੋਂ ਕੀਤਾ ਗਿਆ ਖਰਚਾ ਅਤੇ ਟੱਬਰ ਦੀ ਲੇਬਰ ਹੀ ਸ਼ਾਮਿਲ ਕਰਕੇ ਉਸ ਆਧਾਰ ’ਤੇ ਐੱਮ.ਐੱਸ.ਪੀ. ਮੁਕੱਰਰ ਕੀਤੀ ਜਾਂਦੀ ਹੈ। ਵਰਤਮਾਨ ਢੰਗ ਮੁਕੱਰਰ ਕੀਤੀ ਜਾ ਰਹੀ ਐੱਮ.ਐੱਸ.ਪੀ. ਅਤੇ ਕਿਸਾਨਾਂ ਵਲੋਂ ਮੰਗੀ ਜਾ ਰਹੀ ਐੱਮ.ਐੱਸ.ਪੀ. ’ਚ 25 ਤੋਂ 30 ਪ੍ਰਤੀਸ਼ਤ ਦਾ ਫ਼ਰਕ ਹੈ। ਕਿਸਾਨਾਂ ਵਲੋਂ ਕੀਤੀ ਜਾ ਰਹੀ ਮੰਗ ਦੇ ਫਾਰਮੂਲੇ ਅਨੁਸਾਰ ਝੋਨੇ ਦੀ ਐੱਮ.ਐੱਸ.ਪੀ. ਸੀ-2+50 ਪ੍ਰਤੀਸ਼ਤ ਦੇ ਆਧਾਰ ’ਤੇ 2866 ਰੁਪਏ ਪ੍ਰਤੀ ਕੁਇੰਟਲ ਬਣਦੀ ਹੈ, ਜੋ ਹੁਣ 2203 ਰੁਪਏ ਪ੍ਰਤੀ ਕੁਇੰਟਲ ਦੀ ਦਰ ’ਤੇ ਦਿੱਤੀ ਜਾ ਰਹੀ ਹੈ। ਐੱਮ.ਐੱਸ.ਪੀ. ਤੋਂ ਇਲਾਵਾ ਕਿਸਾਨਾਂ ਦੀਆਂ ਹੋਰ ਵੀ ਮੰਗਾਂ ਹਨ, ਜਿਵੇਂ ਕਰਜ਼ਿਆਂ ਦੀ ਮੁਆਫ਼ੀ, ਪੈਨਸ਼ਨ (ਕਿਸਾਨਾਂ ਤੇ ਖੇਤ ਮਜ਼ਦੂਰਾਂ ਦੋਹਾਂ ਲਈ), ਮਗਨਰੇਗਾ ਥੱਲੇ 700 ਰੁਪਏ ਦਿਹਾੜੀ ਅਤੇ ਇਸ ਸਕੀਮ ਅਧੀਨ ਕਾਮਿਆਂ ਨੂੰ ਕਿਸਾਨਾਂ ਦੇ ਖੇਤਾਂ ’ਤੇ ਕੰਮ ਕਰਨ ਦੀ ਆਗਿਆ ਦੇਣਾ ਆਦਿ।

ਕਿਸਾਨਾਂ ਦੀਆਂ ਇਨ੍ਹਾਂ ਸਾਰੀਆਂ ਮੰਗਾਂ ਨੂੰ ਮੰਨਣ ਲਈ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਸਰਕਾਰ ਨੂੰ ਕਿਸਾਨ ਆਗੂਆਂ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਦਾ ਹੱਲ ਕੱਢ ਕੇ ਕਿਸਾਨਾਂ ਦਾ ਰੋਹ ਤੇ ਧਰਨੇ ਖ਼ਤਮ ਕਰਾਉਣੇ ਚਾਹੀਦੇ ਹਨ। ਇਹ ਸਾਰੀਆਂ ਮੰਗਾਂ ਨੂੰ ਰਲਾ ਕੇ ਅਜਿਹਾ ਲਗਦਾ ਹੈ ਕਿ ਕਿਸਾਨਾਂ ਦਾ ਰੋਸ ਖ਼ਤਮ ਕਰਨ ਲਈ ਉਨ੍ਹਾਂ ਦੀ ਆਮਦਨ ’ਚ ਕਿਸੇ ਤਰ੍ਹਾਂ ਨੁਮਾਇਆਂ ਵਾਧਾ ਹੋਵੇ। ਇਸ ’ਚ ਗ਼ਲਤ ਵੀ ਕੁਝ ਨਹੀਂ, ਕਿਉਂਕਿ ਹਰ ਵਿਅਕਤੀ ਆਪਣੀਆਂ ਲਾਗਤਾਂ ਨੂੰ ਮੁੱਖ ਰੱਖ ਕੇ ਆਪਣੀ ਆਮਦਨ ਨੂੰ ਵਾਧਾ ਚਾਹੁੰਦਾ ਹੈ। ਸਰਕਾਰ ਇਸ ਵੇਲੇ 23 ਜਿਣਸਾਂ ਦੀ ਐੱਮ.ਐੱਸ.ਪੀ. ਮੁਕੱਰਰ ਕਰਦੀ ਹੈ। ਜੇ ਕਿਸਾਨਾਂ ਦੀ ਮੁੱਖ ਮੰਗ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਨੂੰ ਸਰਕਾਰ ਮੰਨੇ ਤਾਂ ਇਨ੍ਹਾਂ 23 ਫ਼ਸਲਾਂ ’ਤੇ ਹੀ ਐੱਮ.ਐੱਸ.ਪੀ. ਸੀ-2+50 ਪ੍ਰਤੀਸ਼ਤ ਮੁਨਾਫ਼ਾ ਦੇ ਫਾਰਮੂਲੇ ਦੇ ਆਧਾਰ ’ਤੇ ਦਿੱਤੀ ਜਾ ਸਕਦੀ ਹੈ। ਇਨ੍ਹਾਂ 23 ਫ਼ਸਲਾਂ ਦੀ ਕੀਮਤ ਕੁੱਲ ਖੇਤੀ ਅਤੇ ਇਸ ਨਾਲ ਸੰਬੰਧਿਤ ਉਤਪਾਦਾਂ ਦੀ ਕੀਮਤ ਦੀ 28 ਪ੍ਰਤੀਸ਼ਤ ਹੀ ਹੈ। ਜਿਹੜੇ 23 ਤੋਂ ਇਲਾਵਾ ਹੋਰ ਦੂਜੀਆਂ ਫ਼ਸਲਾਂ ਉਗਾਉਂਦੇ ਹਨ ਅਤੇ ਖੇਤੀ ਨਾਲ ਸੰਬੰਧਿਤ ਹੋਰ ਧੰਦਾ ਕਰਦੇ ਹਨ, ਉਨ੍ਹਾਂ ਤੋਂ ਵੀ ਮੰਗ ਉੱਠੇਗੀ ਕਿ ਉਨ੍ਹਾਂ ਦੇ ਉਤਪਾਦਨ ਦੀ ਵੀ ਪ੍ਰੋ. ਸਵਾਮੀਨਾਥਨ ਦੇ ਸੀ-2+50 ਪ੍ਰਤੀਸ਼ਤ ਫਾਰਮੂਲੇ ਅਨੁਸਾਰ ਐੱਮ.ਐੱਸ.ਪੀ. ਮੁਕੱਰਰ ਕੀਤੀ ਜਾਵੇ। ਜਿਵੇਂ ਦੁੱਧ ਉਤਪਾਦਨ ਦੀ ਕੀਮਤ ਹੀ ਝੋਨਾ, ਕਣਕ, ਦਾਲਾਂ ਅਤੇ ਗੰਨਾ ਆਦਿ ਨੂੰ ਮਿਲਾ ਕੇ ਇਸ ਨਾਲੋਂ ਜ਼ਿਆਦਾ ਬਣਦੀ ਹੈ। ਇਸ ਤੋਂ ਇਲਾਵਾ ਮੱਛੀ ਪਾਲਣ ਦਾ ਧੰਦਾ ਹੈ, ਫ਼ਲਾਂ ਤੇ ਸਬਜ਼ੀਆਂ ਦੀ ਕਾਸ਼ਤ ਹੈ, ਇਨ੍ਹਾਂ ਸਭ ਚੀਜ਼ਾਂ ਦੇ ਉਤਪਾਦਕਾਂ ਵਲੋਂ ਐੱਮ.ਐੱਸ.ਪੀ. ਦੀ ਮੰਗ ਉੱਠਣੀ ਸੁਭਾਵਿਕ ਹੈ। ਸਰਕਾਰ ਨੂੰ ਇਹ ਮਾਮਲਾ ਕਿਸਾਨ ਆਗੂਆਂ ਨਾਲ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਸੰਬੰਧੀ ਕਿਸੇ ਫ਼ੈਸਲੇ ’ਤੇ ਪਹੁੰਚ ਕੇ ਕਿਸਾਨਾਂ ਧਰਨੇ ਖ਼ਤਮ ਕਰਵਾਉਣੇ ਚਾਹੀਦੇ ਹਨ।

ਕਿਸਾਨਾਂ ਦੀ ਆਮਦਨ ਵਧਾਉਣ ਦਾ ਇਕ ਤਰੀਕਾ ਤਾਂ ਇਹ ਹੈ ਕਿ ਫ਼ਸਲਾਂ ਦੀ ਉਤਪਾਦਕਤਾ ਵਧਾ ਕੇ ਉਨ੍ਹਾਂ ਦੀ ਆਮਦਨ ਵਧਾਈ ਜਾਵੇ। ਦੂਜਾ ਇਹ ਹੈ ਕਿ ਉਨ੍ਹਾਂ ਦਾ ਜੋ ਉਤਪਾਦ ਹੈ, ਉਹ ਖੁੱਲ੍ਹੀ ਮੰਡੀ ’ਚ ਵੱਧ ਕੀਮਤਾਂ ’ਤੇ ਵਿਕੇ। ਉਤਪਾਦਕਤਾ ਵਧਾਉਣ ਲਈ ਖੋਜ, ਸਿੰਜਾਈ ਤੇ ਫ਼ਸਲਾਂ ਦੇ ਵਿਕਾਸ ਸੰਬੰਧੀ ਕਾਫ਼ੀ ਲਾਗਤ ਲਾਉਣੀ ਪਵੇਗੀ, ਜੋ ਸ਼ਾਇਦ ਸਰਕਾਰ ਫੌਰੀ ਤੌਰ ’ਤੇ ਨਾ ਕਰ ਸਕੇ। ਲਾਹੇਵੰਦ ਮੰਡੀ ਲੱਭਣ ਲਈ ਖੇਤੀਬਾੜੀ ਯੂਨੀਵਰਸਿਟੀਆਂ ’ਚ ਮੰਡੀਕਰਨ ’ਤੇ ਖੋਜ ਤੇਜ਼ ਕਰ ਕੇ ਕਿਸਾਨਾਂ ਨਾਲ ਰਾਬਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਅਗਵਾਈ ਦੇਣ ਦੀ ਲੋੜ ਹੈ। ਜੋ ਸਰਕਾਰ ਵਲੋਂ ਬਰਾਮਦ ’ਤੇ ਰੋਕਾਂ ਲਗਾਈਆਂ ਜਾ ਰਹੀਆਂ ਹਨ ਅਤੇ ਸਟਾਕ ਦੇ ਜ਼ਖ਼ੀਰੇ ਦੀ ਹੱਦ ਮੁਕੱਰਰ ਕੀਤੀ ਜਾ ਰਹੀ ਹੈ, ਉਸ ਨੂੰ ਹਟਾਉਣ ਦੀ ਲੋੜ ਹੈ। ਜਿਵੇਂ ਗ਼ੈਰ ਬਾਸਮਤੀ ਚਾਵਲਾਂ ਦੀ ਬਰਾਮਦ ਬੰਦ ਕੀਤੀ ਗਈ ਹੈ। ਕਣਕ ਦੀ ਬਰਾਮਦ ’ਤੇ ਵੀ ਰੋਕ ਲਗਾਈ ਗਈ ਹੈ। ਹਾਲਾਂਕਿ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਰਾਸ਼ਟਰ ਆਦਿ (ਜਿੱਥੇ ਨਵੰਬਰ ਦਸੰਬਰ ’ਚ ਤਾਪਮਾਨ ਨਾਰਮਲ ਨਾਲੋਂ ਵੱਧ ਹੋਣ ਕਾਰਨ ਭਾਵੇਂ ਫ਼ਸਲ ਬਹੁਤੀ ਅੱਛੀ ਨਾ ਹੋਵੇ) ਨੂੰ ਛੱਡ ਕੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਰਾਜਾਂ ’ਚ ਕਣਕ ਦੀ ਭਰਪੂਰ ਫ਼ਸਲ ਸਾਹਮਣੇ ਦਿਖਾਈ ਦੇ ਰਹੀ ਹੈ। ਰਾਤਾਂ ਅਜੇ ਵੀ ਠੰਢੀਆਂ ਚਲ ਰਹੀਆਂ ਹਨ ਅਤੇ ਵਾਢੀ ’ਚ ਦੇਰੀ ਹੋ ਰਹੀ ਹੈ, ਜਿਸ ਨਾਲ ਕਣਕ ਦੀ ਉਤਪਾਦਕਤਾ ਵਧਣ ਦੀ ਸੰਭਾਵਨਾ ਹੈ। ਫਿਰ ਕਣਕ ਦਾ ਬਫਰ ਸਟਾਕ ਵੀ ਇਸ ਵੇਲੇ 76 ਲੱਖ ਟਨ ਹੈ, ਜੋ ਉਂਝ ਆਮ ਤੌਰ ’ਤੇ 74 ਲੱਖ ਟਨ ਹੀ ਕਾਫ਼ੀ ਹੁੰਦਾ ਹੈ। ਫਿਰ ਯੂਕਰੇਨ ਤੇ ਰੂਸ ਵਿਚ ਵੀ ਕਣਕ ਦੀ ਫ਼ਸਲ ਚੰਗੀ ਹੋਣ ਦਾ ਇਮਕਾਨ ਹੈ। ਭਾਵੇਂ ਇਹ ਜੁਲਾਈ ਅਗਸਤ ’ਚ ਕੱਟੀ ਜਾਵੇਗੀ। ਲੋੜ ਪੈਣ ’ਤੇ ਇਨ੍ਹਾਂ ਮੁਲਕਾਂ ਤੋਂ ਵੀ ਦਰਾਮਦ ਕੀਤੀ ਜਾ ਸਕਦੀ ਹੈ। ਤਕਰੀਬਨ ਭਾਰਤ ਦੇ 70 ਪ੍ਰਤੀਸ਼ਤ ਕਿਸਾਨਾਂ ਕੋਲ 2.5 ਏਕੜ ਤੋਂ ਘੱਟ ਜ਼ਮੀਨ ਹੈ ਅਤੇ 88 ਪ੍ਰਤੀਸ਼ਤ ਕਿਸਾਨ ਅਜਿਹੇ ਹਨ, ਜਿਨ੍ਹਾਂ ਦੀ ਜ਼ਮੀਨ 5 ਏਕੜ ਤੋਂ ਘੱਟ ਹੈ। ਇਨ੍ਹਾਂ ਦੀ ਆਮਦਨ ਛੋਟੇ ਖੇਤਾਂ ਤੋਂ ਵਧਾਉਣੀ ਬੜੀ ਮੁਸ਼ਕਿਲ ਹੈ, ਜਦੋਂ ਤੱਕ ਕਿ ਵਿਭਿੰਨਤਾ ਲਿਆ ਕੇ ਇਨ੍ਹਾਂ ਨੂੰ ਦੂਜੀਆਂ ਫ਼ਸਲਾਂ ਉਗਾਉਣ ਲਈ ਸਹਾਇਤਾ ਅਤੇ ਮੰਡੀਕਰਨ ਦੀਆਂ ਸਹੂਲਤਾਂ ਉਪਲੱਬਧ ਨਾ ਹੋਣ।

ਸਰਕਾਰ ਦੀਆਂ ਨੀਤੀਆਂ ਖਪਤਕਾਰ-ਪੱਖੀ ਹਨ। ਇਨ੍ਹਾਂ ਨੂੰ ਉਤਪਦਾਕ-ਪੱਖੀ ਬਣਾਉਣ ਦੀ ਵੀ ਲੋੜ ਹੈ। ਅਸਲ ’ਚ ਖੇਤੀ ’ਚ ਲੋੜ ਨਾਲੋਂ ਵੱਧ ਜਨਸੰਖਿਆ ਲੱਗੀ ਹੋਈ ਹੈ, ਜ਼ਮੀਨ ਘੱਟ ਹੈ। ਛੋਟੇ ਖੇਤਾਂ ਦੀ ਆਮਦਨ ’ਚ ਫੌਰੀ ਵਾਧਾ ਹੋਣਾ ਅਸੰਭਵ ਜਾਪਦਾ ਹੈ। ਜੋ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸਕੀਮ ਥੱਲੇ 6000 ਰੁਪਏ ਗ਼ਰੀਬ ਕਿਸਾਨਾਂ ਨੂੰ ਦਿੱਤੇ ਜਾ ਰਹੇ ਹਨ, ਉਹ ਵੀ ਉਨ੍ਹਾਂ ਦੀ ਆਮਦਨ ਵਧਾਉਣ ਅਤੇ ਗੁਜ਼ਾਰੇ ਲਈ ਕਾਫ਼ੀ ਨਹੀਂ ਹਨ। ਇਸੇ ਲਈ ਸੰਘਰਸ਼ ਹੈ, ਜਿਸ ਨੂੰ ਦੂਰ ਕਰਨ ਲਈ ਸਹੀ ਮਾਅਨਿਆਂ ’ਚ ਕਿਸਾਨਾਂ ਦੀ ਆਮਦਨ ਵਧਾਉਣ ਦੀ ਲੋੜ ਹੈ।

# ਮਾਪਿਆਂ ਲਈ ਸੰਤਾਪ ਹੈ ਪ੍ਰਵਾਸ

ਸੁਖਪਾਲ ਸਿੰਘ ਗਿੱਲ

ਮਾਪਿਆਂ ਲਈ ਔਲਾਦ ਤੋਂ ਬਿਨਾਂ ਸਭ ਰਿਸ਼ਤੇ ਦੂਜੇ ਨੰਬਰ ’ਤੇ ਆਉਂਦੇ ਹਨ। ਇਸ ਲਈ ਜਦੋਂ ਬੱਚਾ ਗਰਭ ’ਚ ਹੁੰਦਾ ਹੈ ਤਾਂ ਮਾਂ-ਪਿਓ ਬੱਚੇ ਲਈ ਗਿਣਤੀਆਂ-ਮਿਣਤੀਆਂ ਸ਼ੁਰੂ ਕਰ ਦਿੰਦੇ ਹਨ। ਪਿਛਲੇ ਲਗਭਗ 20 ਕੁ ਸਾਲ ਤੋਂ ਪ੍ਰਵਾਸ ਦਾ ਰੁਝਾਨ ਇਸ ਹੱਦ ਤੱਕ ਵਧ ਗਿਆ ਹੈ ਕਿ ਪੰਜਾਬੀ ਮਾਪੇ ਇਕੱਲਪੁਣੇ ’ਚ ਰਹਿ ਕੇ ਆਪਣੇ ਅਤੀਤ ਨੂੰ ਝੂਰਦੇ ਹੋਏ ਸੰਤਾਪ ਹੰਡਾਉਣ ਲਈ ਮਜਬੂਰ ਹਨ। ਇਸ ਲਈ ਸਰਕਾਰਾਂ ਦੀ ਨਾਕਾਮੀ ਅਤੇ ਗ਼ਲਤ ਨੀਤੀਆਂ ਜ਼ਿੰਮੇਵਾਰ ਹਨ। ਸਪਤਸਿੰਧੂ ਤੋਂ ਅੱਜ ਤੱਕ ਪੰਜਾਬ ਨੇ ਤਰ੍ਹਾਂ-ਤਰ੍ਹਾਂ ਦੇ ਸੰਤਾਪ ਹੰਡਾਏ। ਹਰ ਸੰਤਾਪ ਨੂੰ ਨਕਾਰ ਕੇ ਪੰਜਾਬ ਨੇ ਨੈਤਿਕ ਨਾਬਰੀ ਅਤੇ ਸਵੈ-ਮਾਣ ਦਰਜਾ ਕਾਇਮ ਰੱਖਿਆ। ਭਾਰਤ ਦੇ 1.53 ਫ਼ੀਸਦੀ ਭੂਗੋਲਿਕ ਇਲਾਕੇ ’ਚ ਪਸਰੇ ਪੰਜਾਬ ਦੀ 65-70 ਫ਼ੀਸਦੀ 12581 ਪਿੰਡਾਂ ’ਚ ਰਹਿੰਦੀ ਵਸੋਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ਇਸ ਧੰਦੇ ਨਾਲ ਖਿਲਵਾੜ ਅਤੇ ਸਰਕਾਰੀ ਨੀਤੀਆਂ ਨੇ ਪ੍ਰਵਾਸ ਵੱਲ ਪੰਜਾਬੀਆਂ ਨੂੰ ਧਕੇਲਿਆ। 1963 ’ਚ ਲੈਰਇਏਟ ਡਾਕਟਰ ਨਾਰਮਨ ਰਾਹੀਂ ਹਰੀ-ਕ੍ਰਾਂਤੀ ਨੇ ਪੰਜਾਬੀਆਂ ਦੇ ਰਾਹੀਂ ਕੇਂਦਰ ਦੇ ਅੰਨ ਭੰਡਾਰ ਭਰੇ। ਇਹ ਅਜਿਹਾ ਦੌਰ ਸੀ ਕਿ ਸਾਂਝੇ ਪਰਿਵਾਰਾਂ ਵਿਚ ਸਭ ਇਕੱਠੇ ਰਹਿ ਕੇ ਸੰਤਾਪ ਤੋਂ ਦੂਰ ਰਹਿੰਦੇ ਸਨ। ਮਾਪਿਆਂ ਨੂੰ ਇਉਂ ਲੱਗਦਾ ਸੀ ਕਿ ਸਾਡਾ ਜਹਾਨ ਸਾਡੀ ਔਲਾਦ ਸਾਡੇ ਕੋਲ ਹੈ। ਹੌਲੀ-ਹੌਲੀ ਪ੍ਰਵਾਸ ਦੀ ਗਤੀ ਇੰਨੀ ਤੇਜ਼ ਹੋਈ ਕਿ ਸਭ ਕੁਝ ਅਸੰਤੁਲਿਤ ਹੋ ਗਿਆ ਜਿਸ ਦੀ ਮਾਰ ਅੱਜ ਮਾਪੇ ਬੁਰੀ ਤਰ੍ਹਾਂ ਝੱਲ ਰਹੇ ਹਨ। ਬੱਚਿਆਂ ਦੇ ਵਿਕਾਸ ਦਾ ਪਹਿਲਾ ਫੰਡਾ ਸਕੂਲੀ ਸਿੱਖਿਆ ਹੁੰਦੀ ਹੈ। ਇਸ ਸਮੇਂ ਆਪਣੇ ਸੱਭਿਆਚਾਰ ਅਤੇ ਮਾਂ-ਬੋਲੀ ਨੂੰ ਪਰ੍ਹੇ ਕਰਨਾ ਆਪਣਾ ’ਸਟੇਟਸ ਸਿੰਬਲ’ ਸਮਝਿਆ ਜਾਂਦਾ ਹੈ। ਯੂਨੈਸਕੋ ਨੇ 1953 ’ਚ ਕਿਹਾ ਸੀ ਕਿ ਮਾਤ-ਭਾਸ਼ਾ ਹੀ ਮੁਢਲੇ ਪੱਧਰ ’ਤੇ ਸਿੱਖਿਆ ਦਾ ਮਾਧਿਅਮ ਹੋਣੀ ਚਾਹੀਦੀ ਹੈ। ਇਸ ਨਾਲ ਬੱਚੇ ਦਾ ਸਰਵਪੱਖੀ ਵਿਕਾਸ ਹੋਵੇਗਾ। ਪ੍ਰਵਾਸ ਲਈ ਨਸ਼ਾ ਵੀ ਕਿਸੇ ਹੱਦ ਤਕ ਜ਼ਿੰਮੇਵਾਰ ਹੈ, ਕਿਉਂਕਿ ਪਿਛਲੇ ਸਮਿਆਂ ਤੋਂ ਪੰਜਾਬ ’ਚ ਨਸ਼ੇ ਦਾ ਮੁੱਦਾ ਬਹੁਤ ਗੰਭੀਰ ਬਣਿਆ ਹੋਇਆ ਹੈ। ਵਧੇਰੇ ਮਾਪੇ ਇਸ ਦੌਰ ’ਚ ਪੰਜਾਬ ਤੋਂ ਬਾਹਰ ਆਪਣੇ ਬੱਚੇ ਨੂੰ ਸੁਰੱਖਿਅਤ ਸਮਝਦੇ ਹਨ, ਜਦੋਂ ਕਿ ਹਕੀਕਤ ਕੁਝ ਹੋਰ ਹੈ। 1947 ਦੇ ਉਜਾੜੇ ਤੋਂ ਬਾਅਦ 1950 ਵਿਚ ਹੀ ਪੰਜਾਬੀ ਪ੍ਰਵਾਸ ਕਰਨ ਲੱਗ ਪਏ ਸਨ। ਇਸ ਦਾ ਇਕ ਪੱਖ ਇਹ ਵੀ ਹੈ ਕਿ ਜੇ ਪ੍ਰਵਾਸ ਹੀ ਕਰਨਾ ਸੀ ਤਾਂ ਪੰਜਾਬ ਦੀ ਆਜ਼ਾਦੀ ਸਮੇਂ 93 ਫ਼ੀਸਦੀ ਕੁਰਬਾਨੀਆਂ ਦੀ ਕੀ ਲੋੜ ਸੀ? ਹੁਣ ਪੰਜਾਬ ਦੀ ਧੁੰਦਲੀ ਹੋਈ ਫਿਜ਼ਾ ਲਈ ਮਾਪੇ ਪ੍ਰਵਾਸ ਦਾ ਅੱਕ ਚੱਬਣ ਲਈ ਮਜਬੂਰ ਹੁੰਦੇ ਹਨ। ਆਪ ਮਾਨਸਿਕ ਪ੍ਰੇਸ਼ਾਨੀ ’ਚ ਰਹਿ ਕੇ ਇਹ ਕਹਿੰਦੇ ਹਨ ਕਿ ਚੱਲੋ ਜੀ, ਬੱਚਿਆਂ ਦਾ ਭਵਿੱਖ ਵੀ ਦੇਖਣਾ ਪੈਂਦਾ ਹੈ। ਪੰਜਾਬ ’ਚ 14 ਪਾਸਪੋਰਟ ਕੇਂਦਰ ਹਨ। 2018 ’ਚ 60000 ਤੋਂ ਉੱਤੇ 2019 ’ਚ 73574, 2020 ’ਚ ਕੋਰੋਨਾ ਕਰਕੇ 33412 ਪਾਸਪੋਰਟ ਬਣੇ, ਜਿਨ੍ਹਾਂ ਦੀ ਗਿਣਤੀ ਅੱਜ ਕਿਤੇ ਵੱਧ ਹੈ। ਮਾਪਿਆਂ ਨੂੰ ਪੰਜਾਬ ਦੀ 90 ਲੱਖ ਬੇਰੁਜ਼ਗਾਰੀ ਦਾ ਅੰਕੜਾ ਸਤਾਉਂਦਾ ਹੈ। ਜ਼ਿਆਦਾ ਰੁਖ਼ ਕੈਨੇਡਾ ਵੱਲ ਹੈ, ਇੱਥੇ 200 ਤੋਂ ਵੱਧ ਕਾਲਜ ਪੰਜਾਬੀਆਂ ਨਾਲ ਨੱਕੋ-ਨੱਕ ਭਰੇ ਹੋਏ ਹਨ। ਇਸ ਤੋਂ ਇਲਾਵਾ ਹੋਰ ਵੀ ਖ਼ਤਰਨਾਕ ਰੁਝਾਨ ਹੈ ਕਿ ਹਰ ਸਾਲ 20000 ਪੰਜਾਬੀ ਗ਼ੈਰ-ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਦੇ ਹਨ। ਪੰਜਾਬੀ ਯੂਨੀਵਰਸਿਟੀ ਦੇ ਤਤਕਾਲੀ ਵਾਈਸ ਚਾਂਸਲਰ ਸ. ਜੋਗਿੰਦਰ ਸਿੰਘ ਪੁਆਰ ਨੇ ਪੰਜਾਬੀਆਂ ਦੇ ਪ੍ਰਵਾਸ ਨੂੰ ਰੋਕਣ ਲਈ ਨੌਜਵਾਨਾਂ ਨੂੰ ਹੁਨਰਬੰਦ ਬਣਾਉਣ ਅਤੇ ਰੁਜ਼ਗਾਰ ਦੀ ਗਰੰਟੀ ਦੇਣ ਦੀ ਨਸੀਹਤ ਦਿੱਤੀ ਸੀ ਪਰ ਬੂਰ ਨਹੀਂ ਪਿਆ।

ਆਰਥਿਕ ਪੱਖ ਤੋਂ ਵੀ ਪ੍ਰਵਾਸ ਪੰਜਾਬ ਦੀ ਅਰਥਵਿਵਸਥਾ ਲਈ ਠੀਕ ਨਹੀਂ ਹੈ। ਪੰਜਾਬ ਦੇ ਬੱਚੇ ਹਰ ਸਾਲ 27 ਹਜ਼ਾਰ ਕਰੋੜ ਆਪਣੇ ਨਾਲ ਵਿਦੇਸ਼ਾਂ ’ਚ ਲੈ ਜਾਂਦੇ ਹਨ। 2016 ਤੋਂ 2021 ਤੱਕ 4.78 ਲੱਖ ਪੰਜਾਬੀ ਰੁਜ਼ਗਾਰ ਦੀ ਭਾਲ ’ਚ ਪੰਜਾਬ ਛੱਡ ਗਏ ਸਨ ਪਰ 2024 ਵਿਚ ਵੀ ਸਾਡੇ ਕੋਲ ਪ੍ਰਵਾਸ ਰੋਕਣ ਲਈ ਕੋਈ ਠੋਸ ਨੀਤੀ ਨਹੀਂ ਹੈ। ਰੀਸੋ-ਰੀਸੀ ਵੀ ਪ੍ਰਵਾਸ ਦੀ ਚਾਹਤ ਰੱਖੀ ਜਾਂਦੀ ਹੈ। ਭਾਵੇਂ ਸੰਤੁਲਿਤ ਪ੍ਰਵਾਸ ਮਾੜਾ ਨਹੀਂ



ਪਰ ਇਹ ਪੰਜਾਬ ਵਿਚ ਇਹ ਬਹੁਤ ਅਸਾਧਾਰਨ ਹੋ ਗਿਆ ਹੈ। ਜੇ ਬੱਚੇ ਵਿਦੇਸ਼ਾਂ ’ਚ ਕਮਾ ਕੇ ਪੈਸੇ ਪੰਜਾਬ ਭੇਜਦੇ ਹਨ, ਜਿਵੇਂ ਪਹਿਲਾਂ ਹੁੰਦਾ ਸੀ, ਉਹ ਵੱਖਰੀ ਗੱਲ ਸੀ ਪਰ ਹੁਣ ਤਾਂ ਨੌਜਵਾਨ ਵਿਦੇਸ਼ ਸਥਾਈ ਵਸੇਬੇ ਲਈ ਜਾ ਰਹੇ ਹਨ। ਕਿੰਨਾ ਚੰਗਾ ਹੁੰਦਾ ਜੇ ਨੌਜਵਾਨਾਂ ਨੂੰ ਪੰਜਾਬ ’ਚ ਹੀ ਰੁਜ਼ਗਾਰ ਮਿਲ ਸਕਦਾ, ਇਸ ਨਾਲ ਕਈ ਅਲਾਮਤਾਂ ਦਾ ਅੰਤ ਹੋ ਸਕਦਾ ਸੀ। ਅੱਜ ਸੰਤਾਪ ਨਾਲ ਵਿਲਕਦਾ ਬੁਢਾਪਾ ਬੱਚਿਆਂ ਦੀ ਸੁੱਖ-ਸਾਂਦ ਮੰਗਦਾ ਹੋਇਆ ਦੁਨੀਆ ਤੋਂ ਰੁਖ਼ਸਤ ਹੋ ਰਿਹਾ ਹੈ। ਇਸ ਨਾਲ ਕਈ ਤਰ੍ਹਾਂ ਦੇ ਸਮਾਜਿਕ ਝੰਜਟ ਪੈਦਾ ਹੋ ਰਹੇ ਹਨ। ਹਰ ਕੋਈ ਪ੍ਰਵਾਸ ਨੂੰ ਰੋਕਣ ਲਈ ਲਿਖ, ਪੜ੍ਹ ਅਤੇ ਬੋਲ ਰਿਹਾ ਹੈ ਪਰ ਫਿਰ ਵੀ ਅਜੇ ਤੱਕ ਮੋੜਾ ਨਹੀਂ ਕੱਟਿਆ ਜਾ ਸਕਿਆ। ਸੰਤਾਪ ਅਤੇ ਸੰਘਰਸ਼ ਦੀ ਗਾਥਾ ਲਿਖਦੀ ਹੋਈ ਪੰਜਾਬ ਦੀ ਜਵਾਨੀ ਮਾਪਿਆਂ ਨੂੰ ਸੰਤਾਪ ਝੱਲਣ ਲਈ ਮਜਬੂਰ ਕਰ ਰਹੀ ਹੈ। ਇਸ ਨਾਲ ਸਮਾਜ ’ਚ ਅਸਥਿਰਤਾ ਪੈਦਾ ਹੋ ਕੇ ਰਿਸ਼ਤੇ-ਨਾਤੇ ਟੁੱਟ ਰਹੇ ਹਨ, ਜਿਸ ਨਾਲ ਕਿ ਪੰਜਾਬ ਦਾ ਸ਼ਾਨਾਮੱਤਾ ਵਿਰਸਾ ਵੀ ਧੁੰਦਲਾ ਪੈਂਦਾ ਜਾ ਰਿਹਾ ਹੈ। ਲੋੜ ਹੈ ਸਾਰੀਆਂ ਧਿਰਾਂ ਮਿਲ ਬੈਠ ਕੇ ਇਸ ਮਸਲੇ ਦਾ ਹੱਲ ਲੱਭਣ ਲਈ ਅੱਗੇ ਆਉਣ।

# ਲੋਕ ਸਭਾ ਚੋਣਾਂ 'ਚ ਔਰਤਾਂ ਅਦਾ ਕਰਨਗੀਆਂ ਅਹਿਮ ਰੋਲ

ਕੀ ਇਸਤਰੀ ਵੋਟਰ ਮੌਜੂਦਾ 2024 ਦੀਆਂ ਲੋਕ ਸਭਾ ਚੋਣਾਂ ਵਿਚ ਫ਼ੈਸਲਾਕੁੰਨ ਸਾਬਤ ਹੋ ਸਕਦੀਆਂ ਹਨ? ਮਹਿਲਾ ਵੋਟਰਾਂ ਦੀ ਵਧਦੀ ਗਿਣਤੀ ਅਤੇ ਅਨੁਕੂਲ ਕਾਨੂੰਨ, ਜਿਵੇਂ ਸੰਸਦ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ ਇਕ-ਤਿਹਾਈ ਰਾਖਵਾਂਕਰਨ, ਉਨ੍ਹਾਂ ਨੂੰ ਇਕ ਮਹੱਤਵਪੂਰਨ ਵਰਗ ਬਣਾਉਂਦਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਇਸ ਮਹੱਤਵਪੂਰਨ ਵਰਗ ਦੀਆਂ ਇਸਤਰੀ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਜਿਹਾ ਕਰਨ ਲਈ ਉਹ ਵੱਖ-ਵੱਖ ਲਾਭਕਾਰੀ ਯੋਜਨਾਵਾਂ ਦੀ ਪੇਸ਼ਕਸ਼ ਕਰ ਰਹੀਆਂ ਹਨ।

ਇਕ ਹਾਲੀਆ ਰਿਪੋਰਟ ਅਨੁਸਾਰ ਔਰਤ ਵੋਟਰਾਂ ਦਾ ਉੱਚ ਮਤਦਾਨ 2024 ਦੀਆਂ ਚੋਣਾਂ 'ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦਾ ਹੈ। ਰਿਪੋਰਟ ਦਾ ਅਨੁਮਾਨ ਹੈ ਕਿ 2027 ਤੱਕ ਔਰਤਾਂ ਦਾ ਮਤਦਾਨ 55 ਫ਼ੀਸਦੀ ਤੱਕ ਪਹੁੰਚ ਸਕਦਾ ਹੈ, ਜਦੋਂ ਕਿ ਪੁਰਸ਼ਾਂ ਦਾ ਮਤਦਾਨ ਪ੍ਰਤੀਸ਼ਤ ਘਟ ਕੇ 45 ਫ਼ੀਸਦੀ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਨੇ ਇਕ ਵਾਰ ਕਿਹਾ ਸੀ ਕਿ 'ਰਾਜਨੀਤਕ ਸ਼ਕਤੀ ਸਮਾਜਿਕ ਪ੍ਰਗਤੀ ਦੀ ਕੁੰਜੀ ਹੈ।' ਇਹ ਕਥਨ ਅੱਜ ਵੀ ਲਾਗੂ ਹੈ, ਕਿਉਂਕਿ ਔਰਤਾਂ ਉਦੋਂ ਤੱਕ ਨਿਆਂ ਪਾਉਣ ਦੀ ਉਮੀਦ ਨਹੀਂ ਕਰ ਸਕਦੀਆਂ, ਜਦੋਂ ਤੱਕ ਕਿ ਫ਼ੈਸਲੇ ਲੈਣ ਦੀ ਪ੍ਰਕਿਰਿਆ 'ਚ ਉਨ੍ਹਾਂ ਦੀ ਭਾਗੀਦਾਰੀ ਨਾ ਹੋਵੇ।

ਭਾਰਤ 'ਚ ਔਰਤਾਂ ਲਿੰਗ ਭੇਦਭਾਵ ਨੂੰ ਦੂਰ ਕਰਨ ਲਈ ਹੋਰ ਜ਼ਿਆਦਾ ਉਪਾਵਾਂ ਦੀ ਮੰਗ ਕਰ ਰਹੀਆਂ ਹਨ। ਪਿਛਲੇ ਸਾਲ ਸਤੰਬਰ 'ਚ ਸੰਸਦ ਨੇ ਔਰਤਾਂ ਨੂੰ ਮਜ਼ਬੂਤ ਬਣਾਉਣ ਲਈ ਮਹਿਲਾ ਰਾਖਵਾਂਕਰਨ ਬਿੱਲ ਪਾਸ ਕੀਤਾ ਸੀ। ਇਹ ਬਿੱਲ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ 'ਚ ਉਨ੍ਹਾਂ ਲਈ 33 ਫ਼ੀਸਦੀ ਰਾਖਵਾਂਕਰਨ ਯਕੀਨੀ ਬਣਾਉਂਦਾ ਹੈ। ਕਾਂਗਰਸ ਅਤੇ ਭਾਜਪਾ ਦੋਵਾਂ ਨੇ ਬਿੱਲ ਦੇ ਪਾਸ ਹੋਣ ਦਾ ਸਿਹਰਾ ਲਿਆ। ਕਾਂਗਰਸ ਨੇਤਾ ਸੋਨੀਆ ਗਾਂਧੀ ਨੇ ਕਿਹਾ, 'ਇਹ ਸਾਡਾ ਬਿੱਲ ਹੈ।' 2008 'ਚ ਸੋਨੀਆ ਗਾਂਧੀ ਨੇ ਇਸ ਨੂੰ ਉੱਚ ਸਦਨ 'ਚ ਪਾਸ ਕਰਵਾਇਆ ਸੀ, ਪਰ ਲੋਕ ਸਭਾ 'ਚ ਉਸ ਬਿੱਲ ਨੂੰ ਪਾਸ ਕਰਵਾਉਣ 'ਚ ਕਾਂਗਰਸ ਸਰਕਾਰ ਅਸਫਲ ਰਹੀ ਸੀ। ਪਿਛਲੇ ਸਾਲ ਸਤੰਬਰ 'ਚ ਪ੍ਰਧਾਨ ਮੰਤਰੀ ਮੋਦੀ ਨੇ ਬੜੇ ਮਾਣ ਨਾਲ ਇਸ ਬਿੱਲ ਨੂੰ ਪੇਸ਼ ਕੀਤਾ ਅਤੇ ਪਹਿਲੀ ਵਾਰ ਸੰਸਦ 'ਚ ਇਸ ਬਿੱਲ ਦੇ ਆਉਣ ਦੇ 15 ਸਾਲ ਬਾਅਦ ਇਹ ਲਗਭਗ ਸਰਬਸੰਮਤੀ ਨਾਲ ਪਾਸ ਹੋ ਗਿਆ। ਜਨਗਣਨਾ ਅਤੇ ਹੱਦਬੰਦੀ ਪ੍ਰਕਿਰਿਆ 'ਚ ਦੇਰੀ ਕਾਰਨ ਇਹ ਬਿੱਲ ਚਾਰ ਸਾਲ ਬਾਅਦ ਹੀ ਲਾਗੂ ਹੋ ਸਕੇਗਾ।



*ਔਰਤਾਂ ਪ੍ਰਤੀ ਰਾਜਨੀਤਕ ਜਵਾਬਦੇਹੀ ਫ਼ੈਸਲਾ ਲੈਣ 'ਚ ਲਿੰਗ ਸੰਤੁਲਨ ਹਾਸਿਲ ਕਰਨ, ਰਾਜਨੀਤਕ ਦਲਾਂ 'ਚ ਔਰਤਾਂ ਦੀ ਵਧੇਰੇ ਮਹੱਤਵਪੂਰਨ ਹਾਜ਼ਰੀ ਅਤੇ ਪ੍ਰਭਾਵ ਨੂੰ ਉਤਸ਼ਾਹਿਤ ਕਰਨ ਅਤੇ ਪਾਰਟੀ ਨੀਤੀਆਂ ਅਤੇ ਪਲੇਟਫਾਰਮਾਂ 'ਚ ਲਿੰਗ ਸਮਾਨਤਾ ਦੇ ਮੁੱਦਿਆਂ ਨੂੰ ਅੱਗੇ ਵਧਾਉਣ ਨਾਲ ਸ਼ੁਰੂ ਹੁੰਦੀ ਹੈ। ਇਸ ਸਭ ਲਈ ਸਿੱਖਿਆ ਵੀ ਜ਼ਰੂਰੀ ਹੈ।*

ਆਜ਼ਾਦੀ ਹਾਸਿਲ ਕਰਨ ਤੋਂ ਬਾਅਦ ਭਾਰਤ 'ਚ ਸਿਰਫ਼ ਇਕ ਮਹਿਲਾ ਪ੍ਰਧਾਨ ਮੰਤਰੀ ਅਤੇ 15 ਔਰਤਾਂ ਮੁੱਖ ਮੰਤਰੀ ਬਣ ਸਕੀਆਂ ਹਨ। ਹਾਲਾਂਕਿ, 1950 ਦੇ ਦਹਾਕੇ ਤੋਂ ਬਾਅਦ ਤੋਂ ਚੋਣਾਂ ਲੜਨ ਵਾਲੀਆਂ ਔਰਤਾਂ ਦੀ ਗਿਣਤੀ ਸੱਤ ਗੁਣਾ ਵਧ ਗਈ ਹੈ ਅਤੇ ਲੋਕ ਸਭਾ 'ਚ ਔਰਤਾਂ ਦੀ ਨੁਮਾਇੰਦਗੀ 5 ਤੋਂ ਵੱਧ 15 ਫ਼ੀਸਦੀ ਹੋ ਗਈ ਹੈ। ਵਿਸ਼ਵ ਪੱਧਰ 'ਤੇ ਸਥਿਤੀ ਸਮਾਨ ਹੈ। ਅੰਤਰ-ਸੰਸਦੀ ਸੰਘ ਅਨੁਸਾਰ ਦੁਨੀਆ ਭਰ 'ਚ ਲਗਭਗ 26 ਫ਼ੀਸਦੀ ਕਾਨੂੰਨ ਨਿਰਮਾਤਾ ਔਰਤਾਂ ਹਨ। ਦੂਜੇ ਪਾਸੇ ਰਵਾਂਡਾ 'ਚ 60 ਫ਼ੀਸਦੀ ਤੋਂ ਵੱਧ ਸੀਟਾਂ 'ਤੇ ਔਰਤਾਂ ਦਾ ਕਬਜ਼ਾ ਹੈ। 2008 'ਚ ਰਵਾਂਡਾ ਮਹਿਲਾ-ਬਹੁਮਤ ਸੰਸਦ ਵਾਲਾ ਪਹਿਲਾ ਦੇਸ਼ ਬਣ ਗਿਆ। ਭਾਰਤ 'ਚ ਸਿਰਫ਼ 14 ਫ਼ੀਸਦੀ ਸੰਸਦੀ ਸੀਟਾਂ ਔਰਤਾਂ ਕੋਲ ਹਨ। ਲੋਕ ਸਭਾ ਅਤੇ ਰਾਜ ਸਭਾ 'ਚ ਕ੍ਰਮਵਾਰ 78 ਅਤੇ 24 ਮਹਿਲਾ ਮੈਂਬਰ ਹਨ। ਸੰਸਦ ਦੇ ਹੇਠਲੇ ਸਦਨ 'ਚ ਔਰਤਾਂ ਦੀ ਨੁਮਾਇੰਦਗੀ ਦੇ ਮਾਮਲੇ 'ਚ ਭਾਰਤ 193 ਦੇਸ਼ਾਂ 'ਚੋਂ 149ਵੇਂ ਸਥਾਨ 'ਤੇ ਹੈ। ਇਸ ਤੋਂ ਇਲਾਵਾ ਭਾਰਤ ਦੇ ਹਰ ਰਾਜ 'ਚ 16 ਫ਼ੀਸਦੀ ਤੋਂ ਘੱਟ ਵਿਧਾਇਕ ਔਰਤਾਂ ਹਨ।

ਭਾਰਤ 'ਚ ਇਕ ਮਹੱਤਵਪੂਰਨ ਉਪਾਅ 1993 'ਚ ਕੀਤਾ ਗਿਆ ਅਤੇ ਪੰਚਾਇਤਾਂ ਦੀਆਂ ਇਕ-ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ ਸਨ, ਜਿਸ ਨੂੰ ਹੁਣ ਜ਼ਿਆਦਾਤਰ ਸੂਬਿਆਂ 'ਚ 50 ਫ਼ੀਸਦੀ ਤੱਕ ਵਧਾ ਦਿੱਤਾ ਗਿਆ ਹੈ। ਲਗਭਗ 10 ਲੱਖ ਔਰਤਾਂ ਜ਼ਮੀਨੀ ਪੱਧਰ 'ਤੇ ਸਰਪੰਚਾਂ ਦੇ ਰੂਪ 'ਚ ਕੰਮ

**ਕਲਿਆਣੀ ਸ਼ੰਕਰ**

ਕਰਦੀਆਂ ਹਨ। ਇਹ ਸਰਪੰਚ ਔਰਤਾਂ ਆਪਣੇ ਕੁੱਲ ਤਜਰਬੇ ਦੇ ਦਮ 'ਤੇ ਤਰੱਕੀ ਦੀਆਂ ਪੌੜੀਆਂ ਚੜ੍ਹ ਸਕਣਗੀਆਂ।

ਇਨ੍ਹਾਂ ਲੋਕ ਸਭਾ ਚੋਣਾਂ 'ਚ 96.88 ਕਰੋੜ ਵੋਟਰ ਹਨ, ਜਿਨ੍ਹਾਂ 'ਚ 47 ਕਰੋੜ ਤੋਂ ਵੱਧ ਔਰਤਾਂ ਹਨ। 2.63 ਕਰੋੜ ਨਵੇਂ ਵੋਟਰਾਂ 'ਚੋਂ 1.41 ਕਰੋੜ ਔਰਤਾਂ ਹਨ। ਕੇਰਲ, ਤੇਲੰਗਾਨਾ, ਤਾਮਿਲਨਾਡੂ, ਪੁਡੂਚੇਰੀ, ਗੋਆ, ਆਂਧਰਾ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ 'ਚ ਜ਼ਿਆਦਾ ਔਰਤਾਂ ਨੇ ਆਪਣੇ-ਆਪ ਨੂੰ ਮਤਦਾਨ ਲਈ ਦਰਜ ਕਰਵਾਇਆ ਹੈ।

ਔਰਤ ਰਾਖਵਾਂਕਰਨ ਬਿੱਲ ਪਾਸ ਹੋਣ ਦੇ ਬਾਵਜੂਦ ਰਾਜਨੀਤੀ 'ਚ ਔਰਤਾਂ ਦੀ ਭਾਗੀਦਾਰੀ 'ਚ ਕੋਈ ਖ਼ਾਸ ਵਾਧਾ ਨਹੀਂ ਹੋਇਆ। ਜਦੋਂ ਕਿ ਸਿਆਸੀ ਪਾਰਟੀਆਂ ਨੇ ਬਿੱਲ ਦਾ ਸਮਰਥਨ ਕੀਤਾ ਸੀ। ਉਨ੍ਹਾਂ ਨੇ ਹਾਲ ਦੀਆਂ ਵਿਧਾਨ ਸਭਾ ਚੋਣਾਂ 'ਚ ਮਹਿਲਾਵਾਂ ਨੂੰ ਆਪਣੀਆਂ ਟਿਕਟਾਂ ਦਾ ਸਿਰਫ਼ ਇਕ ਛੋਟਾ ਜਿਹਾ ਪ੍ਰਤੀਸ਼ਤ ਦਿੱਤਾ ਸੀ, ਆਮ ਤੌਰ 'ਤੇ 10-15 ਫ਼ੀਸਦੀ। 2024 ਦੀਆਂ ਲੋਕ ਸਭਾ ਚੋਣਾਂ ਲਈ ਭਾਜਪਾ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ 421 ਉਮੀਦਵਾਰਾਂ 'ਚੋਂ ਔਰਤਾਂ ਨੂੰ ਸਿਰਫ਼ 67 ਟਿਕਟਾਂ ਦਿੱਤੀਆਂ। ਹਾਲਾਂਕਿ ਮਮਤਾ ਬੈਨਰਜੀ, ਨਿਤਿਸ਼ ਕੁਮਾਰ ਅਤੇ ਅਰਵਿੰਦ ਕੇਜਰੀਵਾਲ ਜਿਹੇ ਕੁਝ ਮੁੱਖ ਮੰਤਰੀਆਂ ਨੇ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਦੇ ਲਾਭਾਂ ਨੂੰ ਪਛਾਣਿਆ ਹੈ।

ਲਿੰਗ ਭੇਦਭਾਵ ਨੂੰ ਦੂਰ ਕਰਨ ਲਈ ਪਾਰਟੀਆਂ ਨੂੰ ਮਹਿਲਾ ਸਸ਼ਕਤੀਕਰਨ ਲਈ ਜ਼ਿਆਦਾ ਔਰਤ ਨੇਤਾਵਾਂ ਅਤੇ ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰਨ ਦੀ ਜ਼ਰੂਰਤ ਹੈ। ਹਾਲਾਂਕਿ ਕੁਝ ਲੋਕਾਂ ਦਾ ਤਰਕ ਹੈ ਕਿ ਜੇਕਰ ਔਰਤਾਂ ਜਾਣੇ-ਪਛਾਣੇ ਸਿਆਸਤਦਾਨਾਂ ਦੇ ਪਰਿਵਾਰਾਂ 'ਚੋਂ ਆਉਂਦੀਆਂ ਹਨ ਤਾਂ ਉਹ ਜਿੱਤਦੀਆਂ ਹਨ। ਕਈ ਨੇਤਾ ਉਮੀਦਵਾਰਾਂ ਨੂੰ ਚੁਣਨ ਲਈ ਆਪਣੇ ਪਰਿਵਾਰ ਤੋਂ ਅੱਗੇ ਨਹੀਂ ਦੇਖਦੇ। ਇਹ ਸਮਝਣਾ ਜ਼ਰੂਰੀ ਹੈ ਕਿ ਸਾਰੀਆਂ ਔਰਤਾਂ ਔਰਤ ਉਮੀਦਵਾਰਾਂ ਨੂੰ ਵੋਟਾਂ ਨਹੀਂ ਦੇਣਗੀਆਂ।

ਸਿਆਸੀ ਪਾਰਟੀਆਂ ਨੂੰ ਵੋਟਰਾਂ ਨੂੰ ਲੁਭਾਉਣ ਲਈ ਉਤਸ਼ਾਹਿਤ ਕਰਨ 'ਤੇ ਨਿਰਭਰ ਰਹਿਣ ਦੀ ਬਜਾਏ ਮਹੱਤਵਪੂਰਨ ਮੁੱਦਿਆਂ ਨੂੰ ਸੰਬੋਧਨ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕਈ ਪਾਰਟੀਆਂ ਔਰਤ ਵੋਟਰਾਂ ਨੂੰ ਉਤਸ਼ਾਹਿਤ ਤਾਂ ਕਰਦੀਆਂ ਹਨ, ਪਰ ਆਪਣੀ ਉਮੀਦਵਾਰ ਸੂਚੀ 'ਚ ਔਰਤਾਂ ਨੂੰ ਬਰਾਬਰ ਨੁਮਾਇੰਦਗੀ ਨਹੀਂ ਦਿੰਦੀਆਂ। ਔਰਤ ਰਾਖਵਾਂਕਰਨ ਕਾਨੂੰਨ ਅਨੁਸਾਰ ਪਾਰਟੀਆਂ ਨੂੰ ਆਪਣੀਆਂ ਟਿਕਟਾਂ ਦਾ ਘੱਟੋ-ਘੱਟ ਇਕ-ਤਿਹਾਈ ਹਿੱਸਾ ਔਰਤਾਂ ਲਈ ਰਾਖਵਾਂਕਰਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਪਾਰਟੀਆਂ ਨੂੰ ਰਾਜਨੀਤਕ ਰਾਜਵੰਸ਼ਾਂ ਨੂੰ ਦਿੱਤੇ ਜਾਣ ਵਾਲੇ ਤਰਜੀਹੀ ਵਿਵਹਾਰ ਨੂੰ ਨਿਰਉਤਸ਼ਾਹਿਤ ਕਰਨਾ ਚਾਹੀਦਾ ਹੈ।

ਭਾਰਤੀ ਰਾਜਨੀਤਕ ਦਲ ਵੱਖ-ਵੱਖ ਯੋਜਨਾਵਾਂ ਅਤੇ ਲਾਭਾਂ ਦੇ ਨਾਲ ਔਰਤ ਵੋਟਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਕਰਨਾਟਕ 'ਚ ਕਾਂਗਰਸ ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਅਤੇ 2000 ਰੁਪਏ ਨਕਦ ਪ੍ਰੋਤਸਾਹਨ ਰਾਸ਼ੀ ਦੇ ਰਹੀ ਹੈ। ਹਿਮਾਚਲ ਪ੍ਰਦੇਸ਼ 'ਚ 18-60 ਸਾਲ ਦੀਆਂ ਔਰਤਾਂ 1500 ਰੁਪਏ ਮਹੀਨਾ ਦਿੱਤਾ ਜਾਣਾ ਹੈ। ਦਿੱਲੀ ਸਰਕਾਰ ਵੀ 'ਮੁੱਖ ਮੰਤਰੀ ਮਹਿਲਾ ਸਨਮਾਨ ਯੋਜਨਾ' ਅਧੀਨ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾ ਦੇਵੇਗੀ। ਪੱਛਮੀ ਬੰਗਾਲ 'ਚ ਟੀ.ਐੱਮ.ਸੀ. ਨੇ ਮਿਹਨਤਾਨਾ ਵਧਾਉਣ ਦਾ ਐਲਾਨ ਕੀਤਾ ਹੈ। 'ਆਪ' ਅਤੇ ਕਾਂਗਰਸ ਨੇ 1000 ਰੁਪਏ ਮਹੀਨਾ ਭੁਗਤਾਨ ਕਰਨ ਅਤੇ ਗ਼ਰੀਬ ਔਰਤਾਂ ਨੂੰ ਇਕ ਲੱਖ ਰੁਪਏ ਸਾਲਾਨਾ ਭੱਤਾ ਦੇਣ ਦਾ ਐਲਾਨ ਕੀਤਾ ਹੈ।

ਔਰਤਾਂ ਪ੍ਰਤੀ ਰਾਜਨੀਤਕ ਜਵਾਬਦੇਹੀ ਫ਼ੈਸਲਾ ਲੈਣ 'ਚ ਲਿੰਗ ਸੰਤੁਲਨ ਹਾਸਿਲ ਕਰਨ, ਰਾਜਨੀਤਕ ਦਲਾਂ 'ਚ ਔਰਤਾਂ ਦੀ ਵਧੇਰੇ ਮਹੱਤਵਪੂਰਨ ਹਾਜ਼ਰੀ ਅਤੇ ਪ੍ਰਭਾਵ ਨੂੰ ਉਤਸ਼ਾਹਿਤ ਕਰਨ ਅਤੇ ਪਾਰਟੀ ਨੀਤੀਆਂ ਅਤੇ ਪਲੇਟਫਾਰਮਾਂ 'ਚ ਲਿੰਗ ਸਮਾਨਤਾ ਦੇ ਮੁੱਦਿਆਂ ਨੂੰ ਅੱਗੇ ਵਧਾਉਣ ਨਾਲ ਸ਼ੁਰੂ ਹੁੰਦੀ ਹੈ। ਇਸ ਸਭ ਲਈ ਸਿੱਖਿਆ ਵੀ ਜ਼ਰੂਰੀ ਹੈ। ਸਾਨੂੰ ਅਜਿਹੇ ਸ਼ਾਸਨ ਸੁਧਾਰਾਂ ਦੀ ਜ਼ਰੂਰਤ ਹੈ, ਜੋ ਲਿੰਗ ਭੇਦ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਹੋਣ। ਇਸ ਨਾਲ ਚੋਣ ਅਧਿਕਾਰੀ ਜ਼ਿਆਦਾ ਪ੍ਰਤੀਕਿਰਿਆਸ਼ੀਲ ਹੋ ਸਕਣਗੇ।

# ਲੋਕਤੰਤਰ ਦੇ ਸਭ ਤੋਂ ਵੱਡੇ ਉਤਸਵ 'ਚ ਹਿੰਸਾ, ਭੰਨ-ਤੋੜ ਅਤੇ ਪੱਥਰਬਾਜ਼ੀ

18ਵੀਂ ਲੋਕ ਸਭਾ ਦੀਆਂ ਚੋਣਾਂ ਲਈ ਦੇਸ਼ ਦੇ 21 ਸੂਬਿਆਂ ਦੀਆਂ 102 ਸੀਟਾਂ 'ਤੇ ਬੂਥ ਕੈਪਚਰਿੰਗ, ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਭੰਨਣ ਅਤੇ ਹਿੰਸਾ ਦੀਆਂ ਘਟਨਾਵਾਂ ਦੇ ਦਰਮਿਆਨ ਔਸਤਨ 61 ਫੀਸਦੀ ਵੋਟਾਂ ਪੈਣ ਦੇ ਨਾਲ ਵੋਟਾਂ ਪੈਣ ਦਾ ਪਹਿਲਾ ਪੜਾਅ 19 ਅਪ੍ਰੈਲ ਨੂੰ ਸੰਪੰਨ ਹੋ ਗਿਆ। ਇਸ ਵਿਚ ਸਭ ਤੋਂ ਵੱਧ ਪੋਲਿੰਗ ਤ੍ਰਿਪੁਰਾ (80.46 ਫੀਸਦੀ) 'ਚ ਅਤੇ ਸਭ ਤੋਂ ਘੱਟ ਬਿਹਾਰ (48.50 ਫੀਸਦੀ) ਵਿਚ ਹੋਈ।

ਪੱਛਮੀ ਬੰਗਾਲ ਦੀਆਂ 3 ਸੀਟਾਂ 'ਚੋਂ ਕੂਚਬਿਹਾਰ 'ਚ ਤ੍ਰਿਣਮੂਲ ਅਤੇ ਭਾਜਪਾ ਦੇ ਸਮਰਥਕ ਆਪਸ 'ਚ ਭਿੜ ਗਏ। ਕੂਚਬਿਹਾਰ ਦੇ 'ਚਾਂਦਮਾੜੀ' ਇਲਾਕੇ 'ਚ 2 ਧੜਿਆਂ ਦੇ ਦਰਮਿਆਨ ਖੁੱਲ੍ਹ ਕੇ ਹੋਏ ਪੱਥਰਾਅ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਚਾਂਦਮਾੜੀ ਇਲਾਕੇ 'ਚ ਭਾਜਪਾ ਦੇ ਬੂਥ ਪ੍ਰਧਾਨ ਲੋਭ ਸਰਕਾਰ ਅਤੇ ਬਾਰੋਕੋਡਾਲੀ ਗ੍ਰਾਮ ਪੰਚਾਇਤ ਵਿਚ ਤ੍ਰਿਣਮੂਲ ਕਾਂਗਰਸ ਦੇ ਇਕ ਨੇਤਾ 'ਤੇ ਹਮਲਾ ਕੀਤਾ ਗਿਆ। ਕਈ ਚੋਣ ਏਜੰਟਾਂ 'ਤੇ ਵੀ ਹਮਲੇ ਕੀਤੇ ਗਏ।

'ਦਿਨਹਾਟਾ' ਵਿਚ ਇਕ ਬੰਬ ਦਾ ਵੀਡੀਓ ਸੋਸ਼ਲ ਵੀਡੀਓ 'ਤੇ ਵਾਇਰਲ ਹੋਣ 'ਤੇ ਲੋਕਾਂ ਵਿਚ ਦਹਿਸ਼ਤ ਫੈਲ ਗਈ। ਬੰਗਾਲ 'ਚ ਚੋਣ ਕਮਿਸ਼ਨ ਨੂੰ ਵੱਖ-ਵੱਖ ਧਿਰਾਂ ਵਲੋਂ 383 ਤੋਂ ਵੱਧ ਸ਼ਿਕਾਇਤਾਂ ਮਿਲੀਆਂ। ਤ੍ਰਿਣਮੂਲ ਕਾਂਗਰਸ 'ਤੇ ਭਾਜਪਾ ਦੇ ਕੁਝ ਵਰਕਰਾਂ ਨੂੰ ਕੁੱਟਣ ਅਤੇ ਆਪਣੇ ਸਮਰਥਕਾਂ ਨੂੰ ਪੋਲਿੰਗ ਕੇਂਦਰਾਂ ਤੱਕ ਪਹੁੰਚਾਉਣ ਤੋਂ ਰੋਕਣ ਲਈ ਹਿੰਸਾ ਦਾ ਸਹਾਰਾ ਲੈਣ ਦਾ ਦੋਸ਼ ਲਾਇਆ ਗਿਆ ਹੈ।

ਨਕਸਲਵਾਦ ਪ੍ਰਭਾਵਿਤ ਛੱਤੀਸਗੜ੍ਹ ਦੇ ਬੀਜਾਪੁਰ 'ਚ ਇਕ ਪੋਲਿੰਗ ਕੇਂਦਰ 'ਚ ਗ੍ਰੇਨੇਡ ਫਟਣ ਨਾਲ ਇਕ ਜਵਾਨ ਦੀ ਮੌਤ ਹੋ ਗਈ ਅਤੇ ਇਕ ਸਹਾਇਕ ਕਮਾਂਡੈਂਟ ਜ਼ਖ਼ਮੀ ਹੋ ਗਿਆ। ਹਿੰਸਾ ਪ੍ਰਭਾਵਿਤ ਅੰਦਰੂਨੀ ਅਤੇ ਬਾਹਰੀ ਮਨੀਪੁਰ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਵੱਖ-ਵੱਖ ਧੜਿਆਂ ਦਰਮਿਆਨ ਝੜਪਾਂ ਦੇ ਨਤੀਜੇ ਵਜੋਂ ਕੁਝ ਦੇਰ ਲਈ ਵੋਟਾਂ ਪੈਣ ਦਾ ਕੰਮ ਰੋਕਣਾ ਪਿਆ।

ਇੰਫਾਲ ਪੱਛਮ ਦੇ ਬੂਥ 'ਚ ਹਥਿਆਰਬੰਦ ਬਦਮਾਸ਼ਾਂ ਨੇ ਅੰਦਰ ਵੜ ਕੇ ਈ.ਵੀ.ਐੱਮ. 'ਚ ਭੰਨ-ਤੋੜ ਕੀਤੀ, ਗੋਲੀਆਂ ਚਲਾਈਆਂ ਅਤੇ ਕਈ ਥਾਵਾਂ 'ਤੇ ਬੂਥਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਮਨੀਪੁਰ ਦੇ 'ਥਮਨੋਪੋਕਪੀ' ਵਿਚ ਇਕ ਪੋਲਿੰਗ ਕੇਂਦਰ 'ਤੇ ਗੋਲੀਬਾਰੀ 'ਚ 3 ਵਿਅਕਤੀ ਜ਼ਖ਼ਮੀ ਹੋ ਗਏ। ਸੂਬੇ 'ਚ ਕੁਕੂ ਭਾਈਚਾਰੇ ਦੇ 'ਯੰਗ ਕੁਕੀ ਗਰੁੱਪ' ਨੇ ਵੋਟਾਂ ਪਾਉਣ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੋਇਆ ਹੈ।




ਬਿਹਾਰ ਦੇ ਨਵਾਦਾ 'ਚ ਇਕ ਸਿਪਾਹੀ ਦੀ ਐੱਸ. ਐੱਲ. ਆਰ. ਰਾਈਫਲ ਅਤੇ 20 ਗੋਲੀਆਂ ਚੋਰੀ ਹੋ ਗਈਆਂ। ਨਾਗਾਲੈਂਡ ਦੇ 6 ਜ਼ਿਲਿਆਂ ਦੇ 20 ਵਿਧਾਨ ਸਭਾ ਹਲਕਿਆਂ 'ਚ ਇਕ ਵੀ ਵੋਟ ਨਹੀਂ ਪਾਈ ਗਈ। ਈਸਟਰਨ ਨਾਗਾਲੈਂਡ ਪੀਪਲਜ਼ ਫਰੰਟ ਨੇ ਵੱਖਰੇ ਸੂਬੇ ਦੀ ਮੰਗ ਨੂੰ ਲੈ ਕੇ ਇਥੇ ਵੋਟਾਂ ਪਾਉਣ ਦਾ ਬਾਈਕਾਟ ਕੀਤਾ ਸੀ।

ਇਸ ਤਰ੍ਹਾਂ ਦੇ ਮਾਹੌਲ 'ਚ ਵੋਟਾਂ ਪੈਣ ਦਾ ਪਹਿਲਾ ਪੜਾਅ ਕੁਝ ਸਵਾਲ ਛੱਡ ਕੇ ਸੰਪੰਨ ਹੋ ਗਿਆ। ਅਸੀਂ ਕਹਿੰਦੇ ਹਾਂ ਕਿ ਵਿਸ਼ਵ ਵਿਚ ਸਾਡਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਪਰ ਕੀ ਸਾਡੇ ਸੰਵਿਧਾਨ ਘਾੜਿਆਂ ਨੇ ਇਸ ਤਰ੍ਹਾਂ ਦੇ ਲੋਕਤੰਤਰ ਦੀ ਕਲਪਨਾ ਕੀਤੀ ਸੀ। ਇਸ ਤਰ੍ਹਾਂ ਦੇ ਹਾਲਾਤ ਦੇ ਦਰਮਿਆਨ ਸਾਡੇ ਚੋਣ ਕਮਿਸ਼ਨ ਨੂੰ, ਸਾਡੇ ਪੁਲਸ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਬਲਾਂ ਨੂੰ ਬੜਾ ਸੁਚੇਤ ਅਤੇ ਚੌਕਸ ਹੋਣਾ ਪਵੇਗਾ ਤਾਂ ਕਿ ਚੋਣਾਂ 'ਚ ਹਿੰਸਾ ਨਾ ਹੋਵੇ ਅਤੇ ਸਾਡਾ ਦੇਸ਼ ਸਹੀ ਅਰਥਾਂ 'ਚ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਣ ਦਾ ਹੱਕਦਾਰ ਬਣ ਸਕੇ।

ਅਜਿਹਾ ਨਹੀਂ ਹੈ ਕਿ ਪਹਿਲਾਂ ਵੀ ਚੋਣਾਂ ਦੌਰਾਨ ਹਿੰਸਾ ਨਹੀਂ ਹੋਈ ਸੀ ਪਰ 2024 ਦੀਆਂ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ 'ਚ ਹਿੰਸਾ ਦੀਆਂ ਅਜਿਹੀਆਂ ਵਾਰਦਾਤਾਂ ਦਾ ਹੋਣਾ ਯਕੀਨੀ ਤੌਰ 'ਤੇ ਚਿੰਤਾ ਵਾਲੀ ਗੱਲ ਹੈ।

# ਵੈਕਸੀਨੇਸ਼ਨ ਕਰਾਓ-ਹਰ ਜ਼ਿੰਦਗੀ ਬਚਾਓ

*''ਵਿਸ਼ਵ ਟੀਕਾਕਰਨ ਵੀਕ 2024 ਟੀਕਾਕਰਨ ਦਾ ਮਕਸਦ, ਸਾਰਿਆਂ ਦੀ ਲੰਬੀ ਉਮਰ, ਤੰਦਰੁਸਤ ਜ਼ਿੰਦਗੀ ਜੀਉਣ ਲਈ, ਹੱਲ ਲੱਬਣ 'ਤੇ ਜਾਗਰੁਕ ਕਰਨ ਬਾਰੇ ਹੈ। ਟੀਕਾਕਰਨ ਲਾਈਫ ਵਿਚ ਖਤਰਨਾਕ ਛੂਤ ਦੀਆਂ ਬੀਮਾਰੀਆਂ ਨੂੰ ਕੰਟ੍ਰੋਲ ਕਰਨ ਅਤੇ ਖਤਮ ਕਰਨ ਲਈ ਇੱਕ ਕਾਰਗਰ ਸਾਧਨ ਹੈ'' – ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




ਹੈਲਥ ਮੀਡੀਆ ਕੈਨੇਡਾ : ਵਿਸ਼ਵ ਟੀਕਾਕਰਨ ਵੀਕ 2024 ਦੌਰਾਨ ਤੰਦਰੁਸਤੀ ਲਈ ਲੋਕਾਂ ਨੂੰ ਵੈਕਸੀਨੇਸ਼ਨ ਪ੍ਰਤੀ ਹਰ ਪੱਧਰ 'ਤੇ ਜਾਗਰੁਕ ਕੀਤਾ ਜਾ ਰਿਹਾ ਹੈ। ਅੱਜ ਪੂਰੀ ਦੁਨੀਆ ਵਿੱਚ ਆ ਰਹੇ ਨਵੇਂ-ਨਵੇਂ ਵੇਰੀਏਂਟਸ, ਬੈਕਟੀਰੀਆ ਕਾਰਨ ਬਿਮਾਰੀਆਂ ਨੇ ਚਿੰਤਾ ਵੱਧਾ ਦਿੱਤੀ ਹੈ। ਵਿਸ਼ਵ ਟੀਕਾਕਰਨ ਵੀਕ 2024 ਦੇ ਮੌਕੇ'ਤੇ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਹੈ ਟੀਕੇ ਸਾਨੂੰ ਨਜ਼ਦੀਕ ਲੈ ਕੇ ਆਉਂਦੇ ਹਨ। ਪੂਰਾ ਵਿਸ਼ਵ ਟੀਕਾਕਰਨ ਨੂੰ ਪਹਿਲ ਦੇ ਰਿਹਾ ਹੈ। ਅਜੇ ਭੀ ਮਹਾਂਮਾਰੀ ਕੋਵਿਡ-19 ਦੇ ਵੇਰੀਐਂਟਸ ਵਿਸ਼ਵ ਭਰ ਲਈ ਚੁਣੌਤੀ ਬਣੇ ਹੋਏ ਹਨ। ਕੋਵਿਡ-ਵੇਰੀਐਂਟਸ ਦੇ ਖਿਲਾਫ ਵੈਕਸੀਨ ਦੀ 1,2,3, ਅਤੇ ਚੋਥੀ ਡੋਜ਼ ਦੇ ਨਾਲ ਰੋਗੀਆਂ ਦਾ ਆਂਕੜਾ ਵੀ ਘੱਟਿਆ ਹੈ। ਪਰ ਕਈ ਲੋਕਾਂ ਨੂੰ ਕੋਵਿਡ ਵੈਕਸੀਨ ਤੋਂ ਬਾਅਦ ਮਾੜਾ ਅਸਰ ਵੀ ਦੇਖਿਆ ਗਿਆ ਹੈ। ਵਿਸ਼ਵ ਟੀਕਾਕਰਨ ਹਫਤੇ ਦਾ ਉਦੇਸ਼ ਜਾਗਰੂਕਤਾ ਦੇ ਨਾਲ-ਨਾਲ ਬੱਚਿਆਂ ਤੋਂ ਲੈ ਕੈ ਹਰ ਉਮਰ ਦੇ ਵਿਅਕਤੀ ਨੂੰ ਇਨਫੈਕਸ਼ਨ ਛੂਤ ਵਰਗੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨ ਦੀ ਵਰਤੋਂ ਪ੍ਰਤੀ ਉਤਸ਼ਾਹਤ ਕਰਨਾ ਹੈ। ਅੱਜ ਵੀ ਵਿਸ਼ਵ ਭਰ ਵਿਚ ਕਰੀਬਨ 21 ਮਿਲੀਅਨ ਤੋਂ ਵੱਧ ਬੱਚੇ ਲੋੜੀਂਦੇ ਟੀਕਿਆਂ ਤੋਂ ਬਿਨਾ ਰਹਿ ਜਾਂਦੇ ਹਨ। ਹਰ ਸਾਲ ਟੀਕਾਕਰਨ ਲੱਖਾਂ ਲੋਕਾਂ ਨੂੰ ਬਚਾਉਂਦਾ ਹੈ। 200 ਤੋਂ ਵੱਧ ਸਾਲਾਂ ਤੋਂ ਖਤਰਨਾਕ ਬਿਮਾਰੀਆਂ ਦੀ ਛੂਤ ਤੋਂ ਕੇਵਲ ਟੀਕਿਆਂ ਨੇ ਦੁਨੀਆ ਨੂੰ ਬਚਾਇਆ ਹੈ। ਇਮਊਿਨਿਟੀ ਲਈ ਜਾਨਲੇਵਾ ਬਿਮਾਰੀ ਕੋਵਿਡ-19 ਵੈਕਸੀਨ, ਟੀਕੇ ਨਾਲ ਬੱਚੇਦਾਨੀ ਦੇ ਕੈਂਸਰ, ਟੀ ਬੀ, ਬਚਪਨ ਦੇ ਰੋਗ ਖਸਰਾ ਵਗੈਰਾ ਤੋਂ ਬਚਾਅ ਹੋ ਜਾਂਦਾ ਹੈ। ਆਪਣੇ ਬੱਚਿਆਂ ਨੂੰ ਟੀਕਾਕਰਨ ਦੁਆਰਾ ਬੇਹਤਰ ਇਮਿਊਨਿਟੀ ਦਿਓ ਅਤੇ ਗੰਭੀਰ ਬਿਮਾਰੀਆਂ ਤੋਂ ਬਚਾਓ।



**ਅਨਿਲ ਧੀਰ**
**ਕਾਲਮਨਿਸਟ**
healthmedia1@hotmail.com



**ਬਿਮਾਰੀਆਂ ਲਈ ਟੀਕੇ:**

ਬੈਕਟੀਰੀਆ, ਵਾਇਰਸ 'ਤੇ ਵੇਰੀਐਂਟਸ ਦੀ ਇਨਫੈਕਸ਼ਨ ਤੋਂ ਪੈਦਾ ਹੋਣ ਵਾਲੀ ਬਿਮਾਰੀ ਨਾਲ ਲੜਨ 'ਤੇ ਬਚਣ ਲਈ ਸਰੀਰ ਅੰਦਰ ਇਮਿਉਨਿਟੀ ਦੀ ਲੋੜ ਹੁੰਦੀ ਹੈ। ਇਨਫੈਕਸ਼ਨ ਨਾਲ ਲੜਨ ਲਈ ਚਿੱਟੇ ਸੈੱਲ, ਮੈਕਰੋਫੇਜ, ਬੀ-ਲਿੰਫੋਸਾਈਟਸ ਅਤੇ ਟੀ ਲਿੰਫੋਸਾਈਟਸ, ਟਿਸ਼ੂ ਅਤੇ ਸਰੀਰਕ ਅੰਗਾਂ ਨੂੰ ਆਕਸੀਜ਼ਨ ਪਹੁੰਚਾਉਂਦੇ ਹਨ। ਇਹ ਟੀਕੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਅੱਗੇ ਬਿਮਾਰੀਆਂ ਮੁਤਾਬਿਕ ਟੀਕਾਕਰਨ ਕਰਨ ਨਾਲ ਪੂਰੇ ਸਮਾਜ ਨੂੰ ਬਚਾਇਆ ਜਾ ਸਕਦਾ ਹੈ।

ਭਵਿੱਖ ਵਿਚ ਖਤਰਨਾਕ ਬਿਮਾਰੀਆਂ ਡਿਪਥੀਰੀਆ, ਹੀਮੋਫਿਲਸ ਇਨਫਲੂਐਨਜ਼ਾ, ਹਿਪੇਟਾਈਟਸ ਏ-ਬੀ; ਸ਼ਿੰਗਲਸ; ਸੈਕਸ-ਰੋਗ ਐਚਪੀਵੀ; ਮੀਸਲਜ਼; ਦਿਮਾਗੀ ਰੋਗ ਮੇਨਿੰਨਗੋਕੋਕਲ; ਮੰਮਪਸ; ਕੁਕਰ ਖਾਂਸੀ; ਨੀਉਮੋਕੋਕਲ; ਰੋਟਾਵਾਇਰਸ, ਰੂਬੇਲਾ, ਟਿਟਨਸ, ਤੋਂ ਬਚਣ ਲਈ ਪ੍ਰੈਗਨੈਂਸੀ ਤੋਂ ਪਹਿਲਾਂ ਐਮਐਮ ਆਰ 'ਤੇ ਵੀ ਵੈਕਸੀਨ; ਅਤੇ ਬਾਕੀ ਟੀਡੈਪ ਅਤੇ ਫਲੂ ਵੈਕਸੀਨ; ਜਨਮ ਤੋਂ ਬਾਅਦ ਹੇਪੇਟਾਇਟਟਸ ਬੀ; ਡੀਟੀਏਪੀ; ਹਿਬ; ਪੋਲਿਓ(ਆਈਪੀਵੀ); ਪੀਸੀਵੀ-13; ਅਤੇ ਆਰਵੀ; ਚਿਕਨਪੋਕਸ; ਐਚਪੀਵੀ; ਮੈਨਏਸੀਡਬਲਿਉ ਵਾਈ; ਅਤੇ ਮੈਨ ਬੀ; ਅਚਏਐਚਵੀ; ਐਲਜ਼ੈਡਵੀ; ਆਰਜ਼ੈਡਵੀ; ਐਚਪੀਵੀ ਵੈਕਸੀਨ; ਆਈਵੀ-3; ਐਲਏਵੀ3-4; ਪੀਅਨ ਈਯੂ ਸੀ-10, 13, ਪੀਐਨਈਯੂ ਪੀ-23; ਰੋਟ-5 ਅਤੇ ਰੋਟ-1 ਵਗੈਰਾ ਦਿੱਤੇ ਜਾਂਦੇ ਹਨ।

ਨਵੇਂ-ਨਵੇਂ ਵੇਰੀਐਂਟਸ, ਵਾਇਰਸ-ਬੈਕਟੀਰੀਆ ਦੇ ਰੋਗਾਂ ਤੋਂ ਬਚਾਅ ਅਤੇ ਇਮਿਊਨ ਸਿਸਟਮ ਦੀ ਤਾਕਤ ਬਰਕਰਾਰ ਰੱਖਣ ਲਈ ਅਗੇ ਲਿਖੇ ਉਪਾਅ ਕਰ ਸਕਦੇ ਹੋ:

- ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ, ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡੋ ਦੀ ਕ੍ਰਿਆ ਰੋਜ਼ਾਨਾ ਕਰਨ।
- ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਕੇਲ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜ਼ਰ, ਸ਼ਕਰਕੰਦੀ, ਮਸ਼ਰੂਮ, ਨਿੰਬੂ,ਤੇ ਮਿਕਸ ਵੇਜ਼ੀਟੇਬਲ ਸੂਪ, ਅਤੇ ਫੱਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜੂਰ, ਚੇਰੀਜ਼, ਲਾਲ ਬੈਲ-ਪੀਪਰ, ਦੀ ਵਰਤੋਂ ਜ਼ਿਆਦਾ ਕਰੋ।
- ਸਵੇਰੇ-ਸ਼ਾਮ ਤਾਜ਼ਾ ਜ਼ਿੰਜ਼ਰ ਜੂਸ ਸ਼ਹਿਦ ਮਿਲਾ ਕੇ ਲਵੋ।
- ਸਟ੍ਰੈਸ ਘਟਾਉਣ ਦਾ ਯਤਨ ਕਰੋ ਅਤੇ ਡੇਲੀ 8 ਘੰਟੇ ਨੀਂਦ ਜਰੂਰ ਲੈਣੀ ਚਾਹੀਦੀ ਹੈ।
- ਤਾਜ਼ੀ ਹਲਦੀ ਦਾ ਸਲਾਦ ਵਿੱਚ ਖੀਰਾ, ਇੰਗਲਿਸ਼ ਕੁਕੂਮਬਰ, ਲੇਟਸ, ਲਾਲ ਪਿਆਜ਼, ਚੁਕੰਦਰ, ਜ਼ਿਆਦਾ ਖਾਓ।
- ਸਵੇਰੇ ਜ਼ਾਗਦੇ ਹੀ ਲਸਨ ਕਲੋਵ 1, ਅੱਧਾ ਚਮਚ ਹਲਦੀ ਪਾਓਡਰ 1 ਕੱਪ ਦੁੱਧ ਵਿੱਚ ਉਬਾਲ ਕੇ ਇਸਤੇਮਾਲ ਕਰੋ।
- ਵਾਇਰਸ-ਬੈਕਟੀਰੀਆ ਤੋਂ ਬਚਾਅ ਲਈ ਪਰਸਨਲ ਹਾਈਜ਼ੀਨ ਦਾ ਖਾਸ ਖਿਆਲ ਰੱਖੋ।
- ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼ ਨੂੰ ਖੁਰਾਕ ਵਿੱਚ ਸ਼ਾਮਿਲ ਕਰੋ।
- ਦੁੱਧ, ਦਹੀਂ, ਕਾਟੇਜ ਚੀਜ਼, ਪ੍ਰੋਬਾਓਿਟਿਕਸ ਇਸਤੇਮਾਲ ਕਰੋ।
- ਆਯਰਵੈਦਿਕ ਚਿਅਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸ਼ਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰੋ।
- ਸ਼ਰਾਬ, ਚੀਨੀ ਘੱਟ ਤੇ ਤੰਬਾਕੂ ਦਾ ਇਸਤੇਮਾਲ ਯਾਨਿ ਸਮੋਕਿੰਗ ਤੋਂ ਬਚੋ।
- ਮਲਟੀ-ਵਿਟਾਮਿਨ ਜ਼ਿੰਕ, ਸੇਲੀਨੀਅਮ, ਕੋਪਰ, ਫੋਲਿਕ ਏਸਿਡ, ਵਿਟਾਮਿਨ-ਏ, ਬੀ-6, ਸੀ ਅਤੇ ਈ ਆਦਿ ਸਪਲੀਮੈਂਟਸ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ। ਸਿੰਥੈਟਿਕ ਸਪਲੀਮੈਂਟਸ ਲੈਣ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।

ਨੋਟ: ਤੰਦਰੁਸਤੀ ਲਈ ਟੀਕਾਕਰਣ ਕਰਾਓ, ਜ਼ਿੰਦਗੀ ਬਚਾਓ।

# ਸਰੀਰ ਲਈ ਜ਼ਰੂਰੀ ਹੈ ਵਿਟਾਮਿਨ ਬੀ-ਕੰਪਲੈਕਸ

ਵਿਟਾਮਿਨ-ਬੀ ਸਰੀਰ ਲਈ ਜ਼ਰੂਰੀ ਹੁੰਦਾ ਹੈ। ਇਹ ਸਰੀਰ ਨੂੰ ਤੰਦਰੁਸਤ ਤੇ ਸੁਡੌਲ ਬਣਾਈ ਰੱਖਦਾ ਹੈ। ਸਰੀਰਕ ਵਿਕਾਸ ਅਤੇ ਸਿਹਤ ਦੀ ਰੱਖਿਆ ਲਈ ਇਸ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸ ਦੀ ਕਮੀ ਨਾਲ ਕਈ ਤਰ੍ਹਾਂ ਦੇ ਰੋਗ ਹੋ ਸਕਦੇ ਹਨ। ਸਾਨੂੰ ਵਿਟਾਮਿਨ-ਬੀ ਦੇ ਸਰੋਤਾਂ ਦੀ ਸਹੀ ਜਾਣਕਾਰੀ ਹੋਵੇ ਤਾਂ ਅਸੀਂ ਕਈ ਬਿਮਾਰੀਆਂ ਤੋਂ ਬਚ ਸਕਦੇ ਹਾਂ। ਵਿਟਾਮਿਨ-ਬੀ ਕੋਈ ਇਕ ਤੱਤ ਨਹੀਂ ਹੁੰਦਾ। ਇਹ ਕਈ ਰੂਪਾਂ ਵਿਚ ਪਾਇਆ ਜਾਂਦਾ ਹੈ। ਮੁੱਖ ਰੂਪ ਵਿਚ ਇਸ ਦੀ ਗਿਣਤੀ ਚਾਰ ਹੈ-ਬੀ-1, ਬੀ-2, ਬੀ-6, ਬੀ-12 ਅਤੇ ਬੀ-16 ਆਦਿ। ਇਨ੍ਹਾਂ ਨੂੰ ਮਿਸ਼ਰਿਤ ਰੂਪ ਵਿਚ 'ਬੀ-ਕੰਪਲੈਕਸ' ਕਿਹਾ ਜਾਂਦਾ ਹੈ। ਬੀ-ਕੰਪਲੈਕਸ ਵਿਟਾਮਿਨ-ਸੀ (ਐਸਕਾਰਬਿਕ ਐਸਿਡ) ਵਾਂਗ ਪਾਣੀ ਵਿਚ ਘੁਲਣਸ਼ੀਲ ਹੈ।



ਵਿਟਾਮਿਨ-ਬੀ ਸਮੂਹ ਦਾ ਪਹਿਲਾ ਮੈਂਬਰ 'ਥਾਈਮੀਨ' ਹੈ। ਇਸ ਨੂੰ ਬੀ-1 ਕਿਹਾ ਜਾਂਦਾ ਹੈ। ਇਹ ਹਾਜ਼ਮਾ ਪ੍ਰਣਾਲੀ ਨੂੰ ਠੀਕ ਰੱਖਦਾ ਹੈ। ਇਹ ਰੋਗਾਣੂਆਂ ਨਾਲ ਸੰਘਰਸ਼ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਦੀ ਕਮੀ ਨਾਲ ਭੁੱਖ ਘੱਟ ਲਗਦੀ ਹੈ। ਕਮਜ਼ੋਰੀ ਦਾ ਅਹਿਸਾਸ ਹੁੰਦਾ ਹੈ। 'ਬੇਰੀ-ਬੇਰੀ' ਨਾਮਕ ਰੋਗ ਹੋ ਜਾਂਦਾ ਹੈ। ਮਾਨਸਿਕ ਅਸੰਤੁਲਨ ਦੀ ਸਮੱਸਿਆ ਪੈਦਾ ਹੁੰਦੀ ਹੈ। ਇਹ ਸਾਨੂੰ ਜੌਂ, ਬਾਜਰਾ, ਜਵਾਰ, ਮੈਦਾ, ਚੌਲ, ਸੋਇਆਬੀਨ, ਕਣਕ, ਪੁੰਗਰੇ ਅਨਾਜ, ਦਲੀਆ, ਮਟਰ ਅਤੇ ਮੂੰਗਫਲੀ ਤੋਂ ਹਾਸਿਲ ਹੁੰਦਾ ਹੈ।

ਵਿਟਾਮਿਨ ਬੀ-12 ਨੂੰ 'ਰਾਈਬੋ-ਫਲੋਬਿਨ' ਵੀ ਕਹਿੰਦੇ ਹਨ। ਇਹ ਮੂੰਹ, ਜੀਭ ਅਤੇ ਅੱਖਾਂ ਲਈ ਜ਼ਰੂਰੀ ਹੁੰਦਾ ਹੈ। ਇਸ ਦੀ ਕਮੀ ਨਾਲ ਜੀਭ ਲਾਲ ਹੋ ਜਾਂਦੀ ਹੈ, ਮੂੰਹ ਵਿਚ ਛਾਲੇ ਪੈ ਜਾਂਦੇ ਹਨ। ਮੂੰਹ ਦੇ ਕੋਣ ਫਟ ਜਾਂਦੇ ਹਨ। ਨੱਕ 'ਚ ਪਾਪੜੀ ਆ ਜਾਂਦੀ ਹੈ। ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ। ਦੁੱਧ, ਖਮੀਰ, ਅਨਾਜ, ਦਾਲਾਂ, ਦਹੀਂ ਅਤੇ ਹਰੇ ਪੱਤੇਦਾਰ ਸਬਜ਼ੀਆਂ ਇਸ ਦੇ ਪ੍ਰਮੁੱਖ ਸਰੋਤ ਹਨ।

ਵਿਟਾਮਿਨ ਬੀ-6 ਨੂੰ ਰਸਾਇਣ ਵਿਗਿਆਨ ਦੀ ਭਾਸ਼ਾ ਵਿਚ 'ਪਾਈਰੀਡਾਕਸੀਨ' ਕਹਿੰਦੇ ਹਨ। ਇਹ ਚਮੜੀ ਲਈ ਜ਼ਰੂਰੀ ਹੁੰਦਾ ਹੈ। ਇਸ ਦੀ ਕਮੀ ਨਾਲ ਬੁੱਧੀਮੰਦੀ ਪੈ ਜਾਂਦੀ ਹੈ। ਸਰੀਰ ਵਿਚ ਅਕੜਨ ਆਉਂਦੀ ਹੈ। ਇਹ ਦੁੱਧ, ਕਲੇਜੀ, ਖਮੀਰ, ਮਾਸ ਅਤੇ ਅਨਾਜ ਵਿਚ ਪਾਇਆ ਜਾਂਦਾ ਹੈ।

ਵਿਟਾਮਿਨ ਬੀ-12 ਦਾ ਰਸਾਇਣਕ ਨਾਂਅ 'ਸਾਇਨੋਕਾਬਾਲਾਮੀਨ' ਹੈ। ਇਹ ਚਮੜੀ, ਨਾੜੀਆਂ, ਉੱਤਕ, ਹੱਡੀਆਂ ਅਤੇ ਮਾਸਪੇਸ਼ੀਆਂ ਲਈ ਜ਼ਰੂਰੀ ਹੁੰਦਾ ਹੈ। ਇਸ ਦੀ ਕਮੀ ਨਾਲ ਅਨੀਮੀਆ ਰੋਗ ਹੋ ਜਾਂਦਾ ਹੈ। ਇਹ ਮੁੱਖ ਤੌਰ 'ਤੇ ਮਾਸ, ਮੱਛੀ, ਆਂਡਾ, ਦੁੱਧ ਅਤੇ ਪਨੀਰ ਤੋਂ ਮਿਲਦਾ ਹੈ।

ਬੀ-ਕੰਪਲੈਕਸ ਵਿਚ ਹੋਰ ਵਿਟਾਮਿਨ ਇਸ ਤਰ੍ਹਾਂ ਹਨ- ਨਾਈਕੋਟੈਨਿਕ ਐਸਿਡ, ਬਾਇਓਟੀਨ ਪੈਂਟੋਥੈਨਿਕ ਐਸਿਡ ਅਤੇ ਫੌਲਿਕ ਐਸਿਡ ਆਦਿ।

ਬੀ-ਕੰਪਲੈਕਸ ਦੀ ਦਵਾਈ ਦੇ ਰੂਪ ਵਿਚ ਵੀ ਵਰਤੋਂ ਕਰ ਸਕਦੇ ਹਾਂ। ਜ਼ਿਆਦਾਤਰ ਵਿਟਾਮਿਨ ਦੀ ਦਵਾਈਆਂ ਦੇ ਨਾਲ ਵਿਟਾਮਿਨ-ਸੀ ਵੀ ਮਿਲਿਆ ਹੁੰਦਾ ਹੈ। ਅਨੇਕਾਂ ਮਸ਼ਹੂਰ ਬ੍ਰਾਂਡ ਦੀਆਂ ਬੀ-ਕੰਪਲੈਕਸ ਦੀਆਂ ਦਵਾਈਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਡਾਕਟਰ ਦੀ ਸਲਾਹ ਨਾਲ ਲਿਆ ਜਾ ਸਕਦਾ ਹੈ।

**- ਅਨੁਜ ਸਵਰਨ**



# ਮੁਕੰਮਲ ਖ਼ੁਸ਼ੀ ਹਾਸਲ ਕਰਨ ਦਾ ਭਰਮ

ਅਸੀਂ ਭਾਵੇਂ ਬੇਸ਼ੁਮਾਰ ਜੰਗਾਂ, ਫ਼ੌਜੀ ਸ਼ਾਸਨ, ਤਾਨਾਸ਼ਾਹੀ ਦੇ ਨਵੇਂ ਰੂਪਾਂ, ਵਧਦੀ ਆਰਥਿਕ ਨਾ-ਬਰਾਬਰੀ, ਜਲਵਾਯੂ ਤਬਦੀਲੀ ਤੇ ਸਮਾਜੀ ਮਾਨਸਿਕ ਵਿਕਾਰਾਂ ਵਾਲੀ ਅੰਨ੍ਹੀ ਹਿੰਸਾ ਦੀ ਸ਼ਿਕਾਰ ਦੁਨੀਆ ਵਿੱਚ ਰਹਿ ਰਹੇ ਹਾਂ, ਫਿਰ ਵੀ ਖ਼ੁਸ਼ੀ ਲਈ ਸਾਡੀ ਤਲਾਸ਼ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਅਜੋਕੇ ਸਮਿਆਂ ’ਚ ਕਿਉਂਕਿ ਸਾਨੂੰ ਚੰਗਾ ਲੱਗਦਾ ਹੈ ਕਿ ਜੀਵਨ ਦਾ ਸਾਰਾ ਹਿਸਾਬ ਸਹੀ ਬੈਠੇ, ਖ਼ੁਸ਼ੀ ਵਰਗੇ ਬੇਹੱਦ ਗੁਣਾਤਮਕ ਤੇ ਅੰਤਰੀਵ ਭਾਵ ਦਾ ਵੀ ਅਸੀਂ ਮਾਪ-ਤੋਲ ਕਰਨ ਲੱਗ ਪਏ ਹਾਂ। ਹਰ ਸਾਲ ਸੰਯੁਕਤ ਰਾਸ਼ਟਰ ਦਾ ਟਿਕਾਊ ਵਿਕਾਸ ਬਾਰੇ ਨੈੱਟਵਰਕ ਵੱਖ-ਵੱਖ ਮੁਲਕਾਂ ਦੀ ਦਰਜਾਬੰਦੀ ਕਰਦਾ ਹੈ, ਇਨ੍ਹਾਂ ਨੂੰ ‘ਖ਼ੁਸ਼ੀ ਸੂਚਕ ਅੰਕ’ ਵਿੱਚ ਮਾਪਿਆ ਜਾਂਦਾ ਹੈ ਜਿਸ ਦਾ ਆਧਾਰ ਕੁੱਲ ਘਰੇਲੂ ਉਤਪਾਦ, ਜਿਊਣ ਦੀ ਸੰਭਾਵਨਾ, ਸਰਕਾਰ ਜਾਂ ਮੁਲਕ ਦੀ ਸਮਰੱਥਾ, ਸਮਾਜਿਕ ਸਹਾਇਤਾ ਜਾਂ ਕਹਿ ਲਈਏ, ਪਰਉਪਕਾਰੀ ਰਵੱਈਆ ਹੁੰਦਾ ਹੈ। ਫਿਨਲੈਂਡ ਜਿੱਥੇ ਇਸ ਸੂਚੀ ਵਿੱਚ ਚੋਟੀ ’ਤੇ ‘ਸਭ ਤੋਂ ਵੱਧ ਖ਼ੁਸ਼ ਮੁਲਕ’ ਬਣਿਆ ਹੋਇਆ ਹੈ, ਉੱਥੇ ‘ਵਰਲਡ ਹੈਪੀਨੈੱਸ ਰਿਪੋਰਟ-2024’ ਵਿਚ ਭਾਰਤ ਦਾ ਨੰਬਰ 143 ਮੁਲਕਾਂ ਵਿਚੋਂ 126ਵਾਂ ਹੈ।

ਮੈਂ ਸ਼ਾਇਦ ਇਸ ਰਿਪੋਰਟ ਦੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਤਾਂ ਨਹੀਂ ਕਰਾਂਗਾ; ਇਸ ਵਿੱਚ ਕੋਈ ਸ਼ੱਕ ਵੀ ਨਹੀਂ ਹੈ ਕਿ ਆਰਥਿਕ ਸਥਿਰਤਾ ਦਾ ਮੁਨਾਸਿਬ ਪੱਧਰ, ਸਮਾਜਿਕ ਭਲਾਈ ਦੀਆਂ ਸਰਕਾਰੀ ਸਕੀਮਾਂ, ਬਿਹਤਰ ਸਿਹਤ ਸਹੂਲਤਾਂ, ਕੰਮਕਾਜੀ ਸੰਤੁਸ਼ਟੀ, ਆਪਸੀ ਤਾਲਮੇਲ ਵਾਲੇ ਸਮਾਜ ਦੀ ਮੌਜੂਦਗੀ ਅਤੇ ਸਿਆਸੀ ਆਜ਼ਾਦੀ ਰੋਜ਼ਮੱਰਾ ਜ਼ਿੰਦਗੀ ਵਿੱਚ ਕੁਝ ਹੱਦ ਤੱਕ ਤਸੱਲੀ ਪੈਦਾ ਕਰਦੇ ਹਨ; ਹਾਲਾਂਕਿ ਇਹ ਸਵੀਕਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਕਿ ਖ਼ਾਲਸ ਖ਼ੁਸ਼ੀ ਵਰਗਾ ਕੁਝ ਨਹੀਂ ਹੈ ਕਿਉਂਕਿ ਆਨੰਦ ਤੇ ਤਸੱਲੀ ਵਾਲੇ ਸਾਡੇ ਸਭ ਤੋਂ ਬਿਹਤਰੀਨ ਪਲ ਕਿਸੇ ਨਾ ਕਿਸੇ ਕਿਸਮ ਦੀ ਬੇਚੈਨੀ ਵੀ ਨਾਲ ਲੈ ਕੇ ਆਉਂਦੇ ਹਨ। ਜਿਵੇਂ ਸਾਡੇ ਕੋਲ ਜੋ ਕੁਝ ਹੈ, ਉਸ ਨੂੰ ਗੁਆਉਣ ਦਾ ਡਰ ਰਹਿੰਦਾ ਹੈ, ਭਾਵੇਂ ਉਹ ਭੌਤਿਕ ਸੰਪਤੀ ਹੋਵੇ, ਸਰੀਰਕ ਜੀਵਨ ਸ਼ਕਤੀ ਜਾਂ ਸਨੇਹੀਆਂ ਦਾ ਸਾਥ। ਅਸੀਂ ਹਮੇਸ਼ਾ ਸੰਪੂਰਨ ਖ਼ੁਸ਼ੀ ਲੱਭਦੇ ਰਹਿੰਦੇ ਹਾਂ, ਫਿਰ ਵੀ ਇਹ ਸਾਡੇ ਹੱਥ ਨਹੀਂ ਆਉਂਦੀ। ਸਾਡੇ ਸਮਿਆਂ ਵਿੱਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ ‘ਖ਼ੁਸ਼ੀ ਅਤੇ ਸਫ਼ਲਤਾ’ ਲਈ ਵਾਰ-ਵਾਰ ਸਾਨੂੰ ਕੁਝ ‘ਢੰਗ-ਤਰੀਕੇ’ ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ।



***ਸਾਡੇ ਸਮਿਆਂ ਵਿੱਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ ‘ਖ਼ੁਸ਼ੀ ਅਤੇ ਸਫ਼ਲਤਾ’ ਲਈ ਵਾਰ-ਵਾਰ ਸਾਨੂੰ ਕੁਝ ‘ਢੰਗ-ਤਰੀਕੇ’ ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ।***

ਉਂਝ, ਇਹ ਜਾਣਨਾ ਜ਼ਰੂਰੀ ਹੈ ਕਿ ਖ਼ੁਸ਼ੀ ‘ਸੈਲਫ ਹੈਲਪ’ ਪੁਸਤਕਾਂ ਜਾਂ ਆਸ਼ਰਮ ਤੇ ਮੱਠਾਂ ਤੋਂ ਫੌਰੀ ਪ੍ਰਾਪਤ ਹੋਣ ਵਾਲਾ ਕੋਈ ਰੋਗ ਨਿਵਾਰਕ ਕੈਪਸੂਲ ਨਹੀਂ ਹੈ। ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿੱਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ ‘ਸਚੇਤ ਮਨ’ (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ ’ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ ‘ਸੈਲਫ ਹੈਲਪ’ ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ। ਝੁੱਗੀ ਵਿੱਚ ਰਹਿਣ ਵਾਲੇ ਜਾਂ ਕਿਸੇ ਬੇਘਰੇ ਨੂੰ ‘ਘੱਟੋ-ਘੱਟ ਨਾਲ ਗੁਜ਼ਾਰੇ’ ਦਾ ਪਾਠ ਪੜ੍ਹਾਉਣਾ ਵੀ ਓਨਾ ਹੀ ਬੇਹੂਦਾ ਹੈ। ਇਸ ਅੰਤਾਂ ਦੇ ਉੱਚੇ-ਨੀਵੇਂ ਤੇ ਬੇਰਹਿਮ ਸੰਸਾਰ ਦੀਆਂ ਰਾਜਸੀ ਤੇ ਆਰਥਿਕ ਨੀਹਾਂ ਨੂੰ ਬਦਲੇ ਬਿਨਾਂ ਅਸੀਂ ਤਸੱਲੀ ਦੇ

**ਅਵਿਜੀਤ ਪਾਠਕ**

ਲੋੜੀਂਦੇ ਪੱਧਰ ਵੱਲ ਨਹੀਂ ਵੱਧ ਸਕਦੇ। ਨਸਲਕੁਸ਼ੀ ਨੂੰ ਆਮ ਹੀ ਸਿੱਧ ਕਰ ਦੇਣ ਦੇ ਮਾਹੌਲ ਵਿਚਾਲੇ ਫ਼ਲਸਤੀਨੀ ਭਲਾ ਕਿਵੇਂ ਖ਼ੁਸ਼ ਰਹਿ ਸਕਦੇ ਹਨ।

ਇਸੇ ਤਰ੍ਹਾਂ ਜੇ ਰੁਜ਼ਗਾਰ ਰਿਪੋਰਟ-2024 ਦੱਸਦੀ ਹੈ ਕਿ ਭਾਰਤ ਦੇ 83 ਪ੍ਰਤੀਸ਼ਤ ਬੇਰੁਜ਼ਗਾਰ, ਨੌਜਵਾਨ ਵਰਗ ਨਾਲ ਸਬੰਧਿਤ ਹਨ ਜਾਂ ਜਿਵੇਂ ਖੋਜ ਪੱਤਰ ‘ਦਿ ਰਾਈਜ਼ ਆਫ ਬਿਲੀਅਨੇਅਰ ਰਾਜ’ ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਦੇ ਉਪਰਲੇ ਇੱਕ ਪ੍ਰਤੀਸ਼ਤ ਲੋਕਾਂ ਕੋਲ 40 ਪ੍ਰਤੀਸ਼ਤ ਸੰਪਤੀ ਹੈ ਤਾਂ ਇਕ ਔਸਤ ਭਾਰਤੀ ਦੇ ਦਰਦ, ਡਰ, ਤਣਾਅ ਤੇ ਦੁੱਖ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਾਡੇ ਕੋਲ ਭਾਵੇਂ ਮੁਕਤੀ ਦੇ ਵੱਖੋ-ਵੱਖਰੇ ਰਾਹ ਦਿਖਾਉਣ ਵਾਲੇ ਹਜ਼ਾਰਾਂ ਬਾਬੇ ਤੇ ਗੁਰੂ ਹਨ, ਫਿਰ ਵੀ ਕੌੜੀ ਸਚਾਈ ਇਹੀ ਹੈ ਕਿ ਸਾਡਾ ਮੁਲਕ ਨਾਖ਼ੁਸ਼ ਅਤੇ ਉਦਾਸ ਮੁਲਕ ਹੈ। ਸ਼ਾਇਦ ਸਾਡੇ ਸਮਾਜ ਦੀ ਸਿਆਸੀ/ਆਰਥਿਕ ਮੁੜ ਉਸਾਰੀ ਤੋਂ ਬਿਨਾਂ ਅਸੀਂ ਅਜਿਹਾ ਸਮਾਜਿਕ ਵਾਤਾਵਰਨ ਨਹੀਂ ਸਿਰਜ ਸਕਦੇ ਜੋ ਸੰਤੁਸ਼ਟ ਲੋਕਾਈ ਦੇ ਵਿਕਾਸ ਲਈ ਨਿਆਂ ਸੰਗਤ ਤਰੀਕੇ ਨਾਲ ਸਾਜ਼ਗਾਰ ਹੋਵੇ। ਇੱਥੇ ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਮੈਂ ਆਤਮ-ਵਿਸ਼ਲੇਸ਼ਣ ਦੀ ਅਹਿਮੀਅਤ ਜਾਂ ਅਰਥਪੂਰਨ, ਟਿਕਾਊ ਤੇ ਦਯਾ ਭਾਵ ਨਾਲ ਭਰਪੂਰ ਜੀਵਨ ਜਿਊਣ ਲਈ ਅੰਦਰੂਨੀ ਠਹਿਰਾਅ ਦੀ ਲੋੜ ਨੂੰ ਨਕਾਰਦਾ ਹਾਂ। ਆਰਥਿਕ ਸੁਰੱਖਿਆ ਤੇ ਰਾਜਨੀਤਕ ਆਜ਼ਾਦੀ ਦਾ ਢੁੱਕਵਾਂ ਪੱਧਰ ਸਾਡੀ ਰੋਜ਼ਮੱਰ੍ਹਾ ਜ਼ਿੰਦਗੀ ਨੂੰ ਕੁਝ ਹੱਦ ਤੱਕ ਸੁਖੀ ਬਣਾਉਂਦਾ ਹੈ। ਜੀਵਨ ਨੂੰ ‘ਪਵਿੱਤਰ’ ਕੀਤੇ ਬਿਨਾਂ ਵਧੇਰੇ ਅਰਥਪੂਰਨ ਤੇ ਸ਼ਾਂਤੀਪੂਰਨ ਅਹਿਸਾਸ (ਜ਼ਰੂਰੀ ਨਹੀਂ ਕਿ ਸੰਪੂਰਨ ‘ਖ਼ੁਸ਼ੀ’ ਦੀ ਸਥਿਤੀ) ਵੱਲ ਨਹੀਂ ਵਧਿਆ ਜਾ ਸਕਦਾ। ਮਸਲਨ, ਇਹ ਧਾਰਮਿਕਤਾ ਜਾਂ ਪਵਿੱਤਰਤਾ ਜਿਊਣ ਦੀ ਅਜਿਹੀ ਕਲਾ ਵਿਕਸਿਤ ਕਰਨ ਬਾਰੇ ਹੈ ਜੋ ਖਪਤਵਾਦ ਤੋਂ ਦੂਰ ਹੋਵੇ। ਇਸ ਸਭ ਲਈ ਭੋਜਨ, ਵਸੇਬੇ, ਸਿੱਖਿਆ, ਰਾਜਨੀਤਕ ਆਜ਼ਾਦੀ ਤੇ ਕੰਮਕਾਰ ਜਿਹੀਆਂ ਬੁਨਿਆਦੀ ਲੋੜਾਂ ਨੂੰ ਬੇਕਾਬੂ ਲਾਲਚ ਦੇ ਵਾਇਰਸ ਤੋਂ ਵੱਖਰਾ ਕਰਨਾ ਪਏਗਾ- ਉਹ ਲਾਲਚ ਜਿਸ ਨੂੰ ਮੰਡੀ ਆਧਾਰਿਤ ਸਮਾਜ ਨੇ ਆਮ ਵਰਤਾਰਾ ਬਣਾ ਦਿੱਤਾ ਹੈ।

ਹਾਂ, ਅਜਿਹੇ ਸਮਾਜ ਵਿਚ ਖ਼ੁਸ਼ੀ ਲਈ ਕੋਈ ਥਾਂ ਨਹੀਂ ਹੈ ਜਿਹੜਾ ਬੇਲੋੜੀ ਖ਼ਪਤ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਾ ਹੈ ਜਾਂ ਨਿੱਤ ਨਵੇਂ ਆ ਰਹੇ ਉਤਪਾਦਾਂ ਲਈ ਲਲਚਾਉਂਦਾ ਹੈ ਅਤੇ ਨਵ-ਉਦਾਰਵਾਦੀ ਮੰਡੀ ਦੀਆਂ ਨਵੀਆਂ ਕਾਢਾਂ ਨੂੰ ਲਗਾਤਾਰ ਅਪਨਾਉਂਦਾ ਹੈ। ਇਹ ਤਾਂਘ, ਸਕੂਨ ਤੇ ਚੈਨ ਨੂੰ ਭੰਗ ਕਰਦੀ ਹੈ; ਤੇ ਉਲਟਾ ਈਰਖਾ, ਬੇਚੈਨੀ ਤੇ ਪੱਛੜਨ ਦਾ ਸਦੀਵੀ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਖ਼ੁਦ ’ਚ ਨਾਤੇਦਾਰੀ ਦੀ ਕਲਾ ਵਿਕਸਿਤ ਕਰਨਾ ਵੀ ਓਨਾ ਹੀ ਜ਼ਰੂਰੀ ਹੈ; ਅਜਿਹਾ ਅਪਣਾਪਨ ਜੋ ਬਿਲਕੁਲ ਆਮ ਜਿਹੀਆਂ ਚੀਜ਼ਾਂ ’ਚ ਭਰਪੂਰ ਖ਼ੁਸ਼ੀ ਲੱਭ ਸਕੇ, ਜਿਵੇਂ ਕਿਸੇ ਗੁੱਝੇ ਮਕਸਦ ਬਿਨਾਂ ਕਿਸੇ ਦੋਸਤ ਨੂੰ ਮਿਲਣਾ ਜਾਂ ਕਿਸੇ ਪਹਾੜੀ ਇਲਾਕੇ ਦੀ ਸੈਰ ਕਰਨੀ ਤੇ ਅਨੰਤ ਦੀ ਝਲਕ ਦਾ ਆਨੰਦ ਮਾਨਣਾ। ‘ਸਾਧਾਰਨ’ ਹੋਣ ਦੀ ਇਹ ਕਲਾ ਜੋ ਕਲਾਤਮਕ ਵਾਧੇ ਨਾਲ ਵੀ ਭਰੀ ਹੋਈ ਹੈ, ਮਿਥਿਹਾਸਕ ‘ਸਫਲਤਾ’ ਹਾਸਲ ਕਰਨ ਦੀ ਮਾਨਸਿਕ ਬੇਚੈਨੀ ਜਾਂ ‘ਸੰਪੂਰਨ ਤੇ ਖ਼ੁਸ਼ਹਾਲ ਜਿ?ਦਗੀ’ ਜਿਊਣ ਦੇ ਫਰੇਬ ਤੋਂ ਮੁਕਤੀ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ; ਇਸੇ ਫਰੇਬ ਰਾਹੀਂ ਭਰਮਾਊ ‘ਕਲਚਰ ਇੰਡਸਟਰੀ’ ਲਗਾਤਾਰ ਸਾਨੂੰ ਧੋਖੇ ਵਿਚ ਰੱਖ ਰਹੀ ਹੈ।

ਜੀਵਨ ਦੀ ਸ਼ੁੱਧਤਾ ਲਈ ਹੋਂਦ ਦੇ ਵਿਰਾਸਤੀ ਅਵਸਾਦ ਨੂੰ ਸਵੀਕਾਰਨ ਦੀ ਲੋੜ ਹੈ। ਇਹ ਇਵੇਂ ਮੰਨਣ ਵਾਂਗ ਹੈ ਕਿ ਸਾਰਾ ਕੁਝ ਸਾਡੇ ਕੰਟਰੋਲ ਵਿਚ ਨਹੀਂ ਹੈ। ਜਿਸ ਚੀਜ਼ ਨੂੰ ਵੀ ਅਸੀਂ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਕੱਚੀ ਤੇ ਅਸਥਾਈ ਹੈ। ਗੂੜ੍ਹ ਘਟਨਾਵਾਂ ਅਤੇ ਤ੍ਰਾਸਦੀਆਂ ਅਚਾਨਕ ਸਾਡੀ ਹੋਂਦ ਨੂੰ ਤੋੜ ਸਕਦੀਆਂ ਹਨ; ਤੇ ਕੋਈ ਵੀ ਮੌਤ ਦੇ ਸੱਚ ਤੋਂ ਬਚ ਨਹੀਂ ਸਕਦਾ, ਜੋ ਆਖ਼ਰ ਵਿੱਚ ਸਾਡੀ ਫੁੱਲੀ ਹੋਈ ਹਉਮੈ ਨੂੰ ਮਨਫ਼ੀ ਕਰੇਗੀ। ਸ਼ਾਇਦ ਇਹ ਅਹਿਸਾਸ, ਕੁੜੱਤਣ ਭਰਨ ਦੀ ਬਜਾਇ ਇਸ ਦੁਨਿਆਵੀ ਹੋਂਦ ਤੋਂ ਪਾਕ ਹੰਝੂਆਂ ਨਾਲ ਸਾਨੂੰ ਪਾਰ ਲੰਘਾਏਗਾ।


## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match.

Parents Green Card holders.

Contact: +1 510 453 0085.



# ਕਦੇ ਜ਼ੁਬਾਨ ਦੇ ਕਮਾਨ ਵਿਚੋਂ ਨਿਕਲੇ ਸ਼ਬਦ, ਕਦੇ ਚੰਗੇ ਸ਼ਬਦ ਬਣ ਜਾਂਦੇ ਹਨ

## ਭਾਸ਼ਾ ਦੀ ਮਹੱਤਤਾ ਅਤੇ ਸ਼ਬਦਾਂ ਦੇ ਪ੍ਰਭਾਵ






ਜ਼ਫ਼ਰ ਇਕਬਾਲ ਜ਼ਫ਼ਰ
ਲਾਹੌਰ ਪਾਕਿਸਤਾਨ


ਇੱਕ ਮਨੁੱਖੀ ਬੱਚਾ ਦੋ ਸਾਲ ਦੀ ਉਮਰ ਵਿੱਚ ਬੋਲਣਾ ਸ਼ੁਰੂ ਕਰ ਦਿੰਦਾ ਹੈ, ਪਰ ਇਹ ਸਮਝਣ ਵਿੱਚ ਸਾਰੀ ਉਮਰ ਲੱਗ ਜਾਂਦੀ ਹੈ ਕਿ ਕਿਹੜੇ ਸਮੇਂ ਵਿੱਚ ਕਿਹੜੇ ਸ਼ਬਦ ਬੋਲਣੇ ਹਨ, ਇਸ ਲਈ ਬੋਲਣ ਵੇਲੇ ਚੁੱਪ ਰਹਿਣਾ ਅਤੇ ਬੋਲਣ ਵੇਲੇ ਚੁੱਪ ਰਹਿਣਾ ਦੋ ਭਾਸ਼ਾਵਾਂ ਦੇ ਨੁਕਸ ਦੱਸੇ ਗਏ ਹਨ, ਕੀ, ਕਦੋਂ, ਕਿੱਥੇ ਅਤੇ ਜੇ ਇਹ ਨਿਮਰ ਹੈ, ਤਾਂ ਹਰ ਵਿਅਕਤੀ ਦੀ ਸ਼ਖਸੀਅਤ ਕਾਗਜ਼ ਦੇ ਟੁਕੜਿਆਂ ਦੇ ਹੇਠਾਂ ਲੁਕੀ ਹੋਈ ਹੈ. ਭਾਸ਼ਾ ਦਿਲ ਅਤੇ ਦਿਮਾਗ ਦੀ ਵਿਆਖਿਆ ਕਰਨ ਵਾਲੀ ਹੁੰਦੀ ਹੈ ਅਤੇ ਦਿਲ ਅਤੇ ਦਿਮਾਗ ਦੀ ਵਿਆਖਿਆ ਕਰਨ ਵਾਲੀ ਇਹ ਚੋਣ ਹੀ ਵਿਅਕਤੀ ਨੂੰ ਸਮਾਜ ਵਿੱਚ ਇੱਕ ਵਿਲੱਖਣ ਸਥਾਨ ਬਣਾ ਦਿੰਦੀ ਹੈ, ਜੋ ਕਿ ਆਪਣੀ ਸੋਚ ਦੇ ਕਾਰਨ ਲੋਕਾਂ ਦੇ ਮਨਾਂ ਅਤੇ ਭਾਸ਼ਾਵਾਂ ਵਿੱਚ ਬਣੀ ਰਹਿੰਦੀ ਹੈ ਅਤੇ ਲਚਕੀਲਾ ਭਾਸ਼ਣ ਜਿੱਥੇ ਅਣਗਿਣਤ ਪਿਆਰ ਕਮਾਉਣ ਵਿੱਚ ਭਾਸ਼ਾ ਦੀ ਚੰਗੀ ਵਰਤੋਂ ਕਰਨ ਵਿੱਚ ਅੱਗੇ ਹੈ, ਉੱਥੇ ਮਾੜੀ ਵਰਤੋਂ ਇਸ ਦੇ ਨਿਸ਼ਾਨਾਂ ਨੂੰ ਮਿਟਣ ਨਹੀਂ ਦਿੰਦੀ, ਇਸ ਲਈ ਇਹ ਗੁਨਾਹ ਨਹੀਂ ਹੈ. ਚੰਗੀ ਬੋਲੀ, ਪਰ ਮਾੜੀ ਬੋਲੀ ਕਿਸੇ ਦੇ ਦਿਲ ਨੂੰ ਠੇਸ ਪਹੁੰਚਾ ਸਕਦੀ ਹੈ ਅਤੇ ਮਨ ਨੂੰ ਠੇਸ ਪਹੁੰਚਾਉਣਾ ਧਰਤੀ ਦੇ ਸਾਰੇ ਜਾਨਵਰਾਂ ਨੂੰ ਪਿੱਛੇ ਛੱਡਣਾ ਹੈ। ਦੁਖਦਾਈ ਸ਼ਬਦਾਂ ਦੇ ਸਾਮ੍ਹਣੇ ਚੁੱਪ ਦੀ ਕੰਧ ਬਣਾਉਣਾ ਚੰਗਾ ਖ਼ੂਨ ਅਤੇ ਸਿਖਲਾਈ ਦਰਸਾਉਂਦਾ ਹੈ। ਇਸੇ ਲਈ ਚੁੱਪ ਨੂੰ ਆਵਾਜ਼ਾਂ ਦਾ ਮਾਲਕ ਕਿਹਾ ਗਿਆ ਹੈ, ਜੋ ਅਗਿਆਨਤਾ ਦੇ ਨੁਕਸ ਨੂੰ ਛੁਪਾਉਂਦੀ ਹੈ, ਮਾੜੇ ਸ਼ਬਦਾਂ ਦੀ ਕੋਈ ਸਥਿਤੀ ਨਹੀਂ ਹੈ, ਜਦੋਂ ਕਿ ਸਬਰ ਕਰਨ ਵਾਲੇ ਨੂੰ ਹੀ ਸਥਾਨ ਮਿਲਦਾ ਹੈ। ਪਿਆਰਾ ਉਹ ਹੈ ਜਿਸ ਦੀ ਜ਼ੁਬਾਨ ਸੁਣਨ ਵਾਲੇ ਕੰਨਾਂ ਨੂੰ ਭੁੱਖੇ ਬਣਾ ਦਿੰਦੀ ਹੈ ਅਤੇ ਜ਼ਖਮੀ ਰੂਹ ਨੂੰ ਇਹ ਮਹਿਸੂਸ ਕਰਾਉਂਦੀ ਹੈ ਕਿ ਇਸ ਨੂੰ ਚੰਗਾ ਕਰਨ ਵਾਲਾ ਮਲ੍ਹਮ ਲੱਗ ਰਿਹਾ ਹੈ ਪਰ ਮੇਰੇ ਲਈ ਇਹ ਕਿਰਿਆ ਕਮਜ਼ੋਰਾਂ ਦੀ ਨਹੀਂ ਹੁੰਦੀ ਹੈ ਜ਼ਖਮਾਂ ’ਤੇ ਸੈਕੜੇ ਰੰਗਾਂ ਦੀਆਂ ਪਰਤਾਂ ਲਾਈਆਂ ਜਾਂਦੀਆਂ ਹਨ, ਪਰ ਉਸ ਦੀ ਚੁੱਪ ਹੀ ਖ਼ੂਬਸੂਰਤ ਹੋਣੀ ਚਾਹੀਦੀ ਹੈ, ਜੋ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ’ਤੇ ਜ਼ਿਆਦਾ ਧਿਆਨ ਦਿੰਦੇ ਹਨ ਉਨ੍ਹਾਂ ਦੇ ਸਰੀਰਾਂ ਨਾਲੋਂ ਸ਼ੁੱਧ ਭਾਸ਼ਾਵਾਂ ਦੀ ਗੱਲਬਾਤ ਵੀ ਪੂਜਾ ਸਮਝੀ ਜਾਂਦੀ ਹੈ ਅਤੇ ਉਨ੍ਹਾਂ ਵਿਚ ਹਾਸੇ ਅਤੇ ਅਰਥਹੀਣ ਸ਼ਬਦਾਂ ਦੇ ਜਵਾਬ ਵਿਚ ਜ਼ੁਬਾਨ ਨਹੀਂ ਖੋਲ੍ਹੀ ਜਾਂਦੀ। ਭਾਸ਼ਾ ਦੀ ਹੋਂਦ ਵੀ ਇਸਦੀ ਜਾਣ-ਪਛਾਣ ਲਈ ਬਹੁਤ ਭਰੋਸੇਮੰਦ ਸੁਰਾਗ ਦਿੰਦੀ ਹੈ, ਜਿਸ ਵਿੱਚ ਕੋਈ ਮਨ ਨਹੀਂ ਹੁੰਦਾ, ਪਰ ਇਹ ਮੂੰਹ ਦੇ ਹਨੇਰੇ ਵਿੱਚ ਭੋਜਨ ਨੂੰ ਦੰਦਾਂ ਹੇਠ ਲਿਆਉਂਦੀ ਹੈ, ਜਿਸ ਤਰ੍ਹਾਂ ਜੀਭ ਨੂੰ ਸੁਆਦ ਦੀ ਭਾਵਨਾ ਹੁੰਦੀ ਹੈ। ਜ਼ੁਬਾਨ ਦੁਆਰਾ ਬੋਲੇ ਗਏ ਸ਼ਬਦ ਵੀ ਸੁਣਨ ਵਾਲੇ ਦੇ ਦਿਲ ਅਤੇ ਦਿਮਾਗ ਵਿੱਚ ਆਪਣੇ ਸੁਆਦ ਦਾ ਪ੍ਰਭਾਵ ਛੱਡ ਜਾਂਦੇ ਹਨ ਪਰ ਲੋਕ ਕਹਿੰਦੇ ਹਨ ਕਿ ਤੁਹਾਡੇ ਨਾਲ ਗੱਲ ਕਰਨਾ ਬਹੁਤ ਮਜ਼ੇਦਾਰ ਹੈ ਕਿਉਂਕਿ ਹਰ ਸੁਣਨ ਵਿੱਚ ਮਿੱਠੇ ਬੋਲਾਂ ਦੀ ਸੁਧਾਈ ਹੁੰਦੀ ਹੈ ਜਿਸਦਾ ਨਤੀਜਾ ਹੁੰਦਾ ਹੈ ਮਿੱਠੇ ਬੋਲਾਂ ਦਾ ਪਿਆਰ। ਕੌੜੀ ਗੱਲ ਤੋਂ ਨਫ਼ਰਤ ਜੇ ਕੋਈ ਦੇਸ਼ ਭਗਤ ਜਾਸੂਸ ਕਿਸੇ ਦੁਸ਼ਮਣ ਦੇਸ਼ ਵਿੱਚ ਫੜਿਆ ਜਾਂਦਾ ਹੈ ਤਾਂ ਉਹ ਆਪਣੀ ਜ਼ੁਬਾਨ ਨੂੰ ਦਰਦ ਨਾਲ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ, ਉਹ ਆਪਣੀ ਜਾਨ ਦੇ ਦਿੰਦਾ ਹੈ ਪਰ ਆਪਣੀ ਜ਼ੁਬਾਨ ਨਹੀਂ ਖੋਲ੍ਹਦਾ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਬੋਲਣ ਨਾਲ ਉਸਦੇ ਵਤਨ ਦਾ ਨੁਕਸਾਨ ਹੋਵੇਗਾ।

ਇਸ ਸੰਦਰਭ ਵਿੱਚ ਵਿਚਾਰ ਕਰੋ ਕਿ ਪ੍ਰਮਾਤਮਾ ਨੇ ਸਾਡੀ ਆਤਮਾ ਨੂੰ ਸੰਸਾਰ ਵਿੱਚ ਪਹਿਰਾਵਾ ਦੇ ਕੇ ਆਤਮਾਵਾਂ ਦੇ ਸੰਸਾਰ ਤੋਂ ਜੋ ਕੁਝ ਉਤਾਰਿਆ ਹੈ, ਇਹ ਉਸ ਇਲਾਹੀ ਉਦੇਸ਼ ਦਾ ਪ੍ਰਤੀਬਿੰਬ ਹੈ ਜਿਸ ਵਿੱਚ ਮਨੁੱਖ ਨੇ ਪਰਮਾਤਮਾ ਅਤੇ ਪਰਮਾਤਮਾ ਦੇ ਸੇਵਕਾਂ ਦੀ ਵਿਆਖਿਆ ਕਰਨੀ ਹੈ ਜਿਸ ਵਿੱਚ ਸੰਤੁਸ਼ਟੀ ਅਤੇ ਖ਼ੁਸ਼ੀ ਦਾ ਨਤੀਜਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਇਸ ਵਿਚ ਅੱਲ੍ਹਾ ਦੇ ਅਧਿਕਾਰ ਅਤੇ ਸੇਵਕਾਂ ਦੇ ਅਧਿਕਾਰ ਛੁਪੇ ਹੋਏ ਹਨ, ਜੇ ਪਰਮਾਤਮਾ ਨੇ ਮਨੁੱਖ ਦਾ ਦਿਲ ਆਪਣੇ ਨਿਵਾਸ ਲਈ ਬਣਾਇਆ ਹੈ, ਤਾਂ ਮਨੁੱਖ ਦੀ ਜ਼ੁਬਾਨ ਹੋਰ ਮਨੁੱਖਾਂ ਵਿਚ ਵੱਸ ਨਹੀਂ ਸਕਦੀ ਰੱਬ ਦਾ ਘਰ, ਜਿਸ ਵਿੱਚ ਨਫ਼ਰਤ, ਈਰਖਾ, ਹੰਕਾਰ, ਜ਼ਹਿਰ ਦੀ ਤਰ੍ਹਾਂ ਅਤੇ ਰੱਬ ਉਸ ਦਾ ਨਾਮ ਸੁਣਨਾ ਪਸੰਦ ਨਹੀਂ ਕਰਦਾ ਜੋ ਦੂਜਿਆਂ ਨੂੰ ਕੋਈ ਨੁਕਸਾਨ ਪਹੁੰਚਾਉਂਦਾ ਹੈ ਅਤੇ ਇੱਕ ਹੋਰ ਵਿਸ਼ਵਾਸੀ ਲੋਕਾਂ ਲਈ ਸੁਰੱਖਿਅਤ ਹੈ ਅਤੇ ਜੋ ਲੋਕ ਜੀਭ ਨੂੰ ਮਾਸ ਦਾ ਇੱਕ ਟੁਕੜਾ ਸਮਝਦੇ ਹਨ, ਉਹ ਸ਼ਬਦ ਦੀ ਜ਼ਿੰਮੇਵਾਰੀ ਤੋਂ ਅਣਜਾਣ ਰਹਿੰਦੇ ਹਨ। ਮੂੰਹ ਵਿੱਚ ਮਾਸ ਉਹਨਾਂ ਦੇ ਬੋਲੇ ਜਾਣ ਵਾਲੇ ਸ਼ਬਦਾਂ ਦੀ ਰਾਖੀ ਕਰਨ ਲਈ ਉਹਨਾਂ ਭਾਸ਼ਾਵਾਂ ਨੂੰ ਜ਼ਬਤ ਕਰਨ ਦੀ ਸ਼ਕਤੀ ਅਤੇ ਅਧਿਕਾਰ ਦਿਓ ਜੋ ਉਹਨਾਂ ਦੀ ਪਵਿੱਤਰਤਾ ਦੀ ਉਲੰਘਣਾ ਕਰਦੀਆਂ ਹਨ, ਤਾਂ ਹੀ ਉਹਨਾਂ ਭਾਸ਼ਾਵਾਂ ਨੂੰ ਬੋਲਿਆ ਜਾਵੇਗਾ ਜਿਹਨਾਂ ਨੂੰ ਬੋਲਣ ਦਾ ਅਧਿਕਾਰ ਹੈ ਅਤੇ ਬਾਕੀ। ਜ਼ੁਬਾਨ ਦੇ ਜ਼ਖ਼ਮਾਂ ਨੂੰ ਜ਼ੁਬਾਨ ’ਤੇ ਮਲ੍ਹਮ ਲਾਉਣ ਲਈ ਮਜ਼ਬੂਰ ਹੋ ਜਾਵੇਗਾ, ਜੇ ਤੁਸੀਂ ਜ਼ੁਬਾਨ ਦੇ ਜ਼ਖ਼ਮਾਂ ’ਤੇ ਮਲ੍ਹਮ ਲਗਾ ਕੇ ਬੋਲ ਰਹੇ ਹੋ ਤਾਂ ਸਮਝੋ ਕਿ ਜ਼ੁਬਾਨ ਦੇ ਜ਼ਖ਼ਮਾਂ ’ਤੇ ਮਲ੍ਹਮ ਲਗਾਉਣ ਲਈ ਰੱਬ ਕਿੰਨਾ ਬੇਪਰਵਾਹ ਹੈ ਕੀ ਉਹ ਮੇਰੇ ਵਰਗੇ ਬੇਸਮਝ ਲੋਕਾਂ ’ਤੇ ਹੋ ਗਿਆ ਹੈ ਕਿ ਉਹ ਝੂਠ ਬੋਲਣ, ਗਾਲਾਂ ਕੱਢਣ, ਗਾਲ੍ਹਾਂ ਕੱਢਣ ਵਰਗੀਆਂ ਮਾੜੀਆਂ ਭਾਸ਼ਾਵਾਂ ਦੀ ਵਰਤੋਂ ਕਰਨ ਦੇ ਬਾਵਜੂਦ ਵੀ ਬੋਲਣਾ ਬੰਦ ਨਹੀਂ ਕਰਦਾ, ਨਹੀਂ ਤਾਂ ਮੇਰੇ ਵਿੱਚ ਉਹ ਹੈ ਜੋ ਰੱਬ ਦੀ ਆਗਿਆ ਤੋਂ ਬਿਨਾਂ ਵੀ ਮੇਰੇ ਨਾਲ ਖੜ੍ਹਾ ਹੁੰਦਾ, ਫਿਰ ਵੀ ਮੈਂ ਅਜਿਹਾ ਕਰਦਾ ਹਾਂ ਮੈਂ ਇਹ ਸੋਚ ਕੇ ਕੰਬ ਜਾਂਦਾ ਹਾਂ ਕਿ ਜੇ ਪ੍ਰਮਾਤਮਾ ਨੇ ਮੇਰੇ ਸਾਰੇ ਦੈਵੀ ਅਤੇ ਮਨੁੱਖੀ ਨਾਰਾਜ਼ਗੀ ਦੇ ਸ਼ਬਦਾਂ ਨੂੰ ਮੇਰੀ ਜ਼ੁਬਾਨ ਲਈ ਸਜ਼ਾ ਦੇ ਦਿੱਤੀ ਹੈ, ਤਾਂ ਮੇਰੇ ਕੋਲ ਉਸ ਲਈ ਇੱਕ ਛਾਲੇ ਵਾਲੀ ਲਾਈਨ ਬਣਾਉਣ ਲਈ ਕੋਈ ਵੱਡੀ ਜ਼ਬਾਨ ਨਹੀਂ ਹੈ ਨਾਮ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਇਸਦਾ ਇਨਾਮ ਸਾਡੇ ਹੱਕ ਵਿੱਚ ਹੁੰਦਾ ਹੈ, ਇਸ ਲਈ ਕਿਸੇ ਲਈ ਬੋਲੇ ਗਏ ਦਰਦਨਾਕ ਸ਼ਬਦਾਂ ਦਾ ਇੰਤਜ਼ਾਰ ਨਹੀਂ ਹੁੰਦਾ ਕਿਉਂਕਿ ਪਿਆਰ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਹਰ ਭਾਸ਼ਾ ਪਿਆਰ ਲਈ ਹੁੰਦੀ ਹੈ, ਜੇ ਤੁਹਾਡੇ ਨਾਲ ਗੱਲ ਕਰਨ ਵਾਲਿਆਂ ਦੇ ਦਿਲ ਅਤੇ ਦਿਮਾਗ ਖ਼ੁਸ਼ੀ ਨਾਲ ਭਰ ਜਾਂਦੇ ਹਨ, ਤਾਂ ਰੱਬ ਤੁਹਾਨੂੰ ਖ਼ੁਸ਼ਹਾਲ ਸ਼ਬਦਾਂ ਦਾ ਲੰਗਰ ਘਰ ਤੋਂ ਮਿੱਠੇ ਬੁੱਲਾਂ ਦੇ ਪਿਆਲੇ ਤੱਕ ਵੰਡਦਾ ਹੈ ਅਤੇ ਟੋਨ, ਹਜ਼ੂਰ ਸਜਦਾ ਹੈ, ਕਿੰਨੇ ਲੋਕਾਂ ਦੀ ਅਜਿਹੀ ਜ਼ੁਬਾਨ ਹੈ ਕਿ ਜਦੋਂ ਉਹ ਕਿਸੇ ਤੋਂ ਆਪਣੀ ਸਮੱਸਿਆ ਪੁੱਛਦੇ ਹਨ ਤਾਂ ਉਨ੍ਹਾਂ ਦੀ ਲੋੜ ਦਾ ਭਾਂਡਾ ਖਾਲੀ ਹੋ ਜਾਂਦਾ ਹੈ ਅਤੇ ਕੁਝ ਬੋਲੀਆਂ ਵੀ ਹਨ ਜੋ ਧਨ ਦੀ ਬਜਾਏ ਖ਼ੂਨ ਦਾਨ ਕਰਨ ਦੀ ਮੰਗ ਕਰਦੇ ਹਨ। ਹੋਰ ਅਤੇ ਬੈਗ ਘੱਟ ਜਾਓ ਭਾਸ਼ਾ ਉਹ ਹੁੰਦੀ ਹੈ ਜਿਸ ਦੇ ਸ਼ਬਦ ਸਵਰਗੀ ਰਾਜ ਦੇ ਪ੍ਰਭਾਵ ਨਾਲ ਭਰੇ ਹੁੰਦੇ ਹਨ, ਜੇ ਮੈਂ ਇਸ ਲਿਖਤ ਦੇ ਸ਼ਬਦਾਂ ਤੋਂ ਪ੍ਰਭਾਵਤ ਭਾਸ਼ਾ ਦੀ ਪ੍ਰਾਪਤੀ ਲਈ ਸਲਾਹ ਮੰਗਦਾ ਹਾਂ ਤਾਂ ਮੈਨੂੰ ਪਹਿਲਾਂ ਜੀਵਨ ਲਈ ਵਰਤ ਰੱਖ ਕੇ ਸ਼ਬਦਾਂ ਦੀ ਚੋਣ ਕਰਨੀ ਚਾਹੀਦੀ ਹੈ। ਮਾੜੇ ਅਰਥਾਂ ਵਾਲੇ ਸ਼ਬਦਾਂ ਨੂੰ ਲਾਗੂ ਕੀਤਾ ਜਾਵੇਗਾ। ਆਪਣੀ ਭਾਸ਼ਾ ਦੇ ਸਾਰੇ ਨੁਕਸ, ਝੂਠ, ਗਾਲਾਂ, ਇਲਜ਼ਾਮ ਤੋਂ ਸ਼ੁੱਧ ਕਰੋ, ਉਹ ਜਵਾਬ ਦੇਵੇਗਾ, ਪਰ ਜਵਾਬ ਸੁਣਨ ਲਈ, ਕੰਨਾਂ ਨੂੰ ਜ਼ੁਬਾਨ ਜਿੰਨੀ ਮਿਹਨਤ ਕਰਨੀ ਪਵੇਗੀ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਪੰਜਾਬ ਦੇ ਪਿੜ ਵਿੱਚੋਂ !

ਸੱਤਾ ਧਾਰੀ ਪੰਜਾਬ ਵਿੱਚ ਹੋਣ ਸਦਕਾ
'ਤੇਰਾਂ-ਜ਼ੀਰੋ' ਕਹਿ ਬਹੁਤ ਫੁੰਕਾਰਦੇ ਨੇ।
ਪੰਜੇ ਵਾਲੇ ਦੁਚਿੱਤੀ ਵਿੱਚ ਪਏ ਲਗਦੇ
ਆਉਂਦਾ ਦਿੱਲੀਉਂ 'ਰਾਹ' ਨਿਹਾਰਦੇ ਨੇ।
ਸੱਜੇ ਖੱਬਿਆਂ ਹਾਥੀ ਵੀ ਨਾਲ ਸਮਝੋ
ਲੱਗਜੇ ਹਾਜ਼ਰੀ ਤਾਂਹੀਉਂ ਤਕਰਾਰਦੇ ਨੇ।
ਬੰਦੇ ਕਮਲ ਦੀ ਬੁੱਕਲ ਵਿੱਚ ਜਾ ਵੜੇ ਜੋ
ਸਿਰ 'ਤੇ ਕੇਂਦਰ ਦੇ ਕਾਰਨ ਹੰਕਾਰਦੇ ਨੇ।
ਬਾਦਲ ਦਲੀਏ ਵੀ ਏਦਾਂ ਹੀ ਜਾਪਦੇ ਐ
ਗਲ ਪਏ ਢੋਲ 'ਤੇ ਡਗੇ ਹੀ ਮਾਰਦੇ ਨੇ।
ਰੱਖਣ ਆਸ ਕੀ 'ਥਾਲੀ ਦੇ ਬੈਂਗਣਾ' ਤੋਂ
ਦੇਖਿਉ ਕਿਵੇਂ 'ਪੰਜਾਬੀ' ਦੁਰਕਾਰਦੇ ਨੇ !



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਦਰਵੇਸ਼ ਫ਼ੱਕਰ

ਜਦ ਦਾ ਇਸ਼ਕ ਖ਼ਸਮ ਨਾਲ ਹੋਇਆ
ਮੋਹ-ਭੰਗ ਇਸ ਦੁਨੀਆਂ ਤੋਂ ਹੋਇਆ
ਆਪਣੇ ਆਪ ਦੀ ਰਹੀ ਨਾ ਸੁੱਧ-ਬੁੱਧ
ਹਰਦਮ ਓਹਦੀ ਯਾਦ 'ਚ ਖੋਇਆ
ਦੀਦ ਓਹਦੀ ਨੂੰ ਤਰਸਣ ਅੱਖੀਆਂ
ਮਨ ਵੀ ਹੋਇਆ ਮੌਨ, ਓ ਮੌਲ਼ਾ.....
ਕੀ ਜਾਣਾਂ ! ਮੈਂ ਕੌਣ, ਓ ਮੌਲ਼ਾ......

ਕੁੱਲੀ ਨੂੰ ਅੱਗ ਲਾ ਆਇਆਂ ਹਾਂ
"ਮੈਂ" ਨੂੰ ਮਾਰ ਮੁਕਾ ਆਇਆਂ ਹਾਂ
ਐਸਾ ਤੇਰੇ ਰੰਗ ਵਿੱਚ ਰੰਗਿਆ
ਸੁੱਖ, ਦੁੱਖ-ਦਰਦ ਭੁਲਾ ਆਇਆਂ ਹਾਂ
ਸਮਝ ਕੇ ਮੈਨੂੰ ਵਾਂਗ ਸ਼ੁਦਾਈਆਂ
ਲੋਕੀਂ ਸ਼ੋਰ ਮਚਾਉਣ, ਓ ਮੌਲ਼ਾ
ਕੀ ਜਾਣਾਂ ! ਮੈਂ ਕੌਣ, ਓ ਮੌਲ਼ਾ.......

ਫ਼ੱਕਰਾਂ ਵਾਲਾ ਭੇਸ ਹੋ ਗਿਆ
ਮੈਂ ਬੰਦਾ ਦਰਵੇਸ਼ ਹੋ ਗਿਆ
ਨਾ ਰੋਣਾ, ਨਾ ਆਵੇ ਹਾਸਾ
ਦਰ ਦਰ ਫਿਰਾਂ, ਲੈ ਹੱਥ ਵਿੱਚ ਕਾਸਾ
ਇਸ ਜ਼ਿੰਦੜੀ ਦਾ ਕੀ ਭਰਵਾਸਾ
ਤੁਝ ਬਿਨ ਮੇਰਾ ਕੌਣ, ਓ ਮੌਲ਼ਾ
ਕੀ ਜਾਣਾਂ ! ਮੈਂ ਕੌਣ, ਓ ਮੌਲ਼ਾ.....

ਮੌਲ਼ਾ ਤੇਰੇ ਰੰਗ ਵਿੱਚ ਰਾਜ਼ੀ
ਨਾ ਜਾਣਾਂ ਕੀ ਪੰਡਿਤ-ਕਾਜ਼ੀ
ਮਸਲਾ ਦੋ-ਟੁੱਕ ਰੋਟੀ ਦਾ ਹੁਣ
ਕੋਈ ਫਰਕ ਨਈਂ, ਬੇਹੀ ਤਾਜ਼ੀ
ਪਾਟੇ ਕੱਪੜੇ, ਕਾਸਾ, ਝੋਲ਼ੀ
ਇਹੀ ਮਨ ਨੂੰ ਭਾਉਣ, ਓ ਮੌਲ਼ਾ
ਕੀ ਜਾਣਾਂ ! ਮੈਂ ਕੌਣ, ਓ ਮੌਲ਼ਾ.......

ਕੀ ਲੈਣਾ ਬੰਦਿਆਂ ਸੁੱਤਿਆਂ ਤੋਂ
'ਖੁਸ਼ੀ' ਸਬਕ ਸਿੱਖ ਲਿਆ ਕੁੱਤਿਆਂ ਤੋਂ
ਇਹ ਸੌਂਦੇ ਨਹੀਂਓਂ ਰਾਤਾਂ ਨੂੰ
ਨਾ ਡਰਨ ਮਾਲਕ ਦਿਆਂ ਜੁੱਤਿਆਂ ਤੋਂ
ਮਾਲਕ ਦਾ ਦਰ ਮੂਲ ਨਾ ਛੱਡਣ
ਸੁੱਖ ਮਾਲਕ ਦੀ ਚਾਹੁਣ, ਓ ਮੌਲ਼ਾ
ਕੀ ਜਾਣਾਂ! ਮੈਂ ਕੌਣ, ਓ ਮੌਲ਼ਾ....



ਖੁਸ਼ੀ ਮੁਹੰਮਦ ਚੱਠਾ

## ਰੁੱਖ

ਧਰਤੀ ਮਾਂ ਦੀ ਸੁਣਲੋ ਪੁਕਾਰ ਸਾਥੀਓ
ਰੁੱਖ ਲਗਾਓ ਇੱਕ ਭਾਵੇਂ ਚਾਰ ਸਾਥੀਓ
ਵਧਦੀ ਜਾਂਦੀ ਗਰਮੀ, ਪਿਘਲ ਚੱਲੀਆਂ ਬਰਫ਼ਾਂ
ਹਾਈ ਅਲਰਟ ਹੋਈਆਂ ਪਈਆਂ ਹਰ ਤਰਫ਼ਾਂ
ਬੇਸਮਝੀ ਤੇ ਬੇ-ਲੋੜੀ ਦੀ ਏਹ ਮਾਰ ਸਾਥੀਓ
ਇਕ ਨਹੀਂ ਏ, ਹਰ ਦੇਸ਼ ਦਾ ਏਹ ਹਾਲ ਸਾਥੀਓ
ਕੱਟ ਕੱਟ ਰੁੱਖ ਧਰਤੀ ਸੁੰਨੀ ਹੋ ਗਈ
ਆਸਮਾਨ ਤੇ ਪੰਛੀਆਂ ਦੀ ਵੀ ਕਮੀ ਹੋ ਗਈ
ਬੈਠ ਕੇ ਤਾਂ ਕਰੋ ਤੁਸੀਂ ਵਿਚਾਰ ਸਾਥੀਓ
ਰੁੱਖ ਲਗਾਓ ਇੱਕ ਭਾਵੇਂ ਚਾਰ ਸਾਥੀਓ
ਧਰਤੀ ਮਾਂ ਨਾਲ ਕਰਲੋ ਪਿਆਰ ਸਾਥੀਓ
ਰੁੱਖ ਲਗਾਓ ਇੱਕ ਭਾਵੇਂ ਚਾਰ ਸਾਥੀਓ...
ਸੋਕਾ ਪਿਆ ਕਿਤੇ, ਕਿਤੇ ਸੁਨਾਮੀ ਆ ਗਈ
ਮੌਸਮਾਂ ਦੀ ਬੇ-ਟਾਇਮੀ ਹਾਨੀ ਆ ਗਈ
ਹੈਗਾ ਹਾਲੇ ਸਮਾਂ ਹੋ ਜਾਓ ਜੇ ਖਬਰਦਾਰ ਸਾਥੀਓ
ਰੁੱਖ ਲਗਾਓ ਇੱਕ ਭਾਵੇਂ ਚਾਰ ਸਾਥੀਓ
ਧਰਤੀ ਮਾਂ ਨਾਲ ਕਰਲੋ ਪਿਆਰ ਸਾਥੀਓ
ਰੁੱਖ ਲਗਾਓ ਇੱਕ ਭਾਵੇਂ ਚਾਰ ਸਾਥੀਓ...



ਜਗਵਿੰਦਰ ਸਿੰਘ ਜੱਗੀ
8872313705

## ਅਣਸੂਚਿਤ

ਪਸ਼ੂ-ਪੰਛੀਆਂ
ਪੁਰਾਤੱਤਵ ਦੀਆਂ ਚੀਜ਼ਾਂ
ਅਤੇ ਭਾਸ਼ਾਵਾਂ ਸੰਬੰਧੀ
ਜਿੱਥੇ ਚਿੰਤਾਵਾਂ ਦਿੱਸ ਰਹੀਆਂ ਨੇ
ਓਥੇ ਦੂਜੇ ਪਾਸੇ ਮਾਨਵ
ਸਭ ਤੋਂ ਵੱਧ ਨਾਜ਼ੁਕ ਦੌਰ
ਵਿੱਚੋਂ ਲੰਘ ਰਿਹਾ ਹੈ
ਬਨਾਉਟੀ ਬੁੱਧੀਮਾਨੀ
ਅਤੇ ਡੈਟਾ ਨੇ ਮਨੁੱਖ ਨੂੰ
ਨਾ ਸਿਰਫ਼ ਮਨਫ਼ੀ ਕਰ ਦਿੱਤਾ ਹੈ
ਸਗੋਂ ਪਹਿਲਾਂ ਦੇ ਕਿਸੇ ਵੀ ਦੌਰ ਦੀ
ਤੁਲਨਾ ਵਿੱਚ ਜ਼ਿਆਦਾ ਇਕੱਲਾ
ਡਰਿਆ ਹੋਇਆ
ਅਤੇ ਬੇਸਹਾਰਾ ਵੀ ਬਣਾ ਦਿੱਤਾ ਹੈ ਯਾਨੀ
ਮਨੁੱਖ ਨੂੰ ਹੈਕ ਕੀਤਾ ਜਾ ਚੁੱਕਾ ਹੈ।

ਸਭਿਅਤਾ ਦਾ ਵਿਕਾਸ ਮਾਨਵ ਨੇ
ਜਿਸ ਸਹਿ-ਹੋਂਦ ਸਹਿ-ਯੋਗ
ਅਤੇ ਸਹਿ-ਜੀਵਨ
ਦੇ ਮੁੱਲਾਂ ਨਾਲ਼ ਕੀਤਾ ਸੀ ਉਨ੍ਹਾਂ ਨੂੰ
ਵਿਸ਼ਵੀਕਰਨ ਤੇ ਸਵਾਰ
ਸਾਮਰਾਜਵਾਦੀ ਤਾਕਤਾਂ ਨੇ
ਖਤਰੇ ਵਿੱਚ ਪਾ ਦਿੱਤਾ ਹੈ
ਅਤੇ ਇੰਨਾਂ ਸ਼ੋਰ ਕਰ ਰਹੀਆਂ ਨੇ
ਕਿ ਜ਼ਿਆਦਾਤਰ ਲੋਕ
ਇਸ ਖਤਰੇ ਨੂੰ ਮਹਿਸੂਸ ਹੀ ਨਹੀਂ ਕਰ ਰਹੇ।

ਬਾਬਿਆਂ ਦਾ ਬਜ਼ਾਰ ਹੈ
ਧਾਰਮਿਕ ਪਾਗਲਪਣ ਹੈ
ਜਾਤੀਆਂ ਹਨ ਮੌਬ-ਲਿੰਚਿੰਗ ਹੈ
ਖਾਪ ਪੰਚਾਇਤਾਂ ਹਨ
ਫਰੀ ਡਾਟਾ ਹੈ ਵਾਟਸਐਪ-ਫ਼ੇਸਬੁੱਕ ਹੈ
ਟੀਵੀ ਦੇ ਰਿਐਲਿਟੀ ਸ਼ੋਅ ਹਨ
ਖਬਰੀਆ ਚੈਨਲ ਹਨ
ਹਰੇਕ ਦਾ ਆਪਣਾ ਮੀਡੀਆ ਹੈ
ਖੂਬ ਸਾਰਾ ਪ੍ਰਸਾਰਣ-ਪ੍ਰਕਾਸ਼ਨ ਹੈ।

ਭੁੱਖ ਨਾਲ਼ੋਂ ਜ਼ਿਆਦਾ
ਲੋਕ ਵੱਧ ਖਾਣ ਨਾਲ਼ ਮਰ ਰਹੇ ਨੇ
ਯੁੱਧ ਅਤੇ ਮਹਾਮਾਰੀਆਂ ਦਾ ਕੰਮ
ਹੁਣ ਦੁਨੀਆਂ ਦੀਆਂ
ਵੀਹ-ਤੀਹ ਵੱਡੀਆਂ ਕੰਪਨੀਆਂ
ਕਰ ਰਹੀਆਂ ਨੇ ਜੋ ਆਪਣੇ ਮੁਖੌਟੇ ਵਿੱਚ
ਸਭ ਤੋਂ ਵੱਧ ਮਾਨਵੀ
ਅਤੇ ਪੀਪਲ-ਸੈਂਟ੍ਰਿਕ ਲੱਗਦੀਆਂ ਨੇ।

ਹੁਣ ਨਾ ਅੱਖ ਵਿੰਹਦੀ ਹੈ ਨਾ ਮੂੰਹ ਬੋਲਦਾ ਹੈ
ਕੰਨ ਉਹੀ ਸੁਣਦੇ ਨੇ ਜੋ ਬਜ਼ਾਰ ਚਾਹੁੰਦਾ ਹੈ।

ਬਨਾਉਟੀ ਰੌਸ਼ਨੀ ਵਿੱਚ
ਚੱਲ ਰਹੇ ਆਈਪੀਐਲ
ਜਾਂ ਅਜਿਹੇ ਹੀ
ਕਿਸੇ ਕਾਰਨੀਵਲ ਦੀਆਂ ਟਿਕਟਾਂ
ਆਨਲਾਈਨ ਵਿਕ ਰਹੀਆਂ ਨੇ ਲੋਕੀਂ
ਪੈਕਿਜ ਟੂਰ ਤੇ ਘੁੰਮ ਰਹੇ ਨੇ
ਗੈਜ਼ੇਟਸ ਵਰਤ ਰਹੇ ਨੇ
ਡੀਪੀ ਬਦਲ ਰਹੇ ਨੇ ਸਭ ਕੁਝ
ਡਿਜ਼ਾਇਨਰ ਹੈ ਅਤੇ ਵਿਕਾਊ ਵੀ
ਬਸ ਤੁਹਾਡੇ ਖਾਤੇ ਵਿੱਚ
ਪੈਸਾ ਹੋਣਾ ਚਾਹੀਦਾ ਹੈ।

ਖੁੱਸ ਰਹੇ ਰੋਜ਼ਗਾਰ
ਜ਼ਹਿਰ ਵਿੱਚ ਬਦਲਦੇ ਖਾਧ-ਪਦਾਰਥ
ਮਿਟ ਰਹੇ ਦੇਸ਼ ਖਤਮ ਹੁੰਦੀ ਖੇਤੀ
ਨਸ਼ਟ ਹੁੰਦੇ ਪ੍ਰਾਕਿਰਤਕ ਸਰੋਤ
ਪ੍ਰਦੂਸ਼ਿਤ ਕਚਰੇ ਅਤੇ ਜ਼ਬਤਸ਼ੁਦਾ ਦਵਾਈਆਂ ਨੂੰ
ਗਰੀਬ ਦੇਸ਼ਾਂ ਦੇ ਢਿੱਡ ਵਿੱਚ ਸੁੱਟਣ ਦਾ
ਲਗਾਤਾਰ ਚੱਲ ਰਿਹਾ ਗੋਰਖਧੰਦਾ ਵਾਇਰਸ
ਐਂਟੀ-ਵਾਇਰਸ
ਅਤੇ ਸੈਟੇਲਾਈਟ ਬਣਾਉਣ ਦੇ ਕਾਰਖਾਨੇ
ਦਵਾਈਆਂ ਦੀ ਖਪਤ ਲਈ
ਲੱਭੀਆਂ ਬੀਮਾਰੀਆਂ
ਅਤੇ ਰੋਜ਼ ਬਦਲਦੀ
ਤਕਨੀਕ ਦੀ ਭਿਅੰਕਰਤਾ ਤੋਂ
ਤ੍ਰਹਿੰਦਾ ਮਾਨਵ-ਮਨ...
ਇਹੋ-ਜਿਹੀਆਂ
ਹੋਰ ਕਿੰਨੀਆਂ ਹੀ ਚੀਜ਼ਾਂ ਨੇ...
ਜੋ ਅਣਸੂਚਿਤ ਹਨ...



ਪ੍ਰੋ. ਨਵ ਸੰਗੀਤ ਸਿੰਘ
9417692015

## ਨਾ ਕੋਈ ਜਾਣਦਾ

ਅਜੇ ਲੋਕ ਰਹੇ ਸੁਣ
ਤੇਰੇ ਬੋਲ
ਜਦ ਲਿਖੇ ਸ਼ਬਦ ਪੜ੍ਹਨ ਦੀ
ਸਿਖ ਗਏ ਜਾਚ
ਤੇਰੇ ਲਈ ਹੋਵੇਗੀ
ਕਿਆਮਤ ਦੀ ਰਾਤ।

ਸਮੇਂ ਦੇ ਤਰਕਸ਼ 'ਚੋਂ
ਤੀਰ
ਸਮਾਂ ਪਾ ਕੇ ਹੀ ਨਿਕਲਦੇ
ਉਹਨਾਂ ਦੀ ਮਾਰ ਹੋਵੇ
ਬਹੁਤ ਦੂਰ
ਉਹਨਾਂ ਤੀਰਾਂ 'ਚੋਂ
ਅੰਗਿਆਰ ਹੀ ਨਿਕਲਦੇ।

ਸਿਕੰਦਰ ਵੀ ਘਰੋਂ
ਹੋਇਆ ਸੀ ਰੁਖ਼ਸਤ
ਲੈ ਕੇ ਸੁਪਨਾ
ਦੁਨੀਆਂ ਕਰਨ ਫ਼ਤਿਹ
ਰਾਹ ਵਿਚ ਹੀ
ਧਰਮ ਰਾਜ ਦੇ ਦੂਤਾਂ ਨੇ
ਰਾਹ ਲਿਆ ਸੀ ਡੱਕ
ਪਤਾ ਨਾ ਲੱਗੇ
ਜ਼ਿੰਦਗੀ ਦੀ ਡੋਰ ਦਾ
ਕੱਚਾ ਧਾਗਾ
ਕਦੋਂ ਕਰ ਜਾਏ ਕੜਕ।

ਕਿਸੇ ਦੀ 'ਹਾਰ'
'ਹਾਰ' ਬਣ
ਤੇਰੇ ਗਲੇ ਦਾ
ਬਣੀ ਸੀ ਸ਼ਿੰਗਾਰ
ਤੇਰੀ 'ਹਾਰ' ਕਦੋਂ
ਕਿਸੇ ਦੇ ਗਲ ਦਾ ਜਾਏ ਬਣ
'ਹਾਰ'
ਕੌਣ ਜਾਣਦਾ ?
'ਤਖਤ' ਕਦੋਂ ਬਣ ਜਾਏ
'ਤਖਤਾ'
ਨਾ ਕੋਈ ਜਾਣਦਾ।



ਰਵਿੰਦਰ ਸਿੰਘ ਸੋਢੀ
ਰਿਚਮੰਡ, ਕੈਨੇਡਾ
604-369-2371

## ਮੈਂ ਵੇਖਿਆ

ਤੁਸੀਂ ਬੇਗਾਨੀ ਜਾਤ ਦੀ ਗੱਲ ਕਰਦੇ
ਮੈਂ ਇੱਕੋਂ ਜਾਤ ਦੇ ਆਪਸੀ ਵਿਤਕਰਾ ਕਰਦੇ ਵੇਖੇ

ਤੁਸੀਂ ਸੱਸ ਦੀ ਗੱਲ ਕਰਦੇ
ਮੈਂ ਮਾਵਾਂ ਘਰ ਉਜਾੜਦੀਆਂ ਵੇਖੀਆਂ

ਤੁਸੀਂ ਸ਼ਰਾਬ ਦੀ ਗੱਲ ਕਰਦੇ
ਮੈਂ ਚਾਹਾਂ ਘਰ ਉਜਾੜਦੇ ਵੇਖੀਆਂ

ਤੁਸੀਂ ਹਥਿਆਰਾਂ ਦੀ ਗੱਲ ਕਰਦੇ
ਮੈਂ ਕਿਤਾਬਾਂ ਕਤਲ ਕਰਾਉਂਦੀਆਂ ਵੇਖੀਆਂ

ਤੁਸੀਂ ਕੁੜੀਆਂ ਦੇ ਸ਼ੋਸ਼ਣ ਦੀ ਗੱਲ ਕਰਦੇ
ਮੈਂ ਮੁੰਡਿਆਂ ਦੇ ਕੁੜੀਆਂ ਹੱਥੋਂ ਸ਼ੋਸ਼ਣ ਹੁੰਦੇ ਵੇਖੇ

ਤੁਸੀਂ ਗਊ ਨੂੰ ਮਾਂ ਮੰਨਣ ਵਾਲਿਆਂ ਤੇ ਹੱਸਦੇ
ਮੈਂ ਕੁੱਤਿਆਂ ਨੂੰ ਆਪਣੇ ਧੀ-ਪੁੱਤ ਬਣਾਉਂਦੇ ਲੋਕ ਵੇਖੇ

ਤੁਸੀਂ ਆਸਤਿਕ ਦੇਖੇ ਧਰਮਾਂ ਪਿੱਛੇ ਲੜਦੇ
ਮੈਂ ਨਫ਼ਰਤ ਫੈਲਾਉਂਦੇ ਨਾਸਤਿਕ ਵੇਖੇ

ਜਦ ਓਹ ਦੁਖ 'ਚ ਤੜਪਿਆ ਕਿਸੇ ਨਾ ਦੇਖਿਆ
ਓਹਦੀ ਤੁੱਪਕਾ ਦਾਰੂ ਪੀਤੀ ਤੇ ਰੌਲ ?' ਪਾਉਂਦੇ ਵੇਖੇ

ਰਸੋਈ ਤੱਕ ਤੁਰਿਆ ਨਾ ਜਾਵੇ ਬੁੜੀ ਤੋਂ
ਗੁਆਂਢੀਆਂ ਦੀ ਕੁੜੀ ਨਿਕਲੇ ਤੇ ਪਿੰਡ ਰੌਲਾ ਪਾਉਂਦੇ ਵੇਖੇ

ਜੋਰਾ ਸਿੰਘ ਬਨੂੜ

## ਦੇਖਦਾ ਹਾਂ

ਮਸਲੀ ਹੋਈ ਪੱਤੀ ਦੀ, ਕਿਸਮਤ ਦੇਖਦਾ ਹਾਂ।
ਉਸ ਮਾਲੀ ਦੇ ਹੱਥਾਂ ਦੀ, ਮਿਹਨਤ ਦੇਖਦਾ ਹਾਂ।

ਦਿਲ ਦੇ ਦਹਾਨੇ 'ਚ ਕੁੱਝ, ਜਜ਼ਬਾਤ ਰਹਿ ਗਏ,
ਇਨ੍ਹਾਂ ਦੇ ਪਾਲਣਹਾਰੇ ਦੀ, ਸੁਹਬਤ ਦੇਖਦਾ ਹਾਂ।

ਨਿਰਦੋਸ਼ ਜਵਾਨੀ ਕਿਉਂ ਚੜ੍ਹੇ, ਬਲੀ ਦਿਨ ਰਾਤ
ਜਿਸ ਪਲ ਟਹਿਕੀ ਸੀ ਉਹ, ਵਕਤ ਦੇਖਦਾ ਹਾਂ।

ਬਿਜਲੀ ਦੀ ਚਮਕ ਨਾਲ, ਜੋ ਰਾਹ ਮਿਲ ਗਿਆ,
ਉਸ ਪਾਂਧੀ ਦੇ ਚੱਲਣ ਦੀ, ਹਰਕਤ ਦੇਖਦਾ ਹਾਂ।

ਵਸਲ ਦਾ ਜੇ ਇੱਕ ਛਿਣ, ਮਿਲ ਜਾਏ 'ਸੁਰਜੀਤ',
ਨਿੱਜਤਵ ਨਹੀਂ ਵਿਸ਼ਵ 'ਤੇ, ਰਹਿਮਤ ਦੇਖਦਾ ਹਾਂ।



ਸੁਰਜੀਤ ਸਿੰਘ ਭੁੱਲਰ

## ਦਲ ਬਦਲ ਲਏ

ਕੁਝ ਅੱਜ ਬਦਲ ਲਏ ਕੁਝ ਕੱਲ ਬਦਲ ਲਏ
ਕੁਰਸੀ ਦੇ ਭੁੱਖਿਆਂ ਕਿੰਨੇ ਦਲ ਬਦਲ ਲਏ

ਜਿੱਤੇ ਹੋਏ ਮੁੜ ਹਾਰ ਨਾ ਕਿਤੇ ਜਾਈਏ
ਇਸੇ ਡਰੋਂ ਅਖਾੜਿਆਂ ਦੇ ਮੱਲ ਬਦਲ ਲਏ

ਪੰਜ ਦਰਿਆਵਾਂ ਦੀ ਗੱਲ ਕਰਨ ਵਾਲਿਆਂ
ਆਪਣੇ ਹੀਂ ਭੱਵਚਿਆਂ ਤੋਂ ਜਲ ਬਦਲ ਲਏ

ਇੱਕ ਰਾਸ਼ਟਰ ਇੱਕ ਧਰਮ ਦੀ ਗੱਲ ਕਰਦੇ
ਉਨ੍ਹਾਂ ਗਿਰਜੇ ਤੋਂ ਮੰਦਰਾਂ ਦੇ ਟੱਲ ਬਦਲ ਲਏ

ਜਿੱਥੇ ਜੰਮੇ ਕਹਿੰਦੇ ਉਸੇ ਮਿੱਟੀ ਵਿੱਚ ਮਰਾਂਗੇ
ਕੁਰਬਾਨੀ ਦੇਣ ਵੇਲੇ ਉਨ੍ਹਾਂ ਧਰਾਤਲ ਬਦਲ ਲਏ

'ਸੋਹੀ' ਕੌਣ ਯਕੀਨ ਕਰੇ ਦਲ ਬਦਲੂ ਗਰਗਿਟਾਂ ਤੇ
ਬੇਗੁਨਾਹ ਖ਼ੂਨ ਵਹਾਉਣ ਲਈ ਕਾਤਲ ਬਦਲ ਲਏ।



ਗੁਰਮੀਤ ਸਿੰਘ ਸੋਹੀ
9217981404

## ਵੋਟਾਂ ਪੈਣ ਦਾ ਐਲਾਨ

ਲੋਕ ਸਭਾ ਦੀਆਂ ਵੋਟਾਂ ਪੈਣ ਦਾ
ਜਦ ਤੋਂ ਹੋਇਆ ਏ ਐਲਾਨ ਬੇਲੀ,
ਸਾਰੀਆਂ ਪਾਰਟੀਆਂ ਦੇ ਲੀਡਰਾਂ ਨੇ
ਕਵੱਲੀ ਕੱਢ ਲਈ ਏ ਬਾਹਰ ਜ਼ਬਾਨ ਬੇਲੀ।
ਇੱਕ, ਦੂਜੇ ਵਿਰੁੱਧ ਦੂਸ਼ਣਬਾਜ਼ੀ ਕਰਕੇ
ਆਪ ਹੀ ਬਣੀ ਜਾਣ ਮਹਾਨ ਬੇਲੀ।
ਨਾ ਪੂਰੇ ਹੋਣ ਵਾਲੇ ਵਾਅਦੇ ਕਰਕੇ
ਖਿੱਚਣ ਆਪਣੇ ਵੱਲ ਲੋਕਾਂ ਦਾ ਧਿਆਨ ਬੇਲੀ।
ਪਹਿਲਾਂ ਗਰੀਬਾਂ ਦੇ ਘਰਾਂ 'ਚ ਕਦੇ ਵੜ੍ਹੇ ਨ੍ਹੀ
ਹੁਣ ਉਨ੍ਹਾਂ ਕੋਲ ਥੱਲੇ ਬੈਠੀ ਜਾਣ ਬੇਲੀ।
ਕਈ, ਕਈ ਬੀਮਾਰੀਆਂ ਲੱਗੀਆਂ ਇਨ੍ਹਾਂ ਨੂੰ
ਫਿਰ ਵੀ ਖ਼ੁਦ ਨੂੰ ਸਮਝਣ ਭਲਵਾਨ ਬੇਲੀ।
ਜਦ ਵੋਟਾਂ ਪੈਣ ਦਾ ਕੰਮ ਮੁੱਕ ਜਾਣਾ
ਫੇਰ ਭੁੱਲ ਜਾਣੇ ਇਨ੍ਹਾਂ ਨੂੰ
ਆਪਣੇ ਬਿਆਨ ਬੇਲੀ।



ਮਹਿੰਦਰ ਸਿੰਘ ਮਾਨ
9915803554

## ਰੁੱਖਾਂ ਦੀ ਸੰਭਾਲ

ਵਾਤਾਵਰਨ ਜੇ ਅਸੀਂ ਬਚਾਉਣਾ,
ਰੁੱਖਾਂ ਤਾਂਈ ਪਊਗਾ ਲਾਉਣਾ।
ਇਹਨਾਂ ਬਿਨਾਂ ਸਮਾਜ ਅਧੂਰਾ,
ਹੋਰ ਯਤਨਾਂ ਨਾਲ ਨਾ ਹੋਵੇ ਪੂਰਾ।
ਜੇ ਚਾਹੁੰਦੇ ਅਸੀਂ ਠੰਢੀਆਂ ਛਾਵਾਂ,
ਰੁੱਖ ਨਾ ਵੱਢੀਏ ਵਗਦੇ ਰਾਹਵਾਂ।
ਰਾਹੀ ਪਾਂਧੀ ਦੇ ਬਣਨ ਟਿਕਾਣੇ,
ਹਰ ਕੋਈ ਇਸ ਦੀ ਛਾਂ ਨੂੰ ਮਾਣੇ।
ਪੰਛੀਆਂ ਦੀਆਂ ਬਣਦੇ ਰੱਖਾਂ,
ਇੱਕ ਰੁੱਖ ਤੋਂ ਸੁੱਖ ਮਿਲਦੇ ਲੱਖਾਂ।
ਰਹਿੰਦੇ ਵਕਤ ਨਾ ਕੀਤੀ ਸੰਭਾਲ,
ਹੋਣਾ ਸਭ ਦਾ ਮੰਦੜਾ ਹਾਲ।
ਗ਼ਲਤੀ ਇੱਕ ਮਨੁੱਖ ਹੈ ਕਰਦਾ,
ਹਰ ਉਸ ਦਾ ਹਰਜਾਨਾ ਭਰਦਾ।
ਪੱਤੋ, ਗੱਲ ਤੇ ਆਪਾਂ ਕਰੀਏ ਗੌਰ
ਰੁੱਖ ਬਚਾਈਏ, ਲਾਈਏ, ਹੋਰ।
ਮਾਨਸੂਨਾਂ ਕਦੇ ਰੁੱਸ ਨਾ ਜਾਣ,
ਕੁਦਰਤ ਤੋਂ ਪਾਈਏ ਇਹ ਵਰਦਾਨ।



ਹਰਪ੍ਰੀਤ ਪੱਤੋ
94658-21417

# ਜਲਵਾਯੂ ਤਬਦੀਲੀ ਲਈ ਅਧਿਆਤਮਿਕ ਪਹੁੰਚ





ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਜਲਵਾਯੂ ਤਬਦੀਲੀ ਲਈ ਅਧਿਆਤਮਿਕ ਪਹੁੰਚ ਕੁਦਰਤ ਦੇ ਨਾਲ ਇਕਸੁਰਤਾ ਦੇ ਜੀਵਨ ਵਿੱਚ ਵਾਪਸ ਆਉਣ ਲਈ, ਸਾਨੂੰ ਆਪਣੀ ਅਧਿਆਤਮਿਕ ਪਛਾਣ ਨੂੰ ਸਮਝਣ ਦੀ ਲੋੜ ਹੈ ਕੁਝ ਸਦੀਆਂ ਪਹਿਲਾਂ ਕੋਈ ਵੀ ਜਲਵਾਯੂ ਤਬਦੀਲੀ ਬਾਰੇ ਚਿੰਤਤ ਨਹੀਂ ਸੀ, ਕਿਉਂਕਿ ਅਜਿਹਾ ਕਰਨ ਦਾ ਕੋਈ ਕਾਰਨ ਨਹੀਂ ਸੀ। ਪਰ ਜਿਵੇਂ-ਜਿਵੇਂ ਮਨੁੱਖਾਂ ਨੇ ਕੁਦਰਤ ਤੋਂ ਵੱਧ ਕੱਢਿਆ ਅਤੇ ਬਹੁਤ ਜ਼ਿਆਦਾ ਜ਼ਹਿਰੀਲੇ ਪਦਾਰਥਾਂ ਸਮੇਤ ਕੂੜੇ ਦੀ ਵਧਦੀ ਮਾਤਰਾ ਨੂੰ ਇਸ 'ਤੇ ਸੁੱਟ ਦਿੱਤਾ, ਵਾਤਾਵਰਣ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਇਹ ਪ੍ਰਕਿਰਿਆ ਸਦੀਆਂ ਤੋਂ ਤੇਜ਼ ਹੋ ਗਈ ਹੈ ਅਤੇ ਸਾਨੂੰ ਮੌਜੂਦਾ ਸਥਿਤੀ ਵਿੱਚ ਲੈ ਆਈ ਹੈ ਜਿੱਥੇ, ਕੁਝ ਮਾਹਰਾਂ ਦੇ ਅਨੁਸਾਰ, ਸਮੁੱਚੀ ਮਨੁੱਖ ਜਾਤੀ ਜਲਦੀ ਹੀ ਵਿਨਾਸ਼ ਦਾ ਸਾਹਮਣਾ ਕਰ ਰਹੀ ਹੈ। ਜਲਵਾਯੂ ਤਬਦੀਲੀ ਅਤੇ ਗਲੋਬਲ ਵਾਰਮਿੰਗ ਨੂੰ ਕਈ ਵਾਰ ਭਵਿੱਖ ਵਿੱਚ ਵਾਪਰਨ ਵਾਲੀਆਂ ਚੀਜ਼ਾਂ ਦੇ ਰੂਪ ਵਿੱਚ ਸੋਚਿਆ ਜਾਂਦਾ ਹੈ। ਪਰ ਵਿਗਿਆਨੀ ਵੱਧ ਰਹੇ ਸਬੂਤ ਲੱਭ ਰਹੇ ਹਨ ਕਿ ਗ੍ਰਹਿ ਹੁਣ ਬਦਲ ਰਿਹਾ ਹੈ - ਅਤੇ ਇਹ ਕਿ ਲੋਕਾਂ ਨੂੰ ਇਸ ਵਰਤਾਰੇ ਲਈ ਦੋਸ਼ ਦਾ ਵੱਡਾ ਹਿੱਸਾ ਲੈਣਾ ਚਾਹੀਦਾ ਹੈ। ਉਹ ਅੱਗੇ ਦੱਸਦੇ ਹਨ ਕਿ ਉਦਯੋਗਿਕ ਅਤੇ ਵਾਹਨਾਂ ਦੇ ਪ੍ਰਦੂਸ਼ਣ, ਸੀਐਫਸੀ ਦੀ ਵਰਤੋਂ ਅਤੇ ਜੰਗਲਾਂ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਦੁਆਰਾ ਬਹੁਤ ਜ਼ਿਆਦਾ ਕਾਰਬਨ ਨਿਕਾਸ ਨੇ ਓਜ਼ੋਨ ਪਰਤ ਨੂੰ ਖਤਮ ਕਰ ਦਿੱਤਾ ਹੈ। ਇਸ ਨਾਲ ਧਰਤੀ ਦੇ ਵਾਯੂਮੰਡਲ ਦੇ ਅੰਦਰ ਵੱਧ ਤੋਂ ਵੱਧ ਸੂਰਜੀ ਕਿਰਨਾਂ ਫਸ ਗਈਆਂ ਹਨ। ਨਤੀਜੇ ਵਜੋਂ, ਧਰਤੀ ਗਰਮ ਹੋ ਰਹੀ ਹੈ ਜਿਸ ਨੇ ਅਜੋਕੇ ਸਮੇਂ ਵਿੱਚ ਹੜ੍ਹਾਂ, ਭੁਚਾਲਾਂ, ਸੁਨਾਮੀ ਅਤੇ ਜ਼ਮੀਨ ਖਿਸਕਣ ਵਰਗੀਆਂ ਕੁਦਰਤੀ ਉਥਲ-ਪੁਥਲ ਦੀ ਇੱਕ ਲੜੀ ਨੂੰ ਚਾਲੂ ਕਰਨਾ ਸ਼ੁਰੂ ਕਰ ਦਿੱਤਾ ਹੈ। ਅਜਿਹੀ ਘਟਨਾ ਨੂੰ ਰੋਕਣ ਲਈ, ਮਨੁੱਖ ਨੂੰ ਆਪਣੇ ਆਪ 'ਤੇ ਕੰਮ ਕਰਨ ਦੀ ਜ਼ਰੂਰਤ ਹੈ। ਮਨੁੱਖ ਨੂੰ ਕੁਦਰਤ ਵਿੱਚ ਮੁਹਾਰਤ ਹਾਸਲ ਕਰਨ ਦੀ ਲੋੜ ਨਹੀਂ ਹੈ। ਮਨੁੱਖੀ ਆਤਮਾ ਸਭ ਪਦਾਰਥਾਂ ਦੀ ਮਾਲਕ ਹੈ। ਇਹ ਉਦੋਂ ਹੁੰਦਾ ਹੈ ਜਦੋਂ ਆਤਮਾ ਆਪਣੇ ਆਪ ਨੂੰ ਸਰੀਰ ਨਾਲ ਪਛਾਣਨਾ ਸ਼ੁਰੂ ਕਰ ਦਿੰਦੀ ਹੈ ਕਿ ਇਹ ਪਦਾਰਥ ਅਤੇ ਵਿਕਾਰਾਂ ਦੇ ਪ੍ਰਭਾਵ ਵਿੱਚ ਆਉਂਦੀ ਹੈ। ਸੁਨਹਿਰੀ ਅਤੇ ਚਾਂਦੀ ਯੁੱਗ ਵਿੱਚ, ਜਦੋਂ ਸਾਰੀਆਂ ਮਨੁੱਖੀ ਰੂਹਾਂ ਵਿੱਚ ਸਵੈ-ਜਾਗਰੂਕਤਾ ਅਤੇ ਬ੍ਰਹਮ ਗੁਣ ਸਨ, ਕੁਦਰਤ ਉਨ੍ਹਾਂ ਦਾ ਆਗਿਆਕਾਰੀ ਸੇਵਕ ਸੀ। ਕੁਦਰਤ ਦੇ ਤੱਤਾਂ ਨੇ ਉਸ ਯੁੱਗ ਵਿਚ ਜੀਵਨ ਨੂੰ ਸੁਹਾਵਣਾ ਬਣਾ ਦਿੱਤਾ ਸੀ, ਜਿਸ ਨੂੰ ਧਾਰਮਿਕ ਗ੍ਰੰਥਾਂ ਵਿਚ ਸਵਰਗ ਜਾਂ ਸਵਰਗ ਵਜੋਂ ਯਾਦ ਕੀਤਾ ਗਿਆ ਹੈ। ਕਿਉਂਕਿ ਉਸ ਸੰਸਾਰ ਦੇ ਬ੍ਰਹਮ ਜੀਵ ਵਿਕਾਰਾਂ ਤੋਂ ਮੁਕਤ ਸਨ, ਉਹਨਾਂ ਨੇ ਕਦੇ ਵੀ ਕੁਦਰਤ ਦਾ ਸ਼ੋਸ਼ਣ ਜਾਂ ਵਿਗਾੜ ਨਹੀਂ ਕੀਤਾ। ਵਾਤਾਵਰਨ ਪੱਖੀ ਹੋਣ ਦੀ ਬਜਾਏ, ਉਨ੍ਹਾਂ ਕੋਲ ਸੱਚਮੁੱਚ ਦੋਸਤਾਨਾ ਮਾਹੌਲ ਸੀ। ਉਹ ਨਾ ਸਿਰਫ਼ ਆਪਣੇ ਸਾਥੀਆਂ ਦੇ ਦੋਸਤ ਸਨ, ਸਗੋਂ ਹਰ ਮਾਮਲੇ ਵਿੱਚ ਵੀ ਸਨ। ਇਹ ਸਥਿਤੀ ਤਾਂਬੇ ਯੁੱਗ ਦੇ ਆਰੰਭ ਤੱਕ ਜਾਰੀ ਰਹੀ ਜਦੋਂ ਆਤਮਾਵਾਂ ਭੁੱਲ ਗਈਆਂ ਕਿ ਉਹ ਕੌਣ ਹਨ ਅਤੇ ਸਰੀਰ ਅਤੇ ਵਿਕਾਰਾਂ ਦੇ ਪ੍ਰਭਾਵ ਵਿੱਚ ਆਉਣ ਲੱਗ ਪਈਆਂ। ਫਿਰ ਉਨ੍ਹਾਂ ਨੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ, ਹੌਲੀ ਹੌਲੀ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ। ਬਦਲੇ ਵਿੱਚ, ਕੁਦਰਤ ਨੇ ਵੀ ਉਹਨਾਂ ਰੂਹਾਂ ਨੂੰ ਮੰਨਣਾ ਬੰਦ ਕਰ ਦਿੱਤਾ ਜੋ ਆਪਣੇ ਉੱਤੇ ਨਿਪੁੰਨਤਾ ਗੁਆ ਚੁੱਕੇ ਸਨ। ਜਿਵੇਂ-ਜਿਵੇਂ ਵਿਕਾਰਾਂ ਦਾ ਪ੍ਰਭਾਵ ਵਧਦਾ ਗਿਆ, ਉਵੇਂ-ਉਵੇਂ ਕੁਦਰਤ ਦੀ ਲੁੱਟ ਵੀ ਵਧਦੀ ਗਈ ਅਤੇ ਜੋ ਕਦੇ ਇਕਸੁਰਤਾ ਵਾਲਾ ਰਿਸ਼ਤਾ ਹੁੰਦਾ ਸੀ, ਉਹ ਸ਼ੋਸ਼ਿਤ ਅਤੇ ਸ਼ੋਸ਼ਿਤ ਵਿਚਕਾਰ ਇੱਕ ਹੋ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ, "ਅਸੀਂ ਲਾਪਰਵਾਹੀ ਨਾਲ ਖਪਤ ਦੇ ਰਾਹ 'ਤੇ ਜਾਣ ਤੋਂ ਬਿਨਾਂ ਵਿਕਾਸ, ਖੁਸ਼ਹਾਲੀ ਅਤੇ ਤੰਦਰੁਸਤੀ ਦੇ ਸਮਾਨ ਪੱਧਰ ਨੂੰ ਪ੍ਰਾਪਤ ਕਰ ਸਕਦੇ ਹਾਂ। ਇਸਦਾ ਮਤਲਬ ਇਹ ਨਹੀਂ ਹੈ ਕਿ ਅਰਥਵਿਵਸਥਾਵਾਂ ਨੂੰ ਨੁਕਸਾਨ ਹੋਵੇਗਾ; ਇਸਦਾ ਮਤਲਬ ਇਹ ਹੋਵੇਗਾ ਕਿ ਸਾਡੀਆਂ ਅਰਥਵਿਵਸਥਾਵਾਂ ਇੱਕ ਵੱਖਰਾ ਕਿਰਦਾਰ ਅਪਣਾ ਲੈਣਗੀਆਂ। ਭਾਰਤ ਵਿੱਚ ਸਾਡੇ ਲਈ, ਕੁਦਰਤ ਦਾ ਸਤਿਕਾਰ ਅਧਿਆਤਮਵਾਦ ਦਾ ਇੱਕ ਅਨਿੱਖੜਵਾਂ ਅੰਗ ਹੈ। ਅਸੀਂ ਕੁਦਰਤ ਦੀਆਂ ਬਖ਼ਸ਼ਿਸ਼ਾਂ ਨੂੰ ਪਵਿੱਤਰ ਮੰਨਦੇ ਹਾਂ। ਯੋਗ ਸਾਡੀ ਪ੍ਰਾਚੀਨ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ। ਯੋਗਾ ਮਨ ਅਤੇ ਸਰੀਰ ਦੀ ਏਕਤਾ ਨੂੰ ਦਰਸਾਉਂਦਾ ਹੈ; ਵਿਚਾਰ ਅਤੇ ਕਾਰਵਾਈ; ਸੰਜਮ ਅਤੇ ਪੂਰਤੀ; ਮਨੁੱਖ ਅਤੇ ਕੁਦਰਤ ਵਿਚਕਾਰ ਇਕਸੁਰਤਾ; ਅਤੇ ਸਿਹਤ ਅਤੇ ਤੰਦਰੁਸਤੀ ਲਈ ਇੱਕ ਸੰਪੂਰਨ ਪਹੁੰਚ। ਇਹ ਕਸਰਤ ਬਾਰੇ ਨਹੀਂ ਹੈ ਪਰ ਆਪਣੇ ਆਪ, ਸੰਸਾਰ ਅਤੇ ਕੁਦਰਤ ਨਾਲ ਏਕਤਾ ਦੀ ਭਾਵਨਾ ਨੂੰ ਖੋਜਣ ਲਈ ਹੈ। ਆਪਣੀ ਜੀਵਨਸ਼ੈਲੀ ਨੂੰ ਬਦਲ ਕੇ ਅਤੇ ਚੇਤਨਾ ਪੈਦਾ ਕਰਕੇ, ਇਹ ਸਾਨੂੰ ਜਲਵਾਯੂ ਤਬਦੀਲੀ ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ।"ਹੁਣ, ਜੇ ਅਸੀਂ ਕੰਢੇ ਤੋਂ ਵਾਪਸ ਜਾਣਾ ਚਾਹੁੰਦੇ ਹਾਂ ਅਤੇਕੁਦਰਤ ਦੇ ਨਾਲ ਇਕਸੁਰਤਾ ਦੇ ਜੀਵਨ ਵੱਲ ਵਾਪਸ ਆਓ, ਸਾਨੂੰ ਆਪਣੀ ਅਧਿਆਤਮਿਕ ਪਛਾਣ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਦੀ ਲੋੜ ਹੈ। ਅਜਿਹੀ ਜਾਗਰੂਕਤਾ ਸਾਨੂੰ ਕੁਦਰਤੀ ਤੌਰ 'ਤੇ ਵਾਤਾਵਰਨ-ਅਨੁਕੂਲ ਬਣਾਵੇਗੀ ਅਤੇ ਇੱਕ ਸਕਾਰਾਤਮਕ ਊਰਜਾ ਭੇਜੇਗੀ ਜੋ ਕੁਦਰਤ ਦੇ ਤੱਤਾਂ ਨੂੰ ਸਾਡੇ ਨਾਲ ਦੁਬਾਰਾ ਇਕਸੁਰਤਾ ਵਿੱਚ ਲਿਆਵੇਗੀ। ਜੇਕਰ ਮਨੁੱਖ ਦਾ ਇੱਕ ਨਾਜ਼ੁਕ ਸਮੂਹ ਇਸ ਅਧਿਆਤਮਿਕ ਚੇਤਨਾ ਨਾਲ ਜਿਉਣਾ ਸ਼ੁਰੂ ਕਰ ਦਿੰਦਾ ਹੈ, ਤਾਂ ਕੁਦਰਤ ਆਪਣੇ ਆਪ ਹੀ ਸਾਡੀ ਮਿੱਤਰ ਬਣ ਜਾਵੇਗੀ ਅਤੇ ਮਨੁੱਖਤਾ ਸੰਦੇਹ ਭਰੇ ਭਵਿੱਖ ਦੀ ਬਜਾਏ ਸੁਨਹਿਰੀ ਨਜ਼ਰ ਆਵੇਗੀ।

# ਪੀਣ ਵਾਲਾ ਪਾਣੀ : ਛੱਪੜਾਂ ਤੋਂ ਸਬਮਰਸੀਬਲਾਂ ਤੱਕ



ਸੁਖਪਾਲ ਗੋਂਦਾਰਾ

ਪਾਣੀ ਸਾਡੇ ਜੀਵਨ ਦਾ ਮਹੱਤਵਪੂਰਨ ਅੰਗ ਹੈ ਕਿਉਂਕਿ ਵਿਗਿਆਨ ਅਨੁਸਾਰ ਜੀਵਨ ਦੀ ਉਤਪਤੀ ਪਾਣੀ ਤੋਂ ਹੀ ਹੋਈ ਹੈ। ਆਦਿ ਮਾਨਵ ਤੋਂ ਲੈ ਕੇ ਮਨੁੱਖ ਨੇ ਉਥੇ ਹੀ ਰਹਿਣਾ ਠੀਕ ਸਮਝਿਆ ਜਿਥੇ ਪੀਣ ਵਾਲੇ ਪਾਣੀ ਦਾ ਖਾਸ ਪ੍ਰਬੰਧ ਸੀ। ਜਦੋਂ ਮਨੁੱਖ ਕੋਲ ਏਨੀ ਬੁੱਧੀ ਅਤੇ ਸਾਧਨ ਨਹੀਂ ਸਨ ਕਿ ਉਹ ਪਾਣੀ ਨੂੰ ਇਕ ਥਾਂ ਤੋਂ ਦੂਜੀ ਥਾਂ ਜਮ੍ਹਾਂ ਕਰਨ ਲਈ ਲਿਜਾ ਸਕਦਾ ਤਾਂ ਉਸ ਸਮੇਂ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮੇ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਝਰਨਿਆਂ ਨਜ਼ਦੀਕ ਰਹਿਣਾ ਹੀ ਠੀਕ ਸਮਝਿਆ। ਇਸ ਤਰ੍ਹਾਂ ਮਨੁੱਖੀ ਵਿਕਾਸ ਦਾ ਸਿਲਸਿਲਾ ਅੱਗੇ ਵਧਦਾ ਗਿਆ ਤਾਂ ਫਿਰ ਜਦੋਂ ਵਰਖਾ ਦਾ ਪਾਣੀ ਨੀਵੀਆਂ ਥਾਵਾਂ 'ਤੇ ਵੱਡੀ ਮਾਤਰਾ ਵਿਚ ਜਮ੍ਹਾਂ ਹੋ ਜਾਂਦਾ ਜੋ ਮਨੁੱਖ ਦੇ ਸਾਲਾਂ ਤੱਕ ਵਰਤਣ ਲਈ ਕਾਫ਼ੀ ਹੁੰਦਾ ਤਾਂ ਮਨੁੱਖ ਨੇ ਇਥੇ ਰਹਿਣਾ ਵੀ ਠੀਕ ਸਮਝਿਆ ਅਤੇ ਰਹਿਣ ਵਾਲੀ ਵਸੋਂ ਨੂੰ ਪਿੰਡਾਂ ਦਾ ਨਾਂਅ ਦਿੱਤਾ ਅਤੇ ਪਾਣੀ ਦੇ ਇਨ੍ਹਾਂ ਕੁਦਰਤੀ ਸੋਮਿਆਂ ਨੂੰ ਛੱਪੜਾਂ ਦਾ ਨਾਂਅ ਦਿੱਤਾ ਗਿਆ। ਇਸ ਨਾਲ ਮਨੁੱਖੀ ਜ਼ਿੰਦਗੀ ਕਾਫ਼ੀ ਸੁਖਾਲੀ ਹੋਈ ਅਤੇ ਵਿਕਾਸ ਵਿਚ ਪਹਿਲਾਂ ਨਾਲੋਂ ਕੁਝ ਤੇਜ਼ੀ ਆਈ।

ਫਿਰ ਮਨੁੱਖ ਕੋਲ ਸਾਧਨ ਤੇ ਕੁਝ ਬੁੱਧੀ ਵੀ ਆ ਗਈ ਤਾਂ ਉਸ ਨੇ ਨੀਵੀਆਂ ਥਾਵਾਂ ਨੂੰ ਪੁੱਟ ਕੇ ਇਸ ਕਦਰ ਡੂੰਘਾ ਕਰ ਲਿਆ ਜਿਨ੍ਹਾਂ ਵਿਚ ਮੀਂਹ ਦਾ ਜਮ੍ਹਾਂ ਹੋਇਆ ਪਾਣੀ ਬਹੁਤ ਜ਼ਿਆਦਾ ਸ਼ੁੱਧ ਤੇ ਸਾਫ਼ ਰਹਿੰਦਾ ਸੀ। ਬੜਾ ਲੰਮਾ ਸਮਾਂ ਇਹ ਛੱਪੜ ਮਨੁੱਖੀ ਜੀਵਨ ਲਈ ਵਰਦਾਨ ਰਹੇ ਤੇ ਇਸ ਕਰਕੇ ਹੀ ਰਵਾਇਤੀ ਦਿਨ-ਤਿਉਹਾਰਾਂ ਉੱਪਰ ਇਨ੍ਹਾਂ ਦੀ ਪੂਜਾ ਬੜੇ ਸਤਿਕਾਰ ਨਾਲ ਹੁੰਦੀ ਸੀ। ਫਿਰ ਜਦੋਂ ਇਨ੍ਹਾਂ ਦੀ ਵਰਤੋਂ ਘੱਟ ਹੋਣ ਲੱਗੀ ਤਾਂ ਪਿੰਡਾਂ 'ਚ ਖੂਹ ਲਾਉਣੇ ਭਾਵੇਂ ਉਸ ਜ਼ਮਾਨੇ ਵਿਚ ਕੋਈ ਸੌਖਾ ਕੰਮ ਨਹੀਂ ਸੀ, ਪ੍ਰੰਤੂ ਫਿਰ ਵੀ ਪੀਣ ਵਾਲੇ ਪਾਣੀ ਦੀ ਲੋੜ ਨੂੰ ਮੁੱਖ ਰੱਖਦਿਆਂ ਅਤੇ ਪਿੰਡਾਂ ਦੀ ਆਨ-ਸ਼ਾਨ ਨੂੰ ਬਹਾਲ ਰੱਖਣ ਲਈ ਇਸ ਔਖੇ ਕੰਮ ਨੂੰ ਪੂਰੇ ਪਿੰਡ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਂਦਾ ਸੀ। ਪੁਰਾਣੇ ਬਜ਼ੁਰਗਾਂ ਦੇ ਦੱਸਣ ਅਨੁਸਾਰ ਜਿਸ ਦਿਨ ਖੂਹ ਲੱਗਣ ਦਾ ਕੰਮ ਮੁਕੰਮਲ ਹੋ ਜਾਂਦਾ ਸੀ, ਉਸ ਦਿਨ ਪਿੰਡ ਵਿਚ ਵਿਆਹ ਵਰਗਾ ਮਹੌਲ ਹੁੰਦਾ ਸੀ ਅਤੇ ਪਿੰਡ ਵਲੋਂ ਖੂਹ ਲਾਉਣ ਵਾਲੇ ਮਿਸਤਰੀ ਦਾ ਜੋ ਮਾਣ-ਸਨਮਾਨ ਹੁੰਦਾ ਸੀ, ਉਸ ਦੀ ਤੁਲਨਾ ਸ਼ਾਇਦ ਅੱਜ ਦੇ ਜ਼ਮਾਨੇ ਦੇ ਕਿਸੇ ਵੱਡੇ ਪੁਰਸਕਾਰ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਖੂਹ ਲੱਗਣ ਤੋਂ ਬਾਅਦ ਜੋ ਵਿਅਕਤੀ ਪਾਣੀ ਖਿੱਚ ਕੇ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦਾ ਸੀ, ਉਸ ਨੂੰ ਵੀ ਲੋਕ ਰੱਜਵਾਂ ਆਦਰ-ਸਤਿਕਾਰ ਦਿੰਦੇ ਸਨ। ਇਨ੍ਹਾਂ ਖੂਹਾਂ ਉੱਪਰ ਸਵੇਰੇ-ਸ਼ਾਮ ਪਾਣੀ ਭਰਨ ਵਾਲੀਆਂ ਔਰਤਾਂ ਅਤੇ ਮੁਟਿਆਰਾਂ ਦੀ ਰੌਣਕ ਦਾ ਨਜ਼ਾਰਾ ਵੀ ਦੇਖਿਆਂ ਹੀ ਬਣਦਾ ਸੀ।

ਕਾਫ਼ੀ ਲੰਮਾ ਸਮਾਂ ਪੀਣ ਵਾਲੇ ਪਾਣੀ ਦੀ ਵਰਤੋਂ ਇਨ੍ਹਾਂ ਖੂਹ-ਖੂਹੀਆਂ ਤੋਂ ਹੁੰਦੀ ਰਹੀ ਅਤੇ ਸਮਾਂ ਆਪਣੀ ਚਾਲ ਚਲਦਾ ਗਿਆ ਤੇ ਫਿਰ ਇਨ੍ਹਾਂ ਦੀ ਥਾਂ ਨਲਕਿਆਂ ਨੇ ਲੈ ਲਈ। ਜੋ ਸਾਧਨ ਸੌਖਾ ਤੇ ਸਸਤਾ ਹੋਣ ਕਰਕੇ ਇਹ ਘਰ-ਘਰ ਲੱਗਣੇ ਸ਼ੁਰੂ ਹੋ ਗਏ ਅਤੇ ਸਮਾਂ ਪਾ ਕੇ ਹਰ ਗ਼ਰੀਬ-ਅਮੀਰ ਦੇ ਘਰ ਦਾ ਸ਼ਿੰਗਾਰ ਬਣੇ। ਸਮਾਂ ਪਾ ਕੇ ਕੁਝ ਅਮੀਰ ਘਰਾਂ ਨੇ ਤਾਂ ਇਸ ਨੂੰ ਹੱਥੀਂ ਗੇੜਨ ਦੀ ਬਜਾਏ ਇਨ੍ਹਾਂ ਉੱਪਰ ਬਿਜਲਈ ਮੋਟਰਾਂ ਲਵਾ ਦਿੱਤੀਆਂ ਜੋ ਸਾਡੇ ਲੋਕ ਗੀਤਾਂ ਦਾ ਹਿੱਸਾ ਵੀ ਬਣੇ ਜਿਵੇਂ 'ਵੇ ਹੁਣ ਮੇਰੇ ਬਾਪੂ ਨੇ ਘਰੇ ਨਲਕੇ ਤੇ ਮੋਟਰ ਲਾ'ਤੀ' ਇਸ ਤਰ੍ਹਾਂ ਵਿਗਿਆਨ ਦੇ ਸਾਧਨ ਨੇ ਬਹੁਤ ਲੰਮਾ ਸਮਾਂ ਪੀਣ ਵਾਲੇ ਪਾਣੀ ਦੀ ਸੇਵਾ ਨਿਭਾਈ। ਫਿਰ ਇਨ੍ਹਾਂ ਦੀ ਥਾਂ ਟੁੱਲੂ ਪੰਪਾਂ ਨੇ ਲੈ ਲਈ ਅਤੇ ਮਨੁੱਖ ਨੇ ਆਪਣੀ ਜਾਨ ਨੂੰ ਬਿਨਾਂ ਕੋਈ ਦੁੱਖ ਦਿੱਤਿਆਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਸ਼ੁਰੂ ਕਰ ਦਿੱਤੀ। ਇਸ ਨਾਲ ਪਾਣੀ ਵਰਤੋਂ ਘੱਟ ਤੇ ਦੁਰਵਰਤੋਂ ਜ਼ਿਆਦਾ ਹੋਣ ਲੱਗੀ। ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿਗਣਾ ਸ਼ੁਰੂ ਹੋ ਗਿਆ ਅਤੇ ਜੋ ਬਾਦਸਤੂਰ ਜਾਰੀ ਹੈ ਤੇ ਫਿਰ ਮਜ਼ਬੂਰੀਵੱਸ ਇਨ੍ਹਾਂ ਦੀ ਥਾਂ ਸਬਮਰਸੀਬਲ ਪੰਪਾਂ ਨੂੰ ਦੇਣੀ ਪਈ। ਸਬਮਰਸੀਬਲ ਪੰਪ ਜਿੱਥੇ ਉੱਚੀ ਤੋਂ ਉੱਚੀ ਥਾਂ ਪਾਣੀ ਪਹੁੰਚਾਉਣ ਦੀ ਸਮਰੱਥਾ ਰੱਖਦੇ ਹਨ, ਉੱਥੇ ਇਨ੍ਹਾਂ ਦੇ ਆਉਣ ਨਾਲ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਕਈ ਗੁਣਾ ਜ਼ਿਆਦਾ ਵਧ ਗਈ। ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਡਿਗਦਾ ਜਾ ਰਿਹਾ ਹੈ। ਜੋ ਸਾਡੇ ਸਾਰਿਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਭਾਵੇਂ ਸਾਡੀ ਇਹ ਦਲੀਲ ਤਾਂ ਬਿਲਕੁਲ ਦਰੁਸਤ ਹੋਵੇਗੀ ਕਿ ਵਿਗਿਆਨ ਦੀਆਂ ਖੋਜਾਂ ਦਾ ਮਨੁੱਖ ਦੁਆਰਾ ਲਾਭ ਲਏ ਜਾਣਾ ਜ਼ਰੂਰੀ ਹੈ ਅਤੇ ਮਨੁੱਖ ਦਾ ਸਮੇਂ ਦੇ ਨਾਲ ਚੱਲਣਾ ਵੀ ਕੋਈ ਘੱਟ ਮਹੱਤਵ ਨਹੀਂ ਰੱਖਦਾ। ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਵਿਗਿਆਨਕ ਯੁੱਗ 'ਚ ਵਿਚਰ ਰਹੇ ਹਾਂ। ਕੰਪਿਊਟਰ, ਮੋਬਾਈਲ ਅਤੇ ਨੈੱਟ ਵਰਗੀਆਂ ਸਹੂਲਤਾਂ ਨਾਲ ਛੜੱਪੇ ਮਾਰ ਕੇ ਅੱਗੇ ਵਧ ਰਹੇ ਹਾਂ। ਪ੍ਰੰਤੂ ਸਾਨੂੰ ਇਸ ਗੱਲ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਪਾਣੀ ਸਾਡੇ ਜੀਵਨ ਦੀ ਬਹੁਤ ਜ਼ਰੂਰੀ ਵਸਤੂ ਹੈ ਅਤੇ ਇਸ ਸੰਬੰਧੀ ਅਸੀਂ 'ਜਲ ਹੈ ਤਾਂ ਕੱਲ੍ਹ ਹੈ', 'ਜਲ ਹੀ ਜੀਵਨ ਹੈ', 'ਕੁੱਖ 'ਚ ਧੀ, ਧਰਤੀ 'ਚ ਪਾਣੀ ਜੇ ਨਾ ਸਾਂਭੇ ਤਾਂ ਖ਼ਤਮ ਕਹਾਣੀ', ਆਦਿ ਵਰਗੇ ਨਾਅਰੇ ਲਾਉਂਦੇ, ਪੜ੍ਹਦੇ ਅਤੇ ਸੁਣਦੇ ਹਾਂ। ਪ੍ਰੰਤੂ ਫਿਰ ਵੀ ਅਸੀਂ ਪਾਣੀ ਨੂੰ ਸਾਂਭਣ ਲਈ ਸੁਚੇਤ ਨਹੀਂ ਹੋ ਰਹੇ। ਜੇਕਰ ਭੂ-ਵਿਗਿਆਨੀਆਂ ਦੀ ਗੱਲ ਮੰਨ ਲਈ ਜਾਵੇ ਕਿ ਸਾਡੇ ਕੋਲ ਹੁਣ ਸਿਰਫ਼ ਪਾਣੀ ਦਾ ਰਾਖਵਾਂ ਕੋਟਾ ਹੀ ਬਚਿਆ ਹੈ, ਜਿਸ ਕਰਕੇ ਸਾਨੂੰ ਸਬਮਰਸੀਬਲ ਪੰਪਾਂ ਦੀ ਲੋੜ ਪਈ। ਇਸ ਕਰਕੇ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਨ ਦੌਲਤ ਅਤੇ ਹੋਰ ਦੁਨਿਆਵੀ ਪਦਾਰਥ ਜੋੜ ਕੇ ਰੱਖਣ ਦੀ ਬਜਾਏ ਕੁਦਰਤੀ ਸੋਮਿਆਂ ਨੂੰ ਸਾਂਭਣ ਦਾ ਯਤਨ ਕਰੀਏ ਤਾਂ ਕਿ ਸਾਨੂੰ ਇਹ ਨਾ ਸੁਣਨਾ ਪਵੇ ਕਿ ਸਾਡੇ ਪੁਰਖੇ ਕਿੰਨੇ ਸੁਆਰਥੀ ਅਤੇ ਬੇਵਕੂਫ਼ ਸਨ ਜੋ ਜੀਵਨ ਦੀ ਸਭ ਤੋਂ ਕੀਮਤੀ ਦਾਤ ਨੂੰ ਅਜਾਈਂ ਗਵਾ ਕੇ ਸਾਡੇ ਲਈ ਇਹ ਬੰਜਰ ਧਰਤੀ ਛੱਡ ਕੇ ਚਲੇ ਗਏ। ਜੇਕਰ ਧਰਤੀ ਹੇਠਲਾ ਪਾਣੀ ਖ਼ਤਮ ਹੋ ਗਿਆ ਤਾਂ ਸਾਡਾ ਸਾਰਾ ਵਿਕਾਸ ਮੂਧੇ ਮੂੰਹ ਡਿੱਗ ਪਵੇਗਾ ਤੇ ਪਾਣੀ ਤੋਂ ਬਿਨਾਂ ਸਾਨੂੰ ਇਸ ਇੱਕੀਵੀਂ ਸਦੀ ਤੋਂ ਪੱਥਰ ਯੁੱਗ ਵੱਲ ਨੂੰ ਜਾਣਾ ਪੈ ਸਕਦਾ ਹੈ ਤੇ ਇੱਥੇ ਜਾਣਾ ਵੀ ਖ਼ਤਰੇ ਤੋਂ ਖਾਲੀ ਨਹੀਂ ਹੋਵੇਗਾ, ਕਿਉਂਕਿ ਜਦੋਂ ਮਨੁੱਖ ਦਰਿਆਵਾਂ, ਨਦੀਆਂ, ਝਰਨਿਆਂ ਜਾਂ ਛੱਪੜਾਂ ਦੇ ਪਾਣੀ ਨਾਲ ਗੁਜ਼ਾਰਾ ਕਰਦਾ ਸੀ, ਉਸ ਸਮੇਂ ਵਸੋਂ ਬਹੁਤ ਥੋੜ੍ਹੀ ਤੇ ਲੋਕਾਂ ਵਿਚ ਪਿਆਰ ਤੇ ਸਹਿਣਸ਼ੀਲਤਾ ਬਹੁਤ ਜ਼ਿਆਦਾ ਸੀ। ਪ੍ਰੰਤੂ ਅੱਜ ਦਾ ਮਨੁੱਖ ਉਹ ਮਨੁੱਖ ਨਹੀਂ ਰਿਹਾ, ਕਿਉਂਕਿ ਪਾਣੀ ਦੇ ਸੋਮਿਆਂ ਉੱਪਰ ਵੀ ਅੱਜ ਹੌਲੀ-ਹੌਲੀ ਬਹੁ-ਕੌਮੀ ਕੰਪਨੀਆਂ ਆਪਣਾ ਕਬਜ਼ਾ ਜਮਾ ਰਹੀਆਂ ਹਨ ਜਿਸ ਤੋਂ ਜਾਪਦਾ ਹੈ ਕਿ ਇਕ-ਨਾ-ਇਕ ਦਿਨ ਮਨੁੱਖ ਨੂੰ ਹੋਰ ਸਭ ਲੋੜਾਂ ਨੂੰ ਛੱਡ ਕੇ ਪਾਣੀ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨੀ ਪੈ ਸਕਦੀ ਹੈ। ਅਖ਼ੀਰ 'ਤੇ ਅਸੀਂ ਇਹੀ ਕਹਿਣਾ ਚਾਹੁੰਦੇ ਹਾਂ ਕਿ ਅਜੇ ਵੀ ਸਾਡੇ ਕੋਲ ਕੁਝ ਸਮਾਂ ਹੈ ਕਿ ਅਸੀਂ ਇਸ ਬੇਸ਼ੁਮਾਰ ਕੀਮਤੀ ਖਜ਼ਾਨੇ ਨੂੰ ਸਾਂਭਣ ਦੇ ਯਤਨਾਂ ਵਿਚ ਜੁਟ ਜਾਈਏ ਅਤੇ ਇਸ ਰੰਗਲੀ ਦੁਨੀਆ ਨੂੰ ਕੁਦਰਤੀ ਰੰਗਾਂ ਤੋਂ ਵਾਂਝੀ ਨਾ ਹੋਣ ਦੇਈਏ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD